ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 11 | Issue 2 | 20 January 2021 to 26 January 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

8 ਖ਼ਬਰਸਾਰ
ਯੂ.ਕੇ. ਦੇ ਬੱਚੇ ਕਿਸਾਨ ਅੰਦੋਲਨ ਵਿਚ ਆਨਲਾਈਨ ਰਾਹੀਂ ਬਣੇ ਖਿੱਚ ਦਾ ਕੇਂਦਰ




13 ਕਵਰ ਸਟੋਰੀ
ਪਰਵਾਸੀ ਸਿਖ ਲੇਖਕਾ ਰੁਪੀ ਕੌਰ ਬਣੀ ਕਿਸਾਨਾਂ ਦੇ ਹਕਾਂ ਲਈ ਡਟੀ



15 ਵਿਸ਼ੇਸ਼ ਰਿਪੋਰਟ
ਮੋਦੀ ਦੀ ਫਾਸ਼ੀਵਾਦੀ ਸਿਆਸਤ, ਫੈਡਰਲਿਜ਼ਮ ਤੇ ਕਾਲੇ ਖੇਤੀ ਕਨੂੰਨ



27 ਵਿਸ਼ੇਸ਼ ਲੇਖ
ਚਾਬੀਆਂ ਦਾ ਮੋਰਚਾ ਸਿੱਖਾਂ ਦੇ ਇਤਫ਼ਾਕ ਦੀ ਜਿੱਤ



# ਜੋਏ ਬਾਇਡਨ ਨੇ ਅਮਰੀਕਾ ਦੇ 46ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ; ਟਰੰਪ ਨੇ ਵਾਈਟ ਹਾਊਸ ਤੋਂ ਭਰੀ ਆਖਰੀ ਉਡਾਨ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਜਿੱਤਣ ਵਾਲੇ ਡੈਮੋਕਰੈਟ ਉਮੀਦਵਾਰ ਜੋਅ ਬਾਇਡਨ ਨੇ ਬੁੱਧਵਾਰ ਨੂੰ ਇੱਕ ਇਤਿਹਾਸਕ ਸਮਾਗਮ ਦੌਰਾਨ ਅਮਰੀਕਾ ਦੇ 46ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। ਦੱਖਣ ਭਾਰਤੀ ਮੂਲ ਨਾਲ ਸਬੰਧਿਤ ਕਮਲਾ ਹੈਰਿਸ ਨੇ ਅਮਰੀਕਾ ਦੇ 49ਵੇਂ ਉਪ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। 58 ਸਾਲਾ ਕਮਲਾ ਹੈਰਿਸ ਇਸ ਅਹੁਦੇ ’ਤੇ ਪਹੁੰਚਣ ਵਾਲੀ ਪਹਿਲੀ ਔਰਤ ਹੈ ਜੋ ਇਹ ਅਹੁਦਾ ਹਾਸਲ ਕਰਨ ਵਾਲੀ ਪਹਿਲੀ ਅਸ਼ਵੇਤ ਅਤੇ ਪਹਿਲੀ ਏਸ਼ਿਆਈ ਅਮਰੀਕੀ ਬਣ ਗਈ ਹੈ।
ਬੀਤੇ ਦਿਨੀਂ ਸਾਬਕਾ ਰਾਸ਼ਟਰਪਤੀ ਡੌਨਾਲਡ ਟਰੰਪ ਦੇ ਸਮਰਥਕਾਂ ਵੱਲੋਂ ਕੈਪੀਟਲ ਹਿੱਲ ਵਿਚ ਕੀਤੀ ਗਈ ਹਿੰਸਾ ਦੇ ਮੱਦੇਨਜ਼ਰ ਅੱਜ ਕੈਪੀਟਲ ਹਿੱਲ (ਸੰਸਦ ਭਵਨ) ਦੇ ਆਲੇ ਦੁਆਲੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਕੈਪੀਟਲ ਹਿੱਲ ਦੇ ਦੁਆਲੇ ਹਜਾਰਾਂ ਸੁਰੱਖਿਆ ਕਰਮੀ ਤਾਇਨਾਤ ਕੀਤੇ ਗਏ ਸਨ। ਸਾਬਕਾ ਰਾਸ਼ਟਰਪਤੀ ਡੌਨਾਲਡ ਟਰੰਪ ਸਹੁੰ ਚੁੱਕ ਸਮਾਗਮ ਵਿੱਚ ਸ਼ਾਮਲ ਨਹੀਂ ਹੋਏ ਅਤੇ ਆਖਰੀ ਵਾਰ ਰਾਸ਼ਟਰਪਤੀ ਵਜੋਂ ਵ੍ਹਾਈਟ ਹਾਊਸ ਤੋਂ ਵਿਦਾਇਗੀ ਲੈਂਦਿਆਂ ਜਹਾਜ ਰਾਹੀਂ ਫਲੋਰਿਡਾ ਸਥਿਤ ਆਪਣੀ ਰਿਹਾਇਸ਼ ਲਈ ਰਵਾਨਾ ਹੋਏ ਡੈਮੋਕਰੈਟਿਕ ਆਗੂ ਬਾਇਡਨ ਨੂੰ ਪ੍ਰਮੁੱਖ ਜਸਟਿਸ ਜੌਨ ਰੌਬਰਟਸ ਨੇ ਕੈਪੀਟਲ ਬਿਲਡਿੰਗ ਦੇ ‘ਵੈਸਟ ਫਰੰਟ’ ਵਿੱਚ ਅਹੁਦੇ ਤੇ ਗੁਪਤਤਾ ਦੀ ਸਹੁੰ ਚੁਕਾਈ। ਹਿੰਸਕ ਦੰਗਿਆਂ ਅਤੇ ਸੁਰੱਖਿਆ ਚਿੰਤਾਵਾਂ ਦੌਰਾਨ ਬਾਇਡਨ ਨੇ ਕਿਹਾ ਕਿ ਜਮਹੂਰੀਅਤ ਦੀ ਜਿੱਤ ਹੋਈ ਹੈ।



ਬਾਇਡਨ ਨੇ ਕਿਹਾ, “ਅਸੀਂ ਆਪਣੇ ਲੋਕਤੰਤਰ ’ਤੇ ਹਮਲੇ ਦਾ ਸਾਹਮਣਾ ਕਰ ਰਹੇ ਹਾਂ, ਖਤਰਨਾਕਰ ਵਾਇਰਸ ਦੀ ਮਾਰ ਝੱਲ ਰਹੇ ਹਾਂ, ਨਾਬਰਾਬਰੀ ਵੱਧ ਰਹੀ ਹੈ, ਨਸਲਵਾਦ ਦਾ ਪ੍ਰਭਾਵ ਵੱਧ ਰਿਹਾ ਹੈ, ਵਾਤਾਵਰਨ ਖਤਰੇ ਹੇਠ ਹੈ।“ ਉਹਨਾਂ ਕਿਹਾ ਕਿ ਇਹ ਸਾਰੀਆਂ ਚੁਣੌਤੀਆਂ ਵਿਚੋਂ ਹਰ ਇਕ ਬਹੁਤ ਵੱਡੀ ਹੈ ਪਰ ਅਮਰੀਕੀ ਲੋਕ ਮਿਲ ਕੇ ਇਹਨਾਂ ਦਾ ਸਾਹਮਣਾ ਕਰ ਲੈਣਗੇ।

**ਚੁਣੌਤੀਆਂ ਨਾਲ ਨਜਿੱਠਣਾ ਸੌਖਾ ਨਹੀਂ ਹੋਵੇਗਾ: ਕਮਲਾ ਹੈਰਿਸ**

ਅਮਰੀਕਾ ਦੀ ਨਵੀਂ ਚੁਣੀ ਗਈ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਮੰਨਿਆ ਹੈ ਕਿ 20 ਜਨਵਰੀ ਨੂੰ ਜੋਅ ਬਾਇਡਨ ਵੱਲੋਂ ਅਮਰੀਕਾ ਦੇ 46ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਮਗਰੋਂ ਸਰਕਾਰ ਦੇ ਸਾਹਮਣੇ ਕਈ ਚੁਣੌਤੀਆਂ ਹੋਣਗੀਆਂ, ਜਿਨ੍ਹਾਂ ਨਾਲ ਨਜਿੱਠਣਾ ਸੌਖਾ ਨਹੀਂ ਹੋਵੇਗਾ। ਬਾਇਡਨ ਭਲਕੇ 20 ਜਨਵਰੀ ਨੂੰ ਰਾਸ਼ਟਰਪਤੀ ਦੇ ਅਹੁਦੇ ਦੀ ਸਹੁੰ ਚੁੱਕਣ ਮਗਰੋਂ ਵ੍ਹਾਈਟ ਹਾਊਸ ਵਿੱਚ ਦਾਖਲ ਹੋਣਗੇ। ਉਨ੍ਹਾਂ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਕੋਵਿਡ-19 ਮਹਾਮਾਰੀ ਕਾਰਨ ਪ੍ਰਭਾਵਿਤ ਹੋਈ ਦੇਸ਼ ਦੀ ਅਰਥ ਵਿਵਸਥਾ ਨੂੰ ਦਰੁਸਤ ਕਰਨਾ ਹੈ। ਕਰੋਨਾਵਾਇਰਸ ਨਾਲ ਅਮਰੀਕਾ ਦੇ 3,98,000 ਲੋਕਾਂ ਦੀ ਜਾਨ ਚਲੀ ਗਈ ਅਤੇ ਲੱਖਾਂ ਵਿਅਕਤੀ ਆਰਥਿਕ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਨ।

# ਸਰਕਾਰ ਨੇ ਖੇਤੀ ਕਾਨੂੰਨਾਂ ਨੂੰ ਮੁਅੱਤਲ ਕਰਨ ਦੀ ਤਜਵੀਜ਼ ਰੱਖੀ; ਕਿਸਾਨ ਜਥੇਬੰਦੀਆਂ ਕਰਨਗੀਆਂ ਵਿਚਾਰ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਦਰਮਿਆਨ ਅੱਜ ਹੋਈ ਬੈਠਕ ਵਿਚ ਨਵਾਂ ਮੋੜ ਆਇਆ ਹੈ। ਸਰਕਾਰ ਨੇ ਕਿਸਾਨ ਜਥੇਬੰਦੀਆਂ ਨੂੰ ਤਜਵੀਜ਼ ਦਿੱਤੀ ਹੈ ਕਿ ਵਿਵਾਦਤ ਖੇਤੀ ਕਾਨੂੰਨਾਂ ਨੂੰ ਡੇਢ ਸਾਲ ਤਕ ਲਈ ਮੁਲਤਵੀ ਕਰਕੇ ਗੱਲਬਾਤ ਲਈ ਕਿਸਾਨ ਜਥੇਬੰਦੀਆਂ ਅਤੇ ਕੇਂਦਰ ਸਰਕਾਰ ਦੇ ਨੁਮਾਂਇੰਦਿਆਂ ਦੀ ਇਕ ਸਾਂਝੀ ਕਮੇਟੀ ਬਣਾਉਣ ਲਈ ਕਿਹਾ ਹੈ। ਸਰਕਾਰ ਦੀ ਇਸ ਤਜਵੀਜ਼ ਬਾਰੇ ਕਿਸਾਨ ਜਥੇਬੰਦੀਆਂ ਆਪਸੀ ਬੈਠਕ ਕਰਕੇ ਫੈਂਸਲਾ ਦੱਸਣਗੀਆਂ। ਸਰਕਾਰ ਨੇ ਇਹ ਵੀ ਕਿਹਾ ਹੈ ਕਿ ਇਹ ਮੁਅੱਤਲੀ ਦਾ ਸਮਾਂ ਕਿਸਾਨ ਜਥੇਬੰਦੀਆਂ ਦੀ ਸਹਿਮਤੀ ਨਾਲ ਹੋਰ ਵੀ ਵਧਾਇਆ ਜਾ ਸਕਦਾ ਹੈ।

ਸਰਕਾਰ ਅਤੇ ਕਿਸਾਨ ਜਥੇਬੰਦੀਆਂ ਦੀ ਅਗਲੀ ਬੈਠਕ 22 ਜਨਵਰੀ ਨੂੰ ਹੋਵੇਗੀ। ਇਸ ਤੋਂ ਪਹਿਲਾਂ ਵੀਰਵਾਰ ਨੂੰ ਕਿਸਾਨ ਜਥੇਬੰਦੀਆਂ ਆਪਸੀ ਬੈਠਕ ਕਰਨਗੀਆਂ ਤੇ ਸਰਕਾਰ ਦੀ ਤਜਵੀਜ਼ ਵਿਚਾਰਨਗੀਆਂ।

ਭਾਰਤ ਦੇ ਖੇਤੀ ਮੰਤਰੀ ਨਰਿੰਦਰ ਤੋਮਰ ਨੇ ਕਿਹਾ ਕਿ ਉਹ ਕਾਨੂੰਨਾਂ ਦੀ ਮੁਅੱਤਲੀ ਬਾਰੇ ਸਰਕਾਰ ਵੱਲੋਂ ਸੁਪਰੀਮ ਕੋਰਟ ਵਿਚ ਹਲਫਨਾਮਾ ਦੇਣ ਨੂੰ ਵੀ ਤਿਆਰ ਹੈ।

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ, “ਸਰਕਾਰ ਨੇ ਖੇਤੀ ਕਾਨੂੰਨਾਂ ਨੂੰ ਡੇਢ ਸਾਲ ਤੱਕ ਮੁਅੱਤਲ ਰੱਖਣ ਦੀ ਤਜਵੀਜ ਰੱਖੀ ਹੈ। ਫਿਲਹਾਲ ਅਸੀਂ ਇਸ ਨੂੰ ਖਾਰਜ ਕਰ ਦਿੱਤਾ ਹੈ। ਭਲਕੇ ਚਰਚਾ ਕਰਾਂਗੇ ਅਤੇ ਫਿਰ ਆਪਣੀ ਰਾਇ ਦੱਸਾਂਗੇ।”

ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਤੋਮਰ ਨੇ ਕਿਹਾ ਕਿ ਜਿਸ ਦਿਨ ਕਿਸਾਨਾਂ ਦਾ ਅੰਦੋਲਨ ਖਤਮ ਹੋਵੇਗਾ, ਉਸ ਦਿਨ ਭਾਰਤੀ ਲੋਕਤੰਤਰ ਦੀ ਜਿੱਤ ਹੋਵੇਗੀ। ਉਨ੍ਹਾਂ ਕਿਹਾ, “ਮੈਨੂੰ ਆਸ ਹੈ ਕਿ 22 ਜਨਵਰੀ ਨੂੰ ਹੋਣ ਵਾਲੀ ਮੀਟਿੰਗ ਤੱਕ ਕਿਸਾਨ ਅੰਦੋਲਨ ਖਤਮ ਕਰਨ ਲਈ ਸਹਿਮਤ ਹੋ ਜਾਣਗੇ।“

ਹਲਾਂਕਿ ਕਿਸਾਨ ਜਥੇਬੰਦੀਆਂ ਨੇ ਕਿਹਾ ਕਿ ਉਹ ਆਪਣੀ ਪਹਿਲੀ ਮੰਗ ’ਤੇ ਕਾਇਮ ਹਨ ਕਿ ਤਿੰਨਾਂ ਖੇਤੀ ਕਾਨੂੰਨਾਂ ਨੂੰ ਰੱਦ ਕੀਤਾ ਜਾਵੇ।

ਮੰਤਰੀ ਤੋਮਰ ਨੇ ਕਿਹਾ ਕਿ ਭਾਵੇਂ ਕਿ ਕਿਸਾਨ ਜਥੇਬੰਦੀਆਂ ਕਾਨੂੰਨ ਰੱਦ ਕਰਨ ਦੀ ਮੰਗ ’ਤੇ ਅੜੀਆਂ ਹੋਈਆਂ ਹਨ ਪਰ ਸਰਕਾਰ ਨੇ ਅੱਜ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ’ਤੇ ਉਹਨਾਂ ਨੂੰ ਸਮਰਪਣ ਕਰਦਿਆਂ ਇਹ ਤਜਵੀਜ਼ ਰੱਖੀ ਹੈ।

ਕਿਸਾਨ ਜਥੇਬੰਦੀਆਂ ਵੱਲੋਂ ਤਜਵੀਜ਼ ਨੂੰ ਵਿਚਾਰਨ ਨੂੰ ਸਰਕਾਰ ਨੇ ਪ੍ਰਾਪਤੀ ਦੱਸਿਆ ਹੈ।

ਮੰਤਰੀ ਤੋਮਰ ਨੇ ਕਾਨੂੰਨਾਂ ਬਾਰੇ ਸੁਪਰੀਮ ਕੋਰਟ ਦੀ ਕਮੇਟੀ ’ਤੇ ਟਿੱਪਣੀ ਕਰਦਿਆਂ ਕਿਹਾ ਕਿ ਸਰਕਾਰ ਸੁਪਰੀਮ ਕੋਰਟ ਦੇ ਹੁਕਮ ਦੀ ਪਾਲਣਾ ਕਰੇਗੀ।

ਕਿਸਾਨ ਜਥੇਬੰਦੀਆਂ ਦੇ ਕੁੱਝ ਆਗੂ ਕਹਿ ਰਹੇ ਹਨ ਕਿ ਸਰਕਾਰ ਦੀ ਇਹ ਤਜਵੀਜ਼ ਸਾਬਤ ਕਰਦੀ ਹੈ ਕਿ ਸਰਕਾਰ ਕਿਸਾਨ ਸੰਘਰਸ਼ ਦੀ ਤਾਕਤ ਅੱਗੇ ਝੁਕ ਰਹੀ ਹੈ।

ਬੈਠਕ ਵਿਚ ਐਨਆਈਦੇ ਦੇ ਸੰਮਨਾਂ ਦਾ ਮੁੱਦਾ ਵੀ ਸਰਕਾਰ ਅੱਗੇ ਚੁੱਕਿਆ ਗਿਆ। ਬੀਤੇ ਦਿਨੀਂ ਸ਼ਿਮਲਾ ਵਿਚ ਗ੍ਰਿਫਤਾਰ ਕੀਤੇ ਗਏ ਪ੍ਰਦਰਸ਼ਨਕਾਰੀ ਕਿਸਾਨਾਂ ਦਾ ਮਸਲਾ ਵੀ ਕਿਸਾਨ ਜਥੇਬੰਦੀਆਂ ਨੇ ਸਰਕਾਰ ਅੱਗੇ ਚੁੱਕਿਆ।

ਅਦਾਲਤ ਵੱਲੋਂ ਬਣਾਈ ਕਮੇਟੀ ਅੱਗੇ ਪੇਸ਼ ਨਹੀਂ ਹੋਵਾਂਗੇ: ਕਿਸਾਨ ਯੂਨੀਅਨਾਂ

ਖੇਤੀ ਕਾਨੂੰਨਾਂ ਦੇ ਮੁੱਦੇ ’ਤੇ ਪ੍ਰਦਰਸ਼ਨ ਕਰ ਰਹੀਆਂ ਕਿਸਾਨ ਯੂਨੀਅਨਾਂ ਨੇ ਅੱਜ ਸੁਪਰੀਮ ਕੋਰਟ ਨੂੰ ਕਿਹਾ ਕਿ ਉਹ ਆਪਣੀਆਂ ਚਿੰਤਾਵਾਂ ਸਬੰਧੀ ਅਦਾਲਤ ਵੱਲੋਂ ਨਿਯੁਕਤ ਕੀਤੀ ਮਾਹਿਰਾਂ ਦੀ ਕਮੇਟੀ ਅੱਗੇ ਪੇਸ਼ ਨਹੀਂ ਹੋਣਗੀਆਂ ਅਤੇ ਉਹ ਕਾਨੂੰਨ ਰੱਦ ਕਰਵਾਉਣਾ ਚਾਹੁੰਦੀਆਂ ਹਨ। ਸੁਪਰੀਮ ਕੋਰਟ ਨੇ ਕਿਸਾਨ ਯੂਨੀਅਨ ਵੱਲੋਂ ਪੇਸ਼ ਹੋਏ ਵਕੀਲਾਂ ਨੂੰ ਕਿਹਾ ਕਿ ਉਹ ਇਸ ਸਾਰੇ ਮਾਮਲੇ ਦਾ ਸ਼ਾਂਤੀਪੂਰਨ ਹੱਲ ਚਾਹੁੰਦੇ ਹਨ ਅਤੇ ਮਾਹਿਰਾਂ ਦੀ ਕਮੇਟੀ ਕੋਲ ਕੋਈ ਫੈਸਲਾ ਲੈਣ ਦਾ ਅਧਿਕਾਰ ਨਹੀਂ ਹੈ ਅਤੇ ਉਹ ਸਿਰਫ ਆਪਣੀ ਰਿਪੋਰਟ ਸੌਂਪੇਗੀ। ਇਸ ਦੇ ਨਾਲ ਹੀ ਅਦਾਲਤ ਨੇ ਕਿਹਾ ਕਿ ਉਸ ਨੂੰ ਇਸ ਬਾਰੇ ਗੰਭੀਰ ਇਤਰਾਜ ਹੈ ਕਿ ਮਾਹਿਰਾਂ ਦੀ ਕਮੇਟੀ ਦੇ ਮੈਂਬਰਾਂ ਦਾ ਗਲਤ ਚਿੱਤਰਨ ਕੀਤਾ ਜਾ ਰਿਹਾ ਹੈ, ਜੋ ਹੁਣ ਰੁਝਾਨ ਬਣ ਗਿਆ ਹੈ।

## ਇੰਗਲੈਂਡ ਦੀ ਪਾਰਲੀਮੈਂਟ ’ਚ ਐੱਨਆਈਏ ਮੁੱਦੇ ਦੀ ਗੂੰਜ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਇੰਗਲੈਂਡ ਦੀ ਲੇਬਰ ਪਾਰਟੀ ਦੇ ਐੱਮਪੀ ਤਨਮਨਜੀਤ ਸਿੰਘ ਢੇਸੀ ਨੇ ਉਥੋਂ ਦੀ ਸੰਸਦ ਵਿੱਚ ਕਿਸਾਨ ਅੰਦੋਲਨ ਦੀ ਹਮਾਇਤ ਕਰ ਰਹੇ ਸਮਾਜਿਕ ਤੇ ਧਾਰਮਿਕ ਆਗੂਆਂ ਸਮੇਤ ਕੁਝ ਪੱਤਰਕਾਰਾਂ ਨੂੰ ਭਾਰਤ ਦੀ ਕੌਮੀ ਜਾਂਚ ਏਜੰਸੀ (ਐੱਨਆਈਏ) ਵੱਲੋਂ ਨੋਟਿਸ ਭੇਜਣ ’ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਸੰਸਦ ਵਿੱਚ ਇਸ ਮੁੱਦੇ ਨੂੰ ਰੱਖਦਿਆਂ ਕਿਹਾ ਕਿ ਭਾਰਤ ਵਿੱਚ ਕਿਸਾਨ ਸ਼ਾਂਤਮਈ ਢੰਗ ਨਾਲ ਅੰਦੋਲਨ ਕਰ ਰਹੇ ਹਨ ਤੇ ਜਦੋਂ ਉਹ 25 ਨਵੰਬਰ ਨੂੰ ਦਿੱਲੀ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਰਸਤੇ ਵਿੱਚ ਰੋਕਿਆ ਗਿਆ ਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ ਸਨ। ਸ੍ਰੀ ਢੇਸੀ ਨੇ ਮੰਗ ਕੀਤੀ ਕਿ ਐੱਨਆਈਏ ਵੱਲੋਂ ਭੇਜੇ ਨੋਟਿਸਾਂ ਦਾ ਮੁੱਦਾ ਇੰਗਲੈਂਡ ਦੀ ਸਰਕਾਰ ਭਾਰਤ ਸਰਕਾਰ ਕੋਲ ਉਠਾਏ ਕਿਉਂਕਿ ਇਹ ਮਨੁੱਖੀ ਅਧਿਕਾਰਾਂ ਨਾਲ ਜੁੜਿਆ ਮਾਮਲਾ ਹੈ।


ਰੋਸ ਮਾਰਚ ਅਤੇ ਅੰਬੈਸੀ ਘਿਰਾਓ
ਕੈਲੇਫ਼ੋਰਨੀਆ ਵੱਸਦੇ ਪੰਜਾਬੀ ਭਾਈਚਾਰੇ ਵਲੋਂ 26 ਜਨਵਰੀ ਨੂੰ ਭਾਰਤੀ ਗਣਤੰਤਰ ਦਿਵਸ ਨੂੰ ਕਾਲੇ ਦਿਨ ਦੇ ਤੌਰ ਤੇ ਮਨਾਇਆ ਜਾ ਰਿਹਾ ਹੈ
Location
Consulate-540 Arguello BLVD,
SF, 94118
January 26, 2021 -
Tuesday 11a.m.
STANDING IN SOLIDARITY WITH THE INDIAN FARMERS
ਘੇਰਾਂਗੇ ਘੇਰਾਂਗੇ
ਜਿਤਾਂਗੇ ਲੜਾਂਗੇ
JOIN US

# 26 ਜਨਵਰੀ ਨੂੰ ਸ਼ਾਂਤਮਈ ਰੱਖਣਾ ਸਰਕਾਰ ਦੇ ਹੱਥ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਦਿੱਲੀ ਦੀਆਂ ਹੱਦਾਂ 'ਤੇ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਵੱਲੋਂ 26 ਜਨਵਰੀ ਨੂੰ ਭਾਰਤ ਦੇ ਗਣਤੰਤਰ ਦਿਹਾੜੇ 'ਤੇ ਕਿਸਾਨ ਪਰੇਡ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਐਲਾਨ ਬਾਰੇ ਜਿੱਥੇ ਪਹਿਲਾਂ ਇਹ ਭਰਮ ਫੈਲ ਗਿਆ ਸੀ ਕਿ ਕਿਸਾਨ ਜਥੇਬੰਦੀਆਂ ਦਿੱਲੀ ਦੀਆਂ ਹੱਦਾਂ ਤੋਂ ਚਾਲੇ ਪਾ ਕੇ ਕਿਸਾਨਾਂ ਦੇ ਵੱਡੇ ਕਾਫਲਿਆਂ ਨੂੰ ਰਾਜ ਪੱਥ ਵੱਲ ਲੈ ਕੇ ਜਾਣਗੀਆਂ ਉਸ ਨੂੰ ਤੋੜਦਿਆਂ ਕਿਸਾਨ ਜਥੇਬੰਦੀਆਂ ਨੇ ਐਲਾਨ ਕੀਤਾ ਹੈ ਕਿ ਇਹ ਕਿਸਾਨ ਪਰੇਡ ਦਿੱਲੀ ਦੇ ਦੁਆਲੇ ਘੁੰਮਦੇ ਰਿੰਗ ਰੋਡ 'ਤੇ ਹੋਵੇਗੀ।

ਪਰ ਹੁਣ ਇਸ ਗੱਲ 'ਤੇ ਨਜ਼ਰਾਂ ਟਿਕੀਆਂ ਹਨ ਕਿ ਦਿੱਲੀ ਪੁਲਸ ਕਿਸਾਨਾਂ ਨੂੰ ਰਿੰਗ ਰੋਡ 'ਤੇ ਪਰੇਡ ਕਰਨ ਲਈ ਰਾਹ ਖੋਲ੍ਹਦੀ ਹੈ ਜਾਂ ਨਹੀਂ। ਦਿੱਲੀ ਦੀਆਂ ਹੱਦਾਂ 'ਤੇ ਜਿੱਥੇ ਹੁਣ ਕਿਸਾਨਾਂ ਦੇ ਧਰਨੇ ਚੱਲ ਰਹੇ ਹਨ ਉਸ ਤੋਂ ਅੱਗੇ ਦਿੱਲੀ ਵਾਲੇ ਪਾਸੇ ਦਿੱਲੀ ਪੁਲਸ ਨੇ ਵੱਡੀਆਂ ਰੋਕਾਂ ਲਾਈਆਂ ਹੋਈਆਂ ਹਨ। ਬੀਤੇ ਕੱਲ੍ਹ ਭਾਰਤ ਦੀ ਸੁਪਰੀਮ ਕੋਰਟ ਵਿਚ ਕਿਸਾਨ ਪਰੇਡ ਸਬੰਧੀ ਹੋਈ ਸੁਣਵਾਈ 'ਤੇ ਫੈਂਸਲਾ ਦਿੰਦਿਆਂ ਅਦਾਲਤ ਨੇ ਕਿਹਾ ਕਿ ਅੰਦੋਲਨਕਾਰੀ ਕਿਸਾਨਾਂ ਦਾ ਗਣਤੰਤਰ ਦਿਵਸ ਮੌਕੇ ਕੱਢਿਆ ਜਾਣ ਵਾਲਾ ਪ੍ਰਸਤਾਵਿਤ ਟਰੈਕਟਰ ਮਾਰਚ ਅਮਨ-ਕਾਨੂੰਨ ਦਾ ਮਾਮਲਾ ਹੈ ਅਤੇ ਦਿੱਲੀ ਪੁਲੀਸ ਨੇ ਫੈਸਲਾ ਲੈਣਾ ਹੈ ਕਿ ਕੌਮੀ ਰਾਜਧਾਨੀ ਅੰਦਰ ਕਿਸ ਨੂੰ ਦਾਖਲ ਹੋਣ ਦੀ ਇਜਾਜਤ ਦਿੱਤੀ ਜਾਵੇ।

ਦੱਸ ਦਈਏ ਕਿ ਦਿੱਲੀ ਪੁਲਸ ਨੇ ਸੁਪਰੀਮ ਕੋਰਟ ਵਿਚ ਅਪੀਲ ਪਾ ਕੇ ਕਿਸਾਨਾਂ ਦੇ ਮਾਰਚ ਨੂੰ ਰੋਕਣ ਲਈ ਕਿਹਾ ਸੀ। ਚੀਫ ਜਸਟਿਸ ਐੱਸ ਏ ਬੋਬੜੇ ਦੀ ਅਗਵਾਈ ਹੇਠਲੇ ਬੈਂਚ ਨੇ ਕਿਹਾ ਕਿ ਪੁਲੀਸ ਕੋਲ ਮਾਮਲੇ ਨਾਲ ਸਿੱਝਣ ਦੇ ਪੂਰੇ ਅਧਿਕਾਰ ਹਨ। ਬੈਂਚ ਨੇ ਕਿਹਾ,"ਕੀ ਸੁਪਰੀਮ ਕੋਰਟ ਇਹ ਦੱਸੇ ਕਿ ਪੁਲੀਸ ਦੀਆਂ ਕੀ ਤਾਕਤਾਂ ਹਨ ਅਤੇ ਉਹ ਇਨ੍ਹਾਂ ਦੀ ਵਰਤੋਂ ਕਿਵੇਂ ਕਰੇ ? ਅਸੀਂ ਤੁਹਾਨੂੰ ਨਹੀਂ ਦੱਸਾਂਗੇ ਕਿ ਤੁਸੀਂ ਕੀ ਕਰੋ।" ਸੁਪਰੀਮ ਕੋਰਟ ਨੇ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੂੰ ਕਿਹਾ ਕਿ ਉਹ ਇਸ ਮਾਮਲੇ 'ਤੇ ਆਉਂਦੇ ਬੁੱਧਵਾਰ 20 ਜਨਵਰੀ ਨੂੰ ਅਗਲੀ ਸੁਣਵਾਈ ਕਰਨਗੇ। ਬੈਂਚ ਨੇ ਕਿਹਾ ਕਿ ਦਿੱਲੀ ਅੰਦਰ ਦਾਖਲ ਹੋਣ ਦਾ ਸਵਾਲ ਅਮਨ-ਕਾਨੂੰਨ ਨਾਲ ਜੁੜਿਆ ਮਾਮਲਾ ਹੈ ਅਤੇ ਇਸ ਦਾ ਫੈਸਲਾ ਪੁਲੀਸ ਨੇ ਕਰਨਾ ਹੈ। 'ਮਿਸਟਰ ਅਟਾਰਨੀ ਜਨਰਲ, ਅਸੀਂ ਮਾਮਲੇ ਨੂੰ ਅੱਗੇ ਪਾ ਰਹੇ ਹਾਂ ਅਤੇ ਤੁਹਾਡੇ ਕੋਲ ਇਸ ਮਾਮਲੇ ਨੂੰ ਸਿੱਝਣ ਦੇ ਪੂਰੇ ਅਧਿਕਾਰ ਹਨ।' ਦਿੱਲੀ ਪੁਲੀਸ ਰਾਹੀਂ ਦਾਖਲ ਅਰਜੀ 'ਚ ਕੇਂਦਰ ਸਰਕਾਰ ਨੇ ਕਿਹਾ ਹੈ ਕਿ ਗਣਤੰਤਰ ਦਿਵਸ ਦੇ ਜਸ਼ਨਾਂ 'ਚ ਅੜਿੱਕੇ ਪਾਉਣ ਦੇ ਇਰਾਦੇ ਨਾਲ ਕੀਤੇ ਜਾਣ ਵਾਲਾ ਕੋਈ ਵੀ ਪ੍ਰਸਤਾਵਿਤ ਮਾਰਚ ਜਾਂ ਪ੍ਰਦਰਸ਼ਨ ਦੇਸ਼ ਲਈ ਨਮੋਸ਼ੀ ਭਰਿਆ ਸਾਬਿਤ ਹੋ ਸਕਦਾ ਹੈ।

ਜੇਕਰ ਸਰਕਾਰ ਕਿਸਾਨਾਂ ਨੂੰ ਰਿੰਗ ਰੋਡ ਦਾ ਲਾਂਘਾ ਨਹੀਂ ਦਿੰਦੀ ਤਾਂ 26 ਜਨਵਰੀ ਨੂੰ ਦਿੱਲੀ ਦੀਆਂ ਹੱਦਾਂ 'ਤੇ ਵੱਡਾ ਟਕਰਾਅ ਹੋਣ ਦੀ ਸੰਭਾਵਨਾ ਹੈ। ਹਲਾਂਕਿ ਕਿਸਾਨ ਜਥੇਬੰਦੀਆਂ ਨੇ ਅਜੇ ਇਹ ਸਪਸ਼ਟ ਨਹੀਂ ਕੀਤਾ ਕਿ ਲਾਂਘਾ ਨਾ ਮਿਲਣ ਦੀ ਸੂਰਤ ਵਿਚ ਕੀ ਕੀਤਾ ਜਾਵੇਗਾ ਪਰ ਕਈ ਕਿਸਾਨ ਆਗੂ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਤੋਂ ਵਾਰ-ਵਾਰ ਇਹ ਕਹਿ ਚੁੱਕੇ ਹਨ ਕਿ ਲਾਂਘਾ ਨਾ ਮਿਲਣ ਦੀ ਸੂਰਤ ਵਿਚ ਪੁਲਸ ਦੀਆਂ ਰੋਕਾਂ ਤੋੜੀਆਂ ਜਾਣਗੀਆਂ ਅਤੇ ਫੇਰ ਪਰੇਡ ਦਾ ਰਾਹ ਵੀ ਮੌਕੇ 'ਤੇ ਹੀ ਤੈਅ ਕੀਤਾ ਜਾਵੇਗਾ।

## ਟਰੈਕਟਰ ਰੈਲੀ ਬਾਰੇ ਪਾਈ ਪਟੀਸ਼ਨ ਕੇਂਦਰ ਨੇ ਵਾਪਸ ਲਈ

✪ ਸੁਪਰੀਮ ਕੋਰਟ ਨੇ ਕਿਹਾ ਇਹ ਪੂਰੀ ਤਰ੍ਹਾਂ ਪੁਲੀਸ ਦਾ ਮਾਮਲਾ ✪ ਅਦਾਲਤ ਆਪਣੀ ਕਮੇਟੀ 'ਤੇ ਲਗਾਏ ਜਾ ਰਹੇ ਦੋਸ਼ਾਂ ਤੋਂ ਨਾਰਾਜ
✪ ਕਿਸਾਨਾਂ ਨੇ ਦਿੱਲੀ, ਹਰਿਆਣਾ ਤੇ ਯੂਪੀ ਪੁਲੀਸ ਨੂੰ ਸਾਫ ਤੇ ਸਪਸ਼ਟ ਕਿਹਾ: ਟਰੈਕਟਰ ਪਰੇਡ ਬਾਹਰੀ ਰਿੰਗ ਰੋਡ 'ਤੇ ਹੀ ਹੋਵੇਗੀ



**ਨਵੀਂ ਦਿੱਲੀ/ਏ.ਟੀ.ਨਿਊਜ਼:** ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵੱਲੋਂ 26 ਜਨਵਰੀ ਨੂੰ ਕਿਸਾਨਾਂ ਦੀ ਤਜਵੀਜਸ਼ੁਦਾ ਟਰੈਕਟਰ ਰੈਲੀ ਨੂੰ ਪੁਲੀਸ ਦਾ ਮਾਮਲਾ ਦੱਸਣ ਬਾਅਦ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਨੂੰ ਦਖਲ ਦੇਣ ਦੀ ਅਪੀਲ ਕਰਨ ਵਾਲੀ ਆਪਣੀ ਪਟੀਸ਼ਨ ਵਾਪਸ ਲੈ ਲਈ ਹੈ। ਸਰਵਉੱਚ ਅਦਾਲਤ ਨੇ 26 ਜਨਰਵੀ ਨੂੰ ਟਰੈਕਟਰ ਰੈਲੀ ਬਾਰੇ ਦਾਇਰ ਪਟੀਸ਼ਨ 'ਤੇ ਕਿਹਾ , ਤੁਹਾਡੇ ਕੋਲ ਅਧਿਕਾਰ ਹੈ ਤੇ ਤੁਸੀਂ ਇਸ ਨਾਲ ਨਜਿੱਠਣਾ ਹੈ। ਇਸ 'ਤੇ ਕੋਈ ਹੁਕਮ ਦੇਣ ਅਦਾਲਤ ਦਾ ਕੰਮ ਨਹੀਂ। ਅਦਾਲਤ ਨੇ ਖੇਤੀ ਕਾਨੂੰਨਾਂ ਬਾਰੇ ਸਰਕਾਰ ਤੇ ਕਿਸਾਨਾਂ ਵਿਚਾਲੇ ਖੜੋਤ ਤੋੜਨ ਲਈ ਉਸ ਵੱਲੋਂ ਬਣਾਈ ਕਮੇਟੀ ਉਪਰ ਲਗਾਏ ਜਾ ਰਹੇ ਦੋਸ਼ਾਂ 'ਤੇ ਨਾਰਾਜਗੀ ਪ੍ਰਗਟਾਈ। ਅਦਾਲਤ ਨੇ ਕਿਹਾ ਕਿ ਇਸ ਵਿੱਚ ਪੱਖਪਾਤੀ ਹੋਣ ਦਾ ਸੁਆਲ ਕਿਥੇ ਹੈ ? ਅਸੀਂ ਕਮੇਟੀ ਨੂੰ ਫੈਸਲਾ ਸੁਣਾਉਣ ਦਾ ਅਧਿਕਾਰ ਨਹੀਂ ਦਿੱਤਾ। ਤੁਸੀਂ ਕਮੇਟੀ ਦੇ ਕਿਸੇ ਮੈਂਬਰ ਉਪਰ ਸਿਰਫ ਇਸ ਲਈ ਦੋਸ਼ ਲਗਾ ਰਹੇ ਹੋ ਕਿਉਂਕਿ ਉਸ ਨੇ ਖੇਤੀ ਕਾਨੂੰਨਾਂ ਬਾਰੇ ਆਪਣੀ ਰਾਇ ਪ੍ਰਗਟਾਈ ਹੈ। ਅਸੀਂ ਕਮੇਟੀ ਵਿੱਚ ਮਾਹਿਰਾਂ ਨੂੰ ਨਿਯੁਕਤ ਕੀਤਾ ਕਿਉਂਕਿ ਅਸੀਂ ਮਾਹਿਰ ਨਹੀਂ ਹਾਂ।

**ਕਿਸਾਨ ਪਰੇਡ ਕਰਨ ਲਈ ਅੜੇ**

ਨਵੇਂ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੀਆਂ ਕਿਸਾਨ ਯੂਨੀਅਨਾਂ ਨੇ ਪੁਲੀਸ ਨੂੰ ਸਾਫ ਕਰ ਦਿੱਤਾ ਕਿ 26 ਜਨਵਰੀ ਨੂੰ ਉਨ੍ਹਾਂ ਦੀ ਟਰੈਕਟਰ ਪਰੇਡ ਪਹਿਲਾਂ ਤੈਅ ਯੋਜਨਾ ਮੁਤਾਬਕ ਹੀ ਹੋਵੇਗੀ। ਦਿੱਲੀ, ਯੂਪੀ ਤੇ ਹਰਿਆਣਾ ਪੁਲੀਸ ਅਧਿਕਾਰੀਆਂ ਨਾਲ ਵਿਗਿਆਨ ਭਵਨ ਵਿੱਚ ਮੀਟਿੰਗ ਦੌਰਾਨ ਪੁਲੀਸ ਨੇ ਕਿਸਾਨ ਨੇਤਾਵਾਂ ਨੂੰ ਕਿਹਾ ਕਿ ਉਹ ਰਾਜਧਾਨੀ ਦੀ ਬਾਹਰੀ ਰਿੰਗ ਰੋਡ ਦੀ ਬਜਾਏ ਕੁੰਡਲੀ-ਮਨੇਸਰ-ਪਲਵਲ ਐਕਸਪ੍ਰੈਸਵੇਅ 'ਤੇ ਟਰੈਕਟਰ ਪਰੇਡ ਕਰਨ ਪਰ ਕਿਸਾਨਾਂ ਨੇ ਇਸ ਨੂੰ ਰੱਦ ਕਰ ਦਿੱਤਾ।

## ਮੰਤਰੀਆਂ ਤੇ ਕਿਸਾਨਾਂ ਵਿਚਾਲੇ ਮੀਟਿੰਗ 'ਚ ਗੂੰਜਿਆ ਐਨਆਈਏ ਦੇ ਨੋਟਿਸਾਂ ਦਾ ਮੁੱਦਾ

### ਤੋਮਰ ਨੇ ਕਿਹਾ ਕਿ ਕਿਸੇ ਵੀ ਬੇਕਸੂਰ ਨਾਲ ਬੇਇਨਸਾਫ਼ੀ ਨਹੀਂ ਹੋਵੇਗੀ

**ਨਵੀਂ ਦਿੱਲੀ/ਏ.ਟੀ.ਨਿਊਜ਼:** ਕੇਂਦਰ ਸਰਕਾਰ ਤੇ ਕਿਸਾਨ ਲੀਡਰਾਂ ਵਿਚਾਲੇ 10ਵੇਂ ਦੌਰ ਦੀ ਗੱਲਬਾਤ ਵਿਗਿਆਨ ਭਵਨ 'ਚ ਜਾਰੀ ਹੈ। ਬੈਠਕ ਦੀ ਸ਼ੁਰੂਆਤ 'ਚ ਕਿਸਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਰਾਸ਼ਟਰੀ ਜਾਂਚ ਏਜੰਸੀ () ਦੇ ਨੋਟਿਸਾਂ ਦਾ ਮੁੱਦਾ ਚੁੱਕਿਆ ਗਿਆ। ਕਿਸਾਨ ਲੀਡਰ ਬਲਬੀਰ ਸਿੰਘ ਰਾਜੇਵਾਲ ਵੱਲੋਂ ਇਹ ਮੁੱਦਾ ਚੁੱਕਿਆ ਗਿਆ। ਇਸ ਦੇ ਜਵਾਬ 'ਚ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ ਕਿਸੇ ਵੀ ਬੇਕਸੂਰ ਨਾਲ ਬੇਇਨਸਾਫ਼ੀ ਨਹੀਂ ਹੋਵੇਗੀ।

ਯਾਦ ਰਹੇ ਕਿਸਾਨ ਅੰਦੋਲਨ ਦੇ ਹਮਾਇਤੀਆਂ ਨੂੰ ਐਨਆਈਏ ਵਲੋਂ ਧੜਾਧੜ ਨੋਟਿਸ ਭੇਜੇ ਗਏ ਹਨ। ਬੇਸ਼ੱਕ ਕਿਸਾਨਾਂ ਨੇ ਜਾਂਚ ਏਜੰਸੀ ਅੱਗੇ ਪੇਸ਼ ਹੋਣ ਤੋਂ ਇਨਾਕਾਰ ਕਰ ਦਿੱਤਾ ਹੈ ਪਰ ਕਿਸਾਨਾਂ ਨੇ ਸਰਕਾਰ ਕੋਲ ਸਖਤ ਇਤਰਾਜ ਜਤਾਇਆ। ਇਸ ਮੁੱਦੇ ਉੱਪਰ ਮੋਦੀ ਸਰਕਾਰ ਘਿਰੀ ਹੋਈ ਨਜਰ ਆ ਰਹੀ ਹੈ। ਕਿਸਾਨ ਲੀਡਰਾਂ ਨੇ ਕਿਹਾ ਕਿ ਸਰਕਾਰ ਇੱਕ ਪਾਸੇ ਗੱਲਬਾਤ ਰਾਹੀਂ ਮਸਲਾ ਹੱਲ ਕਰਨ ਦਾ ਦਾਅਵਾ ਕਰ ਰਹੀ ਹੈ ਤੇ ਦੂਜੇ ਪਾਸੇ ਏਜੰਸੀਆਂ ਰਾਹੀਂ ਡਰਾਵੇ ਦਿੱਤੇ ਜਾ ਰਹੇ ਹਨ।

## ਐਨਆਈਏ ਵੱਲੋਂ ਆ ਰਹੇ ਸੰਮਨਾਂ ਪਿਛਲੀ ਐਫਆਈਆਰ ਕੀ ਕਹਿੰਦੀ ਹੈ ?

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਕਿਸਾਨ ਸੰਘਰਸ਼ ਵਿਚ ਸ਼ਾਮਲ ਲੋਕਾਂ ਨੂੰ ਭਾਰਤ ਸਰਕਾਰ ਦੀ ਅਜੈਂਸੀ ਐਨਆਈਏ ਵੱਲੋਂ ਭੇਜੇ ਜਾ ਰਹੇ ਸੰਮਨਾਂ ਦਾ ਮਸਲਾ ਬਹੁਤ ਗਰਮਾਇਆ ਹੋਇਆ ਹੈ। ਇਹ ਸੰਮਨ ਜਿਸ ਐਫਆਈਆਰ ਨਾਲ ਸਬੰਧਿਤ ਭੇਜੇ ਜਾ ਰਹੇ ਹਨ ਅਸੀਂ ਇੱਥੇ ਉਸ ਦੀ ਜਾਣਕਾਰੀ ਸਾਂਝੀ ਕਰ ਰਹੇ ਹਾਂ। ਇਹ ਵੀ ਦੱਸ ਦਈਏ ਕਿ ਕਈ ਖਬਰਾਂ ਵਿਚ ਕਿਹਾ ਜਾ ਰਿਹਾ ਹੈ ਕਿ ਸੰਘਰਸ਼ ਵਿਚ ਸ਼ਾਮਲ ਲੋਕਾਂ 'ਤੇ ਯੂਏਪੀਏ ਅਤੇ ਦੇਸ਼ ਧਰੋਹ ਦੇ ਮਾਮਲੇ ਦਰਜ ਕਰ ਲਏ ਗਏ ਹਨ, ਪਰ ਅਸੀਂ ਦੱਸ ਦਈਏ ਕਿ ਇਹ ਸੰਮਨ ਮਾਮਲਾ ਦਰਜ ਹੋਣ ਦੇ ਨਹੀਂ, ਬਲਕਿ ਮਾਮਲੇ ਸਬੰਧੀ ਪੁੱਛਗਿੱਛ ਦੇ ਹਨ।

**ਕੀ ਕਹਿੰਦੀ ਹੈ ਐਫਆਈਆਰ ?**

ਐਨਆਈਏ ਵੱਲੋਂ 15 ਦਸੰਬਰ ਨੂੰ ਐਫਆਈਆਰ ਨੰ. ਆਰਸੀ-40/2020/ਐਨਆਈਏ/ਡੀਐਲਆਈ ਦਿੱਲੀ ਵਿਚ ਦਰਜ ਕੀਤੀ ਗਈ ਸੀ। ਐਫਆਈਆਰ ਵਿਚ ਕਿਹਾ ਗਿਆ ਹੈ ਕਿ ਯੂਏਪੀਏ ਅਧੀਨ ਪਾਬੰਦੀਸ਼ੁਦਾ ਜਥੇਬੰਦੀ 'ਸਿੱਖਸ ਫਾਰ ਜਸਟਿਸ' ਅਤੇ ਬੱਬਰ ਖਾਲਸਾ ਇੰਟਰਨੈਸ਼ਨਲ, ਖਾਲਿਸਤਾਨ ਟਾਈਗਰ ਫੋਰਸ ਤੇ ਖਾਲਿਸਤਾਨ ਜ਼ਿੰਦਾਬਾਦ ਫੋਰਸ ਸਮੇਤ ਹੋਰ ਜਥੇਬੰਦੀਆਂ ਭਾਰਤ ਸਰਕਾਰ ਖਿਲਾਫ ਬਗਾਵਤ ਦਾ ਮਾਹੌਲ ਸਿਰਜ ਰਹੀਆਂ ਹਨ। ਇਹ ਐਫਆਈਆਰ ਭਾਰਤ ਸਰਕਾਰ ਦੇ ਅੰਡਰ ਸੈਕਟਰੀ ਅਹੁਦੇ ਦੇ ਅਫਸਰ ਰਾਜੀਵ ਕੁਮਾਰ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ ਹੈ।

ਪੰਨੂ, ਨਿੱਝਰ, ਪੰਮੇ ਸਮੇਤ ਕਈ ਅਣਪਛਾਤਿਆਂ ਦੇ ਨਾਂ ਐਫਆਈਆਰ ਵਿਚ ਉਪਰੋਕਤ ਦੋਸ਼ ਅਧੀਨ ਗੁਰਪਤਵੰਤ ਸਿੰਘ ਪਨੂੰ, ਪਰਮਜੀਤ ਸਿੰਘ ਪੰਮਾ, ਹਰਦੀਪ ਸਿੰਘ ਨਿੱਝਰ ਦੇ ਨਾਂ ਸ਼ਾਮਲ ਕੀਤੇ ਗਏ ਹਨ ਨਾਲ ਹੀ ਇਹ ਲਿਖ ਦਿੱਤਾ ਗਿਆ ਹੈ ਕਿ ਦੋਸ਼ੀਆਂ ਵਿਚ ਹੋਰ ਅਣਪਛਾਤੇ ਵੀ ਸ਼ਾਮਲ ਹਨ। ਇਸ ਤਹਿਤ ਸਰਕਾਰ ਹੋਰ ਲੋਕਾਂ ਨੂੰ ਵੀ ਇਸ ਮਾਮਲੇ ਵਿਚ ਘੜੀਸ ਸਕਦੀ ਹੈ।

**ਵਿਦੇਸ਼ਾਂ ਤੋਂ ਆਇਆ ਪੈਸਾ ਨਿਸ਼ਾਨੇ 'ਤੇ**

ਪੰਜਾਬ ਦੇ ਲੋਕ ਸਮੁੱਚੀ ਦੁਨੀਆ ਵਿਚ ਆਪਣੇ ਮਿਹਨਤ ਨਾਲ ਵਸੇ ਹਨ ਅਤੇ ਹਰ ਸਮੇਂ ਪੰਜਾਬ ਦੀਆਂ ਲੋੜਾਂ ਲਈ ਵਿਦੇਸ਼ਾਂ ਤੋਂ ਪੈਸੇ ਭੇਜਦੇ ਹਨ। ਕਿਸਾਨੀ ਸੰਘਰਸ਼ ਵਿਚ ਹੁਣ ਜਦੋਂ ਪੰਜਾਬ ਦੇ ਕਿਸਾਨ ਆਪਣੇ ਹੱਕਾਂ ਲਈ ਵੱਡਾ ਸੰਘਰਸ਼ ਕਰ ਰਹੇ ਹਨ ਤਾਂ ਵਿਦੇਸ਼ ਬੈਠੇ ਪੰਜਾਬੀਆਂ ਵੱਲੋਂ ਆਪਣੀ ਮਿਹਨਤ ਦੀ ਕਮਾਈ ਚੋਂ ਦਸਵੰਧ ਭੇਜਿਆ ਜਾ ਰਿਹਾ ਹੈ, ਜਿਸ ਨਾਲ ਸੰਘਰਸ਼ ਵਿਚ ਲੰਗਰ ਚੱਲ ਰਹੇ ਹਨ ਤੇ ਲੋਕਾਂ ਦੀਆਂ ਹੋਰ ਜ਼ਰੂਰੀ ਲੋੜਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਪਰ ਭਾਰਤ ਸਰਕਾਰ ਨੇ ਇਸ ਐਫਆਈਆਰ ਵਿਚ ਸੇਵਾਵਾਂ ਕਰ ਰਹੇ ਲੋਕਾਂ ਨੂੰ ਲਪੇਟਣ ਲਈ ਇਹ ਖਾਸ ਜ਼ਿਕਰ ਕੀਤਾ ਹੈ ਕਿ ਐਨਜੀਓ ਰਾਹੀਂ ਵਿਦੇਸ਼ਾਂ ਤੋਂ ਖਾਲਿਸਤਾਨੀਆਂ ਨੂੰ ਫੰਡ ਭੇਜਿਆ ਗਿਆ ਹੈ ਜਿਸ ਨਾਲ ਅੱਤਵਾਦੀ ਕਾਰਵਾਈਆਂ ਨੂੰ ਅੰਜ਼ਾਮ ਦੇਣ ਦੀ ਨੀਤੀ ਹੈ। ਜਦਕਿ ਕਈ ਮਹੀਨਿਆਂ ਤੋਂ ਚੱਲ ਰਿਹਾ ਕਿਸਾਨ ਸੰਘਰਸ਼ ਪੂਰਨ ਤੌਰ 'ਤੇ ਸ਼ਾਂਤਮਈ ਚੱਲ ਰਿਹਾ ਹੈ ਤੇ ਕੈਨੇਡਾ ਦੀ ਸਰਕਾਰ ਤੇ ਹੋਰ ਕਈ ਦੇਸ਼ਾਂ ਦੇ ਸਿਆਸਤਦਾਨਾਂ ਨੇ ਇਸ ਸੰਘਰਸ਼ ਦੀ ਹਮਾਇਤ ਕੀਤੀ ਹੈ।

ਐਫਆਈਆਰ ਵਿਚ ਕਿਹਾ ਗਿਆ ਹੈ ਕਿ ਸਿੱਖਸ ਫਾਰ ਜਸਟਿਸ ਸਰਕਾਰੀ ਅਤੇ ਗੈਰ ਸਰਕਾਰੀ ਸੰਪੱਤੀ ਨੂੰ ਨੁਕਸਾਨ ਕਰਨ ਅਤੇ ਜ਼ਰੂਰੀ ਵਸਤਾਂ ਦੀ ਸਪਲਾਈ ਰੋਕਣ ਦੀ ਨੀਤੀ ਬਣਾ ਰਹੀ ਹੈ।

## ਚੀਨ ਨੇ ਭਾਰਤੀ ਜਮੀਨ 'ਤੇ ਅਰੁਣਾਚਲ 'ਚ 4.5 ਕਿਲੋਮੀਟਰ ਅੰਦਰ ਵਸਾਇਆ ਪਿੰਡ

✪ ਪਿੰਡ 'ਚ ਲਗਭਗ 101 ਘਰ ਵੀ ਬਣਾਏ ✪ ਭਾਜਪਾ ਦੇ ਐੱਮ.ਪੀ. ਸੁਬਰਾਮਣੀਅਮ ਸਵਾਮੀ ਰੱਖਿਆ ਮੰਤਰੀ ਰਾਜਨਾਥ ਨਾਲ ਗੱਲਬਾਤ ਕਰਨਗੇ ✪
ਰਾਹੁਲ ਨੇ ਅਰੁਣਾਚਲ "ਚ ਚੀਨ ਦੇ ਪਿੰਡ ਵਸਾਉਣ ਨੂੰ ਲੈ ਕੇ ਮੋਦੀ 'ਤੇ ਸਾਧਿਆ ਨਿਸ਼ਾਨਾ

**ਨਵੀਂ ਦਿੱਲੀ/ਏ.ਟੀ.ਨਿਊਜ਼:** ਚੀਨ ਨੇ ਭੂਟਾਨ ਪਿੱਛੋਂ ਹੁਣ ਭਾਰਤ ਦੇ ਅਰੁਣਾਚਲ ਪ੍ਰਦੇਸ਼ ਦੀ ਹੱਦ ਅੰਦਰ ਇਕ ਪਿੰਡ ਵਸਾ ਲਿਆ ਹੈ। ਇਸ ਪਿੰਡ 'ਚ ਲਗਭਗ 101 ਘਰ ਵੀ ਬਣਾਏ ਗਏ ਹਨ। ਇਹ ਪਿੰਡ ਅਰੁਣਾਚਲ ਪ੍ਰਦੇਸ਼ ਵਿਚ ਅਸਰ ਕੰਟਰੋਲ ਰੇਖਾ ਤੋਂ ਲਗਭਗ 4.5 ਕਿਲੋਮੀਟਰ ਅੰਦਰ ਵੱਲ ਹੈ। ਇਸ ਪਿੰਡ ਨੂੰ ਤਸਾਰੀ ਚੂ ਪਿੰਡ ਦੇ ਅੰਦਰ ਹੀ ਵਸਾਇਆ ਗਿਆ ਹੈ। ਇਹ ਪਿੰਡ ਅਰੁਣਾਚਲ ਪ੍ਰਦੇਸ਼ ਦੇ ਉਪਰਲੇ ਜਿਲ੍ਹੇ ਸੁਬਨਸਿਰੀ ਵਿਖੇ ਸਥਿਤ ਹੈ। ਚੀਨ ਦਾ ਇਹ ਪਿੰਡ ਭਾਰਤ ਦੀ ਸੁਰੱਖਿਆ ਲਈ ਖਤਰਾ ਬਣ ਗਿਆ ਹੈ।

ਇਕ ਟੀ.ਵੀ. ਚੈਨਲ ਦੀ ਰਿਪੋਰਟ ਅਨੁਸਾਰ ਸੁਬਨਸਿਰੀ ਜਿਲ੍ਹਾ ਭਾਰਤ ਅਤੇ ਚੀਨ ਵਿਚਾਲੇ ਲੰਬੇ ਸਮੇਂ ਤੋਂ ਵਾਦ-ਵਿਵਾਦ ਦਾ ਕੇਂਦਰ ਰਿਹਾ ਹੈ। ਇਸ ਨੂੰ ਲੈ ਕੇ ਹਥਿਆਰਬੰਦ ਸੰਘਰਸ਼ ਵੀ ਹੋ ਚੁੱਕਿਆ ਹੈ। ਰਿਪੋਰਟ ਵਿਚ ਸੈਟੇਲਾਈਟ ਤਸਵੀਰਾਂ ਨੂੰ ਕਈ ਮਾਹਿਰਾਂ ਨੂੰ ਵਿਖਾਇਆ ਗਿਆ ਹੈ। ਉਨ੍ਹਾਂ ਇਸ ਚੀਨੀ ਪਿੰਡ ਦੇ ਹੋਣ ਦੀ ਪੁਸ਼ਟੀ ਕੀਤੀ ਹੈ। ਚੀਨ ਨੇ ਇਸ ਪਿੰਡ ਦਾ ਅਜਿਹੇ ਸਮੇਂ ਨਿਰਮਾਣ ਕੀਤਾ ਹੈ, ਜਦੋਂ ਪੱਛਮੀ ਸੈਕਟਰ ਸਥਿਤ ਲੱਦਾਖ ਵਿਖੇ ਭਾਰਤ ਅਤੇ ਚੀਨ ਦੀਆਂ ਫੌਜਾਂ ਆਹਮਣੇ-ਸਾਹਮਣੇ ਹਨ। ਤਾਜਾ ਸੈਟੇਲਾਈਟ ਇਮੇਜ ਇਕ ਨਵੰਬਰ 2020 ਦਾ ਹੈ, ਜਿਸ 'ਚ ਉਕਤ ਪਿੰਡ ਨਜਰ ਆ ਰਿਹਾ ਹੈ। ਇਸ ਤੋਂ ਇਕ ਸਾਲ ਪਹਿਲਾਂ ਹੀ ਤਸਵੀਰ ਵਿਚ ਉਕਤ ਪਿੰਡ ਨਜਰ ਨਹੀਂ ਆਉਂਦਾ। ਮੰਨਿਆ ਜਾਂਦਾ ਹੈ ਕਿ ਚੀਨ ਨੇ ਇਹ ਪਿੰਡ ਇਕ ਸਾਲ ਅੰਦਰ ਹੀ ਵਸਾਇਆ ਹੈ।

ਦੂਜੇ ਪਾਸੇ ਭਾਜਪਾ ਨੇ ਐੱਮ.ਪੀ. ਸੁਬਰਾਮਣੀਅਮ ਸਵਾਮੀ ਚੀਨ ਵਲੋਂ ਭਾਰਤੀ ਜਮੀਨ 'ਤੇ ਕਬਜਾ ਕਰਨ ਨੂੰ ਲੈ ਕੇ ਰੱਖਿਆ ਮੰਤਰੀ ਰਾਜਨਾਥ ਸਿੰਘ ਨਾਲ ਗੱਲਬਾਤ ਕਰਨਗੇ। ਸਵਾਮੀ ਨੇ ਕਿਹਾ ਕਿ ਇਹ ਮੰਨਣਾ ਵੱਡੀ ਗਲਤੀ ਹੋਵੇਗੀ ਕਿ ਚੀਨ ਨੇ ਲੱਦਾਖ ਅਤੇ ਅਰੁਣਾਚਲ ਵਿਚ ਭਾਰਤੀ ਜਮੀਨ 'ਤੇ ਕਬਜਾ ਕਰ ਲਿਆ ਹੈ। ਇਸ ਦੀ 2 ਸੂਬਿਆਂ ਦੇ ਲੋਕਾਂ ਵਲੋਂ ਚੁਣੇ ਗਏ ਭਾਜਪਾ ਦੇ ਸੰਸਦ ਮੈਂਬਰਾਂ ਨੇ ਵੀ ਪੁਸ਼ਟੀ ਕੀਤੀ ਹੈ। ਜਦੋਂ ਮੌਕਾ ਆਏਗਾ ਤਾਂ ਮੈਂ ਰਾਜਨਾਥ ਸਿੰਘ ਨਾਲ ਗੱਲਬਾਤ ਕਰਾਂਗਾ। ਵਿਦੇਸ਼ ਮੰਤਰਾਲਾ ਸਿਰਫ ਇੰਨਾ ਹੀ ਕਹੇਗਾ ਕਿ ਅਸੀਂ ਖਿਚਾਅ ਘਟਾਉਣ ਲਈ ਗੱਲਬਾਤ ਕਰ ਰਹੇ ਹਾਂ। ਇਸ ਦਾ ਕੀ ਮਤਲਬ ਹੈ ?

**ਵਿਦੇਸ਼ ਮੰਤਰਾਲਾ ਨੇ ਕਿਹਾ- ਚੀਨ ਦੀ ਹਰ ਹਰਕਤ 'ਤੇ ਭਾਰਤ ਦੀ ਨਜਰ**

ਭਾਰਤੀ ਵਿਦੇਸ਼ ਮੰਤਰਾਲਾ ਨੇ ਕਿਹਾ ਹੈ ਕਿ ਸਰਕਾਰ ਨੇ ਸਰਹੱਦੀ ਇਲਾਕਿਆਂ 'ਚ ਚੀਨ ਦੀਆਂ ਨਿਰਮਾਣ ਸਰਗਰਮੀਆਂ ਬਾਰੇ ਰਿਪੋਰਟ ਵੇਖੀ ਹੈ। ਸਰਕਾਰ ਆਪਣੀ ਪ੍ਰਭੂਸੱਤਾ ਦੀ ਰਾਖੀ ਕਰਨ ਅਤੇ ਅਰੁਣਾਚਲ ਪ੍ਰਦੇਸ਼ ਸਮੇਤ ਸਭ ਸਰਹੱਦੀ ਇਲਾਕਿਆਂ 'ਚ ਲੋਕਾਂ ਦੇ ਜੀਵਨ ਪੱਧਰ ਨੂੰ ਸੁਧਾਰਨ ਲਈ ਮੂਲ ਢਾਂਚੇ ਵਿਕਸਿਤ ਕਰਨ ਪ੍ਰਤੀ ਵਚਨਬੱਧ ਹੈ।

**ਰਾਹੁਲ ਗਾਂਧੀ ਵਲੋਂ ਨਿੰਦਾ**

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਅਰੁਣਾਚਲ ਪ੍ਰਦੇਸ਼ ਦੇ ਸਰਹੱਦੀ ਇਲਾਕੇ 'ਚ ਚੀਨ ਵਲੋਂ ਪਿੰਡ ਵਸਾਉਣ ਦੇ ਦਾਅਵੇ ਵਾਲੀਆਂ ਖਬਰਾਂ ਨੂੰ ਲੈ ਕੇ ਪ੍ਰਧਾਨ ਮੰਤਰੀ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਨੇ ਟਵੀਟ ਕੀਤਾ,"ਉਨ੍ਹਾਂ ਦਾ ਵਾਅਦਾ ਯਾਦ ਕਰੋ- ਮੈਂ ਦੇਸ਼ ਝੁਕਣ ਨਹੀਂ ਦੇਵਾਂਗਾ।" ਪਾਰਟੀ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਸਵਾਲ ਕੀਤਾ,"ਮੋਦੀ ਜੀ, ਉਹ 56 ਇੰਚ ਦੀ ਛਾਤੀ ਕਿੱਥੇ ਹੈ ?" ਕਾਂਗਰਸ ਦੇ ਸੀਨੀਅਰ ਨੇਤਾ ਪੀ. ਚਿਦਾਂਬਰਮ ਨੇ ਵੀ ਸੋਮਵਾਰ ਨੂੰ ਇਸ ਮਾਮਲੇ 'ਤੇ ਸਰਕਾਰ ਤੋਂ ਜਵਾਬ ਮੰਗਿਆ ਸੀ।

# ਪ੍ਰਥਮ ਔਰਤ ਮੇਲਾਨੀਆ ਟਰੰਪ ਨੇ ਆਪਣੇ ਵਿਦਾਇਗੀ ਸੰਦੇਸ਼ ਵਿਚ ਅਮਰੀਕਨਾਂ ਨੂੰ ਪਿਆਰ ਦੇ ਰਾਹ ’ਤੇ ਚੱਲਣ ਲਈ ਕਿਹਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਫਸਟ ਲੇਡੀ ਮੇਲਾਨੀਆ ਟਰੰਪ ਨੇ ਆਪਣੇ ਵਿਦਾਇਗੀ ਸੰਦੇਸ਼ ਵਿਚ ਵਾਈਟ ਹਾਊਸ ਵਿਚ ਬਿਤਾਏ ਨਾ ਭੁਲਾਏ ਜਾ ਸਕਣ ਵਾਲੇ 4 ਸਾਲਾਂ ਦੀ ਗੱਲ ਕੀਤੀ ਹੈ ਤੇ ਅਮਰੀਕਨਾਂ ਨੂੰ ਕਿਹਾ ਹੈ ਕਿ ਉਹ ਪਿਆਰ ਦੇ ਰਸਤੇ ਦੀ ਚੋਣ ਕਰਨ। ਜੋਅ ਬਾਇਡੇਨ ਵੱਲੋਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਦੋ ਦਿਨ ਪਹਿਲਾਂ ਤਕਰੀਬਨ 7 ਮਿੰਟਾਂ ਦੇ ਵੀਡੀਓ ਵਿਦਾਇਗੀ ਸੰਦੇਸ਼ ਵਿਚ ਮੇਲਾਨੀਆ ਨੇ 2017 ਵਿਚ ਵਾਈਟ ਹਾਊਸ ਵਿਚ ਆਉਣ ਤੋਂ ਬਾਅਦ ਜਿਨਾਂ ਵੀ ਲੋਕਾਂ ਨੇ ਉਨਾਂ ਦਾ ਹੌਸਲਾ ਵਧਾਇਆ ਤੇ ਉਨਾਂ ਨੂੰ ਉਤਸ਼ਾਹਿਤ ਕੀਤਾ, ਉਨਾਂ ਸਾਰਿਆਂ ਦਾ ਧੰਨਵਾਦ ਕੀਤਾ ਹੈ। ਉਨਾਂ ਕਿਹਾ ਹੈ ਕਿ ਪਿਛਲੇ 4 ਸਾਲਾਂ ਦਾ ਸਮਾਂ ਮੇਰੇ ਚੇਤੇ ਵਿਚ ਵੱਸ ਗਿਆ ਹੈ ਇਸ ਨੂੰ ਭੁਲਾਇਆ ਨਹੀਂ ਜਾ ਸਕਦਾ। ਡੋਨਲਡ ਤੇ ਮੈ ਵਾਈਟ ਹਾਊਸ ਵਿਚ ਆਪਣਾ ਸਮਾਂ ਪੂਰਾ ਕਰ ਲਿਆ ਹੈ, ਮੈ ਇਸ ਸਮੇਂ ਦੌਰਾਨ ਸਾਡੇ ਨਾਲ ਜੁੜੇ ਰਹੇ ਸਾਰੇ ਲੋਕਾਂ ਦੀਆਂ ਯਾਦਾਂ ਆਪਣੇ ਦਿਲ ਵਿਚ ਲੈ ਕੇ ਜਾ ਰਹੀ ਹਾਂ। ਇਹ ਯਾਦਾਂ ਪਿਆਰ ਦੀਆਂ ਕਹਾਣੀਆਂ, ਦੇਸ਼ ਭਗਤੀ ਤੇ ਦ੍ਰਿੜਤਾ ਨਾਲ ਜੁੜੀਆਂ ਹੋਈਆਂ ਹਨ। ਪ੍ਰਥਮ ਔਰਤ ਨੇ ਕੋਰੋਨਾ ਮਹਾਂਮਾਰੀ ਦੇ ਰਾਸ਼ਟਰ ਉੱਪਰ ਪਏ ਪ੍ਰਭਾਵ ਦੀ ਗੱਲ ਕਰਦਿਆਂ ਸਿਹਤ ਸੰਭਾਲ ਕਰਮਚਾਰੀਆਂ ਤੇ ਟਰੱਕ ਡਰਾਈਵਰਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਹੈ ਜਿਨਾਂ ਨੇ ਜਾਨਾਂ ਬਚਾਉਣ ਵਿਚ ਅਹਿਮ ਭੂਮਿਕਾਵਾਂ ਨਿਭਾਈਆਂ। ਸਪੱਸ਼ਟ ਤੌਰ ’ਤੇ 6 ਜਨਵਰੀ ਨੂੰ ਕੈਪੀਟਲ ਹਿੱਲ ਵਿਚ ਹੋਈ ਹਿੰਸਾ ਵੱਲ ਇਸ਼ਾਰਾ ਕਰਦਿਆਂ ਮੇਲਾਨਿਆ ਨੇ ਅਮਰੀਕਨਾਂ ਨੂੰ ਕਿਹਾ ਹੈ ‘ਹਮੇਸ਼ਾ ਯਾਦ ਰਖੋ! ਹਿੰਸਾ ਕਿਸੇ ਵੀ ਗੱਲ ਦਾ ਜਵਾਬ ਨਹੀਂ ਹੈ ਤੇ ਹਿੰਸਾ ਨੂੰ ਕਦੀ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।’



ਮੇਲਾਨੀਆ ਤੇ ਡੋਨਾਲਡ ਟਰੰਪ ਦੀ ਫਾਇਲ ਤਸਵੀਰ

# ਰਾਜਸੀ ਹਿੰਸਾ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ-ਟਰੰਪ

## ਬਾਇਡੇਨ ਦਾ ਨਾਂ ਲਏ ਬਗੈਰ ਆਪਣੇ ਵਿਦਾਇਗੀ ਸੰਦੇਸ਼ ਵਿਚ ਨਵੇਂ ਪ੍ਰਸ਼ਾਸਨ ਦੀ ਸਫਲਤਾ ਦੀ ਕੀਤੀ ਕਾਮਨਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਅਹੁਦਾ ਛੱਡ ਰਹੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਵਿਦਾਇਗੀ ਭਾਸ਼ਣ ਵਿਚ ਆਪਣੇ ਆਰਥਕ ਵਿਕਾਸ ਤੇ ਵਿਦੇਸ਼ੀ ਨੀਤੀ ਨੂੰ ਸਰਾਹਿਆ, ਕੈਪੀਟਲ ਹਿੱਲ ਵਿਚ ਹੋਈ ਹਿੰਸਾ ਦੀ ਨਿੰਦਾ ਕੀਤੀ ਤੇ ਨਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਲਈ ਤਿਆਰ ਜੋਅ ਬਾਇਡੇਨ ਦਾ ਨਾਂ ਲਏ ਬਗੈਰ ਨਵੇਂ ਪ੍ਰਸ਼ਾਸਨ ਦੀ ਸਫਲਤਾ ਲਈ ਕਾਮਨਾ ਕੀਤੀ। ਉਨਾਂ ਨੇ ਜਾਰੀ ਇਕ ਵੀਡੀਓ ਸੰਦੇਸ਼ ਵਿਚ ਆਪਣੇ ਹਮਾਇਤੀਆਂ ਨੂੰ ਕਿਹਾ ‘ਮੈ ਬੁੱਧਵਾਰ ਦੀ ਦੁਪਹਿਰ ਨੂੰ ਨਵੇਂ ਪ੍ਰਸ਼ਾਸਨ ਨੂੰ ਸੱਤਾ ਸੌਂਪਣ ਜਾ ਰਿਹਾ ਹਾਂ, ਮੈ ਇਹ ਦੱਸਣਾ ਚਹੁੰਦਾ ਹਾਂ ਕਿ ਜੋ ਲਹਿਰ ਆਪਾਂ ਆਰੰਭ ਕੀਤੀ ਸੀ, ਉਹ ਅਜੇ ਕੇਵਲ ਸ਼ੁਰੂਆਤ ਹੈ।’ ਟਰੰਪ ਨੇ ਆਪਣੀ 20 ਮਿੰਟ ਦੀ ਵੀਡੀਓ ਵਿਚ ਕਿਹਾ ਕਿ ‘ਮੈਂ ਨਵੇਂ ਪ੍ਰਸ਼ਾਸਨ ਨੂੰ ਸ਼ੁੱਭ ਇਛਾਵਾਂ ਦਿੰਦਾ ਹਾਂ ਤੇ ਮੈ ਚਹੁੰਦਾ ਹਾਂ ਕਿ ਨਵਾਂ ਪ੍ਰਸ਼ਾਸਨ ਇਕ ਅਹਿਮ ਦੁਨੀਆ ਦਾ ਹਿੱਸਾ ਬਣੇ।’ ਆਪਣੇ ਕਾਰਜਕਾਲ ਦੌਰਾਨ ਆਰਥਕ ਮੁਹਾਜ਼ ਉਪਰ ਤੇ ਵਿਦੇਸ਼ ਨੀਤੀ ਸਬੰਧੀ ਚੁੱਕੇ ਬਹੁਤ ਸਾਰੇ ਕਦਮਾਂ ਦਾ ਜਿਕਰ ਕਰਦਿਆਂ ਟਰੰਪ ਨੇ ਸਟਾਕ ਮਾਰਕੀਟ ਦੇ ਉਭਾਰ ਦੀ ਪ੍ਰੰਸਸਾ ਕੀਤੀ ਤੇ ਉਨਾਂ ਕਿਹਾ ਮੈਨੂੰ ਪਿਛਲੇ ਦਹਾਕਿਆਂ ਦੌਰਾਨ ਅਜਿਹਾ ਪਹਿਲਾ ਰਾਸ਼ਟਰਪਤੀ ਹੋਣ ਦਾ ਮਾਣ ਹੈ ਜਿਸ ਨੇ ਕੋਈ ਨਵੀਂ ਜੰਗ ਨਹੀਂ ਛੇੜੀ।’ ਉਨਾਂ ਨੇ 6 ਜਨਵਰੀ ਨੂੰ ਕੈਪੀਟਲ ਹਿੱਲ ਵਿਚ ਹੋਈ ਹਿੰਸਾ ਦੀ ਨਿੰਦਾ ਕੀਤੀ ਜਿਸ ਕਾਰਨ ਉਨਾਂ ਵਿਰੁੱਧ ਮਹਾਦੋਸ਼ ਲਾਇਆ ਗਿਆ। ਉਨਾਂ ਨੇ ਸਖਤ ਸ਼ਬਦਾਵਲੀ ਵਿਚ ਕਿਹਾ ‘ਰਾਜਸੀ ਹਿੰਸਾ ਅਮਰੀਕੀਆਂ ਦੀ ਹਰ ਉਸ ਚੀਜ ਉਪਰ ਹਮਲਾ ਹੈ ਜਿਸ ਨੂੰ ਉਹ ਮਾਣ ਰਹੇ ਹਨ। ਇਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ।’ ਟਰੰਪ ਦੇ ਵਿਰੋਧੀਆਂ ਨੇ ਵਿਦਾਇਗੀ ਭਾਸ਼ਣ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਹ ਖੁਸ਼ ਹਨ ਕਿ ਰਾਸ਼ਟਰਪਤੀ ਅਲਵਿਦਾ ਕਹਿ ਰਹੇ ਹਨ। ਸਦਨ ਦੀ ਸਪੀਕਰ ਨੈਨਸੀ ਪੇਲੋਸੀ ਨੇ ਕਿਹਾ ਹੈ ਕਿ ਟਰੰਪ ਦੇਸ਼ ਉਪਰ ਧੱਬਾ ਸਨ। ਮੈਂ ਨਹੀਂ ਸੋਚਦੀ ਕਿ ਜੇਕਰ ਉਸ ਨੂੰ ਦੂਸਰੇ ਕਾਰਜਕਾਲ ਲਈ ਵੀ ਰਾਸ਼ਟਰਪਤੀ ਚੁਣ ਲਿਆ ਜਾਂਦਾ ਤਾਂ ਅਸੀਂ ਲੋਕਤੰਤਰ ਕਾਇਮ ਰਖ ਸਕਦੇ। ਉਸ ਨੇ ਸਾਡੀਆਂ ਸੰਸਥਾਵਾਂ ਤੇ ਸੰਵਿਧਾਨ ਦਾ ਨਿਰਾਦਰ ਕੀਤਾ ਹੈ।’ ਰਾਸ਼ਟਰਪਤੀ ਦੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਉਰਟੀ ਦੇ ਸਾਬਕਾ ਬੁਲਾਰੇ ਡੇਵਿਡ ਲਾਪਨ ਨੇ ਕਿਹਾ ਹੈ ‘ਹੁਣ ਬਹੁਤ ਦੇਰ ਹੋ ਚੁੱਕੀ ਹੈ। ਉਸ ਦੇ ਸ਼ਬਦਾਂ ਦਾ ਕੋਈ ਅਰਥ ਨਹੀਂ ਹੈ। ਇਹ ਸ਼ਬਦ ਜੋ ਕੁਝ ਉਹ ਪਿਛਲੇ 4 ਸਾਲਾਂ ਦੌਰਾਨ ਕਹਿੰਦਾ ਰਿਹਾ ਹੈ ਜਾਂ ਕਰਦਾ ਰਿਹਾ ਹੈ, ਉਸ ਦੇ ਬਿਲਕੁੱਲ ਉਲਟ ਹਨ।’ ਜਿਕਰਯੋਗ ਹੈ ਕਿ ਟਰੰਪ ਬੁੱਧਵਾਰ ਦੀ ਸਵੇਰ ਨੂੰ ਵਾਈਟ ਹਾਊਸ ਛੱਡ ਜਾਵੇਗਾ। ਪਿਛਲੀ ਡੇਢ ਸਦੀ ਦੇ ਵਧ ਸਮੇਂ ਦੌਰਾਨ ਉਹ ਪਹਿਲਾ ਰਾਸ਼ਟਰਪਤੀ ਹੈ ਜੋ ਨਵੇਂ ਰਾਸ਼ਟਰਪਤੀ ਦੇ ਸਹੁੰ ਚੁੱਕ ਸਮਾਗਮ ਵਿਚ ਹਿੱਸਾ ਨਹੀਂ ਲੈ ਰਿਹਾ।

# ਵਿਰਜੀਨੀਆ ਦੀ ਰਾਜਧਾਨੀ ਵਿਚ ਹਥਿਆਰਬੰਦ ਲੋਕਾਂ ਵੱਲੋਂ ਪ੍ਰਦਰਸ਼ਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਜੋਅ ਬਾਇਡੇਨ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਦੋ ਦਿਨ ਪਹਿਲਾਂ ਵਰਜੀਨੀਆ ਦੀ ਰਾਜਧਾਨੀ ਰਿਚਮੰਡ ਵਿਚ ਹਥਿਆਰਬੰਦ ਲੋਕਾਂ ਨੇ ਪ੍ਰਦਰਸ਼ਨ ਕੀਤਾ ਜਦਕਿ ਸੁਰੱਖਿਆ ਦਸਤਿਆਂ ਨੇ ਪ੍ਰਦਰਸ਼ਨਕਾਰੀਆਂ ਨੂੰ ਵਿਧਾਨ ਸਭਾ ਦੇ ਨੇੜੇ ਨਹੀਂ ਢੁੱਕਣ ਦਿੱਤਾ। ਪਰਾਊਡ ਬੁਆਇਜ, ਬੂਗਾਲੋ ਤੇ ਪੈਂਥਰਜ ਗਰੁੱਪਾਂ ਨਾਲ ਸਬੰਧਤ ਅਨੇਕਾਂ ਪ੍ਰਦਰਸ਼ਨਕਾਰੀ ਰਿਚਮੰਡ ਵਿਚ ਇਕੱਠੇ ਹੋਏ। ਇਹ ਪ੍ਰਦਰਸ਼ਨ ਅਧਿਕਾਰਾਂ ਸਬੰਧੀ ਦੂਸਰੀ ਸੋਧ ਦੇ ਸਮਰਥਨ ਵਿਚ ਵਿਰਜੀਨੀਆ ਸਿਟੀਜ਼ਨ ਡੀਫੈਂਸ ਲੀਗ ਦੀ ਮੇਜਬਾਨੀ ਵਿਚ ਆਯੋਜਿਤ ਕੀਤਾ ਗਿਆ। ਇਸ ਤੋਂ ਇਲਾਵਾ ਵਿਰਜੀਨੀਆ ਵਿਚ ਇਕ ਕਾਰ ਰੈਲੀ ਵੀ ਕੱਢੀ ਗਈ। ਇਸ ਵਾਰ ਸਿਟੀਜ਼ਨ ਡਿਫੈਂਸ ਲੀਗ ਨੂੰ ਡਾਊਨ ਟਾਊਨ ਰਿਚਮੰਡ ਵਿਚ ਸਾਲਾਨਾ ਰੈਲੀ ਕੱਢਣ ਦੀ ਇਜਾਜ਼ਤ ਨਾ ਮਿਲਣ ਕਾਰਨ ਲੀਗ ਨੇ ਸਮੁੱਚੇ ਵਿਰਜੀਨੀਆ ਵਿਚ ਕਾਰ ਰੈਲੀ ਕੱਢੀ। ਪੁਲਿਸ ਵਿਭਾਗ ਨੇ ਟਵੀਟ ਦੁਆਰਾ ਪ੍ਰਦਰਸ਼ਨਕਾਰੀਆਂ ਨੂੰ ਹਥਿਆਰ ਲੈ ਕੇ ਆਉਣ ’ਤੇ ਪਾਬੰਦੀ ਬਾਰੇ ਸੂਚਿਤ ਕੀਤਾ ਹੈ ਤੇ ਕਿਹਾ ਹੈ ਕਿ 11 ਤੋਂ ਵਧ ਲੋਕਾਂ ਦਾ ਇਕੱਠ ਨਹੀਂ ਹੋ ਸਕਦਾ। ਇੱਥੇ ਜ਼ਿਕਰਯੋਗ ਹੈ ਕਿ ਰਿਚਮੰਡ ਵਿਚ ਹੰਗਾਮੀ ਸਥਿਤੀ ਐਲਾਨਣ ਦੇ ਬਾਵਜੂਦ ਇਹ ਇਕੱਠ ਕੀਤਾ ਗਿਆ। ਗਵਰਨਰ ਰਾਲਫ ਨਾਰਥਮ ਦੇ ਆਦੇਸ਼ ’ਤੇ ਰਾਜਧਾਨੀ ਵਿਚ ਨੈਸ਼ਨਲ ਗਾਰਡ ਤਾਇਨਾਤ ਕਰ ਦਿੱਤੇ ਗਏ ਹਨ।



## ਭਾਰਤੀ ਮੂਲ ਦੀ ਉਜ਼ਰਾ ਜ਼ੇਯਾ ਵਿਦੇਸ਼ ਵਿਭਾਗ ਵਿਚ ਅੰਡਰ ਸੈਕਟਰੀ ਨਿਯੁਕਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਭਾਰਤੀ ਮੂਲ ਦੀ ਅਮਰੀਕਨ ਡਿਪਲੋਮੈਟ ਉਜ਼ਰਾ ਜ਼ੇਯਾ ਜਿਸ ਨੇ ਟਰੰਪ ਪ੍ਰਸ਼ਾਸਨ ਦੇ ਕਥਿੱਤ ਨਸਲੀ ਤੇ ਲਿੰਗਕ ਪੱਖਪਾਤ ਵਿਰੁੱਧ ਵਿਦੇਸ਼ ਵਿਭਾਗ ਦੀ ਨੌਕਰੀ ਛੱਡ ਦਿੱਤੀ ਸੀ, ਨੂੰ ਰਾਸ਼ਟਰਪਤੀ ਜੋਅ ਬਾਇਡੇਨ ਨੇ ਆਮ ਨਾਗਰਿਕਾਂ ਦੀ ਸੁਰੱਖਿਆ, ਲੋਕਤੰਤਰ ਤੇ ਮਨੁੱਖੀ ਅਧਿਕਾਰਾਂ ਸਬੰਧੀ ਅੰਡਰ ਸੈਕਟਰੀ ਨਿਯੁਕਤ ਕੀਤਾ ਹੈ। ਆਪਣੀ ਨਿਯੁਕਤੀ ਦੀ ਪੁਸ਼ਟੀ ਕਰਦਿਆਂ ਜ਼ੇਯਾ ਨੇ ਟਵੀਟ ਕੀਤਾ ਹੈ ਕਿ ਇਕ ਡਿਪਲੋਮੈਟ ਵਜੋਂ ਮੈਂ ਆਪਣੇ 25 ਸਾਲਾਂ ਦੇ ਤਜਰਬੇ ਵਿਚ ਇਹ ਸਿੱਖਿਆ ਹੈ ਕਿ ਅਮਰੀਕਾ ਦੀ ਮਹਾਨ ਸ਼ਕਤੀ ਭਿੰਨਤਾ ਤੇ ਲੋਕਤੰਤਰਿਕ ਕਦਰਾਂ ਕੀਮਤਾਂ ਵਿਚ ਛੁੱਪੀ ਹੋਈ ਹੈ, ਮੈ ਇਨਾਂ ਕਦਰਾਂ ਕੀਮਤਾਂ ਉਪਰ ਪਹਿਰਾ ਦੇਵਾਂਗੀ। ਉਨਾਂ ਨੇ ਆਪਣੀ ਨਿਯੁਕਤੀ ਲਈ ਜੋਅ ਬਾਇਡੇਨ ਦਾ ਧੰਨਵਾਦ ਕੀਤਾ ਹੈ। ਜ਼ੇਯਾ ਨੂੰ ਵਿਦੇਸ਼ ਵਿਭਾਗ ਵਿਚ ਦੋ ਦਹਾਕਿਆਂ ਤੋਂ ਵੀ ਵਧ ਸਮੇਂ ਦਾ ਤਜ਼ਰਬਾ ਹੈ। ਉਸ ਨੇ 1990 ਵਿਚ ਅਮਰੀਕੀ ਵਿਦੇਸ਼ ਸੇਵਾ ਵਿਚ ਨੌਕਰੀ ਸ਼ੁਰੂ ਕੀਤੀ ਸੀ ਤੇ ਟਰੰਪ ਦੀ ਨੀਤੀਆਂ ਵਿਰੁੱਧ 2018 ਵਿਚ ਵਿਦੇਸ਼ ਵਿਭਾਗ ਛੱਡ ਦਿੱਤਾ ਸੀ।



## ਵਰਵਰਾ ਰਾਓ ਨੂੰ ਅਣਮਨੁੱਖੀ ਹਾਲਾਤ ’ਚ ਰੱਖਿਆ ਗਿਐ: ਵਕੀਲ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸੀਨੀਅਰ ਵਕੀਲ ਇੰਦਰਾ ਜੈਸਿੰਘ ਨੇ ਬੰਬੇ ਹਾਈ ਕੋਰਟ ਨੂੰ ਦੱਸਿਆ ਕਿ ਇਨਕਲਾਬੀ ਕਵੀ ਵਰਵਰਾ ਰਾਓ ਨੂੰ ਜੇਲ੍ਹ ਅੰਦਰ ਅਣਮਨੁੱਖੀ ਹਾਲਾਤ ’ਚ ਰੱਖਿਆ ਗਿਆ ਹੈ। ਉਨ੍ਹਾਂ ਹਾਈ ਕੋਰਟ ਨੂੰ ਬੇਨਤੀ ਕੀਤੀ ਕਿ ਉਹ ਸੰਵਿਧਾਨ ਦੀ ਧਾਰਾ 226 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਰਾਓ ਨੂੰ ਜੇਲ੍ਹ ’ਚੋਂ ਰਿਹਾਅ ਕਰਨ ਦੇ ਆਦੇਸ਼ ਦੇਣ। ਰਾਓ ਨੂੰ ਐਲਗਾਰ ਪਰਿਸ਼ਦ-ਮਾਓਵਾਦੀਆਂ ਨਾਲ ਸਬੰਧਾਂ ਦੇ ਦੋਸ਼ ਹੇਠ ਨਵੀ ਮੁੰਬਈ ਦੀ ਤਾਲੋਜਾ ਜੇਲ੍ਹ ਭੇਜਿਆ ਗਿਆ ਸੀ। ਇਸ ਸਮੇਂ ਉਹ ਮੁੰਬਈ ਦੇ ਨਾਨਾਵਤੀ ਹਸਪਤਾਲ ’ਚ ਦਾਖਲ ਹਨ। ਰਾਓ ਦੀ ਪਤਨੀ ਹੇਮਲਤਾ ਵੱਲੋਂ ਦਾਖਲ ਪਟੀਸ਼ਨ ’ਚ ਇੰਦਰਾ ਜੈਸਿੰਘ ਵਕੀਲ ਹਨ। ਉਨ੍ਹਾਂ ਦੋਸ਼ ਲਾਇਆ ਕਿ ਢੁੱਕਵੀ ਮੈਡੀਕਲ ਸਹੂਲਤਾਂ ਨਾ ਦੇ ਕੇ ਤੇਲਗੂ ਕਵੀ ਦੇ ਜਿਊਣ ਦੇ ਅਧਿਕਾਰ ਦੀ ਉਲੰਘਣਾ ਕੀਤੀ ਗਈ ਹੈ।



## ਸੀਨ ਹਟਾਉਣ ਪਿੱਛੋਂ ਤਾਂਡਵ ਦੇ ਨਿਰਦੇਸ਼ਕ ਤੇ ਹੋਰਾਂ ਨੂੰ ਅਗਾਊਂ ਜਮਾਨਤ ਮਿਲੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਵਿਵਾਦਾਂ ਵਿੱਚ ਘਿਰੀ ਵੈੱਬ ਸੀਰੀਜ ’ਤਾਂਡਵ’ ਦੇ ਘੱਟ ਤੋਂ ਘੱਟ ਦੋ ਸੀਨ ਹਟਾ ਦਿੱਤੇ ਗਏ ਹਨ। ਹਾਲਾਂਕਿ ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿੱਚ ਇਸ ਦੇ ਨਿਰਮਾਤਾਵਾਂ ਅਤੇ ਕਲਾਕਾਰਾਂ ਖਿਲਾਫ ਨਵੇਂ ਕੇਸ ਦਰਜ ਹੋਏ ਹਨ। ਯੂਪੀ ਪੁਲੀਸ ਦੀ ਇੱਕ ਟੀਮ ਲਖਨਊ ਵਿੱਚ ਦਰਜ ਐੱਫਆਈਆਰ ਦੇ ਮਾਮਲੇ ’ਚ ਜਾਂਚ ਲਈ ਮੁੰਬਈ ਪੁੱਜ ਗਈ ਹੈ। ਉਸ ਵੱਲੋਂ ਐਮਾਜੋਨ ਦੀ ਵੀਡੀਓ ਸੀਰੀਜ ਦੇ ਨਿਰਮਾਤਾਵਾਂ ਤੇ ਕਲਾਕਾਰਾਂ ਦੇ ਬਿਆਨ ਦਰਜ ਕੀਤੇ ਜਾਣ ਦੀ ਸੰਭਾਵਨਾ ਹੈ। ਕਰੀਬ ਦੋ ਸੀਨ ਵੈੱਬ ਸੀਰੀਜ ਵਿਚੋਂ ਕੱਟ ਵੀ ਦਿੱਤੇ ਗਏ ਹਨ ਪਰ ਇਸ ਦੇ ਬਾਵਜੂਦ ਮੱਧ ਪ੍ਰਦੇਸ਼ ਦੇ ਜਬਲਪੁਰ ਵਿਚ ਵੀ ਸੀਰੀਜ ਖਿਲਾਫ ਐਫਆਈਆਰ ਦਰਜ ਕਰਵਾਈ ਗਈ ਹੈ। ਦੂਜੇ ਬੰਬੇ ਹਾਈ ਕੋਰਟ ਨੇ ਅੱਜ ’ਤਾਂਡਵ’ ਦੇ ਨਿਰਦੇਸ਼ਕ ਅਲੀ ਅੱਬਾਸ ਜਫਰ ਤੇ ਹੋਰਾਂ ਨੂੰ ਲਖਨਊ ’ਚ ਦਰਜ ਕੇਸ ਦੇ ਮਾਮਲੇ ਵਿਚ ਅਗਾਊਂ ਜਮਾਨਤ ਦੇ ਦਿੱਤੀ ਹੈ। ਜਿਕਰਯੋਗ ਹੈ ਕਿ ਸ਼ੋਅ ਵਿਚ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਲਾਏ ਗਏ ਹਨ।




## ਮਾਮਲਾ 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਦਾ

### ਡੀਸੀਪੀ. ਜਗਮੋਹਨ ਸਿੰਘ ਅਦਾਲਤ ’ਚ ਪੇਸ਼

**ਅੰਮਿਤਸਰ/ਏ.ਟੀ.ਨਿਊਜ਼:** ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਵਿਚੋਂ ਲਾਪਤਾ ਹੋਏ 328 ਪਾਵਨ ਸਰੂਪ ਮਾਮਲੇ ਦੇ ਦੋਸੀਆਂ ਵਿਰੁੱਧ ਪਰਚੇ ਦਰਜ ਕਰਨ ਦੀ ਮੰਗ ਦੇ ਚਰਚਿਤ ਮਾਮਲੇ ’ਚ ਇਥੇ ਅਦਾਲਤ ਵਲੋਂ ਡੀਸੀਪੀ. ਜਗਮੋਹਨ ਸਿੰਘ ਨੂੰ ਜਾਰੀ ਹੋਏ ਨੋਟਿਸ ਦੇ ਮਾਮਲੇ ’ਚ ਉਹ ਇਥੇ ਅਦਾਲਤ ਵਿਚ ਪੇਸ਼ ਹੋਏ ਤੇ ਆਪਣਾ ਪੱਖ ਅਦਾਲਤ ’ਚ ਰੱਖਿਆ। ਅਦਾਲਤ ਵਲੋਂ ਇਸ ਮਾਮਲੇ ਦੀ ਉਨਾਂ ਦੀ ਅਗਲੀ ਸੁਣਵਾਈ ਲਈ 12 ਫਰਵਰੀ ਦੀ ਤਾਰੀਖ ਪਾਈ ਗਈ ਹੈ। ਸਿੱਖ ਸਦਭਾਵਨਾ ਦਲ ਵਲੋਂ ਇਥੇ ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ ਸ: ਹਰਪ੍ਰੀਤ ਸਿੰਘ ਦੀ ਅਦਾਲਤ ’ਚ ਇਹ ਪਟੀਸਨ ‘ਬਲਵਿੰਦਰ ਸਿੰਘ ਵਰਸਜ ਸਟੇਅ ਗੋਬਿੰਦ ਸਿੰਘ ਲੌਂਗੋਵਾਲ’ ਦੇ ਟਾਈਟਲ ਹੇਠ ਚਲ ਰਹੀ ਹੈ। ਇਸ ਸਬੰਧੀ ਸਿੱਖ ਸਦਭਾਵਨਾ ਦਲ ਵਲੋਂ ਬੀਤੇ ਦੋ ਮਹੀਨਿਆਂ ਤੋਂ ਦਿਨਾਂ ਤੋਂ ਲਾਪਤਾ ਪਾਵਨ ਸਰੂਪ ਮਾਮਲੇ ਦੇ ਦੋਸੀਆਂ ਵਿਰੁੱਧ ਪੁਲਿਸ ਕੇਸ ਦਰਜ ਕਰਨ ਦੀ ਮੰਗ ਨੂੰ ਲੈ ਕੇ ਸਥਾਨਕ ਵਿਰਾਸਤੀ ਮਾਰਗ ਵਿਖੇ ਲਗਾਤਾਰ ਰੋਸ ਧਰਨਾ ਵੀ ਦਿੱਤਾ ਜਾ ਰਿਹਾ ਹੈ। ਬੀਤੇ 8 ਜਨਵਰੀ ਨੂੰ ਇਸ ਚਰਚਿਤ ਮਾਮਲੇ ਮਾਮਲੇ ਵਿਚ ਅਦਾਲਤ ਵਲੋਂ ਡੀ.ਸੀ.ਪੀ. ਜਗਮੋਹਨ ਸਿੰਘ ਪਾਸੋਂ ਰਿਪੋਰਟ ਮੰਗਦਿਆਂ ਪੇਸ਼ ਹੋਣ ਦੇ ਹੁਕਮ ਦਿੱਤੇ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu

Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਅਲਬਰਟਾ ਤੋਂ ਸਾਂਸਦ ਟਿਮ ਉੱਪਲ, ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ ਅਤੇ ਉਨਟਾਰੀਓ ਦੇ ਮੰਤਰੀ ਪਰਬਮੀਤ ਸਰਕਾਰੀਆ ਵੱਲੋਂ ਖਾਲਸਾ ਏਡ ਨੋਬਲ ਸ਼ਾਂਤੀ ਪੁਰਸਕਾਰ ਲਈ ਨੋਮੀਨੇਟ

**ਨਿਊਯਾਰਕ/ਬਰੈਂਪਟਨ, (ਰਾਜ ਗੋਗਨਾ/ ਕੁਲਤਰਨ ਪਧਿਆਣਾ):** ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ, ਉਨਟਾਰੀਓ ਦੇ ਮੰਤਰੀ ਪਰਬਮੀਤ ਸਰਕਾਰੀਆ ਅਤੇ ਅਲਬਰਟਾ ਤੋਂ ਸਾਂਸਦ ਟਿਮ ਉੱਪਲ ਵੱਲੋਂ ਸਿੱਖ ਚੈਰੀਟੇਬਲ ਸੰਸਥਾ ਖਾਲਸਾ ਏਡ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨੋਮੀਨੇਟ ਕੀਤਾ ਗਿਆ ਹੈ, ਸਾਂਸਦ ਟਿਮ ਉੱਪਲ ਵੱਲੋਂ ਆਪਣੇ ਸੋਸ਼ਲ ਮੀਡੀਆ ਖਾਤੇ ਰਾਹੀਂ ਇਹ ਜਾਣਕਾਰੀ ਦਿੱਤੀ ਗਈ ਹੈ। ਸਾਂਸਦ ਟਿਮ ਉੱਪਲ ਵੱਲੋਂ ਇਸ ਨੋਮੀਨੇਸ਼ਨ ਦੇ ਨਾਲ ਖਾਲਸਾ ਏਡ ਵੱਲੋਂ ਕੀਤੇ ਗਏ ਕੰਮਾਂ ਦੀ ਇੱਕ ਲਿਸਟ ਵੀ ਸਾਂਝੀ ਕੀਤੀ ਗਈ ਹੈ। ਇਸ ਲਿਸਟ ਵਿੱਚ ਖਾਲਸਾ ਏਡ ਵੱਲੋਂ ਕੈਨੇਡਾ ਵਿਖੇ ਕੋਵਿਡ ਦੇ ਸਮੇਂ ਕੈਨੇਡੀਅਨ ਨਾਗਰਿਕਾਂ ਦੀ ਕੀਤੀ ਗਈ ਮਦਦ ਦਾ ਵੀ ਜ਼ਿਕਰ ਹੈ। ਟਿਮ ਉੱਪਲ ਦਾ ਕਹਿਣਾ ਹੈ ਕਿ ਉਹਨਾਂ ਦੀ ਇਸ ਕੋਸ਼ਿਸ਼ ਨੂੰ ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ ਅਤੇ ਉਨਟਾਰੀਓ ਦੇ ਮੰਤਰੀ ਪਰਬਮੀਤ ਸਰਕਾਰੀਆ ਵੱਲੋਂ ਵੀ ਹਿਮਾਇਤ ਦਿੱਤੀ ਗਈ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਹਾਲ ਦੇ ਸਮੇਂ ਖਾਲਸਾ ਏਡ ਨਾਲ ਸਬੰਧਤ ਕੁੱਝ ਵਲੰਟੀਅਰਾਂ ਨੂੰ ਭਾਰਤ ਦੀ ਕੌਮੀ ਜਾਂਚ ਏਜੰਸੀ ਵੱਲੋਂ ਪੁੱਛਗਿੱਛ ਵਾਸਤੇ ਨੋਟਿਸ ਵੀ ਜਾਰੀ ਕੀਤੇ ਗਏ ਸਨ।

## ਐਨਆਈਏ ਨੇ ਖਾਲਸਾ ਏਡ ਦੇ ਵਾਲੰਟੀਅਰਾਂ ਖਿਲਾਫ ਭੇਜੇ ਸੰਮਨ ਕੀਤੇ ਮੁਲਤਵੀ

**ਨਿਊਯਾਰਕ, (ਰਾਜ ਗੋਗਨਾ);** ਚੈਰੀਟੇਬਲ ਸੰਸਥਾ ਖਾਲਸਾ ਏਡ ਦੇ ਨੋਬਲ ਸ਼ਾਂਤੀ ਪੁਰਸਕਾਰ ਲਈ ਨੋਮੀਨੇਟ ਹੋਣ ਤੋਂ ਬਾਅਦ ਹੀ ਵੱਲੋਂ ਖਾਲਸਾ ਏਡ ਦੇ ਵਲੰਟੀਅਰਾਂ ਖਿਲਾਫ ਭੇਜੇ ਸੰਮਨ ਹਾਲ ਦੀ ਘੜੀ ਮੁਲਤਵੀ ਕਰ ਦਿੱਤੇ ਗਏ ਹਨ। ਐਨਆਈਏ ਨੇ 16 ਜਨਵਰੀ ਨੂੰ ਖਾਲਸਾ ਦੇ ਭਾਰਤ 'ਚ ਡਾਇਰੈਕਟਰ ਅਮਰਦੀਪ ਸਿੰਘ ਤੇ ਕੁੱਝ ਹੋਰਨਾਂ ਵਲੰਟੀਅਰਾਂ ਨੂੰ ਪੁੱਛਗਿੱਛ ਲਈ ਸੰਮਨ ਜਾਰੀ ਕੀਤੇ ਸਨ ਪਰ ਹੁਣ ਜਦੋਂ ਖਾਲਸਾ ਏਡ ਦਾ ਨਾਮ ਨੋਬਲ ਸ਼ਾਂਤੀ ਪੁਰਸਕਾਰ ਲਈ ਨੋਮੀਨੇਟ ਹੋਇਆ ਹੈ ਤਾਂ ਐਨਆਈਏ ਨੇ ਫਿਲਹਾਲ ਆਪਣੀ ਕਾਰਵਾਈ ਮੁਲਤਵੀ ਕਰ ਦਿੱਤੀ ਹੈ। ਐਨਆਈਏ ਨੇ 18 ਜਨਵਰੀ ਨੂੰ ਅਮਰਪ੍ਰੀਤ ਸਿੰਘ ਨਾਲ ਸੰਪਰਕ ਕਰਕੇ ਕਿਹਾ ਹੈ ਕਿ ਫਿਲਹਾਲ ਪੁਛਗਿੱਛ ਨੂੰ ਮੁਲਤਵੀ ਕੀਤਾ ਗਿਆ ਹੈ। ਯਾਦ ਰਹੇ ਇਸ ਤੋਂ ਪਹਿਲਾਂ ਖਾਲਸਾ ਏਡ ਸਮੇਤ ਵੱਡੀ ਗਿਣਤੀ ਵਿੱਚ ਕਿਸਾਨੀ ਸੰਘਰਸ ਨਾਲ ਜੁੜੇ ਹਮਾਇਤੀਆਂ, ਪੱਤਰਕਾਰਾਂ ਤੇ ਕਈ ਐਨਜੀਓ ਨਾਲ ਸਬੰਧਤ ਵਲੰਟੀਅਰਾਂ ਨੂੰ ਐਨਆਈਏ ਵੱਲੋਂ ਪੁੱਛਗਿੱਛ ਲਈ ਸੰਮਨ ਜਾਰੀ ਕੀਤੇ ਗਏ ਸਨ।

# ਦਿੱਲੀ ਵਾਲੀਆਂ ਰੇਲਾਂ 'ਚ ਗੂੰਜਣ ਲੱਗਾ ਕਿਸਾਨੀ ਪ੍ਰਚਾਰ

## ਰੇਲ ਗੱਡੀਆਂ ਵਿਚ ਵੀ ਵਰਤ ਰਿਹੈ ਲੰਗਰ ; ਕਿਸਾਨੀ ਝੰਡਿਆਂ ਦੀ ਹਨੇਰੀ ਝੁਲਣ ਲਗੀ

**ਚੰਡੀਗੜ/ਏ.ਟੀ.ਨਿਊਜ਼:** ਕਿਸਾਨ ਘੋਲ ਦਾ ਪ੍ਰਚਾਰ ਹੁਣ ਰੇਲਾਂ 'ਚ ਗੂੰਜਣ ਲੱਗਾ ਹੈ। ਰੇਲਵੇ ਸਟੇਸ਼ਨਾਂ ਅਤੇ ਰੇਲਾਂ ਦੇ ਡੱਬਿਆਂ 'ਚ ਕਿਸਾਨਾਂ ਦੇ ਝੰਡਿਆਂ ਦਾ ਹੜ ਆਉਂਦਾ ਹੈ। ਦਿਨ ਰਾਤ ਇਨਾਂ ਗੱਡੀਆਂ 'ਚ ਕਿਸਾਨਾਂ ਦੀ ਭੀੜ ਜੁੜਦੀ ਹੈ। ਕੇਸਰੀ ਚੁੰਨੀਆਂ ਵਾਲੀਆਂ ਔਰਤਾਂ ਅਤੇ ਕਿਸਾਨ ਜਦੋਂ ਰੇਲਾਂ ਵਿਚ ਚੜਦੇ ਹਨ ਤਾਂ ਨਵਾਂ ਮਾਹੌਲ ਬਣਦਾ ਹੈ। ਘਰਾਂ 'ਚੋਂ ਲਿਆਂਦਾ ਲੰਗਰ ਗੱਡੀਆਂ ਵਿੱਚ ਵੀ ਵਰਤਦਾ ਹੈ। ਆਮ ਯਾਤਰੀ ਵੀ ਇਸ ਕਿਸਾਨੀ ਘੋਲ ਦੇ ਰੰਗ ਵਿੱਚ ਰੰਗੇ ਜਾਂਦੇ ਹਨ।

ਦੈਨਿਕ ਐਕਸਪ੍ਰੈਸ ਗੰਗਾਨਗਰ ਤੋਂ ਦਿੱਲੀ ਲਈ ਚੱਲਦੀ ਹੈ। ਬਠਿੰਡਾ ਤੋਂ ਸਵੇਰੇ ਰਵਾਨਾ ਹੁੰਦੀ ਹੈ। ਗੰਗਾਨਗਰ ਅਤੇ ਅਬੋਹਰ ਦੇ ਕਿਸਾਨਾਂ ਤੋਂ ਇਲਾਵਾ ਇਸ ਐਕਸਪ੍ਰੈੱਸ ਗੱਡੀ ਵਿੱਚ ਮੌੜ ਅਤੇ ਮਾਨਸਾ ਦੇ ਕਿਸਾਨਾਂ ਦੀ ਵੱਡੀ ਭੀੜ ਹੁੰਦੀ ਹੈ। ਰਾਜਸਥਾਨ ਦੇ ਕਿਸਾਨ ਇਸ ਗੱਡੀ ਜਰੀਏ ਦਿੱਲੀ ਮੋਰਚੇ 'ਚ ਹਾਜ਼ਰੀ ਭਰਦੇ ਹਨ। ਜਦੋਂ ਬਹਾਦਰਗੜ ਵਿੱਚ ਕਿਸਾਨ ਉੱਤਰਦੇ ਹਨ ਤਾਂ ਗੱਡੀ ਇੱਕ ਤਰਾਂ ਨਾਲ ਸੁੰਨੀ ਹੋ ਜਾਂਦੀ ਹੈ। ਪੰਜਾਬ ਦੇ ਮਾਲਵਾ ਖ਼ਿੱਤੇ 'ਚੋਂ ਬਹੁਤੇ ਕਿਸਾਨ ਹੁਣ ਰੇਲ ਗੱਡੀਆਂ ਜਰੀਏ ਦਿੱਲੀ ਮੋਰਚੇ ਵਿੱਚ ਜਾ ਰਹੇ ਹਨ, ਜਿਨਾਂ ਦੇ ਟਰੈਕਟਰ ਟਰਾਲੀ ਪੱਕੇ ਤੌਰ 'ਤੇ ਮੋਰਚੇ ਵਿੱਚ ਖੜੇ ਹਨ।

'ਕਿਸਾਨ ਐਕਸਪ੍ਰੈੱਸ' ਬਠਿੰਡਾ ਤੋਂ ਵਾਇਆ ਰੋਹਤਕ ਦਿੱਲੀ ਲਈ ਸਵੇਰੇ 5 ਵਜੇ ਰਵਾਨਾ ਹੁੰਦੀ ਹੈ। ਇਸ ਗੱਡੀ ਵਿਚ ਜ਼ਿਆਦਾ ਗਿਣਤੀ ਰਾਮਾਂ ਮੰਡੀ ਖੇਤਰ ਅਤੇ ਹਰਿਆਣਾ ਦੇ ਸਿਰਸਾ, ਹਿਸਾਰ ਤੇ ਰੋਹਤਕ ਦੇ ਕਿਸਾਨਾਂ ਦੇ ਜਥਿਆਂ ਦੀ ਹੁੰਦੀ ਹੈ। ਟੀਟੀਆਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਜਦੋਂ ਇਹ ਕਿਸਾਨ ਰੇਲਵੇ ਸਟੇਸ਼ਨ 'ਤੇ ਪੁੱਜਦੇ ਹਨ ਤਾਂ ਕਿਸਾਨੀ ਘੋਲ ਦੇ ਨਾਅਰੇ ਲਾਉਂਦੇ ਹਨ। ਜਦੋਂ ਗੱਡੀ ਰਵਾਨਾ ਹੁੰਦੀ ਹੈ, ਉਦੋਂ ਜੈਕਾਰੇ ਛੱਡੇ ਜਾਂਦੇ ਹਨ। ਰਸਤੇ ਵਿੱਚ ਕਿਸਾਨ ਆਗੂ ਆਮ ਯਾਤਰੀਆਂ ਨੂੰ 'ਖੇਤੀ ਕਾਨੂੰਨਾਂ' ਬਾਰੇ ਭਾਸ਼ਨ ਵੀ ਦਿੰਦੇ ਹਨ।

ਮੋਟੇ ਅੰਦਾਜ਼ੇ ਅਨੁਸਾਰ ਇਨਾਂ ਗੱਡੀਆਂ ਵਿੱਚ ਰੋਜ਼ਾਨਾ ਹਜ਼ਾਰਾਂ ਕਿਸਾਨ ਸਫ਼ਰ ਕਰਦੇ ਹਨ। 'ਪੰਜਾਬ ਮੇਲ' ਫਿਰੋਜ਼ਪੁਰ ਤੋਂ ਦਿੱਲੀ ਲਈ ਚੱਲਦੀ ਹੈ। ਇਹ ਗੱਡੀ 9 ਵਜੇ ਸ਼ਾਮੀਂ ਫਿਰੋਜ਼ਪੁਰ ਤੋਂ ਰਵਾਨਾ ਹੁੰਦੀ ਹੈ। ਫਿਰੋਜ਼ਪੁਰ, ਫਰੀਦਕੋਟ, ਕੋਟਕਪੂਰਾ ਦੇ ਵੱਡੀ ਗਿਣਤੀ ਵਿੱਚ ਕਿਸਾਨ ਇਸ ਗੱਡੀ ਵਿਚ ਸਫਰ ਕਰਦੇ ਹਨ। ਕਿਸਾਨ ਆਗੂ ਸਿਕੰਦਰ ਸਿੰਘ ਘੁੰਮਣ ਦੱਸਦਾ ਹੈ ਕਿ ਆਮ ਯਾਤਰੀ ਟਰੇਨਾਂ ਵਿੱਚ ਏਨਾ ਸਤਿਕਾਰ ਕਿਸਾਨ ਬੀਬੀਆਂ ਨੂੰ ਦਿੰਦੇ ਹਨ ਕਿ ਖੁਦ ਉੱਠ ਕੇ ਸੀਟ ਤੋਂ ਖੜੇ ਹੋ ਜਾਂਦੇ ਹਨ। ਉਨਾਂ ਦੱਸਿਆ ਕਿ ਆਮ ਯਾਤਰੀ ਵੀ ਕਿਸਾਨਾਂ ਨਾਲ ਨਾਅਰੇ ਲਾਉਂਦੇ ਹਨ। ਰਾਮਪੁਰਾ ਇਲਾਕੇ 'ਚੋਂ ਕਿਸਾਨ ਆਗੂ ਮੋਠੂ ਸਿੰਘ ਕੋਟੜਾ ਕਾਫਲੇ ਲੈ ਕੇ ਹਰ ਹਫਤੇ ਦਿੱਲੀ ਜਾਂਦਾ ਹੈ। ਉਹ ਦੱਸਦਾ ਹੈ ਕਿ ਰੇਲਵੇ ਦੇ ਡਰਾਈਵਰ ਕਿਸਾਨਾਂ ਲਈ ਖਾਸ ਤੌਰ 'ਤੇ ਦੋ-ਦੋ ਤਿੰਨ-ਤਿੰਨ ਹਾਰਨ ਮਾਰਦੇ ਹਨ ਤਾਂ ਜੋ ਚੜਨ ਤੋਂ ਕੋਈ ਕਿਸਾਨ ਰਹਿ ਨਾ ਜਾਵੇ। ਫਾਜ਼ਿਲਕਾ ਜ਼ਿਲੇ ਦੇ ਕਿਸਾਨ ਰਾਤ ਨੂੰ ਦੋ ਵਜੇ ਫਾਜ਼ਿਲਕਾ ਤੋਂ ਚੱਲਦੀ ਇੰਟਰ ਸਿਟੀ ਗੱਡੀ 'ਚ ਸਫ਼ਰ ਕਰਦੇ ਹਨ। ਇਸ ਗੱਡੀ ਵਿੱਚ ਰਾਮਪੁਰਾ, ਬਰਨਾਲਾ ਤੇ ਤਪਾ ਇਲਾਕੇ ਦੇ ਜ਼ਿਆਦਾ ਕਿਸਾਨ ਹੁੰਦੇ ਹਨ। ਬੀਕੇਯੂ (ਡਕੌਂਦਾ) ਦੇ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਦਾ ਕਹਿਣਾ ਸੀ ਕਿ ਸਭ ਗੱਡੀਆਂ ਹੁਣ ਕਿਸਾਨਾਂ ਨਾਲ ਨੱਕੋ-ਨੱਕ ਭਰੀਆਂ ਹੁੰਦੀਆਂ ਹਨ। ਉਨਾਂ ਦੱਸਿਆ ਕਿ ਹਰ ਗੱਡੀ ਕਿਸਾਨ ਘੋਲ ਵਿੱਚ ਪੂਰੀ ਤਰਾਂ ਲੀਨ ਹੁੰਦੀ ਹੈ। ਦੱਸਦੇ ਹਨ ਕਿ ਨੌਜਵਾਨ ਕਿਸਾਨ ਮੋਬਾਈਲ ਫੋਨਾਂ 'ਤੇ ਕਿਸਾਨੀ ਘੋਲ ਵਾਲੇ ਗਾਣੇ ਵੀ ਵਜਾਉਂਦੇ ਹਨ। ਬੀਕੇਯੂ (ਉਗਰਾਹਾਂ) ਦੇ ਕਿਸਾਨ ਨੇਤਾ ਰਾਮ ਸਿੰਘ ਭੈਣੀਬਾਘਾ ਦੱਸਦੇ ਹਨ ਕਿ ਬਹੁਤੇ ਕਿਸਾਨ ਆਮ ਯਾਤਰੀਆਂ ਨਾਲ ਟਰੇਨ ਵਿੱਚ ਆਪਣੇ ਖੇਤਾਂ ਦੇ ਦੁੱਖ ਸਾਂਝੇ ਕਰਦੇ ਹਨ। ਔਰਤਾਂ ਆਪਣੇ ਘਰਾਂ ਦੀ ਦਾਸਤਾਂ ਸ਼ਹਿਰੀ ਲੋਕਾਂ ਨਾਲ ਸਾਂਝੀ ਕਰਦੀਆਂ ਹਨ। ਮਾਲਵਾ ਖ਼ਿੱਤੇ 'ਚੋਂ ਚੱਲਣ ਵਾਲੀਆਂ ਚਾਰ ਗੱਡੀਆਂ 'ਚ ਇੱਕ ਤਰਾਂ ਨਾਲ 'ਕਿਸਾਨ ਘੋਲ' ਹੀ ਸਫ਼ਰ ਕਰਦਾ ਹੈ। 'ਪੰਜਾਬ ਮੇਲ' ਫਿਰੋਜ਼ਪੁਰ ਤੋਂ ਮੁੰਬਈ ਜਾਂਦੀ ਹੈ। ਇਸ ਟਰੇਨ ਵਿੱਚ ਮੁੰਬਈ ਦੇ ਕਾਫ਼ੀ ਆਮ ਯਾਤਰੀ ਹੁੰਦੇ ਹਨ ਜਿਨਾਂ ਦੇ ਬੱਚਿਆਂ ਨੂੰ ਰੇਲਵੇ ਸਟੇਸ਼ਨਾਂ 'ਤੇ ਕਿਸਾਨ ਜੇਬ 'ਤੇ ਲਾਉਣ ਵਾਲੇ ਬਿੱਲੇ ਵੀ ਤੋਹਫ਼ੇ ਵਜੋਂ ਦੇ ਦਿੰਦੇ ਹਨ। ਦੇਖਿਆ ਜਾਵੇ ਤਾਂ ਹਰ ਟਰੇਨ ਹੀ 'ਕਿਸਾਨ ਐਕਸਪ੍ਰੈੱਸ' ਹੋਣ ਦਾ ਭੁਲੇਖਾ ਪਾਉਂਦੀ ਹੈ। ਰੇਲਵੇ ਦੇ ਸਟਾਫ ਵੀ ਇਨਾਂ ਕਿਸਾਨਾਂ ਪ੍ਰਤੀ ਕਾਫ਼ੀ ਪ੍ਰੇਮ ਵਾਲਾ ਵਤੀਰਾ ਰੱਖਦਾ ਹੈ।

# ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੇ ਪਿਤਾ ਜੀ ਦੇ ਅਕਾਲ ਚਲਾਣੇ 'ਤੇ ਸ਼ਰਧਾਂਜਲੀ ਸਮਾਗਮ

**ਬਲਵਿੰਦਰਪਾਲ ਸਿੰਘ ਖਾਲਸਾ (ਸੈਨ ਫਰਾਂਸਿਸਕੋ)**

ਸ੍ਰੀ ਦਰਬਾਰ ਸਾਹਿਬ (ਹਰਿਮੰਦਿਰ ਸਾਹਿਬ) ਉੱਤੇ ਜੂਨ 1984 ਵਿਚ ਹਮਲਾ ਕਰਨ ਵਾਲੀ ਭਾਰਤੀ ਫ਼ੌਜ ਦੇ ਮੁਖੀ ਜਨਰਲ ਵੈਦਿਆ ਨੂੰ ਸੋਧਾ ਲਾਉਣ ਵਾਲੇ ਦੋ ਮਹਾਨ ਜਰਨੈਲਾਂ ਭਾਈ ਜਿੰਦਾ ਤੇ ਭਾਈ ਸੁੱਖਾ ਦੀ ਹੰਸਾਂ ਦੀ ਜੋੜੀ ਵਿਚੋਂ ਅਮਰ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਜੀ ਦੇ ਸਤਿਕਾਰਯੋਗ ਪਿਤਾ ਜਥੇਦਾਰ ਬਾਪੂ ਮਹਿੰਗਾ ਸਿੰਘ ਜੀ ਪਿਛਲੇ ਹਫ਼ਤੇ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ।

ਉਨਾਂ ਨਮਿੱਤ ਸਿੱਖ ਕੌਮ ਵੱਲੋਂ ਪ੍ਰਵਾਰ ਦੇ ਸਹਿਯੋਗ ਨਾਲ ਖਾਲਸਾ ਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਸੀ ਸਹਿਯੋਗ ਨਾਲ ਬਾਪੂ ਮਹਿੰਗਾ ਸਿੰਘ ਹੁਰਾਂ ਦੇ ਪਿੰਡ 16 ਐਫ਼ਐਫ਼, ਤਹਿਸੀਲ ਕਰਣਪੁਰ, ਜ਼ਿਲਾ ਗੰਗਾਨਗਰ, ਰਾਜਸਥਾਨ ਵਿਖੇ ਇਲਾਕੇ ਤੇ ਨਗਰ ਨਿਵਾਸੀਆਂ ਨਾਲ ਭਰੇ ਦੀਵਾਨ ਵਿਚ ਸ਼ਰਧਾਂਜਲੀ ਸਮਾਰੋਹ ਹੋਏ। ਗੁਰਬਾਣੀ ਦੇ ਅਖੰਡ ਪਾਠ ਸਾਹਿਬ ਦੀ ਸੰਪੂਰਨਤਾ ਤੇ ਕੀਰਤਨੀ ਸਮਾਗਮ ਤੋਂ ਬਾਅਦ ਪੰਥਕ ਬੁਲਾਰਿਆਂ ਨੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਤੇ ਉਨਾਂ ਦੀ ਸਵਰਗਵਾਸੀ ਮਾਤਾ ਜੀ ਤੇ ਬਾਪੂ ਮਹਿੰਗਾ ਸਿੰਘ ਨੂੰ ਯਾਦ ਕੀਤਾ। ਇਹ ਸਮਾਗਮ ਸੋਲਾਂ ਜਨਵਰੀ ਨੂੰ ਹੋਏ। 19 ਜਨਵਰੀ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਕੰਪਲੈਕਸ ਵਿਚ ਸੁਸ਼ੋਭਿਤ ਗੁਰਦੁਆਰਾ ਸ੍ਰੀ ਝੰਡਾ ਬੁੰਗਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ ਤੋਂ ਬਾਦ ਕੀਰਤਨ ਸਮਾਗਮ ਹੋਏ। ਇਸ ਮੌਕੇ



ਦਲ ਖਾਲਸਾ ਦੇ ਮੁੱਖ ਸੇਵਾਦਾਰ ਭਾਈ ਹਰਪਾਲ ਸਿੰਘ ਚੀਮਾ, ਬੁਲਾਰੇ ਕੰਵਰਪਾਲ ਸਿੰਘ ਤੇ ਭਾਈ ਜਗਤਾਰ ਸਿੰਘ ਹਵਾਰਾ ਕਮੇਟੀ ਵੱਲੋਂ ਪੋ: ਬਲਜਿੰਦਰ ਸਿੰਘ ਵੱਲੋਂ ਤਿੰਨਾਂ ਆਗੂਆਂ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦਲ ਖਾਲਸਾ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਵਰਲਡ ਸਿੱਖ ਪਾਰਲੀਮੈਂਟ ਨੇ ਜ਼ੋਰ ਦੇ ਕੇ ਕਿਹਾ ਕਿ ਸੰਸਾਰ ਭਰ ਵਿਚ ਵੱਸਦੀ ਸਿੱਖ ਕੌਮ ਦੇ ਆਗੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਲਗਾਤਾਰ ਇਹ ਅਪੀਲ ਕਰਦੇ ਰਹੇ ਹਨ ਕਿ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਭਾਈ ਬੇਅੰਤ ਸਿੰਘ, ਭਾਈ ਕੇਹਰ ਸਿੰਘ, ਭਾਈ ਸਤਵੰਤ ਸਿੰਘ, ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਯਾਦ ਕਿਸੇ ਵੀ ਰੂਪ ਵਿਚ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਬਣਾਈ ਜਾਵੇ। ਕਿਉਂਕਿ ਉਨਾਂ ਦੀਆਂ ਸ਼ਹਾਦਤਾਂ ਸ੍ਰੀ ਦਰਬਾਰ ਸਾਹਿਬ ਦੀ ਭਾਰਤੀ ਹਕੂਮਤ ਵੱਲੋਂ ਕੀਤੀ ਗਈ ਬੇਹੁਰਮਤੀ ਦਾ ਬਦਲਾ ਲੈਣ ਕਰਕੇ ਹੋਈਆਂ ਸਨ। ਭਾਈ ਹਰਪਾਲ ਸਿੰਘ ਚੀਮਾ ਨੇ ਏਜੀਪੀਸੀ ਦੇ ਕੋ-ਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਵੱਲੋਂ ਪ੍ਰੈਸ ਨੂੰ ਕਿਹਾ ਕਿ ਅਮਰੀਕੀ ਸਿੱਖ ਆਗੂ ਸ਼ਹੀਦਾਂ ਦੇ ਸੁਪਨਿਆਂ ਉੱਤੇ ਪਹਿਰਾ ਦੇਂਦੇ ਰਹਿਣਗੇ ਤੇ ਵਿਦੇਸ਼ਾਂ ਵਿਚ ਸਿੱਖੀ ਦੇ ਝੰਡੇ ਬੁੰਗੇ ਉੱਚੇ ਸੁੱਚੇ ਰੱਖੇ ਜਾਣਗੇ। ਪ੍ਰੋ: ਬਲਜਿੰਦਰ ਸਿੰਘ ਨੇ ਕੇਂਦਰ ਜਾਂਚ ਏਜੰਸੀ ਵੱਲੋਂ ਦਿੱਲੀ ਦੇ ਕਿਸਾਨ ਮੋਰਚੇ ਦੇ ਬਹਾਨੇ ਸਿੱਖ ਆਗੂਆਂ ਨੂੰ ਨੋਟਿਸ ਦੇ ਕੇ ਪੇਸ਼ ਹੋਣ ਦੀ ਕਾਰਵਾਈ ਵਾਸਤੇ ਮੋਦੀ ਸਰਕਾਰ ਦੀ ਕਰੜੀ ਨਿੰਦਾ ਕੀਤੀ।




# ਟਰੰਪ ਭਗਤਾਂ ਨੇ ਅਮਰੀਕੀ ਜਮਹੂਰੀਅਤ ਨੂੰ ਲਗਾਇਆ ਕਾਲਾ ਦਾਗ

**- ਅੱਬਾਸ ਧਾਲੀਵਾਲ**

ਜਦੋਂ ਤੋਂ ਅਮਰੀਕਾ ਦੇ ਰਾਸ਼ਟਰਪਤੀ ਦੀਆਂ ਚੋਣਾਂ ਹੋਈਆਂ ਨੇ ਤੇ ਫਿਰ ਜਿਵੇਂ ਜਿਵੇਂ ਅਮਰੀਕਨ ਲੋਕਾਂ ਦਾ ਵੋਟਾਂ ਰਾਹੀਂ ਦਿੱਤਾ ਫ਼ਤਵਾ ਰਾਸ਼ਟਰਪਤੀ ਟਰੰਪ ਦੇ ਵਿਰੁੱਧ ਆਉਣ ਲੱਗਿਆ, ਤਿਵੇਂ ਤਿਵੇਂ ਉਹ ਆਪਣੀ ਹਾਰ ਸਵੀਕਾਰ ਕਰਨ ਦੀ ਥਾਂ ਆਪਣੇ ਬਿਆਨਾਂ ਵਿੱਚ ਇਹੋ ਕਹਿੰਦੇ ਰਹੇ ਕਿ ਵੋਟਿੰਗ ਵਿੱਚ ਵੱਡੇ ਪੱਧਰ 'ਤੇ ਧਾਂਦਲੀਆਂ ਹੋਈਆਂ ਹਨ। ਪ੍ਰੰਤੂ ਕਈ ਦਿਨਾਂ ਤਕ ਚੱਲੀ ਵੋਟਾਂ ਦੀ ਗਿਣਤੀ ਵਿੱਚ ਆਖ਼ਰਕਾਰ ਜੋਅ ਬਾਈਡਨ ਟਰੰਪ ਨੂੰ ਪਲਟਣੀ ਦਿੰਦਿਆਂ ਜਿੱਤ ਹਾਸਲ ਕਰਨ ਵਿੱਚ ਸਫਲ ਹੋ ਗਏ। ਪਰ ਇਸ ਉਪਰੰਤ ਧਾਂਦਲੀਆਂ ਨੂੰ ਲੈ ਕੇ ਟਰੰਪ ਦੁਆਰਾ ਅਮਰੀਕਾ ਦੀਆਂ ਅਦਾਲਤਾਂ ਵਿੱਚ ਪਾਈਆਂ ਸ਼ਿਕਾਇਤਾਂ ਨੂੰ ਵੀ ਨਿਰਾਧਾਰ ਕਰਾਰ ਦਿੱਤਾ ਗਿਆ। ਇਸ ਸਭ ਕਾਸੇ ਦੇ ਬਾਵਜੂਦ ਟਰੰਪ ਆਪਣੀ ਹਿੰਢ ਛੱਡਣ ਲਈ ਤਿਆਰ ਨਹੀਂ ਸਨ ਅਤੇ ਉਹ ਲਗਾਤਾਰ ਇਹੋ ਰਾਗ ਅਲਾਪਦੇ ਰਹੇ ਕਿ ਉਹ ਹਾਰੇ ਨਹੀਂ ਹਨ। ਟਰੰਪ ਦੀ ਆਪਣੀ ਹਾਰ ਨਾ ਮੰਨਣ ਵਾਲੀ ਰਟ ਦੇ ਚੱਲਦਿਆਂ ਮਾਹਿਰਾਂ ਦੁਆਰਾ ਇਹ ਖ਼ਦਸ਼ੇ ਜ਼ਾਹਿਰ ਕੀਤੇ ਜਾ ਰਹੇ ਸਨ ਕਿ ਟਰੰਪ ਇੰਨੀ ਆਸਾਨੀ ਨਾਲ ਆਪਣਾ ਅਹੁਦਾ ਨਹੀਂ ਛੱਡਣਗੇ ਜਿਸਦੇ ਨਤੀਜੇ ਵਜੋਂ ਆਉਣ ਵਾਲੇ ਸਮੇਂ ਵਿੱਚ ਟਰੰਪ ਦੇ ਸਮਰਥਕ ਕੋਈ ਵੀ ਵਿਸਫੋਟ ਸਥਿਤੀ ਪੈਦਾ ਕਰ ਸਕਦੇ ਹਨ। ਪਿਛਲੇ ਬੁੱਧਵਾਰ ਜੋ ਅਮਰੀਕਾ ਵਿੱਚ ਹੋਇਆ ਉਸ ਨੇ ਉਨਾਂ ਤਮਾਮ ਖ਼ਦਸ਼ਿਆਂ ਨੂੰ ਸੱਚ ਸਾਬਤ ਕਰ ਦਿੱਤਾ ਜੋ ਪਿਛਲੇ ਕਈ ਹਫ਼ਤਿਆਂ ਤੋਂ ਮਾਹਿਰਾਂ ਦੁਆਰਾ ਲਗਾਏ ਜਾ ਰਹੇ ਸਨ।

ਭਾਵੇਂ ਬੀਤੇ ਦਿਨੀਂ ਅਮਰੀਕੀ ਕਾਂਗਰਸ ਨੇ ਤਿੰਨ ਨਵੰਬਰ ਦੀਆਂ ਚੋਣਾਂ ਵਿੱਚ ਜਿੱਤ ਹਾਸਲ ਕਰਨ ਵਾਲੇ ਡੈਮੋਕ੍ਰੇਟ ਆਗੂ ਜੋਅ ਬਾਈਡਨ ਨੂੰ ਰਾਸ਼ਟਰਪਤੀ ਮੰਨਣ ਦੇ ਫ਼ੈਸਲੇ 'ਤੇ ਮੋਹਰ ਲਗਾ ਦਿੱਤੀ ਪਰ ਇਸ ਤੋਂ ਪਹਿਲਾਂ ਜੋ ਕੈਪੀਟਲ ਬਿਲਡਿੰਗ ਵਿੱਚ ਟਰੰਪ ਸਮਰਥਕਾਂ ਨੇ ਖੜਦੁੰਬ ਮਚਾਇਆ ਯਕੀਨਨ ਉਸ ਨੇ ਅਮਰੀਕੀ ਜਮਹੂਰੀਅਤ ਦੀ ਪੂਰੀ ਦੁਨੀਆ ਵਿੱਚ ਖਿੱਲੀ ਉਡਾ ਕੇ ਰੱਖ ਦਿੱਤੀ।

ਬੇਸ਼ੱਕ ਕਾਂਗਰਸ ਦੀ ਉਕਤ ਸਾਂਝੇ ਸਦਨ ਵਾਲੀ ਮੀਟਿੰਗ ਵਿੱਚ ਬਾਈਡਨ ਦਾ ਬਤੌਰ ਅਮਰੀਕਾ ਦੇ ਰਾਸ਼ਟਰਪਤੀ ਵਜੋਂ 20 ਜਨਵਰੀ ਨੂੰ ਹਲਫ਼ ਲੈ ਕੇ ਆਪਣੇ ਅਹੁਦਾ ਨੂੰ ਸੰਭਾਲਣ ਦਾ ਰਾਹ ਪੱਧਰਾ ਹੋ ਗਿਆ ਹੈ। ਮੀਟਿੰਗ ਦੌਰਾਨ ਬਾਈਡਨ ਦੇ ਨਾਲ-ਨਾਲ ਕਮਲਾ ਹੈਰਿਸ ਦੀ ਉਪ-ਰਾਸ਼ਟਰਪਤੀ ਵਜੋਂ ਪ੍ਰੋੜਤਾ ਕਰ ਦਿੱਤੀ ਗਈ। ਹੁਣ ਉਹ ਵੀ 20 ਜਨਵਰੀ ਨੂੰ ਆਪਣੇ ਅਹੁਦੇ ਦੀ ਸਹੁੰ ਚੁੱਕਣਗੇ। ਪੂਰੀ ਦੁਨੀਆ ਵਿੱਚ ਹੂ ਤੂ ਤੂ ਹੋਣ ਤੋਂ ਬਾਅਦ ਅਤੇ ਕਾਂਗਰਸ ਦੇ ਉਕਤ ਫ਼ੈਸਲੇ ਤੋਂ ਬਾਅਦ ਮੌਜੂਦਾ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਉਂਝ ਤਾਂ ਉਹ ਚੋਣ ਨਤੀਜਿਆਂ ਨੂੰ ਨਹੀਂ ਮੰਨਦੇ, ਪਰ ਨਿਯਮਾਂ ਮੁਤਾਬਕ ਉਹ 20 ਜਨਵਰੀ ਨੂੰ ਪੁਰਅਮਨ ਢੰਗ ਨਾਲ ਇਸ ਅਹੁਦੇ ਨੂੰ ਛੱਡ ਦੇਣਗੇ।

ਇਸ ਤੋਂ ਪਹਿਲਾਂ ਬੁੱਧਵਾਰ ਨੂੰ ਕੈਪੀਟਲ ਬਿਲਡਿੰਗ ਵਿਖੇ ਪੂਰੀ ਦੁਨੀਆ ਨੂੰ ਟਰੰਪ ਹਮਾਇਤੀਆਂ ਦਾ ਇੱਕ ਹਾਈਰੋਫਾਈਲ ਡਰਾਮਾ ਵੇਖਣ ਨੂੰ ਮਿਲਿਆ। ਜਦੋਂ ਟਰੰਪ ਸਮਰਥਕਾਂ ਨੇ ਕੈਪੀਟਲ ਬਿਲਡਿੰਗ ਉੱਤੇ ਧਾਵਾ ਬੋਲ ਦਿੱਤਾ। ਉੱਥੇ ਗੋਲੀ ਚੱਲਣ ਨਾਲ ਇੱਕ ਮਹਿਲਾ ਦੀ ਮੌਤ ਹੋ ਗਈ ਤੇ ਝੜਪਾਂ ਦੌਰਾਨ ਤਿੰਨ ਹੋਰ ਜ਼ਖ਼ਮੀ ਹੋ ਗਏ ਜਿਨਾਂ ਦੀ ਬਾਅਦ ਵਿੱਚ ਮੈਡੀਕਲ ਐਮਰਜੈਂਸੀ ਦੌਰਾਨ ਮੌਤ ਹੋ ਗਈ।

ਉਕਤ ਧਾਵਾ ਬੋਲਣ ਵਾਲੇ ਘਟਨਾਕ੍ਰਮ ਤੋਂ ਬਾਅਦ ਇੱਕ ਵਾਰ ਤਾਂ ਅਮਰੀਕਾ ਦੇ ਨਾਲ ਨਾਲ ਪੂਰੀ ਦੁਨੀਆ ਹੈਰਾਨ ਪ੍ਰੇਸ਼ਾਨ ਹੋ ਗਈ। ਘਟਨਾ ਉਪਰੰਤ ਟਰੰਪ ਦੇ ਹੀ ਕਈ ਸਾਥੀਆਂ ਨੇ ਉਸ ਦੇ ਰਵਈਏ 'ਤੇ ਇਤਰਾਜ ਕੀਤਾ ਜਦੋਂ ਕਿ ਰਿਪਬਲਿਕਨ ਪਾਰਟੀ ਦੇ ਕਈ ਸਾਂਸਦ ਵੀ ਉਨਾਂ ਦੇ ਖਿਲਾਫ ਹੋ ਗਏ ਤੇ ਉਨਾਂ 'ਤੇ ਮਹਾਂਦੋਸ਼ ਚਲਾਉਣ ਦੀ ਮੰਗ ਕਰਨ ਲੱਗੇ। ਇਸਦੇ ਇਲਾਵਾ ਟਰੰਪ ਨਾਲ ਜੁੜੇ ਕਈ ਅਫ਼ਸਰਾਂ ਨੇ ਵੀ ਆਪਣੇ ਅਹੁਦੇ ਛੱਡਣੇ ਸ਼ੁਰੂ ਕਰ ਦਿੱਤੇ। ਇੱਥੋਂ ਤਕ ਕਿ ਟਰੰਪ ਦੀ ਪਤਨੀ




ਮੇਲਾਨੀਆ ਟਰੰਪ ਦੇ ਚੀਫ ਆਫ ਸਟਾਫ ਸਟੈਫਨੀ ਗ੍ਰਿਸ਼ਮ ਨੇ ਉਕਤ ਘਟਨਾਕ੍ਰਮ ਤੋਂ ਬਾਅਦ ਆਪਣਾ ਅਸਤੀਫ਼ਾ ਦੇ ਦਿੱਤਾ।

ਉੱਧਰ ਉਪ-ਰਾਸ਼ਟਰਪਤੀ ਮਾਈਕ ਪੈਂਸ ਵੀ ਟਰੰਪ ਦਾ ਸਾਥ ਛੱਡ ਗਏ ਤੇ ਉਨਾਂ ਕਿਹਾ ਕਿ ਲੋਕਾਂ ਦੇ ਫ਼ਤਵੇ ਦੀ ਬੇਅਦਬੀ ਨਹੀਂ ਕੀਤੀ ਜਾ ਸਕਦੀ।

ਜਦੋਂ ਕਿ ਅਮਰੀਕਾ ਦੇ ਨਵੇਂ ਬਣਨ ਵਾਲੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਇਸ ਹਮਲੇ ਨੂੰ ਰਾਜ-ਧ੍ਰੋਹ ਦੱਸਿਆ ਹੈ। ਉਨਾਂ ਆਪਣੇ ਬਿਆਨ ਵਿੱਚ ਕਿਹਾ 'ਇਹ ਉਹ ਅਮਰੀਕਾ ਨਹੀਂ, ਜਿਸ ਦੀ ਅਸੀਂ ਕਲਪਨਾ ਕਰਦੇ ਹਾਂ।'

ਇੱਥੇ ਜ਼ਿਕਰਯੋਗ ਹੈ ਕਿ ਕੈਪੀਟਲ ਬਿਲਡਿੰਗ ਵਿੱਚ ਹੀ ਸੰਸਦ ਦੇ ਦੋਹਾਂ ਸਦਨਾਂ (ਹਾਊਸ ਆਫ ਰਿਪ੍ਰੇਜ਼ੈਂਟੇਟਿਵ ਤੇ ਸੈਨੇਟ) ਦੀ ਸਾਂਝੀ ਮੀਟਿੰਗ ਹੋਣੀ ਸੀ। ਇਸ ਵਿੱਚ ਟਰੰਪ ਤੇ ਬਾਈਡੇਨ ਨੂੰ ਮਿਲੀਆਂ ਇਲੈਕਟੋਰਲ ਕਾਲਜ ਵੋਟਾਂ ਦੀ ਗਿਣਤੀ ਹੋਣੀ ਸੀ। ਟਰੰਪ ਹਮਾਇਤੀ ਉੱਥੇ ਘੱਟ ਗਿਣਤੀ ਵਿੱਚ ਤਾਇਨਾਤ ਪੁਲਿਸ ਵਾਲਿਆਂ ਨੂੰ ਝਕਾਨੀ ਦੇ ਕੇ ਅੰਦਰ ਵੜ ਗਏ। ਅਮਰੀਕੀ ਪੁਲਿਸ ਮੁਤਾਬਕ ਹਿੰਸਾ ਵਿੱਚ ਕਈ ਪੁਲਿਸ ਵਾਲੇ ਜ਼ਖ਼ਮੀ ਹੋਏ ਹਨ। ਜਦੋਂ ਕਿ ਕਾਫ਼ੀ ਮੁਸ਼ਕਲ ਤੋਂ ਬਾਅਦ ਆਖ਼ਿਰਕਾਰ ਨੈਸ਼ਨਲ ਗਾਰਡਾਂ ਨੇ ਸਥਿਤੀ ਨੂੰ ਪੂਰੀ ਤਰਾਂ ਸੰਭਾਲ ਲਿਆ। ਇਸ ਅਫ਼ਰਾ ਤਫ਼ਰੀ ਦੇ ਚੱਲਦਿਆਂ ਵਾਸ਼ਿੰਗਟਨ ਡੀ ਸੀ ਦੇ ਮੇਅਰ ਨੂੰ ਕਰਫ਼ਿਊ ਲਾ ਕੇ 15 ਦਿਨ ਦੀ ਐਮਰਜੈਂਸੀ ਦਾ ਐਲਾਨ ਕਰਨਾ ਪਿਆ।

ਉਕਤ ਘਟਨਾਕ੍ਰਮ ਤੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ, 'ਟਰੰਪ ਨੇ ਹਿੰਸਾ ਭੜਕਾਈ ਅਤੇ ਇਹ ਦੇਸ਼ ਲਈ ਬੇਹੱਦ ਅਪਮਾਨ ਤੇ ਸ਼ਰਮਿੰਦਗੀ ਦੇ ਪਲ ਹਨ।'

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਕਿਹਾ, 'ਹਿੰਸਾ ਲੋਕਾਂ ਦੀ ਇੱਛਾ 'ਤੇ ਕਦੇ ਵੀ ਭਾਰੀ ਨਹੀਂ ਪੈ ਸਕਦੀ। ਅਮਰੀਕਾ ਵਿੱਚ ਜਮਹੂਰੀਅਤ ਦੀ ਜਿੱਤ ਹੋਵੇਗੀ।' ਇਸ ਸੰਦਰਭ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਆਪਣੇ ਇੱਕ ਟਵੀਟ ਵਿੱਚ ਕਿਹਾ, 'ਵਾਸ਼ਿੰਗਟਨ ਵਿੱਚ ਦੰਗੇ ਤੇ ਹਿੰਸਾ ਦੀਆਂ ਤਸਵੀਰਾਂ ਦੇਖ ਕੇ ਚਿੰਤਾ ਹੋਈ। ਪੁਰਅਮਨ ਢੰਗ ਨਾਲ ਸੱਤਾ ਤਬਦੀਲੀ ਹੋਣੀ ਚਾਹੀਦੀ ਹੈ। ਗ਼ੈਰਕਾਨੂੰਨੀ ਮੁਜ਼ਾਹਰਿਆਂ ਦੀ ਤਾਕਤ ਨਾਲ ਜਮਹੂਰੀ ਅਮਲਾਂ ਨੂੰ ਤਬਾਹ ਨਹੀਂ ਹੋਣ ਦਿੱਤਾ ਜਾ ਸਕਦਾ।'

ਉੱਧਰ ਅਮਰੀਕਾ ਦੇ ਕੱਟੜ ਵਿਰੋਧੀ ਚੀਨ ਦੇ ਦਲ ਚੀਨੀ ਕਮਿਊਨਿਸਟ ਪਾਰਟੀ ਦੇ ਨਜ਼ਦੀਕੀ ਸਮਝੇ ਜਾਂਦੇ ਅਖ਼ਬਾਰ 'ਗਲੋਬਲ ਟਾਈਮਜ਼' ਨੇ ਅਮਰੀਕੀ ਸੰਸਦ ਵਿੱਚ ਵਾਪਰੀਆਂ ਉਕਤ ਹਿੰਸਕ ਘਟਨਾਵਾਂ ਦਾ ਮਜ਼ਾਕ ਉਡਾਇਆ ਅਤੇ ਇਸ ਸੰਦਰਭ ਵਿੱਚ ਅਖ਼ਬਾਰ ਨੇ ਪਹਿਲਾਂ ਸਟੈਚੂ ਆਫ ਲਿਬਰਟੀ ਦਾ ਮਜ਼ਾਕ ਉਡਾਇਆ ਤੇ ਫਿਰ ਸਪੀਕਰ ਨੈਂਸੀ ਪੈਲੋਸੀ 'ਤੇ ਤਨਜ਼ ਕੱਸਿਆ ਹੈ। ਇਸ ਤੋਂ ਪਹਿਲਾਂ ਪਿਛਲੇ ਸਾਲ ਹਾਂਗਕਾਂਗ ਵਿੱਚ ਚੀਨੀ ਹਾਕਮਾਂ ਵਿਰੁੱਧ ਹੋਏ ਪ੍ਰਦਰਸ਼ਨਾਂ ਦੌਰਾਨ ਅਸੈਂਬਲੀ ਦੀ ਇਮਾਰਤ ਵਿੱਚ ਹੰਗਾਮੇ ਨੂੰ ਨੈਂਸੀ ਪੈਲੋਸੀ ਨੇ ਖ਼ੂਬਸੂਰਤ ਨਜ਼ਾਰੇ ਕਰਾਰ ਦਿੱਤਾ ਸੀ। ਅਖ਼ਬਾਰ ਨੇ ਅੱਗੇ ਕਿਹਾ ਹੈ ਕਿ ਹੁਣ ਵੇਖਣਾ ਹੋਵੇਗਾ ਕਿ ਕੀ ਪੈਲੋਸੀ ਕੈਪੀਟਲ ਬਿਲਡਿੰਗ ਦੀ ਹਿੰਸਾ ਨੂੰ ਵੀ ਖ਼ੂਬਸੂਰਤ ਨਜ਼ਾਰਾ ਕਰਾਰ ਦੇਵੇਗੀ।

ਅਮਰੀਕਾ ਦੀ ਕੈਪੀਟਲ ਬਿਲਡਿੰਗ ਵਿੱਚ ਜੋ ਕੋਹਰਾਮ ਟਰੰਪ ਸਮਰਥਕਾਂ ਨੇ ਮਚਾਇਆ ਭਾਵੇਂ ਉਸ 'ਤੇ ਜਲਦੀ ਹੀ ਅਮਰੀਕਾ ਦੇ ਹਿਫ਼ਾਜ਼ਤੀ ਦਸਤਿਆਂ ਨੇ ਕਾਬੂ ਪਾ ਲਿਆ ਪਰ ਇਸ ਘਟਨਾ ਨੇ ਅਮਰੀਕਾ ਦੀ ਲੋਕਤੰਤਰਿਕ ਛਵੀ 'ਤੇ ਜੋ ਦਾਗ਼ ਲਾਏ ਹਨ, ਉਨਾਂ ਨੂੰ ਧੋ ਪਾਉਣਾ ਬੇਹੱਦ ਮੁਸ਼ਕਿਲ ਹੈ। ਇਸਦੇ ਨਾਲ ਨਾਲ ਅਮਰੀਕਾ ਦੇ ਲੋਕਾਂ ਵਿੱਚ ਵਿਸ਼ੇਸ਼ ਕਰਕੇ ਰਿਪਬਲਿਕਨ ਅਤੇ ਡੈਮੋਕ੍ਰੈਟਿਕ ਵਰਕਰਾਂ ਅਤੇ ਹਮਾਇਤੀਆਂ ਵਿਚਕਾਰ ਜੋ ਖਾਈ ਪੈਦਾ ਹੋ ਗਈ ਹੈ, ਉਸ ਨੂੰ ਪੂਰਨਾ ਹਾਲ ਦੀ ਘੜੀ ਬੇਹੱਦ ਮੁਸ਼ਕਿਲ ਜਾਪਦਾ ਹੈ



# ਇਸ ਅਜਗਰ ਨਾਲ ਮੱਥਾ ਲਾਉਣਾ ਹੀ ਪੈਣਾ, ਨਹੀਂ ਤਾਂ ਇਹ ਸਾਨੂੰ ਹੜੱਪ ਜਾਊ !



- ਰਣਜੀਤ ਸਿੰਘ ਦਮਦਮੀ ਟਕਸਾਲ
(ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)
88722-93883

ਦਿੱਲੀ ਵਿੱਚ ਚੱਲ ਰਹੇ ਕਾਲ਼ੇ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਨੇ ਇਤਿਹਾਸਕ ਮੁਕਾਮ ਹਾਸਲ ਕਰ ਲਿਆ ਹੈ। ਐਨਾ ਲੰਮਾ ਅਤੇ ਐਨਾ ਸ਼ਾਂਤ ਸੰਘਰਸ਼ ਇਕ ਮਿਸਾਲ ਬਣ ਗਿਆ ਹੈ। ਲੱਖਾਂ ਲੋਕਾਂ ਦੀ ਸ਼ਮੂਲੀਅਤ ਵਾਲੇ ਇਸ ਸੰਘਰਸ਼ ਨੇ ਸਾਰੀ ਦੁਨੀਆ ਦਾ ਧਿਆਨ ਖਿੱਚਿਆ ਹੈ, ਇਸ ਤੋਂ ਪਹਿਲਾਂ ਦਿੱਲੀ ਦੇ ਸ਼ਾਹੀਨ ਬਾਗ਼ ਵਿੱਚ ਵੀ ਇੱਕ ਸੰਘਰਸ਼ ਚੱਲਿਆ ਸੀ ਪਰ ਦੁਨੀਆ ਭਰ ਵਿੱਚ ਇਸ ਦੀ ਐਨੀ ਵੱਡੀ ਪੱਧਰ ’ਤੇ ਚਰਚਾ ਨਹੀਂ ਸੀ ਹੋ ਸਕੀ। ਇਸ ਸੰਘਰਸ਼ ਉੱਤੇ ਤਾਂ ਸੰਯੁਕਤ ਰਾਸ਼ਟਰ ਦੀ ਵੀ ਪੂਰੀ ਨਜ਼ਰ ਹੈ। ਜਦ ਵੀ ਕੋਈ ਇਸ ਸੰਘਰਸ਼ ਬਾਰੇ ਸੁਣਦਾ ਹੈ, ਸਮਝਦਾ ਹੈ ਤਾਂ ਇਸ ਦਾ ਵਿਰੋਧ ਕਰਨ ਦੀ ਬਜਾਏ ਇਸ ਦਾ ਹਾਮੀ ਹੋ ਜਾਂਦਾ ਹੈ। ਦਿੱਲੀ ਦੇ ਲੋਕ ਤਾਂ ਇਸ ਸੰਘਰਸ਼ ਦੇ ਜ਼ਬਰਦਸਤ ਸਮਰਥਕ ਬਣ ਚੁੱਕੇ ਹਨ। ਹਰੇਕ ਦੇ ਦਿਲ ਵਿੱਚ ਇਹੀ ਅਰਦਾਸ ਹੈ ਕਿ ਸੱਚੇ ਪਾਤਸ਼ਾਹ ਇਹ ਸੰਘਰਸ਼ ਕਾਮਯਾਬ ਹੋ ਜਾਵੇ, ਹਰੇਕ ਦੀ ਕਾਮਨਾ ਹੈ ਕਿ ਮੋਦੀ ਸਰਕਾਰ ਕਾਲ਼ੇ ਕਾਨੂੰਨ ਵਾਪਸ ਲੈ ਲਵੇ ਪਰ ਮੋਦੀ ਸਰਕਾਰ ਪਿੱਛੇ ਮੁੜਨ ਦੀ ਥਾਂ ਇਸ ਅੰਦੋਲਨ ਨੂੰ ਬਦਨਾਮ ਕਰਨ ਤੇ ਮਲੀਆਮੇਟ ਕਰਨ ਲਈ ਮਨਸੂਬੇ ਬਣਾਈ ਬੈਠੀ ਹੈ। ਸੰਘਰਸ਼ ਨੂੰ ਬਦਨਾਮ ਕਰਨ ਦੀਆਂ ਬੇਅੰਤ ਕੋਸ਼ਿਸ਼ਾਂ ਅਤੇ ਸਾਜ਼ਿਸ਼ਾਂ ਬੇਨਕਾਬ ਹੋ ਚੁੱਕੀਆਂ ਹਨ, ਕਦੇ ਖ਼ਾਲਿਸਤਾਨੀ, ਕਦੇ ਪਾਕਿਸਤਾਨੀ, ਕਦੇ ਕੈਨੇਡੀਅਨ ਤੇ ਕਦੇ ਚੀਨੀ ਹਮਾਇਤ ਕਹਿ ਕੇ ਸੰਘਰਸ਼ ਦੇ ਖ਼ਿਲਾਫ਼ ਲੋਕਾਂ ਨੂੰ ਭੜਕਾਉਣ ਦੇ ਸਾਰੇ ਯਤਨ ਅਸਫਲ ਰਹੇ ਹਨ। ਮੋਦੀ ਸਰਕਾਰ ਲਗਾਤਾਰ ਕਹੀ ਜਾਂਦੀ ਹੈ ਕਿ ਕਿਸਾਨਾਂ ਨੂੰ ਕਾਨੂੰਨਾਂ ਦੀ ਸਮਝ ਨਹੀਂ ਆ ਰਹੀ ਜਦ ਕਿ ਅਸਲ ਵਿੱਚ ਮੋਦੀ ਸਰਕਾਰ ਹੱਕੀ-ਬੱਕੀ ਹੈ ਕਿ ਕਿਸਾਨਾਂ ਨੂੰ ਇਹ ਕਾਨੂੰਨ ਸਮਝ ਕਿਵੇਂ ਆ ਗਏ। ਲੋਕਾਂ ਨੂੰ ਸਭ ਪਤਾ ਹੈ ਕਿ ਜਿਵੇਂ ਜੀਓ ਦੇ ਮੁਫ਼ਤ ਨੈੱਟ ਨੇ ਬਾਕੀ ਮੋਬਾਇਲ ਕੰਪਨੀਆਂ ਦਾ ਬੇੜਾ ਗਰਕ ਕੀਤਾ ਸੀ ਉਵੇਂ ਹੀ ਕਾਲ਼ੇ ਕਾਨੂੰਨ ਪਹਿਲਾਂ ਚੱਲ ਰਹੇ ਸਿਸਟਮ ਨੂੰ ਬਰਬਾਦ ਕਰ ਦੇਣਗੇ ਅਤੇ ਲੋਕਾਂ ਕੋਲ ਇਹ ਦਲੀਲ ਵੀ ਹੋਵੇਗੀ ਕਿ ਇਹਦੇ ਵਿੱਚ ਕਾਰਪੋਰੇਟਾਂ ਦਾ ਕੀ ਦੋਸ਼? ਜਿਵੇਂ ਲੋਕਾਂ ਨੂੰ ਮੁਫ਼ਤ ਵਿੱਚ ਇੰਟਰਨੈੱਟ ਸਰਵਿਸ ਦੇਣ ਵਾਲੇ ‘ਜੀਓ’ ਦਾ ਕੋਈ ਦੋਸ਼ ਨਹੀਂ ਦਿਸਦਾ ਸੀ ਪਰ ਜਦ ਕਾਰਪੋਰੇਟਾਂ ਨੇ ਮੰਡੀ ਪ੍ਰਬੰਧ ਕਬਜ਼ੇ ਹੇਠ ਲੈ ਲਿਆ ਤਾਂ ਖੇਤੀ ਸੈਕਟਰ ਵਿੱਚ ਕਿਸਾਨ ਆੜਤੀਏ ਅਤੇ ਹੋਰ ਸਭ ਸਬੰਧਤ ਵਰਗਾਂ ਨੂੰ ਕਾਰਪੋਰੇਟਾਂ ਦੇ ਮੁਥਾਜ ਹੋਣਾ ਪਵੇਗਾ ਅਤੇ ਇਹ ਇੱਕ ਗ਼ੁਲਾਮੀ ਦੀ ਸਥਿਤੀ ਹੋਵੇਗੀ। ਜੇ ਬੀ.ਐਸ.ਐਨ.ਐਲ. ਨੂੰ ਖ਼ਤਮ ਕਰਨ ਲਈ ਇਕ ਸਾਲ ਮੁਫ਼ਤ ਵਿੱਚ ਨੈੱਟ ਦਿੱਤਾ ਜਾ ਸਕਦਾ ਹੈ ਤਾਂ ਪੰਜਾਬ ਦੀਆਂ ਮੰਡੀਆਂ ’ਤੇ ਪਹਿਲਾਂ ਚੱਲ ਰਿਹਾ ਸਾਰਾ ਸਿਸਟਮ ਖ਼ਤਮ ਕਰਨ ਲਈ ਕਾਰਪੋਰੇਟ ਘਰਾਣਿਆਂ ਨੇ ਘੱਟੋ-ਘੱਟ ਪੰਜ ਸਾਲ ਦਾ ਪੈਸਾ ਇਕੱਠਾ ਕੀਤਾ ਹੋਣਾ। ਜਦ ਬਹੁਗਿਣਤੀ ਕਿਸਾਨ ਕਾਰਪੋਰੇਟ ਘਰਾਣਿਆਂ ਦੇ ਖਿੰਡਾਏ ਲਾਲਚ ਵਿੱਚ ਫਸ ਗਏ ਤਾਂ ਬਾਕੀਆਂ ਲਈ ਇਹ ਪਹਿਲਾਂ ਵਾਲਾ ਸਿਸਟਮ ਚਲਾਈ ਰੱਖਣਾ ਨਾ-ਮੁਮਕਿਨ ਹੋਵੇਗਾ ਤੇ ਫੇਰ ਆਪਾਂ ਖ਼ੁਦ ਕਹਾਂਗੇ ਕਿ ਮੰਡੀਆਂ ਵਾਲਾ ਸਿਸਟਮ ਚਿੱਟਾ ਹਾਥੀ ਹੈ ਇਸ ਨੂੰ ਖ਼ਤਮ ਕਰੋ ਤੇ ਜਦ ਪਹਿਲਾਂ ਵਾਲਾ ਸਿਸਟਮ ਮਰ ਮੁੱਕ ਗਿਆ ਫਿਰ ਕਾਰਪੋਰੇਟ ਘਰਾਣੇ ਦਿਨੇ ਤਾਰੇ ਵਿਖਾਉਣਗੇ ਫੇਰ ਮਨਮਰਜ਼ੀ ਕਰਨਗੇ। ਅੱਕ ਕੇ ਬਹੁਤਿਆਂ ਨੇ ਮਜਬੂਰ ਹੋ ਕੇ ਕਾਰਪੋਰੇਟਾਂ ਨੂੰ ਜ਼ਮੀਨ ਵੇਚ ਹੀ ਦੇਣੀ ਹੈ। ਖੇਤੀ ਵਾਲੇ ਇਹ ਲੋਕ ਕੀ ਕਰਨਗੇ ? ਕੀ ਇਨਾਂ ਦੀ ਪਛਾਣ ਨਹੀਂ ਬਦਲ ਜਾਊ ? ਕੀ ਇਹ ਕਿਸਾਨ ਕਹਾਉਣ ਜੋਗੇ ਰਹਿਣਗੇ ? ਕੀ ਇਹ ਖੇਤ ਵੜਨ ਜੋਗੇ ਹੋਣਗੇ ? ਕੀ ਇਹ ਆਪਣੇ ਹੀ ਖੇਤ ਵਿੱਚ ਮਜ਼ਦੂਰ ਬਣ ਜਾਣਗੇ ? ਜੇ ਕਾਰਪੋਰੇਟ ਤੇ ਕਿਸੇ ਕਿਸਾਨ ਵਿਚਾਲੇ ਸਮਝੌਤੇ ਨੂੰ ਤੋੜਨ ਕਰਕੇ ਕੋਈ ਵਿਵਾਦ ਬਣ ਜਾਵੇ ਤਾਂ ਕਿ ਉਹ ਕਿਸਾਨ ਉਸ ਕਾਰਪੋਰੇਟ ਘਰਾਣੇ ਨਾਲ ਕਾਨੂੰਨੀ ਲੜਾਈ ਲੜ ਸਕਦਾ ਹੈ ? ਜੇ ਅੱਜ ਲੱਖਾਂ ਕਿਸਾਨਾਂ ਦੀ ਗੱਲ ਸਰਕਾਰੀ ਨਿਜ਼ਾਮ ਸੁਣਨ, ਸਮਝਣ ਅਤੇ ਮੰਨਣ ਨੂੰ ਤਿਆਰ ਨਹੀਂ ਤੇ ਕਾਰਪੋਰੇਟਾਂ ਦੀ ਬੋਲੀ ਬੋਲਦਾ ਹੈ ਤਾਂ ਇਹ ਹਕੂਮਤੀ ਸਿਸਟਮ ਉਦੋਂ ਵੀ ਕਾਰਪੋਰੇਟਾਂ ਦੇ ਹੱਕ ਵਿੱਚ ਹੀ ਭੁਗਤੇਗਾ ਜਦ ਕਿਸੇ ਕਿਸਾਨ ਨਾਲ ਕਿਸੇ ਕਾਰਪੋਰੇਟ ਘਰਾਣੇ ਦਾ ਪੰਗਾ ਪਿਆ ਹੋਊ।

ਜਾਪਦਾ ਹੈ ਕਿ ਪਹਿਲਾਂ ਇਨਾਂ ਹੀ ਕਾਰਪੋਰੇਟਾਂ ਨੇ ਉਹ ਹਾਲਾਤ ਬਣਾਏ ਜਿਨਾਂ ਕਰਕੇ ਕਿਸਾਨਾਂ ਦੀ ਹਾਲਤ ਖ਼ੁਦਕੁਸ਼ੀਆਂ ਵਾਲੀ ਬਣੀ ਤੇ ਹੁਣ ਇਹ ਅਗਲੇ ਕਦਮ ਪੁੱਟ ਰਹੇ ਨੇ ਕਿ ਕਿਵੇਂ ਕਿਸਾਨਾਂ ਦੀਆਂ ਜ਼ਮੀਨਾਂ ਖੋਹੀਆਂ ਜਾਣ। ਇਸ ਅਜਗਰ ਨਾਲ ਮੱਥਾ ਲਾਉਣਾ ਹੀ ਪੈਣਾ ਨਹੀਂ ਤਾਂ ਇਹ ਸਾਨੂੰ ਹੜੱਪ ਜਾਊ ! ਇਹ ਕਾਰਪੋਰੇਟ ਘਰਾਣੇ ਕੋਈ ਵਪਾਰ ਨਹੀਂ ਕਰਨ ਆਏ, ਇਹ ਤਾਂ ਲੋਕਾਂ ਨੂੰ ਆਰਥਿਕ ਪੱਖ ਤੋਂ ਕਾਬੂ ਕਰਨ ਆਏ ਨੇ, ਇਹ ਤਾਂ ਸਹਿਜੇ ਸਹਿਜੇ ਅੱਗੇ ਵਧਣਗੇ ਤੇ ਕੋਈ ਹੱਦ ਨਹੀਂ ਕਿਥੋਂ ਤੱਕ ਜਾਣਗੇ। ਲੋਕਾਂ ਦੀ ਸੋਚ ਤਾਂ ਅੰਬਾਨੀ ਅਡਾਨੀ ਤਕ ਹੈ ਜਦਕਿ ਇਹ ਤਾਂ ਅਸਲ ਵਿੱਚ ਆਪ ਵੀ ਮਲਟੀ ਨੈਸ਼ਨਲ ਕੰਪਨੀਆਂ ਦੇ ਭਾਰਤ ਵਿਚਲੇ ਏਜੰਟ ਹੀ ਨੇ ਜੋ ਉਨਾਂ ਬਹੁ-ਕੌਮੀ ਕੰਪਨੀਆਂ ਦੇ ਹੁਕਮਾਂ ਤਹਿਤ ਚੱਲਦੇ ਨੇ। ਆਮ ਬੰਦੇ ਨੂੰ ਲੱਗਦਾ ਹੈ ਕਿ ਭਾਰਤ ਦੇ ਹੀ ਅੰਬਾਨੀ-ਅਡਾਨੀ ਵਰਗੇ ਕਾਰੋਬਾਰੀ ਘਰਾਣੇ ਸਭ ਕੁਝ ਕਰਦੇ ਹੋਣਗੇ ਜਦਕਿ ਇਹ ਖੇਡ ਬੜੀ ਲੰਮੀ, ਗੁੰਝਲਦਾਰ ਤੇ ਨਾ ਸਮਝ ਆਉਣ ਵਾਲੀ ਹੈ। ਇਸ ਦੇ ਨਤੀਜੇ ਬੇਹੱਦ ਖ਼ਤਰਨਾਕ ਹੋਣਗੇ ਜਿਵੇਂ ਈਸਟ ਇੰਡੀਆ ਕੰਪਨੀ ਨੇ ਪਹਿਲਾਂ ਵਪਾਰ ਸ਼ੁਰੂ ਕੀਤਾ ਪਰ ਅੰਤ ਉਹ ਹਾਕਮ ਬਣ ਬੈਠੇ ਸੀ। ਜਿਹੜੇ ਭਾਜਪਾ ਵਾਲੇ ਹੁਣ ਕਾਰਪੋਰੇਟਾਂ ਦੇ ਹੱਕ ਵਿੱਚ ਕਾਲੇ ਕਾਨੂੰਨਾਂ ਦੀ ਹਮਾਇਤ ਕਰ ਰਹੇ ਨੇ, ਇਹ ਉਨਾਂ ਲੋਕਾਂ ਦੇ ਵਾਰਸ ਨੇ ਜਿਹੜੇ ਪਹਿਲਾਂ ਈਸਟ ਇੰਡੀਆ ਕੰਪਨੀ ਨੂੰ ਵਪਾਰ ਦੀ ਆਗਿਆ ਦੇਣ ਦੇ ਹੱਕ ਵਿੱਚ ਵਕਾਲਤ ਕਰਦੇ ਰਹੇ। ਇਹ ਭਾਜਪਾ ਉਸੇ ਆਰ.ਐੱਸ.ਐੱਸ. ਦੀ ਧੀ ਹੈ ਜਿਸ ਨੇ ਗੋਰਿਆਂ ਦੀ ਗ਼ੁਲਾਮੀ ਖ਼ਿਲਾਫ਼ ਕਦੇ ਕੱਖ ਨਹੀਂ ਕੀਤਾ। ਇਨਾਂ ਨੂੰ ਈਸਟ ਇੰਡੀਆ ਕੰਪਨੀ ਜਾਂ ਬ੍ਰਿਟਿਸ਼ ਕਰਾਊਨ ਦੇ ਭਾਰਤ ਉੱਤੇ ਰਾਜ ਦਾ ਕੋਈ ਮਲਾਲ ਨਹੀਂ ਸੀ। ਇਨਾਂ ਨੂੰ ਤਾਂ ਮੁਸਲਮਾਨਾਂ ਦੇ ਰਾਜ ਮੌਕੇ ਵੀ ਕੋਈ ਤਕਲੀਫ਼ ਨਹੀਂ ਸੀ, ਇਹ ਉਹ ਲੋਕ ਨੇ ਜਿਨਾਂ ਦੇ ਵਡੇਰਿਆਂ ਨੇ ਰਾਜ ਕਰਦੇ ਮੁਸਲਮਾਨਾਂ ਤੇ ਰਾਜ ਕਰਦੇ ਗੋਰਿਆਂ ਨਾਲ ਕਰੀਬੀ ਸਬੰਧ ਬਣਾ ਕੇ ਮੌਜਾਂ ਕੀਤੀਆਂ। ਇਹ ਉਹ ਨਹੀਂ ਜਿਨਾਂ ਨੂੰ ਕਿਸੇ ਦੀ ਗ਼ੁਲਾਮੀ ਦਾ ਦੁੱਖ ਹੋਵੇ, ਇਨਾਂ ਦਾ ਹਿਸਾਬ ਕਿਤਾਬ ਵੱਖਰਾ ਹੈ। ਸੋ ਇਹ ਹੁਣ ਵੀ ਕਾਰਪੋਰੇਟਾਂ ਦੇ ਹੱਥਾਂ ਵਿੱਚ ਖੇਡ ਰਹੇ ਨੇ ਤੇ ਇਨਾਂ ਨੂੰ ਕੋਈ ਫ਼ਿਕਰ ਨਹੀਂ ਕਿ ਅੰਬਾਨੀ-ਅਡਾਨੀ ਵਰਗੇ ਲੋਕ ਤਾਂ ਮਲਟੀ ਨੈਸ਼ਨਲ ਕੰਪਨੀਆਂ ਦੇ ਏਜੰਟ ਦੀ ਹੈਸੀਅਤ ਜੋਗੇ ਨੇ। ਅਸਲ ਖੇਡ ਤਾਂ ਮਲਟੀਨੈਸ਼ਨਲ ਕੰਪਨੀਆਂ ਦੇ ਹੱਥ ਵਿੱਚ ਹੈ, ਉਨਾਂ ਨੇ ਆਪਣੇ ਭਾਰਤੀ ਏਜੰਟਾਂ ਰਾਹੀਂ ਮੋਦੀ ਨੂੰ ਪ੍ਰਧਾਨ ਮੰਤਰੀ ਬਣਾ ਕੇ ਭਾਰਤ ਦੀ ਖੇਤੀ ਸਮੇਤ ਸਭ ਕੁਝ ਨੂੰ ਹੜੱਪਣਾ ਹੈ। ਭਾਜਪਾ ਦੇ ਪੰਜਾਬ ਤੋਂ ਬਾਹਰਲੇ ਆਗੂਆਂ ਨੇ ਇੱਕੋ ਰੱਟ ਲਾਈ ਹੋਈ ਹੈ ਕਿ ਕਿਸਾਨ ਜ਼ਿੱਦ ਛੱਡਣ ਕਾਨੂੰਨਾਂ ਵਿੱਚ ਸੋਧਾਂ ਕਰਵਾਉਣ ਦੇ ਘਰਾਂ ਨੂੰ ਜਾਣ ਪਰ ਸੰਘਰਸ਼ ਦੀ ਮੰਗ ਤਾਂ ਇਹ ਕਾਲੇ ਕਾਨੂੰਨ ਰੱਦ ਕਰਵਾਉਣ ਦੀ ਹੈ। ਪੰਜਾਬ ਭਾਜਪਾ ਦੇ ਆਗੂਆਂ ਵਿੱਚ ਪੰਜਾਬ ਦੇ ਕਿਸਾਨਾਂ ਲਈ ਕੋਈ ਸੰਵੇਦਨਸ਼ੀਲਤਾ ਨਹੀਂ ਬਚੀ। ਇਹ ਲੋਕ ਲੁਟੇਰਿਆਂ ਨਾਲ ਡਟੇ ਹੋਏ ਨੇ। ਵਿਨੀਤ ਜੋਸ਼ੀ, ਹਰਜੀਤ ਗਰੇਵਾਲ, ਜਿਆਣੀ ਤੇ ਹੋਰ ਪੰਜਾਬ ਭਾਜਪਾ ਦੇ ਆਗੂ ਪੰਜਾਬੀਆਂ ਦੇ ਖ਼ਿਲਾਫ਼, ਚਿੜਾਉਣ ਵਾਲੀ, ਵੰਗਾਰਨ ਵਾਲੀ ਬੋਲੀ ਬੋਲਦੇ ਨੇ ਜਿਵੇਂ ਚਾਹੁੰਦੇ ਹੋਣਗੇ ਕਿ ਲੋਕਾਂ ਦਾ ਵਿਰੋਧ ਹਿੰਸਕ ਹੋ ਜਾਵੇ, ਪਰ ਲੋਕਾਂ ਨੇ ਧੀਰਜ ਧਾਰਨ ਕੀਤਾ ਹੋਇਆ ਹੈ। ਭਾਜਪਾਈਆਂ ਵੱਲੋਂ ਸਰਟੀਫਿਕੇਟ ਦਿੱਤੇ ਜਾ ਰਹੇ ਨੇ ਕਿ ਤੁਸੀਂ ਮੋਦੀ ਸਰਕਾਰ ਦੀ ਹਰ ਹਰਕਤ ਨੂੰ ਅੱਖਾਂ ਮੀਚ ਕੇ ਹਮਾਇਤ ਨਹੀਂ ਦਿੰਦੇ ਤਾਂ ਤੁਸੀਂ ਦੇਸ਼ ਵਿਰੋਧੀ ਹੋ, ਜੇ ਤੁਸੀਂ ਆਪਣੇ ਉੱਤੇ ਹੋਣ ਵਾਲੇ ਜ਼ੁਲਮ ਖ਼ਿਲਾਫ਼ ਬੋਲਦੇ ਹੋ, ਇਨਸਾਫ਼ ਲਈ ਲੜਦੇ ਹੋ ਤੇ ਮੋਦੀ ਸਰਕਾਰ ਦੀਆਂ ਗ਼ਲਤ ਨੀਤੀਆਂ ਦਾ ਵਿਰੋਧ ਕਰਦੇ ਹੋ ਤਾਂ ਤੁਸੀਂ ਅਮਨ ਸ਼ਾਂਤੀ ਦੇ ਵੱਡੇ ਦੁਸ਼ਮਣ ਹੋ। ਜੇ ਤੁਸੀਂ ਹੱਕ ਸੱਚ ਲਈ ਠੋਕਵੀਂ ਗੱਲ ਕਰਦੇ ਹੋ ਤਾਂ ਤੁਸੀਂ ਪਾਕਿਸਤਾਨ ਤੇ ਚੀਨ ਦੇ ਏਜੰਟ ਹੋ, ਖ਼ਾਲਿਸਤਾਨੀ ਹੋ, ਮਾਓਵਾਦੀ ਹੋ ਪਰ ਇਸ ਕੂੜ ਪ੍ਰਚਾਰ ਦਾ ਸੰਘਰਸ਼ ਉੱਤੇ ਰੱਤੀ ਭਰ ਵੀ ਅਸਰ ਨਹੀਂ ਹੈ।

When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ



GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ
ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

Homeopathicvibes
We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਯੂ.ਕੇ. ਦੇ ਬੱਚੇ ਕਿਸਾਨ ਅੰਦੋਲਨ ਵਿਚ ਆਨਲਾਈਨ ਰਾਹੀਂ ਬਣੇ ਖਿੱਚ ਦਾ ਕੇਂਦਰ

## ਭਾਵਪੂਰਤ ਪੋਸਟਾਂ ਪਾ ਕੇ ਸੋਸ਼ਲ ਮੀਡੀਆ ਦੀ ਵਰਤੋਂ ਕਰਕੇ ਗੋਦੀ ਮੀਡੀਆ ਦੇ ਪੈਰ ਉਖਾੜੇ

**ਲੰਡਨ/ਏ.ਟੀ.ਨਿਊਜ਼:** ਵਿਦੇਸ਼ਾਂ ਵਿਚ ਪ੍ਰਵਾਸੀ ਪੰਜਾਬੀ ਬੱਚਿਆਂ ਨੇ ਭਾਵਪੂਰਤ ਪੋਸਟਾਂ ਪਾ ਕੇ ਸੋਸ਼ਲ ਮੀਡੀਆ ਦੀ ਵਰਤੋਂ ਕਰਕੇ ਗੋਦੀ ਮੀਡੀਆ ਦੇ ਪੈਰ ਉਖਾੜ ਦਿੱਤੇ ਹਨ ਤੇ ਭਾਰਤ ਸਰਕਾਰ ਨੂੰ ਆਪਣੇ ਸ਼ਬਦਾਂ ਤੇ ਬੋਲਾਂ ਨਾਲ ਹੈਰਾਨ ਕਰ ਦਿੱਤਾ ਹੈ। ਆਮ ਕਰਕੇ ਵਿਦੇਸ਼ਾਂ ਵਿਚ ਵਸੇ ਸਿੱਖ ਪਰਿਵਾਰ ਆਮ ਕਰਕੇ ਚਿੰਤਾ ਕਰਦੇ ਸਨ ਕਿ ਅਸੀਂ ਡਾਲਰ, ਪੌਂਡ ਜ਼ਰੂਰ ਕਮਾ ਲਏ, ਪਰ ਆਪਣੀ ਨੌਜਵਾਨ ਪੀੜੀ ਗਵਾ ਲਈ ਜੋ ਸਿੱਖ ਸਭਿਆਚਾਰ ਤਿਆਗ ਕੇ ਪੱਛਮੀ ਕਰਨ ਤੇ ਗਲੋਬਲਾਈਜੇਸ਼ਨ ਦੀ ਚਮਕ ਦਮਕ ਵਿਚ ਡੁੱਬ ਗਈ। ਪਰ ਜਦੋਂ ਖੇਤੀ ਅੰਦੋਲਨ ਦੀ ਅਗਵਾਈ ਪੰਜਾਬੀਆਂ ਨੇ ਸਿੱਖ ਵਿਰਸੇ ਨਾਲ ਲੈਸ ਹੋ ਕੇ ਕੀਤੀ ਤਾਂ ਸਿੱਖ ਬੱਚਿਆਂ ਨੇ ਆਪਣੇ ਸਕੂਲਾਂ ਵਿਚ ਸਾਥੀਆਂ ਨਾਲ ਰਲ ਕੇ ਆਨਲਾਈਨ ਦੀ ਵਰਤੋਂ ਕਰਕੇ ਖੇਤੀ ਅੰਦੋਲਨ ਦੇ ਹੱਕ ਵਿਚ ਲਹਿਰ ਚਲਾਈ। ਕਿਸਾਨੀ ਅੰਦੋਲਨ ਵਿਰੁੱਧ ਘਟੀਆ ਅਫ਼ਵਾਹਾਂ ਫੈਲਾਉਣ ਵਾਲੇ ਗੋਦੀ ਮੀਡੀਆ ਦਾ ਸੋਸ਼ਲ ਮੀਡੀਆ ਰਾਹੀਂ ਢੁਕਵਾਂ ਉਤਰ ਦਿੱਤਾ। ਇਹ ਪ੍ਰਵਾਸੀ ਪੰਜਾਬੀ ਬੱਚੇ ਪੰਜਾਬ ਦੀ ਧਰਤੀ ਨੂੰ ਹੁਣ ਆਪਣੇ ਪੁਰਖਿਆਂ ਤੇ ਆਪਣੀ ਧਰਤੀ ਸਮਝਦੇ ਹਨ। ਉਹ ਮੁੜਕੇ ਆਪਣੇ ਪੰਜਾਬ ਤੇ ਸਿੱਖ ਵਿਰਸੇ ਦੀਆਂ ਜੜਾਂ ਨਾਲ ਜੁੜ ਚੁੱਕੇ ਹਨ। ਬ੍ਰਿਟੇਨ ਵਿੱਚ ਬੱਚੇ ਭਾਰਤ ਦੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਅਤੇ ਉਨਾਂ ਦੇ ਪਰਿਵਾਰਾਂ ਅਤੇ ਸਿੱਖ ਭਾਈਚਾਰੇ 'ਤੇ ਪੈਣ ਵਾਲੇ ਪ੍ਰਭਾਵ ਬਾਰੇ ਜਾਗਰੂਕਤਾ ਫੈਲਾ ਰਹੇ ਹਨ। ਭਾਰਤ ਦਾ ਖੇਤੀ ਅੰਦੋਲਨ ਯੂ ਕੇ ਦੇ ਕਈ ਸਕੂਲਾਂ ਵਿੱਚ ਗੱਲਬਾਤ ਦਾ ਮੁੱਖ ਮੁੱਦਾ ਬਣ ਗਿਆ ਹੈ ਜਿਸ ਵਿੱਚ ਕਈ ਸਿੱਖ ਬੱਚੇ #istandwithfarmers ਦਾ ਉਪਯੋਗ ਕਰਕੇ ਔਨਲਾਈਨ ਵਿਰੋਧ ਕਰ ਰਹੇ ਹਨ। ਉਹ ਜਾਗਰੂਕਤਾ ਵਧਾਉਣ ਲਈ ਉਹ ਕਲਾਕ੍ਰਿਤੀਆਂ ਅਤੇ ਹੋਰ ਹੋਰਡਿੰਗਾਂ ਦਾ ਉਪਯੋਗ ਕਰ ਰਹੇ ਹਨ।

ਅੱਠ ਸਾਲ ਦੀ ਅਸ਼ਲੀਨ ਕੌਰ ਗਿੱਲ ਵਿੰਡਸਰ ਤੋਂ ਹੈ ਅਤੇ ਉਸ ਦਾ ਪਰਿਵਾਰ ਪੰਜਾਬ ਦੇ ਲੁਧਿਆਣਾ ਤੋਂ ਹੈ। ਜਿਹੜੇ ਆਪਣੀ ਮੁੱਖ ਆਮਦਨ ਦੇ ਰੂਪ ਵਿੱਚ ਖੇਤੀ 'ਤੇ ਨਿਰਭਰ ਹਨ। ਉਹ ਜਾਗਰੂਕਤਾ ਵਧਾਉਣ ਲਈ ਸੋਸ਼ਲ ਮੀਡੀਆ 'ਤੇ ਵੀਡੀਓ ਪੋਸਟ ਕਰਦੀ ਰਹੀ ਹੈ ਅਤੇ ਉਸ ਨੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੂੰ ਵੀ ਪੱਤਰ ਲਿਖ ਕੇ ਬ੍ਰਿਟੇਨ ਸਰਕਾਰ ਨੂੰ ਇਸ ਮਾਮਲੇ ਵਿੱਚ ਦਖ਼ਲ ਦੇਣ ਲਈ ਕਿਹਾ ਹੈ। ਉਸਨੇ ਕਿਹਾ ਕਿ ਇਹ ਦੇਖ ਕੇ ਦੁੱਖ ਹੁੰਦਾ ਹੈ ਕਿ ਕਿਸਾਨਾਂ ਨਾਲ ਜ਼ਾਲਮਾਨਾ ਵਿਹਾਰ ਕੀਤਾ ਜਾ ਰਿਹਾ ਹੈ...ਇਸ ਨਾਲ ਮੇਰੇ ਪਰਿਵਾਰ 'ਤੇ ਬਹੁਤ ਅਸਰ ਪਵੇਗਾ। ਇਸ ਨਾਲ ਛੋਟੇ ਕਿਸਾਨਾਂ ਲਈ ਖੇਤੀ ਖ਼ਤਮ ਹੋ ਸਕਦੀ ਹੈ। ਕਿਸਾਨਾਂ ਨੂੰ ਇਨਾਂ ਕਾਨੂੰਨਾਂ ਕਾਰਨ ਆਪਣੀ ਜੀਵਕਾ ਖੋਹਣ ਅਤੇ







ਗਰੰਟੀਸ਼ੁਦਾ ਕੀਮਤਾਂ ਦੀ ਸੁਰੱਖਿਆ ਨਾ ਹੋਣ ਦਾ ਡਰ ਹੈ।

ਅਸ਼ਲੀਨ ਦੇ ਪਿਤਾ ਜਗਦੀਪ ਸਿੰਘ ਗਿੱਲ ਨੇ ਕਿਹਾ ਕਿ ਪਿਤਾ ਹੋਣ ਦੇ ਰੂਪ ਵਿੱਚ ਇਹ ਉਨਾਂ ਦਾ 'ਫ਼ਰਜ਼' ਸੀ ਕਿ ਉਹ ਆਪਣੇ ਬੱਚਿਆਂ ਨਾਲ ਇਸ ਵਿਰੋਧ ਪ੍ਰਦਰਸ਼ਨ ਬਾਰੇ ਗੱਲ ਕਰੇ ਅਤੇ ਕਿਸਾਨਾਂ ਨਾਲ ਖੜੇ ਹੋਣ ਲਈ ਉਹ ਅਸ਼ਲੀਨ ਦੇ 'ਜਨੂਨ ਅਤੇ ਉਤਸ਼ਾਹ' ਤੋਂ 'ਬਹੁਤ ਹੈਰਾਨ' ਹਨ। ਉਨਾਂ ਨੇ ਕਿਹਾ, 'ਭਾਰਤ ਵਿੱਚ ਕਈ ਲੋਕਾਂ ਲਈ ਖੇਤੀਬਾੜੀ ਹੀ ਇੱਕ ਮਾਤਰ ਆਮਦਨ ਦਾ ਸਾਧਨ ਹੈ ਅਤੇ ਇਸ ਦੇ ਬਿਨਾਂ ਉਹ ਆਪਣੀ ਜ਼ਮੀਨ ਵੇਚਣ ਲਈ ਮਜਬੂਰ ਹੋਣਗੇ, ਉਹ ਇੱਕ ਆਰਾਮਦਾਇਕ ਜੀਵਨ ਬਸਰ ਨਹੀਂ ਕਰ ਸਕਣਗੇ।'

ਇਕ ਛੇ ਸਾਲਾ ਬੱਚਾ ਲਿਲ ਰੇ ਰੇ ਇੰਸਟਾਗ੍ਰਾਮ ਪਲੇਟਫ਼ਾਰਮ ਨੂੰ ਇਸ ਮੁੱਦੇ 'ਤੇ ਵੀਡੀਓ ਬਣਾਉਣ ਲਈ ਵਰਤ ਰਿਹਾ ਹੈ। ਵੋਲਵਰਹੈਂਪਟਨ ਦੇ ਲਿਲ ਰੇ ਰੇ ਨੇ ਕਿਹਾ, 'ਜੇ ਕਿਸਾਨ ਭੋਜਨ ਉਗਾ ਨਹੀਂ ਸਕਦਾ ਤੇ ਭੋਜਨ ਵੇਚ ਨਹੀਂ ਸਕਦਾ ਤਾਂ ਮੈਨੂੰ ਭੋਜਨ ਨਹੀਂ ਮਿਲੇਗਾ।' ਉਸ ਦੇ ਇੰਸਟਾਗ੍ਰਾਮ 'ਤੇ 26,000 ਫਾਲੋਅਰਜ਼ ਹਨ ਜਿਸ ਨੂੰ ਉਸ ਦੇ ਪਿਤਾ ਡੀਜੇ ਨਿਕੂ ਵੱਲੋਂ ਚਲਾਇਆ ਜਾਂਦਾ ਹੈ। ਇਹ ਛੇ ਸਾਲਾ ਬੱਚਾ ਇਸ ਪਲੇਟਫਾਰਮ ਨੂੰ ਇਸ ਮੁੱਦੇ 'ਤੇ ਵੀਡੀਓ ਬਣਾਉਣ ਲਈ ਵਰਤ ਰਿਹਾ ਹੈ ਤੇ ਕਿਸਾਨਾਂ ਦੇ ਸਮਰਥਨ ਵਿੱਚ ਵੈਸਟ ਮਿਲਲੈਂਡਜ਼ ਵਿੱਚ ਇੱਕ ਬਿਲਬੋਰਡ ਮੁਹਿੰਮ ਦੇ ਚਿਹਰੇ ਦੇ ਰੂਪ ਵਿੱਚ ਚੁਣਿਆ ਗਿਆ ਹੈ। ਉਸ ਨੇ ਕਿਹਾ, 'ਮੇਰਾ ਪਰਿਵਾਰ ਪੰਜਾਬ ਰਾਜ ਵਿੱਚ ਬਿਲਗਾ ਤੇ ਨਕੋਦਰ ਤੋਂ ਹੈ।' ਖੇਤੀਬਾੜੀ ਸਾਡੀਆਂ ਜੜਾਂ ਹਨ, ਅਸੀਂ ਫਲ ਅਤੇ ਸਬਜ਼ੀਆਂ ਉਗਾਉਂਦੇ ਹਾਂ। ਵੋਲਵਰਹੈਂਪਟਨ ਦੇ ਲਿਲ ਰੇ ਰੇ ਨੇ ਕਿਹਾ, 'ਜੇ ਕਿਸਾਨ ਭੋਜਨ ਉਗਾ ਨਹੀਂ ਸਕਦਾ ਅਤੇ ਭੋਜਨ ਵੇਚ ਨਹੀਂ ਸਕਦਾ ਤਾਂ ਮੈਨੂੰ ਭੋਜਨ ਨਹੀਂ ਮਿਲੇਗਾ। ਮੇਰੇ ਦਾਦਾ-ਪੜਦਾਦਾ ਕਿਸਾਨ ਸਨ ਅਤੇ ਉਨਾਂ ਦੀ ਵਜਾ ਨਾਲ ਮੈਂ ਅੱਜ ਇੱਥੇ ਹਾਂ। ਉਹ ਜਿਸ ਬਿਲਬੋਰਡ 'ਤੇ ਦਿਖਾਈ ਦਿੰਦਾ ਹੈ, ਉਹ ਲਾਈਟਹਾਊਸ ਆਊਟਡੋਰ ਡਿਜੀਟਲ ਮੀਡੀਆ ਦੀ ਮਲਕੀਅਤ ਹੈ, ਜਿਸ ਦਾ ਸੰਦੇਸ਼ ਹੈ 'ਕਿਸਾਨ ਏਕਤਾ ਮਜ਼ਦੂਰ ਜ਼ਿੰਦਾਬਾਦ'

ਲਿਲ ਰੇ ਰੇ ਨੂੰ ਇੱਕ ਉੱਭਰ ਰਹੇ ਪ੍ਰਭਾਵਸ਼ਾਲੀ ਰੂਪ ਵਿੱਚ ਵਰਣਨ ਕਰਦੇ ਹੋਏ ਉਕਤ ਕੰਪਨੀ ਨੇ ਕਿਹਾ: 'ਸਾਨੂੰ ਉਮੀਦ ਹੈ ਕਿ ਅਜਿਹੇ ਮਹੱਤਵਪੂਰਨ ਕਾਰਨ ਲਈ ਵਧੇਰੇ ਐਕਸਪੋਜ਼ਰ ਮਿਲਿਆ ਹੈ, ਖ਼ਾਸ ਕਰਕੇ ਇਸ ਮੁਸ਼ਕਿਲ ਦੌਰਾਨ।'

ਪੂਰਬੀ ਲੰਡਨ ਵਿਚ ਦੀ 11 ਸਾਲਾ ਮੁਨਸਿਮਰ ਕੌਰ ਨੇ ਕਿਹਾ, 'ਇਹ ਸਾਡੇ ਬਜ਼ੁਰਗ, ਪੁਰਖੇ ਹਨ ਅਤੇ ਪੰਜਾਬ ਸਾਡੀ ਮਾਂ ਧਰਤੀ ਹੈ। ਖੇਤੀ ਸਾਡੀਆਂ ਜੜਾਂ ਹਨ।' ਉਹ ਆਪਣੇ ਸੋਸ਼ਲ ਮੀਡੀਆ 'ਤੇ ਆਪਣੀਆਂ ਰਚਨਾਤਮਕ ਕਲਾਕ੍ਰਿਤਾਂ ਵਾਲੀਆਂ ਤਸਵੀਰਾਂ ਨੂੰ ਸੰਦੇਸ਼ ਜ਼ਰੀਏ ਪੋਸਟ ਕਰ ਰਹੀ ਹੈ: 'ਅਸੀਂ ਉਨਾਂ ਕਿਸਾਨਾਂ ਨਾਲ ਖੜੇ ਹਾਂ ਜੋ ਸਾਡੀ ਵਿਰਾਸਤ ਨੂੰ ਬਚਾਉਣ ਲਈ ਵਿਰੋਧ ਕਰ ਰਹੇ ਹਨ।' ਉਸ ਦੀ ਦਾਦੀ ਜੋ ਕਿ 90 ਸਾਲ ਦੇ ਹਨ, ਹੁਣ ਤੱਕ ਭਾਰਤ ਵਿੱਚ ਆਪਣੇ ਪਰਿਵਾਰ ਦੀ ਜ਼ਮੀਨ 'ਤੇ ਖੇਤੀ ਕਰ ਰਹੇ ਸਨ। ਮੁਨਸਿਮਰ ਨੇ ਕਿਹਾ, 'ਖੇਤੀ ਸਾਡੇ ਪਰਿਵਾਰ ਲਈ ਬੇਹੱਦ ਮਹੱਤਵਪੂਰਨ ਹੈ। ਮੇਰੇ ਦਾਦਾ-ਦਾਦੀ ਉਸ ਮਾਹੌਲ ਵਿੱਚ ਪੈਦਾ ਹੋਏ ਅਤੇ ਉਨਾਂ ਦਾ ਪਾਲਣ ਪੋਸ਼ਣ ਵੀ ਉਸ ਤਰਾਂ ਹੋਇਆ ਹੈ। ਇਹ ਇੱਕ ਅਜਿਹਾ ਪੇਸ਼ਾ ਹੈ ਜੋ ਸਾਡੇ ਪਰਿਵਾਰ ਵਿੱਚ ਕਈ ਪੀੜੀਆਂ ਤੋਂ ਚੱਲਿਆ ਆ ਰਿਹਾ ਹੈ। ਇਹ ਮੋਦੀ ਸਰਕਾਰ ਦੀ ਬਹੁਤ ਵੱਡੀ ਬੇਇਨਸਾਫ਼ੀ ਹੈ ਕਿ ਜਿਹੜੇ ਲੋਕ ਇਨਾਂ ਕਾਨੂੰਨਾਂ ਤੋਂ ਲਾਭ ਲੈਣਗੇ, ਉਨਾਂ ਨੂੰ ਆਉਣ ਵਾਲੀਆਂ ਪੀੜੀਆਂ ਤੱਕ ਕਦੇ ਵੀ ਆਪਣੇ ਮੇਜ਼ 'ਤੇ ਖਾਣੇ ਦੀ ਚਿੰਤਾ ਨਹੀਂ ਕਰਨੀ ਪਵੇਗੀ। ਪਰ ਇਨਾਂ ਲੋਕਾਂ ਦੇ ਹੱਥੋਂ ਭਾਰਤ ਦੇ ਕਿਸਾਨ ਇਹ ਨਹੀਂ ਜਾਣ ਸਕਣਗੇ ਕਿ ਉਨਾਂ ਦਾ ਅਗਲਾ ਖਾਣਾ ਕਿੱਥੋਂ ਆਵੇਗਾ।'

ਬਰਮਿੰਘਮ ਤੋਂ ਸੰਸਦ ਮੈਂਬਰ ਅਜਬੈਸਟਨ ਪ੍ਰੀਤ ਗਿੱਲ ਨੇ ਕਿਹਾ ਕਿ ਬ੍ਰਿਟੇਨ ਵਿੱਚ ਬੱਚਿਆਂ ਦੀ ਪ੍ਰਤੀਕਿਰਿਆ ਨੇ ਉਸ ਨੂੰ 'ਸੱਚਮੁੱਚ ਉਤਸ਼ਾਹਿਤ' ਕੀਤਾ ਹੈ। ਉਨਾਂ ਨੇ ਕਿਹਾ, 'ਨੌਜਵਾਨ ਪੀੜੀ ਦੀ ਇਸ ਪ੍ਰਤੀਕਿਰਿਆ ਨੂੰ ਦੇਖ ਕੇ ਮੈਨੂੰ ਕੋਈ ਹੈਰਾਨੀ ਨਹੀਂ ਹੋਈ ਕਿਉਂਕਿ ਅਸੀਂ ਇਸ ਨੂੰ 'ਬਲੈਕ ਲਾਈਵਜ਼ ਮੈਟਰ' ਨਾਲ ਦੇਖਿਆ ਅਤੇ ਦੁਨੀਆ ਦੇ ਸਾਰੇ ਕੋਨਿਆਂ ਨੇ ਅਨਿਆਂ ਬਾਰੇ ਗੱਲ ਕੀਤੀ ਹੈ।'

ਗਿੱਲ ਨੇ ਲੇਬਰ ਪਾਰਟੀ ਵੱਲੋਂ ਵਿਦੇਸ਼ ਸਕੱਤਰ ਡੋਮੀਨਿਕ ਰੈਬ ਨੂੰ ਇੱਕ ਪੱਤਰ ਲਿਖਿਆ ਹੈ ਜਿਸ ਵਿੱਚ ਪ੍ਰਦਰਸ਼ਨਕਾਰੀਆਂ ਨਾਲ ਜਿਸ ਤਰਾਂ ਨਾਲ ਵਿਵਹਾਰ ਕੀਤਾ ਜਾ ਰਿਹਾ ਹੈ, ਉਸ ਨਾਲ ਮਨੁੱਖੀ ਅਧਿਕਾਰਾਂ ਦੀ ਚਿੰਤਾ ਜ਼ਾਹਰ ਹੋਈ ਹੈ। ਕਈ ਥਾਵਾਂ 'ਤੇ ਪੁਲਿਸ ਨੇ ਹੰਝੂ ਗੈਸ ਦੇ ਗੋਲੇ ਦਾਗੇ ਅਤੇ ਪਾਣੀ ਦੀਆਂ ਤੋਪਾਂ ਦੀ ਵਰਤੋਂ ਕੀਤੀ। ਉਨਾਂ ਨੇ ਕਿਹਾ, 'ਇਹ ਮਨੁੱਖੀ ਅਧਿਕਾਰਾਂ ਦਾ ਮੁੱਦਾ ਹੈ ਜਿਸ ਵੱਲ ਧਿਆਨ ਦੇਣ ਦੀ ਲੋੜ ਹੈ।'



# ਹੁਣ ਸਿਰਫ਼ ਪੰਜਾਬ ਅਤੇ ਸਿੱਖਾਂ ਤੱਕ ਹੀ ਸੀਮਤ ਨਹੀਂ ਰਿਹਾ ਗਤਕਾ

**✪ ਖੇਡ ਮੰਤਰੀ ਕਿਰਨ ਰਿਜਿਜੂ ਨੇ ਕਿਹਾ: ਕਿ ਗਤਕਾ, ਕਲਰੀਪਾਇਤੋ, ਥਾਂਗ-ਟਾ ਅਤੇ ਮਲਖੰਭਾ ਨੂੰ 2021 'ਚ ਹਰਿਆਣਾ ਵਿਚ ਹੋਣ ਵਾਲੀਆਂ 'ਖੇਲੋ ਇੰਡੀਆ ਯੂਥ ਗੇਮਜ਼' ਵਿਚ ਸ਼ਾਮਿਲ ਕੀਤਾ ਜਾਏਗਾ**

**✪ ਦਿੱਲੀ ਗਤਕਾ ਐਸੋਸੀਏਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਰਾਣਾ ਨੇ ਕਿਹਾ ਕਿ ਗਤਕਾ 'ਸਰੀਰ ਦੇ ਨਾਲ ਦਿਮਾਗ਼ ਤੇ ਮਨ ਦੀ ਇਕਸੁਰਤਾ' ਖੇਡ ਦਾ ਹਿੱਸਾ**

**ਉਪਮਾ ਡਾਗਾ/ਏ.ਟੀ.ਨਿਊਜ਼:** ਹਾਲ ਹੀ 'ਚ ਪੰਜਾਬ ਤੇ ਸਿੱਖ ਪੰਥ ਦੀ ਵਿਰਾਸਤੀ ਸ਼ਾਨ ਗਤਕਾ ਨੂੰ 'ਖੇਲੋ ਇੰਡੀਆ 2021' ਦੀਆਂ ਖੇਡਾਂ ਵਿਚ ਸ਼ਾਮਿਲ ਕੀਤਾ ਗਿਆ ਹੈ। ਖੇਡ ਮੰਤਰੀ ਕਿਰਨ ਰਿਜਿਜੂ ਨੇ ਕਿਹਾ: ਕਿ ਗਤਕਾ, ਕਲਰੀਪਾਇਥੋ, ਥਾਂਗ-ਟਾ ਅਤੇ ਮਲਖੰਭਾ ਨੂੰ 2021 'ਚ ਹਰਿਆਣਾ ਹੋਣ ਵਾਲੀਆਂ 'ਖੇਲੋ ਇੰਡੀਆ ਯੂਥ ਗੇਮਜ਼' ਵਿਚ ਸ਼ਾਮਿਲ ਕੀਤਾ ਜਾਏਗਾ। ਇਨ੍ਹਾਂ ਵਿਚੋਂ ਗਤਕੇ ਦਾ ਸਬੰਧ ਪੰਜਾਬ, ਜਦ ਕਿ ਕਲਰੀਪਾਇਥੋ ਦਾ ਕੇਰਲ, ਥਾਂਗ-ਟਾ ਦਾ ਮਨੀਪੁਰ ਨਾਲ ਹੈ ਜਦ ਕਿ ਮੱਲਾਖੰਬਾ ਜਿਸ ਦਾ ਇਤਿਹਾਸ ਸਦੀਆਂ ਪੁਰਾਣਾ ਹੈ, ਉਸ ਦਾ ਕਿਸੇ ਸੂਬੇ ਵਿਸ਼ੇਸ਼ ਨਾਲ ਕੋਈ ਸਬੰਧ ਜੁੜਿਆ ਨਹੀਂ ਨਜ਼ਰ ਆਉਂਦਾ।

ਅਸੀਂ ਇਸ ਚਰਚਾ ਨੂੰ ਗਤਕੇ ਤੱਕ ਸੀਮਤ ਰੱਖਦਿਆਂ ਅੱਗੇ ਤੋਰਾਂਗੇ। ਮਾਰਸ਼ਲ ਆਰਟ (ਗਤਕਾ) ਦੀ ਸ਼ੁਰੂਆਤ ਸਵੈ-ਰੱਖਿਆ ਲਈ ਕੀਤੀ ਗਈ ਸੀ। ਜਿੱਥੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ 'ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ' ਦੇ ਉਪਦੇਸ਼ ਨਾਲ ਸੰਗਤਾਂ ਨੂੰ ਧਰਮ ਦੀ ਪਰਿਭਾਸ਼ਾ ਸਮਝਾਈ, ਉੱਥੇ ਧਰਮ ਦੇ ਨਾਲ-ਨਾਲ ਸਵੈ-ਰੱਖਿਆ ਅਤੇ ਹੋਰਾਂ ਦੀ ਰੱਖਿਆ ਲਈ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਕਤੀ ਅਤੇ ਅਧਿਆਤਮਿਕਤਾ ਦੇ ਵਜੋਂ ਪ੍ਰਤੀਕ ਮੀਰੀ-ਪੀਰੀ ਦੋ ਤਲਵਾਰਾਂ ਧਾਰਨ ਕੀਤੀਆਂ। ਉਨ੍ਹਾਂ ਜਬਰ ਨਾਲ ਲੜਨ ਲਈ ਗਤਕਾ ਸਿੱਖਣਾ ਸ਼ੁਰੂ ਕੀਤਾ ਸੀ। ਹਾਲਾਂਕਿ ਸਭ ਤੋਂ ਪਹਿਲਾਂ ਗਤਕਾ ਸਿਖਾਉਣ ਦੀ ਸ਼ੁਰੂਆਤ ਬਾਬਾ ਬੁੱਢਾ ਸਾਹਿਬ ਵੱਲੋਂ ਕੀਤੀ ਗਈ ਸੀ। ਗੁਰੂ ਨਾਨਕ ਦੇਵ ਜੀ ਤੋਂ ਗੁਰੂ ਹਰਿਗੋਬਿੰਦ ਸਾਹਿਬ ਤੱਕ ਦਾ ਸਮਾਂ ਵੇਖਣ ਵਾਲੇ ਬਾਬਾ ਬੁੱਢਾ ਜੀ ਤੋਂ ਗਤਕੇ ਦੀ ਸਿਖਲਾਈ ਹਾਸਲ ਕਰਨ ਵਾਲਿਆਂ ਨੂੰ ਬੁੱਢਾ ਦਲ ਜਾਂ ਅਕਾਲੀ ਸੈਨਾ ਕਿਹਾ ਜਾਂਦਾ ਸੀ। ਉਂਝ ਗਤਕਾ ਵਧੇਰੇ ਮਕਬੂਲ ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ 'ਚ ਹੋਇਆ। ਉਨ੍ਹਾਂ ਨਾ ਸਿਰਫ਼ ਆਪ ਸ਼ਸਤਰ ਧਾਰਨ ਕੀਤੇ, ਸਗੋਂ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਸਿੱਖਾਂ ਨੂੰ ਜੁਝਾਰੂ ਯੋਧਿਆਂ ਦਾ ਦਰਜਾ ਬਖ਼ਸ਼ਿਆ। ਸ਼ਸਤਰ ਵਿੱਦਿਆ ਦੇ ਧਨੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਹੀ ਮੁਗ਼ਲਾਂ ਨਾਲ ਮੁਕਾਬਲਾ ਕਰਨ ਲਈ ਸਿੱਖ ਯੋਧੇ ਗਤਕੇ ਦੀ ਖ਼ੂਬ ਵਰਤੋਂ ਕਰਦੇ ਸਨ।

ਗਤਕੇ ਦੀ ਵਰਤੋਂ ਆਮ ਤੌਰ 'ਤੇ ਨਿਹੰਗ ਸਿੰਘਾਂ ਵੱਲੋਂ ਕੀਤੀ ਜਾਂਦੀ ਹੈ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਗਤਕਾ ਸਿੱਖ ਵਿਰਾਸਤ ਦਾ ਇਕ ਅਹਿਮ ਹਿੱਸਾ ਬਣਿਆ ਹੋਇਆ ਹੈ। ਹੁਣ ਇਸ ਦੀ ਪਛਾਣ ਪੇਸ਼ੇਵਰ ਖੇਡ ਵਜੋਂ ਵੀ ਹੋ ਰਹੀ ਹੈ। ਸ਼ੁਰੂਆਤੀ ਦੌਰ 'ਚ ਇਸ ਦੀ ਸਿਖਲਾਈ ਗੁਰਦੁਆਰਿਆਂ ਵਿਚ ਹੀ ਦਿੱਤੀ ਜਾਂਦੀ ਸੀ। ਹਾਲਾਂਕਿ ਸਮੇਂ ਦੇ ਨਾਲ ਸਵੈ-





ਰੱਖਿਆ ਦਾ ਇਹ ਤਰੀਕਾ ਇਕ ਮੁਕੰਮਲ ਵਿਰਾਸਤੀ ਖੇਡ ਵਜੋਂ ਵਿਕਸਿਤ ਹੋਣਾ ਸ਼ੁਰੂ ਹੋ ਗਿਆ ਹੈ।

ਨੈਸ਼ਨਲ ਗਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਸ. ਹਰਜੀਤ ਸਿੰਘ ਗਰੇਵਾਲ ਮੁਤਾਬਿਕ ਗਤਕਾ 'ਚ ਤਲਵਾਰਾਂ ਤੋਂ ਇਲਾਵਾ ਤਕਰੀਬਨ 100 ਰਵਾਇਤੀ ਸ਼ਸਤਰ ਵਰਤੇ ਜਾਂਦੇ ਹਨ, ਜਦ ਕਿ ਰੋਜ਼ਾਨਾ ਦੇ ਅਭਿਆਸ ਲਈ ਲੱਕੜ ਦੀਆਂ ਸੋਟੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਗਤਕਾ ਸਿੱਖਣ ਦੀ ਸ਼ੁਰੂਆਤ ਵੀ ਸੋਟੀਆਂ ਨਾਲ ਕੀਤੀ ਜਾਂਦੀ ਹੈ, ਜਿਸ ਤੋਂ ਬਾਅਦ ਕ੍ਰਿਪਾਨ ਦੀ ਵਰਤੋਂ ਕੀਤੀ ਜਾਂਦੀ ਹੈ। ਗਤਕਾ ਦੇ ਹੋਰ ਸ਼ਸਤਰਾਂ 'ਚ ਖੰਡਾ, ਤੀਰ ਕਮਾਨ ਅਤੇ ਚੱਕਰ ਆਦਿ ਸ਼ਾਮਿਲ ਹਨ।

**ਰਵਾਇਤਾਂ ਤੇ ਤਬਦੀਲੀਆਂ**

ਸਵੈ-ਰੱਖਿਆ ਲਈ ਵਿਕਸਿਤ ਹੋਈ ਇਸ ਵਿਰਾਸਤੀ ਖੇਡ ਨੂੰ ਪੇਸ਼ੇਵਰ ਖੇਡ ਬਣਾਉਣ ਦੇ ਅਮਲ ਵਿਚ ਕੁਝ ਇਕ ਤਬਦੀਲੀਆਂ ਵੀ ਆਈਆਂ ਹਨ। ਜਿੱਥੇ ਨਗਰ ਕੀਰਤਨਾਂ 'ਚ ਗਤਕਾ ਖੁੱਲ੍ਹਾ ਖੇਡਿਆ ਜਾਂਦਾ ਹੈ, ਉੱਥੇ ਗਤਕਾ ਮੁਕਾਬਲਿਆਂ ਨੂੰ ਪੁਆਇੰਟ ਸਿਸਟਮ ਰਾਹੀਂ ਤਰਤੀਬ ਬੱਧ ਕੀਤਾ ਗਿਆ ਹੈ।

ਸ. ਗਰੇਵਾਲ ਮੁਤਾਬਿਕ ਮੌਜੂਦਾ ਸਮੇਂ ਵਿਚ ਖੇਡਿਆ ਜਾਣ ਵਾਲਾ ਗਤਕਾ 19ਵੀਂ ਸਦੀ ਦੀ ਤਰਤੀਬ 'ਚ ਵਿਕਸਿਤ ਹੋਣਾ ਸ਼ੁਰੂ ਹੋਇਆ ਸੀ, ਜਿਸ ਨੂੰ 'ਰਸਮੀ' ਅਤੇ 'ਖੇਡ' ਸਟਾਈਲ 'ਚ ਵੰਡਿਆ ਗਿਆ। ਖੇਡ ਵਜੋਂ ਗਤਕਾ ਨੂੰ 1936 'ਚ ਮਾਨਤਾ ਮਿਲੀ। ਪੰਜਾਬ ਯੂਨੀਵਰਸਿਟੀ ਲਾਹੌਰ (ਜੋ ਕਿ ਇਸ ਸਮੇਂ ਚੰਡੀਗੜ੍ਹ 'ਚ ਸਥਿਤ ਹੈ) ਨੇ ਗਤਕਾ ਨੂੰ ਖੇਡ ਵਜੋਂ ਮਾਨਤਾ ਦਿੱਤੀ ਸੀ। ਉਸ ਸਮੇਂ ਡੀ.ਏ.ਵੀ. ਕਾਲਜ ਫਿਰੋਜ਼ਪੁਰ ਦੇ ਖੇਡ ਡਾਇਰੈਕਟਰ ਮਾ: ਕਰਤਾਰ ਸਿੰਘ ਨੇ ਗਤਕਾ ਖੇਡਣ ਦੇ ਪ੍ਰੋਗਰਾਮ ਉਲੀਕੇ ਸਨ। ਉਸ ਸਮੇਂ ਗਤਕਾ ਨੂੰ ਕਾਲਜ ਅਤੇ ਯੂਨੀਵਰਸਿਟੀਆਂ ਵਿਚ ਮਾਨਤਾ ਪ੍ਰਾਪਤ ਖੇਡ ਦਾ ਦਰਜਾ ਹਾਸਲ ਹੋਇਆ ਸੀ।

**ਮਾਰਸ਼ਲ ਆਰਟ ਵੀ, ਮਾਈਂਡ ਆਰਟ ਵੀ**

ਗਤਕੇ 'ਚ ਵਿਅਕਤੀ ਸਰੀਰਕ ਤੌਰ 'ਤੇ ਜੋਸ਼, ਊਰਜਾ ਅਤੇ ਜਜ਼ਬੇ ਨਾਲ ਤਾਂ ਭਰਪੂਰ ਹੁੰਦਾ ਹੀ ਹੈ ਪਰ ਉਸ ਨੂੰ ਮਾਨਸਿਕ ਤੌਰ 'ਤੇ ਸੁਚੇਤ ਵੀ ਰਹਿਣਾ ਪੈਂਦਾ ਹੈ ਤਾਂ ਜੋ ਆਪਣੇ 'ਤੇ ਹੋਣ ਵਾਲੇ ਵਾਰ ਤੋਂ ਬਚਿਆ ਜਾ ਸਕੇ। 'ਇਹ ਸਿਰਫ਼ ਮਾਰਸ਼ਲ ਆਰਟ ਨਹੀਂ, ਸਗੋਂ 'ਮਾਈਂਡ ਆਰਟ' ਵੀ ਹੈ।' ਇਹ ਕਹਿਣਾ ਹੈ ਦਿੱਲੀ ਗਤਕਾ ਐਸੋਸੀਏਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਰਾਣਾ ਦਾ। ਰਾਣਾ ਮੁਤਾਬਿਕ ਗਤਕਾ 'ਚ ਸਿਰਫ਼ ਲੜਨ ਦੇ ਗੁਰ ਹੀ ਨਹੀਂ ਸਿਖਾਏ ਜਾਂਦੇ, ਸਗੋਂ ਸਰੀਰ ਦੇ ਨਾਲ ਦਿਮਾਗ਼ ਅਤੇ ਮਨ ਦੀ ਇਕਸੁਰਤਾ ਵੀ ਇਸ ਖੇਡ ਦੀ ਵਿਲੱਖਣਤਾ ਹੈ। ਇਸ ਲਈ ਨਾ ਸਿਰਫ਼ ਅਨੁਸ਼ਾਸਤ ਅਤੇ ਸਮਰਪਿਤ ਭਾਵ ਦੀ ਸਿਖਲਾਈ ਚਾਹੀਦੀ ਹੈ ਸਗੋਂ ਸੰਤੁਲਿਤ ਦਿਮਾਗ਼ ਦੀ ਵੀ ਲੋੜ ਹੁੰਦੀ ਹੈ, ਤਾਂ ਜੋ ਖੇਡ ਵਿਚ ਦਰਪੇਸ਼ ਖ਼ਤਰਿਆਂ ਨਾਲ ਸੁਚੇਤ ਹੋ ਕੇ ਨਜਿੱਠਿਆ ਜਾ ਸਕੇ।

ਇਸ ਮਾਰਸ਼ਲ ਆਰਟ, ਜਿਸ ਦੀ ਸ਼ੁਰੂਆਤ ਗੁਰਦੁਆਰਿਆਂ, ਨਗਰ ਕੀਰਤਨਾਂ ਅਤੇ ਅਖਾੜਿਆਂ ਵਿਚ ਕੀਤੀ ਜਾਂਦੀ ਸੀ, ਨੂੰ 2008 'ਚ ਉਦੋਂ ਹੋਰ ਉਤਸ਼ਾਹ ਮਿਲਿਆ ਜਦੋਂ ਗਤਕਾ ਫੈਡਰੇਸ਼ਨ ਆਫ ਇੰਡੀਆ ਦੀ ਸਥਾਪਨਾ ਕੀਤੀ ਗਈ। ਨੈਸ਼ਨਲ ਗਤਕਾ ਐਸੋਸੀਏਸ਼ਨ ਆਫ ਇੰਡੀਆ, ਗਤਕਾ ਐਸੋਸੀਏਸ਼ਨ ਪੰਜਾਬ, ਵਰਲਡ ਗਤਕਾ ਫੈਡਰੇਸ਼ਨ, ਏਸ਼ੀਅਨ ਗਤਕਾ ਫੈਡਰੇਸ਼ਨ ਅਤੇ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਜਿਹੀਆਂ ਸੰਸਥਾਵਾਂ ਦੇ ਗਠਨ ਨੇ ਵੀ ਇਸ ਖੇਡ ਨੂੰ ਮਜ਼ਬੂਤੀ ਪ੍ਰਦਾਨ ਕਰਨ 'ਚ ਕਾਫੀ ਸਹਿਯੋਗ ਕੀਤਾ ਹੈ।

**ਪੰਜਾਬ ਦੀ ਖੇਡ ਨੀਤੀ ਦਾ ਹਿੱਸਾ**

ਇਸ ਵਿਰਾਸਤੀ ਖੇਡ ਨੂੰ ਪੰਜਾਬ ਵਿਚ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ 2015 'ਚ ਸੂਬੇ ਦੀ ਖੇਡ ਨੀਤੀ ਤਹਿਤ ਆਉਣ ਵਾਲੀਆਂ ਮਾਨਤਾ ਪ੍ਰਾਪਤ ਖੇਡਾਂ ਦੀ ਸੂਚੀ 'ਚ ਇਸ ਦਾ ਨਾਂਅ ਸ਼ਾਮਿਲ ਕੀਤਾ ਗਿਆ। ਨੀਤੀ ਤਹਿਤ ਹੁਣ ਗਤਕਾ ਖੇਡਣ ਵਾਲਿਆਂ ਨੂੰ ਵੀ ਬਾਕੀ ਖੇਡਾਂ ਦੇ ਖਿਡਾਰੀਆਂ ਵਾਂਗ ਦਾਖ਼ਲੇ ਸਮੇਂ ਰੁਜ਼ਗਾਰ ਵਿਚ 3 ਫ਼ੀਸਦੀ ਦਾ ਕੋਟਾ ਮਿਲਦਾ ਹੈ। ਦਿਲਚਸਪ ਗੱਲ ਇਹ ਵੀ ਹੈ ਕਿ ਦੇਸ਼ ਭਰ 'ਚ ਸਿਰਫ਼ ਪੰਜਾਬੀ ਯੂਨੀਵਰਸਿਟੀ, ਪਟਿਆਲਾ ਹੀ ਅਜਿਹੀ ਯੂਨੀਵਰਸਿਟੀ ਹੈ, ਜਿੱਥੇ ਇਸ ਮਾਰਸ਼ਲ ਆਰਟ 'ਚ ਇਕ ਸਾਲ ਦਾ ਡਿਪਲੋਮਾ ਕੋਰਸ ਕਰਵਾਇਆ ਜਾਂਦਾ ਹੈ। ਇਸ ਖੇਡ ਨੂੰ ਉਤਸ਼ਾਹਿਤ ਕਰਨ ਲਈ ਕਈ ਐਨ.ਜੀ.ਓਜ਼. ਵੀ ਡਿਪਲੋਮਾ ਦੀ ਸਾਲਾਨਾ ਫ਼ੀਸ ਦਾ 75 ਤੋਂ 100 ਫ਼ੀਸਦੀ ਤੱਕ ਭਰਨ ਦੀ ਸਕੀਮ ਚਲਾਉਂਦੀਆਂ ਹਨ।

**ਪੰਜਾਬ ਤੱਕ ਹੀ ਨਹੀਂ ਹੈ ਸੀਮਤ**

ਹਾਲਾਂਕਿ ਗਤਕਾ ਹੁਣ ਸਿਰਫ਼ ਪੰਜਾਬ ਅਤੇ ਸਿੱਖਾਂ ਤੱਕ ਹੀ ਸੀਮਤ ਨਹੀਂ ਰਿਹਾ, ਸਗੋਂ ਰਾਜਸਥਾਨ, ਹਰਿਆਣਾ, ਬਿਹਾਰ, ਉੱਤਰ ਪ੍ਰਦੇਸ਼, ਮਹਾਰਾਸ਼ਟਰ, ਦਿੱਲੀ, ਗੁਜਰਾਤ ਅਤੇ ਜੰਮੂ-ਕਸ਼ਮੀਰ ਆਦਿ ਕਈ ਸੂਬਿਆਂ ਤੱਕ ਇਸ ਨੇ ਆਪਣੇ ਪੈਰ ਪਾਸਾਰ ਲਏ ਹਨ। ਬਾਕੀ ਸਫ਼ਾ 33 'ਤੇ

# 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਟਰੈਕਟਰ ਰੈਲੀ 'ਚ ਹਜ਼ਾਰਾਂ ਕਿਸਾਨ ਹੋਣਗੇ ਸ਼ਾਮਲ

**✪ ਪਰੇਡ ਨੂੰ ਪੂਰੀ ਤਰ੍ਹਾਂ ਸ਼ਾਂਤੀਪੂਰਨ ਤੇ ਗ਼ੈਰ-ਸਿਆਸੀ ਰੱਖਣ ਦਾ ਦਾਅਵਾ ✪ ਸਿੰਘੂ ਬਾਰਡਰ 'ਤੇ ਲੜੀਵਾਰ ਭੁੱਖ ਹੜਤਾਲ ਵਿਚ ਬੈਠੀਆਂ ਕਿਸਾਨ ਬੀਬੀਆਂ**

**✪ ਕਿਸਾਨ ਅੰਦੋਲਨ ਨੇ ਤੋੜੀਆਂ ਕਈ ਮਿੱਥਾਂ, ਪੂਰੀ ਦੁਨੀਆ ਨੂੰ ਦਿੱਤਾ ਨਵਾਂ ਸੰਦੇਸ਼ ✪ ਟਰੈਕਟਰਾਂ 'ਤੇ ਝੂੱਲਣਗੇ ਤਿਰੰਗੇ ਤੇ ਯੂਨੀਅਨਾਂ ਦੇ ਝੰਡੇ**

**ਨਵੀਂ ਦਿੱਲੀ/ਏ.ਟੀ.ਨਿਊਜ਼:** ਸੰਯੁਕਤ ਕਿਸਾਨ ਮੋਰਚੇ ਦੀ ਸਿੰਘੂ ਬਾਰਡਰ ਉੱਪਰ ਹੋਈ ਮੀਟਿੰਗ ਨੇ 26 ਜਨਵਰੀ ਨੂੰ ਕਿਸਾਨ ਗਣਤੰਤਰ ਪਰੇਡ ਦਿੱਲੀ ਦੇ ਆਊਟਰ ਰਿੰਗ ਰੋਡ ਉੱਪਰ ਕਰਨ ਦਾ ਫ਼ੈਸਲਾ ਕੀਤਾ ਹੈ। ਕਰੀਬ 80 ਕਿੱਲੋਮੀਟਰ ਦੇ ਘੇਰੇ 'ਚ ਇਸ ਸੜਕ ਉੱਪਰ ਪਰਿਕਰਮਾ ਨਾਲ ਟਰੈਕਟਰ ਪਰੇਡ ਖ਼ਤਮ ਹੋਵੇਗੀ। ਜੋਗਿੰਦਰ ਯਾਦਵ ਨੇ ਦੱਸਿਆ ਕਿ ਅਸੀਂ ਆਪਣੇ ਫ਼ੈਸਲੇ ਤੋਂ ਸਰਕਾਰ ਤੇ ਪ੍ਰਸ਼ਾਸਨ ਨੂੰ ਜਾਣੂੰ ਕਰਵਾ ਦਿੱਤਾ ਹੈ ਤੇ ਸਾਨੂੰ ਉਮੀਦ ਹੈ ਕਿ ਦਿੱਲੀ ਤੇ ਹਰਿਆਣਾ ਪੁਲਿਸ ਸਾਡੀ ਪਰੇਡ ਵਿਚ ਕਿਸੇ ਤਰ੍ਹਾਂ ਦਾ ਵਿਘਨ ਨਹੀਂ ਪਾਵੇਗੀ। ਉਨ੍ਹਾਂ ਕਿਹਾ ਕਿ ਕਿਸਾਨ ਪਰੇਡ ਸ਼ਾਂਤੀਪੂਰਨ ਹੋਵੇਗੀ ਤੇ ਹਥਿਆਰ ਲੈ ਕੇ ਜਾਣ ਤੇ ਭੜਕਾਊ ਭਾਸ਼ਣ ਕਰਨ ਦੀ ਮਨਾਹੀ ਹੋਵੇਗੀ। ਇਸ ਮੌਕੇ ਕਿਸਾਨ ਮੋਰਚੇ ਦੇ ਆਗੂ ਡਾ: ਦਰਸ਼ਨ ਪਾਲ ਨੇ ਕੌਮੀ ਜਾਂਚ ਏਜੰਸੀ ਵੱਲੋਂ ਕਿਸਾਨ ਆਗੂਆਂ ਤੇ ਹਮਾਇਤੀਆਂ ਨੂੰ ਪ੍ਰੇਸ਼ਾਨ ਕਰਨ ਦੀ ਸਖ਼ਤ ਨਿਖੇਧੀ ਕੀਤੀ ਹੈ ਤੇ ਕਿਹਾ ਕਿ ਜਿਨ੍ਹਾਂ ਨੂੰ ਵੀ ਸੰਮਨ ਆਉਂਦੇ ਹਨ, ਉਨ੍ਹਾਂ ਨੂੰ ਪੇਸ਼ ਹੋਣ ਦੀ ਲੋੜ ਨਹੀਂ। ਉਨ੍ਹਾਂ ਸਪੱਸ਼ਟ ਕੀਤਾ ਕਿ 26 ਜਨਵਰੀ ਨੂੰ ਹੋਣ ਵਾਲੀ ਸਰਕਾਰੀ ਗਣਤੰਤਰ ਪਰੇਡ ਵਿਚ ਕਿਸੇ ਤਰ੍ਹਾਂ ਦਾ ਵੀ ਵਿਘਨ ਨਹੀਂ ਪਾਵਾਂਗੇ ਤੇ ਲਾਲ ਕਿਲੇ, ਰਾਜਪਥ ਜਾਂ ਪਾਰਲੀਮੈਂਟ ਭਵਨ ਜਾਣ ਜਾਂ ਧਾਵਾ ਬੋਲਣ ਦੀ ਕੋਈ ਯੋਜਨਾ ਨਹੀਂ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪਿਛਲੇ ਕਰੀਬ 3 ਮਹੀਨੇ ਵਿਚ ਕਿਸਾਨ ਸੰਘਰਸ਼ ਨੂੰ ਸ਼ਾਂਤਮਈ ਰੱਖਦਿਆਂ ਜਥੇਬੰਦੀਆਂ ਨੇ ਵੱਡੀ ਸਫਲਤਾ ਹਾਸਲ ਕੀਤੀ ਹੈ ਤੇ ਇਹ ਸਾਡੇ ਸੰਘਰਸ਼ ਦਾ ਮੂਲ ਮੰਤਰ ਹੈ। ਅਸੀਂ ਇਸ ਸਫਲਤਾ ਨੂੰ ਕਿਸੇ ਵੀ ਕੀਮਤ ਉੱਪਰ ਗੁਆਉਣ ਦੇ ਹੱਕ ਵਿਚ ਨਹੀਂ। ਉਨ੍ਹਾਂ ਦੱਸਿਆ ਕਿ ਪਰੇਡ ਵਿਚ ਸ਼ਾਮਿਲ ਵਾਹਨਾਂ ਉੱਪਰ ਕਿਸਾਨ ਯੂਨੀਅਨ ਦੇ ਝੰਡਿਆਂ ਨਾਲ ਤਿਰੰਗਾ ਝੰਡਾ ਵੀ ਲਗਾਇਆ ਜਾਵੇਗਾ ਅਤੇ ਕਿਸੇ ਵੀ ਸਿਆਸੀ ਪਾਰਟੀ ਦਾ ਝੰਡਾ ਲਗਾਉਣ ਦੀ ਇਜਾਜ਼ਤ ਨਹੀਂ ਹੋਵੇਗੀ। ਸੰਯੁਕਤ ਮੋਰਚਾ ਦੇ ਆਗੂ ਜੋਗਿੰਦਰ ਯਾਦਵ ਤੇ ਸ਼ਿਵ ਕੁਮਾਰ ਕੱਕਾ ਨੇ ਦੱਸਿਆ ਕਿ ਦਿੱਲੀ ਦੇ ਆਸ-ਪਾਸ ਦੇ ਸੂਬਿਆਂ ਦੇ ਲੋਕ ਦਿੱਲੀ ਕਿਸਾਨ ਪਰੇਡ 'ਚ ਸ਼ਾਮਿਲ ਹੋਣਗੇ।

ਉੱਤਰ ਪ੍ਰਦੇਸ਼ ਨਾਲ ਸਬੰਧਤ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਸੰਵਿਧਾਨਕ ਸੰਸਥਾਵਾਂ ਜਾਂ ਪੁਲਿਸ ਦੇਸ਼ ਦੇ ਨਾਗਰਿਕਾਂ ਨੂੰ ਗਣਤੰਤਰ ਦਿਵਸ ਮਨਾਉਣ ਤੋਂ ਨਹੀਂ ਰੋਕ ਸਕਦੀਆਂ। ਟਿਕੈਤ ਨੇ ਕਿਹਾ, 'ਅਸੀਂ ਕੌਮੀ ਰਾਜਧਾਨੀ ਲੜਨ ਲਈ ਨਹੀਂ ਜਾ ਰਹੇ। ਅਸੀਂ ਗਣਤੰਤਰ ਦਿਵਸ ਦਿੱਲੀ 'ਚ ਮਨਾਵਾਂਗੇ, ਇਸ ਤੋਂ ਪਹਿਲਾਂ ਅਸੀਂ ਖੇਤਾਂ ਤੇ ਪਿੰਡਾਂ 'ਚ ਮਨਾਉਂਦੇ ਸੀ, ਹੁਣ ਅਸੀਂ ਦਿੱਲੀ ਵਿਚ ਹਾਂ ਤੇ ਇਸ ਲਈ ਇਹ ਦਿਹਾੜਾ ਇੱਥੇ ਹੀ ਮਨਾਵਾਂਗੇ।'

**'ਮੋਰਚਿਆਂ 'ਤੇ ਕਿਸਾਨ ਬੀਬੀਆਂ ਡਟੀਆਂ'**

ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀਆਂ ਸਰਹੱਦਾਂ 'ਤੇ ਲਾਏ ਮੋਰਚਿਆਂ ਵਿਚ ਅੰਦੋਲਨ ਦੇ 53ਵੇਂ ਦਿਨ ਮਹਿਲਾ ਕਿਸਾਨ ਦਿਵਸ ਮਨਾਇਆ ਗਿਆ। ਮੰਚ ਸੰਚਾਲਨ ਤੋਂ ਲੈ ਕੇ ਹੋਰ ਪ੍ਰਬੰਧਾਂ ਦੀ ਜ਼ਿੰਮੇਵਾਰੀ ਬੀਬੀਆਂ ਨੇ ਹੀ ਸਾਂਭੀ। ਧਰਨੇ ਵਿੱਚ ਯੂਨੀਵਰਸਿਟੀ ਤੇ ਕਾਲਜ ਵਿਦਿਆਰਥਣਾਂ ਤੋਂ ਲੈ ਕੇ ਆਮ ਗ੍ਰਹਿਣੀਆਂ ਵੀ ਸ਼ਾਮਲ ਹੋਈਆਂ। ਮੋਰਚਿਆਂ 'ਤੇ ਜਾਰੀ ਲੜੀਵਾਰ ਭੁੱਖ ਹੜਤਾਲ ਵਿੱਚ ਵੀ ਬੀਬੀਆਂ ਦੇ ਜਥੇ ਹੀ ਬੈਠੇ।

**ਮੋਦੀ ਸਰਕਾਰ ਲਈ ਸਿਰਦਰਦੀ ਬਣਿਆ ਅੰਦੋਲਨ**

ਸਰਕਾਰ ਦੇ ਸਾਹਮਣੇ ਕਿਸਾਨ ਅੰਦੋਲਨ ਦਾ ਸ਼ਾਂਤਮਈ ਤਰੀਕਾ ਪਰੇਸ਼ਾਨੀ ਬਣਿਆ ਹੋਇਆ ਹੈ। ਸਰਕਾਰ ਦੀ ਅਹਿਮ ਇੱਛਾ ਹੈ ਕਿ ਅੰਦੋਲਨ ਹਿੰਸਕ ਹੋਵੇ ਤਾਂ ਕਿ ਪੁਲਸ ਕਾਰਵਾਈ ਦਾ ਬਹਾਨਾ ਮਿਲ ਜਾਵੇ ਪਰ ਕਿਸਾਨਾਂ ਨੇ ਸਰਕਾਰ ਦੀ ਹਰ ਚਾਲ ਅਸਫ਼ਲ ਕਰ ਦਿੱਤੀ ਹੈ।

ਭਾਰਤ ਵਿਚ ਪਿਛਲੇ ਕੁਝ ਦਹਾਕਿਆਂ 'ਚ ਵੱਡਾ ਅਹਿੰਸਕ ਅੰਦੋਲਨ ਦੇਖਣ ਨੂੰ ਨਹੀਂ ਮਿਲਿਆ ਹੈ ਪਰ ਕਿਸਾਨਾਂ ਨੇ ਇਸ ਦੀ ਫਿਰ ਤੋਂ ਸ਼ੁਰੂਆਤ ਕੀਤੀ ਹੈ। ਇਸ ਦਾ ਅਸਰ ਇਸ ਹੱਦ ਤੱਕ ਦਿੱਸਿਆ ਹੈ ਕਿ 2 ਵੱਡੇ ਕਾਰਪੋਰੇਟ ਘਰਾਣੇ ਅੰਬਾਨੀ ਅਤੇ ਅਡਾਨੀ ਗਰੁੱਪ ਇਸ ਸਮੇਂ ਸਫ਼ਾਈ 'ਤੇ ਸਫ਼ਾਈ ਦੇ ਰਹੇ ਹਨ। ਇਨ੍ਹਾਂ ਕਾਰਪੋਰੇਟ ਘਰਾਣਿਆਂ ਨੂੰ ਈਸਟ ਇੰਡੀਆ ਕੰਪਨੀ ਦਾ ਅਵਤਾਰ ਦੱਸਣ 'ਚ ਕਿਸਾਨ ਸਫਲ ਹੋ ਗਏ ਹਨ।

ਲੰਗਰ ਦੀ ਪਰੰਪਰਾ ਦੁਨੀਆ ਨੂੰ ਭੁੱਖ ਤੋਂ ਬਚਾ ਸਕਦੀ ਹੈ

ਕਿਸਾਨ ਅੰਦੋਲਨ ਦੀ ਸ਼ੁਰੂਆਤ ਪੰਜਾਬ ਤੋਂ ਹੋਈ ਹੈ। ਪੰਜਾਬ ਗੁਰੂਆਂ ਦੀ ਧਰਤੀ ਹੈ। ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੀ ਧਰਤੀ 'ਤੇ ਲੰਗਰ ਦੀ ਪਰੰਪਰਾ ਸ਼ੁਰੂ ਕੀਤੀ ਸੀ। ਪੰਜਾਬ 'ਚ ਲੰਗਰ ਪਰੰਪਰਾ ਸਦੀਆਂ ਤੋਂ ਚੱਲ ਰਹੀ ਹੈ। ਗ਼ਰੀਬ ਭੁੱਖਾ ਨਹੀਂ ਮਰ ਸਕਦਾ ਹੈ। ਲੰਗਰ 'ਚ ਸਹਿਯੋਗ, ਸਹਿਕਾਰਤਾ ਦੀ ਭਾਵਨਾ ਹੈ। ਲੰਗਰ ਸੰਦੇਸ਼ ਦਿੰਦਾ ਹੈ ਕਿ ਰਲ-ਮਿਲ ਕੇ ਸਰੋਤਾਂ ਦੀ ਵਰਤੋਂ ਕਰੋ। ਅੱਜ ਇਸੇ ਲੰਗਰ ਪਰੰਪਰਾ ਨੇ ਕਿਸਾਨ ਅੰਦੋਲਨ ਨੂੰ ਮਜ਼ਬੂਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਦਿੱਲੀ ਦੀ ਸਰਹੱਦ 'ਤੇ ਬੈਠੇ ਕਿਸਾਨਾਂ ਨੇ ਲੰਗਰ ਲਗਾ ਕੇ ਸੰਦੇਸ਼ ਦਿੱਤਾ ਹੈ ਕਿ ਲੰਗਰ ਦੀ ਪਰੰਪਰਾ ਦੁਨੀਆ ਨੂੰ ਭੁੱਖ ਤੋਂ ਬਚਾ ਸਕਦੀ ਹੈ। ਲੰਗਰ ਖਾਧ ਪਦਾਰਥਾਂ 'ਤੇ ਕਾਰਪੋਰੇਟ ਕੰਟਰੋਲ ਦੇ ਵਿਰੋਧ ਦਾ ਪ੍ਰਤੀਕ ਹੈ। ਸੰਦੇਸ਼ ਇਹੀ ਹੈ ਕਿ ਖੇਤੀ 'ਤੇ ਕਾਰਪੋਰੇਟ ਦੇ ਕਬਜ਼ੇ ਤੋਂ ਬਾਅਦ ਖਾਧ ਪਦਾਰਥ ਇੰਨਾ ਮਹਿੰਗਾ ਹੋ ਜਾਵੇਗਾ ਕਿ ਮਿਲਣਾ ਹੀ ਮੁਸ਼ਕਲ ਹੋਵੇਗਾ। ਲੋਕ ਮਿਲ ਵੰਡ ਕੇ ਨਹੀਂ ਖਾ ਸਕਣਗੇ, ਜੋ ਸਿੱਖ ਪਰੰਪਰਾ 'ਚ ਹੈ।

ਖਾਧ ਪਦਾਰਥਾਂ 'ਤੇ ਜੇਕਰ ਕੁਝ ਘਰਾਣਿਆਂ ਦਾ ਕਬਜ਼ਾ ਹੋ ਗਿਆ ਤਾਂ ਇਸ ਦਾ ਖ਼ਮਿਆਜ਼ਾ ਅਰਬਾਂ ਦੀ ਆਬਾਦੀ ਭੁਗਤੇਗੀ। ਜਦੋਂ ਕਿਸੇ ਮਹਾਂਮਾਰੀ, ਅਕਾਲ 'ਚ ਲੋਕ ਭੁੱਖ ਨਾਲ ਮਰਨ ਲੱਗਣਗੇ ਤਾਂ ਲੋਕਾਂ ਦੀ ਮਦਦ ਲਈ ਕਾਰਪੋਰੇਟ ਅੱਗੇ ਨਹੀਂ ਆਏਗਾ ਕਿਉਂਕਿ ਉਸ ਦੇ ਸ਼ਬਦ-ਕੋਸ਼ ਵਿਚ ਸਿਰਫ਼ ਮੁਨਾਫ਼ਾ ਹੈ। ਇਸ ਦੇ ਉਲਟ ਲੰਗਰ ਵਿਵਸਥਾ ਅਕਾਲ, ਮਹਾਂਮਾਰੀ ਨਾਲ ਨਜਿੱਠਣ 'ਚ ਹਮੇਸ਼ਾ ਸਫਲ ਰਹੀ ਹੈ। ਇਹ ਸਚਾਈ ਹੈ ਕਿ ਕਿਸਾਨ ਅੰਦੋਲਨ ਨੇ ਸਾਂਝ ਦੀ ਭਾਵਨਾ ਨੂੰ ਮਜ਼ਬੂਤ ਕੀਤਾ ਹੈ।

**ਕਿਸਾਨ ਅੰਦੋਲਨ ਰਾਜਨੇਤਾਵਾਂ ਲਈ ਵੱਡੀ ਚੁਣੌਤੀ**

ਦਿੱਲੀ ਦੀ ਸਰਹੱਦ 'ਤੇ ਚੱਲ ਰਿਹਾ ਕਿਸਾਨ ਅੰਦੋਲਨ ਰਾਜਨੇਤਾਵਾਂ ਲਈ ਵੱਡੀ ਚੁਣੌਤੀ ਹੈ। ਰਾਜਨੇਤਾਵਾਂ ਦੀ ਫੁੱਟ ਪਾਓ ਅਤੇ ਰਾਜ ਕਰੋ ਦੀ ਨੀਤੀ ਨੂੰ ਇਸ ਕਿਸਾਨ ਅੰਦੋਲਨ ਨੇ ਬੇਨਕਾਬ ਕੀਤਾ ਹੈ। ਕਿਸਾਨ ਅੰਦੋਲਨ ਨੇ ਹਰਿਆਣਾ ਤੇ ਪੰਜਾਬ ਦਰਮਿਆਨ ਦੀਆਂ ਦੂਰੀਆਂ ਖ਼ਤਮ ਕਰ ਦਿੱਤੀਆਂ ਹਨ। ਦੋਹਾਂ ਸੂਬਿਆਂ ਦੇ ਨੇਤਾ ਕਈ ਮੁੱਦਿਆਂ 'ਤੇ ਆਪਣੇ ਪ੍ਰਦੇਸ਼ ਦੀ ਜਨਤਾ ਨੂੰ ਭੜਕਾਉਂਦੇ ਸਨ। ਨਦੀਆਂ ਦੇ ਪਾਣੀ ਸਮੇਤ ਕੁਝ ਹੋਰ ਮੁੱਦਿਆਂ 'ਤੇ ਲੰਬੇ ਸਮੇਂ ਤੋਂ ਹਰਿਆਣਾ ਅਤੇ ਪੰਜਾਬ ਦਰਮਿਆਨ ਤਣਾਅ ਹੈ। ਐੱਸ.ਵਾਈ.ਐੱਲ. ਨੂੰ ਲੈ ਕੇ ਦੋਹਾਂ ਸੂਬਿਆਂ ਦਰਮਿਆਨ ਲੰਬੇ ਸਮੇਂ ਤੋਂ ਵਿਵਾਦ ਹੈ। ਦੋਵੇਂ ਸੂਬਿਆਂ ਦੇ ਨੇਤਾ ਲੰਬੇ ਸਮੇਂ ਤੋਂ ਇਨ੍ਹਾਂ ਮੁੱਦਿਆਂ 'ਤੇ ਸਿਆਸੀ ਰੋਟੀ ਸੇਕਦੇ ਰਹੇ ਹਨ। ਚੋਣਾਂ 'ਚ ਮੁੱਦਾ ਇਹ ਬਣਦਾ ਹੀ ਹੈ। ਹਰਿਆਣਾ ਦੇ ਨੇਤਾ ਤਾਂ ਹਰ ਚੋਣ ਵਿਚ ਇਸ ਨੂੰ ਮੁੱਦਾ ਬਣਾਉਂਦੇ ਹਨ। ਪੰਜਾਬ ਵਾਲੇ ਵੀ ਪਿੱਛੇ ਨਹੀਂ ਰਹਿੰਦੇ। ਇਨ੍ਹਾਂ ਮੁੱਦਿਆਂ 'ਤੇ ਦੋਹਾਂ ਸੂਬਿਆਂ 'ਚ ਵੋਟਾਂ ਦਾ ਧਰੁਵੀਕਰਨ ਕੀਤਾ ਜਾਂਦਾ ਰਿਹਾ ਹੈ ਪਰ ਕਿਸਾਨ ਅੰਦੋਲਨ ਨੇ ਦੋਹਾਂ ਸੂਬਿਆਂ ਦੇ ਕਿਸਾਨਾਂ ਨੂੰ ਆਪਸ ਵਿਚ ਨੇੜੇ ਲਿਆ ਦਿੱਤਾ। ਹਰਿਆਣਾ ਦੇ ਕਿਸਾਨਾਂ ਨੇ ਪਾਣੀ ਦੇ ਮੁੱਦੇ 'ਤੇ ਆਪਣੇ ਹੀ ਨੇਤਾਵਾਂ ਨੂੰ ਬੁਰੀ ਤਰ੍ਹਾਂ ਨਾਲ ਲਤਾੜਿਆ। ਪਾਣੀ ਨੂੰ ਲੈ ਕੇ ਉਹ ਆਪਸ 'ਚ ਨਹੀਂ ਲੜਨਗੇ। ਜਦੋਂ ਕਿਸਾਨੀ ਹੀ ਨਹੀਂ ਬਚੇਗੀ ਤਾਂ ਪਾਣੀ ਲੈ ਕੇ ਕੀ ਕਰਾਂਗੇ। ਭਾਜਪਾ ਨੇ ਐੱਸ.ਵਾਈ.ਐੱਲ. ਦੇ ਪਾਣੀ ਦੇ ਮਸਲੇ ਨੂੰ ਹਰਿਆਣਾ 'ਚ ਚੁੱਕਿਆ। ਹਰਿਆਣਾ ਦੇ ਕਿਸਾਨਾਂ ਨੇ ਹੀ ਭਾਜਪਾ ਦੀ ਚਾਲ ਨੂੰ ਅਸਫਲ ਕਰ ਦਿੱਤਾ।

**ਸੋਸ਼ਲ ਮੀਡੀਆ 'ਤੇ ਸਰਕਾਰ ਦੀਆਂ ਨੀਤੀਆਂ ਦੀਆਂ ਉਡੀਆਂ ਧੱਜੀਆਂ**

ਬਿਹਾਰ, ਬੰਗਾਲ ਅਤੇ ਪੂਰਬੀ ਯੂ.ਪੀ. ਦੇ ਪਿੰਡਾਂ 'ਚ ਵੀ ਕਿਸਾਨਾਂ ਦੀ ਸਮੱਸਿਆ 'ਤੇ ਗੰਭੀਰਤਾ ਨਾਲ ਬਹਿਸ ਹੋ ਰਹੀ ਹੈ। ਇਸ ਵਿਚ ਸੋਸ਼ਲ ਮੀਡੀਆ ਦਾ ਮਹੱਤਵਪੂਰਨ ਰੋਲ ਹੈ। ਸੋਸ਼ਲ ਮੀਡੀਆ 'ਤੇ ਵਟਸਐੱਪ ਅਤੇ ਯੂ-ਟਿਊਬ ਚੈਨਲਾਂ ਦੇ ਮਾਧਿਅਮ ਨਾਲ ਕਿਸਾਨਾਂ ਦੀ ਸਮੱਸਿਆ 'ਤੇ ਜ਼ੋਰਦਾਰ ਬਹਿਸ ਹੋ ਰਹੀ ਹੈ। ਸਰਕਾਰ ਦੀਆਂ ਨੀਤੀਆਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਘੱਟੋ-ਘੱਟ ਸਮਰਥਨ ਮੁੱਲ ਦੀ ਵਿਵਸਥਾ ਨੂੰ ਕਿਸਾਨ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ। ਬਾਕੀ ਸਫ਼ਾ 33 'ਤੇ


Sir Speedy Tustin
Printers to the Community
SUBWAY eat fresh.
OPEN 24 HOURS 7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਭਾਰਤ ਵਿਚ ਖ਼ਾਕੀ ਵਰਦੀ ਦਾ ਕਹਿਰ ਬਨਾਮ ਵਿਦੇਸ਼ੀ ਪੁਲਿਸ

**- ਰਵਿੰਦਰ ਸਿੰਘ ਸੋਢੀ**

ਕਈ ਵਾਰ ਅਜਿਹੀਆਂ ਖ਼ਬਰਾਂ ਪੜਨ ਨੂੰ ਮਿਲਦੀਆਂ ਹਨ ਕਿ ਪੜ ਕੇ ਮਨ ਉਦਾਸ ਹੋ ਜਾਂਦਾ ਹੈ। ਕੁਝ ਚੈਨਲਾਂ ਤੋਂ ਅਤੇ ਫੇਸਬੁੱਕ 'ਤੇ ਪਾਈਆਂ ਕਲਿੱਪਿੰਗਜ਼ ਦੇਖ ਕੇ ਮਨ ਝੁੰਝਲਾ ਉੱਠਦਾ ਹੈ ਕਿ ਕੀ ਅਸੀਂ ਸੱਭਿਅਕ ਸਮਾਜ ਵਿੱਚ ਰਹਿ ਰਹੇ ਹਾਂ ? ਸਭ ਤੋਂ ਜ਼ਿਆਦਾ ਖ਼ਾਕੀ ਵਰਦੀ ਦਾ ਕਹਿਰ ਸਾਹਮਣੇ ਆਉਂਦਾ ਹੈ। ਇਹ ਨਹੀਂ ਕਿ ਕਿਸੇ ਇੱਕ ਸੂਬੇ ਦੀ ਪੁਲਿਸ ਜ਼ਿਆਦਤੀ ਕਰ ਰਹੀ ਹੈ, ਭਾਰਤ ਦੇ ਹਰ ਸੂਬੇ ਵਿੱਚ ਹੀ ਇਹੋ ਹਾਲ ਹੈ। ਅਜੇ ਹਾਥਰਸ ਵਾਲੀ ਘਟਨਾ ਦੀ ਗਰਦ ਹਵਾ ਵਿੱਚ ਹੀ ਉੱਡ ਰਹੀ ਸੀ ਕਿ ਬੰਗਾਲ ਪੁਲਿਸ ਦੇ ਇੱਕ ਕਰਮਚਾਰੀ ਨੇ ਇੱਕ ਸਿੱਖ ਦੀ ਦਸਤਾਰ ਲਾਹ ਕੇ ਮਾਰ-ਕੁਟਾਈ ਕੀਤੀ। ਦਸਤਾਰ ਵਾਲੀਆਂ ਘਟਨਾਵਾਂ ਤਾਂ ਪੰਜਾਬ ਵਿੱਚ ਵੀ ਨਿੱਤ ਵਾਪਰ ਜਾਂਦੀਆਂ ਹਨ, ਉਹ ਵੀ ਉਹਨਾਂ ਦੇ ਹੱਥੋਂ ਜਿਹਨਾਂ ਨੇ ਆਪ ਦਸਤਾਰ ਬੰਨੀ ਹੁੰਦੀ ਹੈ। ਯੂ ਪੀ ਤੋਂ ਲਗਾਤਾਰ ਹੀ ਅਜਿਹੀਆਂ ਘਿਣਾਉਣੀਆਂ ਖ਼ਬਰਾਂ ਪੜਨ ਨੂੰ ਮਿਲਦੀਆਂ ਹਨ। ਕੁਝ ਦਿਨ ਪਹਿਲਾਂ ਇੱਕ ਰੰਗਕਰਮੀ ਮਿੱਤਰ, ਉਸ ਦੀ ਕਲਾਕਾਰ ਬੇਟੀ ਅਤੇ ਕੁਝ ਹੋਰ ਕਲਾਕਾਰਾਂ ਨਾਲ ਮੋਗਾ ਵਿਖੇ ਇੱਕ ਸ਼ਰਾਬੀ ਪੁਲਿਸ ਕਰਮੀ ਨੇ ਦੁਰਵਿਵਹਾਰ ਕੀਤਾ। ਉਹ ਇੱਕ ਅਜਿਹਾ ਰੰਗਕਰਮੀ ਹੈ ਜੋ ਪੇਸ਼ੇ ਪੱਖੋਂ ਡਾਕਟਰ ਹੈ। ਰੰਗਮੰਚ ਉਸਦੀ ਇਬਾਦਤ ਹੈ। ਇਸ ਮੁਕੱਦਸ ਕੰਮ ਲਈ ਉਸਦੀ ਪਤਨੀ ਅਤੇ ਦੋਵੇਂ ਬੇਟੀਆਂ ਵੀ ਸਾਥ ਦੇ ਰਹੀਆਂ ਹਨ। ਪਰ ਸੁਣਵਾਈ ਕੌਣ ਕਰੇ ? ਕਲਾਕਾਰਾਂ ਨੇ ਹੀ ਨਹੀਂ ਸਗੋਂ ਆਮ ਲੋਕਾਂ ਨੇ ਵੀ ਇਸ ਘਟਨਾ ਦੀ ਪੁਰਜ਼ੋਰ ਨਿਖੇਧੀ ਕੀਤੀ ਹੈ। ਹੁਣ ਖ਼ਬਰ ਮਿਲੀ ਹੈ ਕਿ ਪੁਲਿਸ ਨੇ ਇਸ ਘਟਨਾ ਦੀ ਮੁਆਫ਼ੀ ਮੰਗ ਲਈ ਹੈ। ਗੱਲ ਮੁਆਫ਼ੀ ਮੰਗਣ ਨਾਲ ਖ਼ਤਮ ਨਹੀਂ ਹੁੰਦੀ। ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕੇ ਅਜਿਹੀਆਂ ਘਟਨਾਵਾਂ ਵਾਪਰਦੀਆਂ ਹੀ ਕਿਉਂ ਹਨ ? ਇਸ ਕਲਾਕਾਰ ਨਾਲ ਹੀ ਕਈ ਸਾਲ ਪਹਿਲਾਂ ਵੀ ਅਜਿਹੀ ਘਟਨਾ ਵਾਪਰ ਚੁੱਕੀ ਹੈ। ਮੰਚ 'ਤੇ ਨਾਟਕ ਪੇਸ਼ ਕਰ ਰਹੇ ਸਨ। ਉਸ ਦਾ ਇੱਕ ਡਾਇਲਾਗ ਸੀ ਕਿ ਪੁਲਿਸ ਵਾਲੇ ਸੇਵਾ ਬਹੁਤ ਕਰਦੇ ਹਨ। ਨਾਟਕ ਖ਼ਤਮ ਹੋਇਆ ਤਾਂ ਪੁਲਿਸ ਵਾਲੇ ਉਸ ਕੋਲ ਆ ਕੇ ਕਹਿਣ ਲੱਗੇ ਕਿ ਚੱਲ ਠਾਣੇ, ਉੱਥੇ ਜਾ ਕੇ ਦੱਸਦੇ ਹਾਂ ਕਿ ਪੁਲਿਸ ਦੀ ਸੇਵਾ ਕੀ ਹੁੰਦੀ ਹੈ ? ਕਲਾਕਾਰਾਂ ਨੇ ਬੜਾ ਸਮਝਾਇਆ ਕਿ ਉਹ ਤਾਂ ਸਿਰਫ਼ ਨਾਟਕ ਦਾ ਵਾਰਤਾਲਾਪ ਹੀ ਬੋਲ ਰਿਹਾ ਸੀ। ਜਦ ਗੱਲ ਉੱਪਰਲੇ ਅਫ਼ਸਰਾਂ ਤਕ ਪਹੁੰਚੀ, ਫੇਰ ਉਸ ਕਲਾਕਾਰ ਦਾ ਛੁਟਕਾਰਾ ਹੋਇਆ। ਕੀ ਪੁਲਿਸ ਵਾਲਿਆਂ ਨੂੰ ਇਹ ਵੀ ਨਹੀਂ ਪਤਾ ਕੇ ਨਾਟਕ ਜਾਂ ਰੰਗਮੰਚ ਕੀ ਹੁੰਦਾ ਹੈ ? ਫ਼ਿਲਮਾਂ ਵਿੱਚ ਵੀ ਤਾਂ ਪੁਲਿਸ ਦੇ ਕਿਰਦਾਰ ਦੇ ਕਈ ਰੂਪ ਦਿਖਾਏ ਜਾਂਦੇ ਹਨ। ਉਹਨਾਂ 'ਤੇ ਪੁਲਿਸ ਦਾ ਡੰਡਾ ਕਿਉਂ ਨਹੀਂ ਚਲਦਾ ? ਕਿਉਂਕਿ ਉਹ ਇਹਨਾਂ ਦੀ ਪਕੜ ਤੋਂ ਬਾਹਰ ਹਨ। ਉਏ ਭਲੇਮਾਣਸੋ ! ਇਹ ਮੰਚ ਕਲਾਕਾਰ ਰੱਬੀ ਦਾਤ ਨਾਲ ਲਿਬਰੇਜ਼ ਹਨ। ਇਹਨਾਂ ਦੀ ਕਦਰ ਕਰਨਾ ਸਿੱਖੋ।

ਇਹ ਨਹੀਂ ਕਿ ਸਾਡੇ ਸਾਰੇ ਪੁਲਿਸ ਵਾਲੇ ਹੀ ਇਸ ਤਰਾਂ ਦੇ ਹਨ। ਲਾਕਡਾਊਨ ਦੇ ਦਿਨਾਂ ਵਿੱਚ ਜਿੱਥੇ ਪੁਲਿਸ ਵਾਲਿਆਂ ਦਾ ਨਾਜਾਇਜ਼ ਡੰਡਾ ਚਲਦਾ ਦਿਖਾਈ ਦਿੱਤਾ ਉੱਥੇ ਕੁਝ ਪੁਲਿਸ ਕਰਮਚਾਰੀ ਜ਼ਰੂਰਤਮੰਦਾਂ ਦੀ ਸਹਾਇਤਾ ਕਰਦੇ ਵੀ ਨਜ਼ਰ ਆਏ। ਇੱਕ ਵਰਦੀ ਵਾਲਾ ਭਲਾ ਸਿਪਾਹੀ ਕਿਸੇ ਗ਼ਰੀਬ ਦੇ ਮੂੰਹ ਵਿੱਚ ਬੁਰਕੀਆਂ ਪਾ ਰਿਹਾ ਸੀ। ਪੁਲਿਸ ਦੀ ਇੱਕ ਟੋਲੀ ਨੇ ਗ਼ਰੀਬ ਰੇਹੜੀ ਵਾਲੇ ਤੋਂ ਸਬਜ਼ੀ ਖ਼ਰੀਦੀ ਅਤੇ ਪੈਸੇ ਦੇ ਕੇ ਤੋਰਿਆ। ਪਰ ਕਿਸੇ ਹੋਰ ਕਲਿਪਿੰਗ ਵਿੱਚ ਦੇਖਿਆ ਕਿ ਲੇਡੀ ਪੁਲਿਸ ਅਫ਼ਸਰ ਸੜਕ ਦੇ ਕਿਨਾਰੇ ਸਬਜ਼ੀ ਵੇਚ ਰਹੇ ਮੁੰਡੇ ਨੂੰ ਉੱਥੋਂ ਭਜਾ ਰਹੀ ਹੈ ਅਤੇ ਕਿਤੇ ਹੋਰ ਪੁਲਿਸ ਦੀ ਟੋਲੀ ਸਬਜ਼ੀ ਵਾਲੀ ਰੇਹੜੀ ਹੀ ਪਲਟਾ ਰਹੀ ਹੈ। ਆਮ ਤੌਰ 'ਤੇ ਸਾਡੇ ਦੇਸ਼ ਦੀ ਪੁਲਿਸ ਜ਼ਿਆਦਤੀਆਂ ਕਰਦੀ ਹੀ ਦਿਸਦੀ ਹੈ। ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਨੂੰ ਵੀ ਨਹੀਂ ਬਖ਼ਸ਼ਿਆ ਜਾਂਦਾ। ਬੇਰਹਿਮੀ ਨਾਲ ਥੱਪੜ, ਡੰਡੇ ਮਾਰੇ ਜਾਂਦੇ ਹਨ। ਇਹ ਦਾਸਤਾਨ ਖ਼ਤਮ ਹੋਣ ਵਾਲੀ ਨਹੀਂ। 1984 ਵਿੱਚ ਦਿੱਲੀ ਪੁਲਿਸ ਨੇ ਦੰਗਈਆਂ ਦੀ ਕਿਵੇਂ ਸਹਾਇਤਾ ਕੀਤੀ ? ਗੁਜਰਾਤ ਵਿੱਚ ਸਮੇਂ ਦੀ ਸਰਕਾਰ ਦੀ ਸ਼ਹਿ 'ਤੇ ਕਿਵੇਂ ਇੱਕ ਤਬਕੇ ਦੇ ਲੋਕਾਂ ਦਾ ਘਾਣ ਕੀਤਾ ਗਿਆ, ਯੂ ਪੀ ਵਿੱਚ ਵੀ ਕਿਵੇਂ ਇੱਕ ਸ਼੍ਰੇਣੀ ਨੂੰ ਸਬਕ ਸਿਖਾਉਣ ਲਈ ਪੁਲਿਸ ਦੀ ਦੁਰਵਰਤੋਂ ਕੀਤੀ ਗਈ, ਇਹ ਕਿਸੇ ਤੋਂ ਗੁੱਝਾ ਨਹੀਂ। ਪੰਜਾਬ ਵਿੱਚ ਫੈਲੀ ਨਕਸਲਵਾੜੀ ਲਹਿਰ ਅਤੇ ਅੱਤਵਾਦ ਦੇ ਦੌਰ ਦੇ ਲੂੰ-ਕੰਡੇ ਖੜੇ ਕਰਨ ਵਾਲੀਆਂ ਗੱਲਾਂ ਨੂੰ ਤਾਂ ਜੇ ਨਾ ਹੀ ਦੁਹਰਾਇਆ ਜਾਵੇ ਤਾਂ ਬਿਹਤਰ ਹੈ।

ਗੱਲ ਇਹ ਨਹੀਂ ਕੇ ਬਾਹਰਲੇ ਮੁਲਕਾਂ ਦੀ ਪੁਲਿਸ ਦੁੱਧ ਧੋਤੀ ਹੈ। ਪਿੱਛੇ ਜਿਹੇ ਅਮਰੀਕਾ ਵਿੱਚ ਇੱਕ ਗੋਰੇ ਪੁਲਿਸ ਅਫ਼ਸਰ ਨੇ ਇੱਕ ਕਾਲੇ ਦੀ ਗਰਦਨ ਆਪਣੀਆਂ ਬਾਂਹਾਂ ਦੀ ਪਕੜ ਵਿੱਚ ਅਜਿਹੀ ਦਬਾਈ ਕੇ ਉਹ ਗਲ ਘੁੱਟਣ ਨਾਲ ਹੀ ਮਰ ਗਿਆ। ਸਾਰੇ ਅਮਰੀਕਾ ਵਿੱਚ ਪੁਲਿਸ ਦੀ ਇਸ ਜ਼ਿਆਦਤੀ ਵਿਰੁੱਧ ਰੋਸ ਮੁਜ਼ਾਹਰੇ ਹੋਏ। ਪਰ ਅਜਿਹੀਆਂ ਘਟਨਾਵਾਂ ਘੱਟ ਹੀ ਵਾਪਰਦੀਆਂ ਹਨ। ਪੱਛਮੀ ਮੁਲਕਾਂ ਵਿੱਚ ਪੁਲਿਸ ਦੀ ਸਿਖਲਾਈ ਵਿੱਚ ਸਹਿਣਸ਼ੀਲਤਾ ਦਾ ਪਾਠ ਪੜਾਇਆ ਜਾਂਦਾ ਹੈ ਅਤੇ ਇਹ ਵੀ ਸਿਖਾਇਆ ਜਾਂਦਾ ਹੈ ਕਿ ਪੁਲਿਸ ਦਾ ਕੰਮ ਸਜ਼ਾ ਦੇਣਾ ਨਹੀਂ, ਸਗੋਂ ਕਾਨੂੰਨ ਦੀ ਰਾਖੀ ਕਰਨਾ ਅਤੇ ਕਾਨੂੰਨ ਤੋੜਨ ਵਾਲਿਆਂ ਨੂੰ ਅਦਾਲਤ ਦੇ ਸਾਹਮਣੇ ਪੇਸ਼ ਕਰਨਾ ਹੈ। ਲੋਕਾਂ ਦੇ ਦਿਲਾਂ ਵਿੱਚ ਪੁਲਿਸ ਦਾ ਡਰ ਵੀ ਹੈ ਅਤੇ ਸਤਿਕਾਰ ਵੀ। ਆਮ ਜਨਤਾ ਨੂੰ ਪਤਾ ਹੈ ਕਿ ਜੇ ਕਾਨੂੰਨ ਤੋੜਨਗੇ ਤਾਂ ਪੁਲਿਸ ਨੇ ਛੱਡਣਾ ਨਹੀਂ ਅਤੇ ਜੇ ਮੁਸੀਬਤ ਵਿੱਚ ਹੋਏ ਤਾਂ ਪੁਲਿਸ ਨੇ ਸਹਾਇਤਾ ਕਰਨ ਤੋਂ ਵੀ ਪਿੱਛੇ ਨਹੀਂ ਹਟਣਾ। ਸਾਡੇ ਦੇਸ਼ ਵਿੱਚ ਦੋਵੇਂ ਗੱਲਾਂ ਹੀ ਨਹੀਂ। ਇਸ ਵਿੱਚ ਪੁਲਿਸ ਕਰਮਚਾਰੀਆਂ ਦਾ ਕਸੂਰ ਘੱਟ ਹੈ ਅਤੇ ਸਰਕਾਰ ਦਾ ਜ਼ਿਆਦਾ। ਪੁਲਿਸ ਦੀ ਸਿਖਲਾਈ ਦਾ ਇੰਤਜ਼ਾਮ ਕਰਨਾ ਸਰਕਾਰ ਦਾ ਕੰਮ ਹੈ। ਮੰਤਰੀਆਂ ਤੋਂ ਲੈ ਕੇ ਵੱਡੇ ਅਫ਼ਸਰਾਂ ਤਕ ਸਾਰੇ ਪੁਲਿਸ ਨੂੰ ਆਪਣੇ ਨਿੱਜੀ ਮੁਫ਼ਾਦ ਲਈ ਵਰਤਦੇ ਹਨ। ਇਸ ਤਰਾਂ ਉੱਪਰਲਾ ਤਬਕਾ ਆਪ ਹੀ ਪੁਲਿਸ ਦੀਆਂ ਆਦਤਾਂ ਖ਼ਰਾਬ ਕਰਦਾ ਹੈ। ਹੌਲੀ ਹੌਲੀ ਕਾਨੂੰਨ ਦੀ ਰਾਖੀ ਕਰਨ ਵਾਲਿਆਂ ਦੀ ਆਦਤ ਹੀ ਕਾਨੂੰਨ ਦੇ ਵਿਰੁੱਧ ਅਤੇ ਆਪਣੇ ਨਿੱਜੀ ਫ਼ਾਇਦੇ ਦਾ ਧਿਆਨ ਰੱਖਣਾ ਬਣ ਜਾਂਦੀ ਹੈ। ਜੇ ਉੱਪਰੋਂ ਆਉਣ ਵਾਲਾ ਪਾਣੀ ਹੀ ਗੰਦਾ ਹੋਵੇਗਾ ਨਿਚੱਲੇ ਪਾਣੀ ਨੂੰ ਵੀ ਗੰਦਾ ਹੀ ਕਰੇਗਾ। ਸਰਕਾਰ ਵੱਡੇ ਪੁਲਿਸ ਅਫ਼ਸਰਾਂ ਨੂੰ ਆਪ ਹੀ ਹੇਠਲੇ ਦਰਜੇ ਦੇ ਪੁਲਿਸ ਕਰਮੀਆਂ ਨੂੰ ਘਰੇਲੂ ਅਤੇ ਵਿਅਕਤੀਗਤ ਕੰਮਾਂ ਲਈ ਵਰਤਣ ਦੀ ਇਜਾਜ਼ਤ ਦਿੰਦੀ ਹੈ। ਇਸਦਾ ਕੀ ਕਾਰਨ ਹੈ ? ਕੀ ਵੱਡੇ ਅਫ਼ਸਰ ਆਪ ਘਰੇਲੂ ਨੌਕਰਾਂ ਦਾ ਖਰਚਾ ਨਹੀਂ ਝੱਲ ਸਕਦੇ ? ਪੱਛਮੀ ਮੁਲਕਾਂ ਵਿੱਚ ਅਜਿਹਾ ਕੁਝ ਨਹੀਂ।

ਮੈਨੂੰ ਤਿੰਨ ਕੁ ਸਾਲ ਓਮਾਨ ਵਿੱਚ ਰਹਿਣ ਦਾ ਮੌਕਾ ਮਿਲਿਆ। ਉੱਥੇ ਸਿਪਾਹੀ ਨੂੰ 'ਸੁਰਤਾ' ਕਿਹਾ ਜਾਂਦਾ ਹੈ। ਸੁਰਤੇ ਨੂੰ ਦੇਖਦੇ ਹੀ ਕਾਨੂੰਨ ਤੋੜਨ ਵਾਲਿਆਂ ਨੂੰ ਕਾਂਬਾ ਛਿੜ ਜਾਂਦਾ ਹੈ। ਆਪਣੇ ਸਕੂਲ ਦੇ ਵਿਦਿਆਰਥੀਆਂ ਨੂੰ ਲੈ ਕੇ ਮੈਂ ਦਸ ਦਿਨਾਂ ਲਈ ਸਿੰਗਾਪੁਰ, ਥਾਈਲੈਂਡ ਅਤੇ ਮਲੇਸ਼ੀਆ ਗਿਆ ਸੀ। ਪੁਲਿਸ ਵਾਲੇ ਕਿਤੇ ਵੀ ਸੜਕਾਂ 'ਤੇ ਘੁੰਮਦੇ ਨਾ ਦਿਖੇ। ਮੈਂ ਹੋਟਲ ਦੇ ਮੈਨੇਜਰ ਤੋਂ ਪੁੱਛਿਆ, ਕੀ ਤੁਹਾਡੇ ਮੁਲਕ ਵਿੱਚ ਪੁਲਿਸ ਨਹੀਂ, ਤਾਂ ਉਹ ਕਹਿਣ ਲੱਗਾ ਕਿ ਪੁਲਿਸ ਦਾ ਸੜਕਾਂ ਤੇ ਚੱਕਰ ਲਾਉਣ ਦਾ ਕੀ ਮਤਲਬ ? ਉਹ ਆਪਣੇ ਠਿਕਾਣੇ 'ਤੇ ਹੁੰਦੀ ਹੈ, ਜੇ ਕਿਸੇ ਨੂੰ ਲੋੜ ਹੈ ਤਾਂ ਫ਼ੋਨ ਕਰੋ। ਪੁਲਿਸ ਬਿਨਾ ਦੇਰੀ ਤੋਂ ਪਹੁੰਚ ਜਾਵੇਗੀ। ਅਮਰੀਕਾ ਅਤੇ ਕੈਨੇਡਾ ਵਿੱਚ ਪੁਲਿਸ ਗਸ਼ਤ ਤਾਂ ਕਰਦੀ ਹੈ, ਪਰ ਬਿਨਾ ਵਜਾਹ ਪੁੱਛਗਿੱਛ ਨਹੀਂ ਕਰਦੀ। ਜੇ ਤੁਹਾਡੇ ਕੋਲੋਂ ਕੋਈ ਜਾਣਕਾਰੀ ਚਾਹੀਦੀ ਹੈ ਬੜੇ ਸੱਭਿਅਕ ਢੰਗ ਨਾਲ ਪੇਸ਼ ਆਉਂਦੇ ਹਨ।

ਪੰਦਰਾਂ ਕੁ ਸਾਲ ਪਹਿਲਾਂ ਮੈਂ ਅਮਰੀਕਾ ਗਿਆ ਸੀ। ਆਪਣੇ ਮਿੱਤਰ ਨਾਲ ਉਹਨਾਂ ਦੇ ਗੈਸ ਸਟੇਸ਼ਨ ਦੇ ਬਾਹਰ ਖੜੇ ਸੀ ਕਿ ਅਚਾਨਕ ਪੁਲਿਸ ਦੀ ਕਾਰ ਆਈ। ਕਾਰ ਪਾਰਕਿੰਗ ਵਿੱਚ ਲਾ ਕੇ ਇੱਕ ਮਹਿਲਾ ਪੁਲਿਸ ਅਫ਼ਸਰ ਬਾਹਰ ਆਈ ਅਤੇ ਗੈਸ ਸਟੇਸ਼ਨ ਦੇ ਅੰਦਰ ਚਲੀ ਗਈ। ਅੰਦਰ ਕੰਮ ਕਰਨ ਵਾਲਾ ਗੁਜਰਾਤੀ ਮੁੰਡਾ ਵਿਹਲਾ ਹੀ ਸੀ। ਉਹ ਪੁਲਿਸ ਅਫ਼ਸਰ ਕੋਲ ਦਰਵਾਜ਼ੇ 'ਤੇ ਹੀ ਆ ਗਿਆ। ਪੁਲਿਸ ਵਾਲੀ ਬੀਬੀ ਨੇ ਆਪਣੀ ਪੈਂਟ ਦੀਆਂ ਦੋਹਾਂ ਜੇਬਾਂ ਵਿੱਚੋਂ ਸ਼ਰਾਬ ਦੇ ਦੋ ਅਧੀਏ ਕੱਢੇ ਅਤੇ ਉਸ ਮੁੰਡੇ ਨੂੰ ਕੁਝ ਕਹਿਣ ਲੱਗੀ। ਮੇਰਾ ਮਿੱਤਰ ਹੌਲੀ ਜਿਹੇ ਮੈਨੂੰ ਕਹਿਣ ਲੱਗਾ, 'ਇਸ ਬੇਵਕੂਫ਼ ਨੂੰ ਕਈ ਵਾਰ ਕਿਹਾ ਹੈ ਕਿ ਗੋਰੇ ਮੁੰਡੇ ਕੁੜੀਆਂ ਨੂੰ ਸ਼ਰਾਬ ਦੇਣ ਤੋਂ ਪਹਿਲਾਂ ਉਹਨਾਂ ਦੀ ਆਈ ਡੀ ਦੇਖਿਆ ਕਰੇ। ਹੁਣ ਆਪੇ ਭੁਗਤੂ।' (ਅਮਰੀਕਾ ਵਿੱਚ ਅਜਿਹੀ ਗ਼ਲਤੀ ਦਾ ਜ਼ਿੰਮੇਵਾਰ ਕੰਮ ਕਰਨ ਵਾਲਾ ਹੈ, ਮਾਲਕ ਨਹੀਂ)। ਖ਼ੈਰ, ਉਹ ਪੁਲਿਸ ਵਾਲੀ ਸ਼ਰਾਬ ਦੇ ਦੋ ਅਧੀਏ ਉਸ ਕੰਮ ਵਾਲੇ ਨੂੰ ਫੜਾ ਕੇ ਚਲੀ ਗਈ। ਬਾਅਦ ਵਿੱਚ ਗੁਜਰਾਤੀ ਮੁੰਡੇ ਨੇ ਦੱਸਿਆ ਕਿ ਕੁਝ ਦੇਰ ਪਹਿਲਾਂ ਦੋ ਗੋਰੇ ਨੌਜਵਾਨ ਗੈਸ ਸਟੇਸ਼ਨ ਕੁਝ ਸਮਾਨ ਲੈਣ ਆਏ ਸੀ ਪਰ ਉਹ ਅੱਖ ਬਚਾ ਕੇ ਸ਼ਰਾਬ ਵੀ ਲੈ ਗਏ। ਪਰ ਉਹਨਾਂ ਦੀ ਮਾੜੀ ਕਿਸਮਤ ਨੂੰ ਪੁਲਿਸ ਦੇ ਅੜਿੱਕੇ ਆ ਗਏ। ਮੁੰਡਿਆਂ ਨੇ ਸੱਚ ਦੱਸ ਦਿੱਤਾ ਕਿ ਉਹਨਾਂ ਨੇ ਸ਼ਰਾਬ ਚੋਰੀ ਕੀਤੀ ਹੈ। ਹੁਣ ਉਹ ਲੇਡੀ ਪੁਲਿਸ ਅਫ਼ਸਰ ਉਹ ਸ਼ਰਾਬ ਵਾਪਸ ਕਰਨ ਆਈ ਸੀ। ਕੀ ਅਸੀਂ ਅਜਿਹੇ ਵਤੀਰੇ ਦੀ ਉਮੀਦ ਆਪਣੇ ਦੇਸ਼ ਦੀ ਪੁਲਿਸ ਤੋਂ ਕਰ ਸਕਦੇ ਹਾਂ ? ਉੱਤਰ ਪੜਨ ਵਾਲੇ ਆਪ ਹੀ ਦੇ ਦੇਣ।

ਅਮਰੀਕਾ ਦਾ ਹੀ ਇੱਕ ਹੋਰ ਕਿੱਸਾ। ਮੇਰੇ ਇੱਕ ਮਿੱਤਰ ਦੇ ਪੁੱਤਰ ਨੇ ਅਮਰੀਕਾ ਵਿੱਚ ਇੱਕ ਹੋਟਲ ਲੀਜ਼ 'ਤੇ ਲਿਆ ਹੋਇਆ ਸੀ। ਉਸਦੇ ਹੋਟਲ ਵਿੱਚ ਇੱਕ ਅਧਖੜ ਉਮਰ ਦੇ ਗੋਰੇ ਨੇ ਕਮਰਾ ਕਿਰਾਏ 'ਤੇ ਲੈ ਲਿਆ। ਉਸ ਨੇ ਕਮਰੇ ਦੇ ਦਰਵਾਜ਼ੇ ਦੇ ਬਾਹਰ ਇੱਕ ਬਹੁਤ ਵਧੀਆ ਤਸਵੀਰ ਲਾ ਦਿੱਤੀ। ਜਲਦੀ ਹੀ ਉਸ ਨੂੰ ਮਿਲਣ ਕਈ ਬੰਦੇ ਆਉਣ ਲੱਗ ਪਏ। ਪੰਦਰਾਂ-ਵੀਹ ਦਿਨਾਂ ਬਾਅਦ ਪੁਲਿਸ ਨੇ ਉਸ ਬੰਦੇ ਨੂੰ ਗ੍ਰਿਫ਼ਤਾਰ ਕਰ ਲਿਆ। ਅਸਲ ਵਿੱਚ ਉਹ ਨਸ਼ੇ ਵੇਚਦਾ ਸੀ। ਦਰਵਾਜ਼ੇ ਦੇ ਬਾਹਰ ਲਾਈ ਤਸਵੀਰ ਨਸ਼ਾ ਖ਼ਰੀਦਣ ਵਾਲਿਆਂ ਲਈ ਨਿਸ਼ਾਨੀ ਸੀ। ਪੁਲਿਸ ਨੇ ਹੋਟਲ ਵਾਲੇ ਦਾ ਸਿਰਫ਼ ਰਜਿਸਟਰ ਹੀ ਚੈੱਕ ਕੀਤਾ ਕਿ ਉਸ ਬੰਦੇ ਦਾ ਵੇਰਵਾ ਨਿਯਮਾਂ ਅਨੁਸਾਰ ਦਰਜ ਹੈ ਕਿ ਨਹੀਂ। ਰਿਕਾਰਡ ਠੀਕ ਸੀ, ਇਸ ਲਈ ਹੋਟਲ ਵਾਲੇ ਤੋਂ ਹੋਰ ਕੁਝ ਨਹੀਂ ਪੁੱਛਿਆ ਗਿਆ। ਜੇ ਅਜਿਹੀ ਘਟਨਾ ਸਾਡੇ ਦੇਸ਼ ਵਿੱਚ ਵਾਪਰੀ ਹੁੰਦੀ ਤਾਂ ਹੋਟਲ ਵਾਲੇ ਨੂੰ ਵੀ ਨਾਲ ਹੀ ਲਪੇਟ ਲੈਣਾ ਸੀ ਜਾਂ ਪਤਾ ਨਹੀਂ ਕਿੰਨਾ ਕੁ ਖੱਜਲ-ਖਵਾਰ ਕੀਤਾ ਜਾਂਦਾ।

ਪ੍ਰਸ਼ਨ ਇਹ ਉੱਠਦਾ ਹੈ ਕਿ ਕੀ ਸਾਡੇ ਦੇਸ਼ ਦੀ ਪੁਲਿਸ ਦੀ ਕਾਇਆ-ਕਲਪ ਹੋ ਸਕਦੀ ਹੈ ? ਉੱਤਰ ਬੜਾ ਸੰਖੇਪ ਹੈ, 'ਹਾਂ।' ਦੂਜਾ ਪ੍ਰਸ਼ਨ ਹੈ 'ਕਿਵੇਂ ?' ਉੱਤਰ ਫਿਰ ਸੰਖੇਪ ਹੀ ਹੈ, 'ਇਮਾਨਦਾਰੀ ਅਤੇ ਲਗਨ ਨਾਲ ਕੋਸ਼ਿਸ਼ ਕਰਕੇ।' ਸਭ ਤੋਂ ਪਹਿਲਾਂ ਤਾਂ ਸਰਕਾਰ ਨੂੰ ਸੰਜੀਦਗੀ ਨਾਲ ਹੇਠਲੇ ਤਬਕੇ ਦੇ ਪੁਲਿਸ ਅਧਿਕਾਰੀਆਂ ਤੋਂ ਉਹਨਾਂ ਦੀਆਂ ਸਮੱਸਿਆਵਾਂ ਬਾਰੇ ਪੁੱਛਿਆ ਜਾਣਾ ਚਾਹੀਦਾ ਹੈ। ਇਹ ਸਚਾਈ ਹੈ ਕਿ ਛੋਟੇ ਅਫ਼ਸਰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹਨ। ਜੇ ਉਹ ਸਥਾਨਕ ਨੇਤਾਵਾਂ ਦੀ ਦਖ਼ਲ ਅੰਦਾਜ਼ੀ ਬਰਦਾਸ਼ਤ ਕਰਦੇ ਹਨ ਤਾਂ ਨਿਯਮਾਂ ਦੀ ਪਾਲਣਾ ਨਹੀਂ ਕਰ ਸਕਦੇ, ਜਿਸ ਨਾਲ ਉਹਨਾਂ ਪ੍ਰਤੀ ਲੋਕ ਰੋਹ ਵਧਦਾ ਹੈ। ਜੇ ਰਾਜਸੀ ਨੇਤਾਵਾਂ ਦੀ ਨਹੀਂ ਮੰਨਦੇ ਤਾਂ ਰਾਜਸੀ ਰੋਹ ਦਾ ਸ਼ਿਕਾਰ ਹੁੰਦੇ ਹਨ। ਅਦਾਲਤਾਂ ਦਾ ਡੰਡਾ ਵੀ ਸਹਿਣਾ ਪੈਂਦਾ ਹੈ। ਉੱਪਰ ਵਾਲੇ ਅਫ਼ਸਰਾਂ ਦੀ ਖ਼ੁਸ਼ਾਮਦ ਅਲੱਗ ਕਰਨੀ ਪੈਂਦੀ ਹੈ। ਡਿਊਟੀ ਚੌਵੀ ਘੰਟੇ ਦੀ ਅਤੇ ਛੁੱਟੀ ਵੀ ਮਰਜ਼ੀ ਨਾਲ ਨਹੀਂ ਮਿਲਦੀ। ਆਖ਼ਿਰ ਉਹ ਵੀ ਤਾਂ ਇਨਸਾਨ ਹਨ, ਮਸ਼ੀਨ ਤਾਂ ਨਹੀਂ ? ਉਹਨਾਂ ਨੂੰ ਵੀ ਅਰਾਮ ਦੀ ਜ਼ਰੂਰਤ ਹੈ, ਨੌਕਰੀ ਦੇ ਚੰਗੇ ਮਾਹੌਲ ਦੀ ਉਹ ਵੀ ਆਸ ਰੱਖਦੇ ਹਨ। ਉਹਨਾਂ ਨੂੰ ਵੀ ਪਰਿਵਾਰ ਨਾਲ ਖੁੱਲਾ ਸਮਾਂ ਬਤੀਤ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਸਰਕਾਰ ਨੂੰ ਇਹ ਵੀ ਚਾਹੀਦਾ ਹੈ ਕੇ ਪੁਲਿਸ ਵਾਲਿਆਂ ਦੀ ਭਰਤੀ ਸਮੇਂ ਵਿੱਦਿਅਕ ਯੋਗਤਾ ਦਾ ਧਿਆਨ ਰੱਖਿਆ ਜਾਵੇ। ਉੱਚ ਵਿੱਦਿਅਕ ਯੋਗਤਾ ਵਾਲਿਆਂ ਦਾ ਦਿਮਾਗ਼ੀ ਪੱਧਰ ਵੀ ਉੱਚਾ ਹੋਵੇਗਾ ਅਤੇ ਉਹ ਹਰ ਗੱਲ ਦੀ ਤਹਿ ਤਕ ਜਾਣ ਦੇ ਸਮਰੱਥ ਹੋਣਗੇ। ਪੁਲਿਸ ਵਾਲਿਆਂ ਦੀ ਸਿਖਲਾਈ ਸਮੇਂ ਆਮ ਲੋਕਾਂ ਦੇ ਨਾਲ ਨਾਲ ਆਦਤ ਗ਼ੈਰ ਕਾਨੂੰਨੀ ਕੰਮ ਕਰਨ ਵਾਲਿਆਂ ਨਾਲ ਪੇਸ਼ ਆਉਣ ਸਮੇਂ ਮਨੋਵਿਗਿਆਨਿਕ ਪੱਖ ਨੂੰ ਸਾਹਮਣੇ ਰੱਖਣ ਦੀ ਸਿਖਲਾਈ ਦੇਣੀ ਚਾਹੀਦੀ ਹੈ। ਵੱਡੇ ਅਫ਼ਸਰਾਂ ਨੂੰ ਵੀ ਆਪਣੇ ਮਾਤਹਿਤ ਕੰਮ ਕਰ ਰਹੇ ਹੇਠਲੇ ਪੱਧਰ ਦੇ ਕਰਮਚਾਰੀਆਂ ਦੇ ਮਨੋਵਿਗਿਆਨ ਨੂੰ ਜਾਣਨ ਦੀ ਸਿਖਲਾਈ ਦੇਣੀ ਚਾਹੀਦੀ ਹੈ। ਸਭ ਤੋਂ ਵੱਡੀ ਗੱਲ, ਪੁਲਿਸ ਨੂੰ ਰਾਜਸੀ ਨੇਤਾਵਾਂ ਅਤੇ ਸਮੇਂ ਦੀ ਸਰਕਾਰ ਦੀ ਅਧੀਨਗੀ ਤੋਂ ਅਜ਼ਾਦ ਕਰਨਾ ਚਾਹੀਦਾ ਹੈ। ਆਮ ਜਨਤਾ ਨੂੰ ਵੀ ਪੁਲਿਸ ਪ੍ਰਤੀ ਆਪਣੇ ਨਜ਼ਰੀਏ ਵਿੱਚ ਬਦਲਾਅ ਕਰਨਾ ਪਵੇਗਾ। ਇਹ ਕੋਸ਼ਿਸ਼ਾਂ ਕੀਤੀਆਂ ਜਾਣ ਤਾਂ ਜਾ ਕੇ ਵੀਹ-ਤੀਹ ਸਾਲਾਂ ਵਿੱਚ ਗੱਡੀ ਲੀਹ 'ਤੇ ਆ ਸਕਦੀ ਹੈ। ਆਖ਼ਿਰ ਉਲਝੀ ਤਾਣੀ ਸੁਲਝਾਉਣ ਲਈ ਸਮਾਂ ਤਾਂ ਚਾਹੀਦਾ ਹੀ ਹੈ !

# ਕਿਸਾਨ ਅੰਦੋਲਨ ਵਿਚ ਪਹੁੰਚ ਕੇ ਗਾਇਕਾਂ ਨੇ ਕੀਤੀ ਹਮਾਇਤ

## ✪ ਸ਼ੈਰੀ ਮਾਨ ਤੇ ਹਰਜੀਤ ਹਰਮਨ, ਕਿਹਾ 'ਪੰਜਾਬ ਗੁਰਾਂ ਦੀ ਕਿਰਪਾ ਨਾਲ ਵੱਸਦਾ ਏ' ✪ ਕਿਸਾਨਾਂ ਦੇ ਹੱਕ ਵਿਚ ਗੀਤਾਂ ਰਾਹੀਂ ਮੁੜ ਗਰਜੇ ਰਣਜੀਤ ਬਾਵਾ



**ਚੰਡੀਗੜ/ਏ.ਟੀ.ਨਿਊਜ਼:** ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਕਿਸਾਨ ਕੜਾਕੇ ਦੀ ਠੰਡ 'ਚ ਵੀ ਦਿੱਲੀ ਦੀਆਂ ਬਰੂਹਾਂ 'ਤੇ ਡਟੇ ਹੋਏ ਹਨ। ਇਨਾਂ ਮਾਰੂ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਕਿਸਾਨਾਂ ਨਾਲ ਪੰਜਾਬੀ ਕਲਾਕਾਰ ਭਾਈਚਾਰਾ ਦਿੱਲੀ ਦੀਆਂ ਬਰੂਹਾਂ 'ਤੇ ਡਟਿਆ ਹੋਇਆ ਹੈ। ਪੰਜਾਬੀ ਗਾਇਕ ਸ਼ੈਰੀ ਮਾਨ ਨੇ ਵੀ ਕਿਸਾਨਾਂ ਦਾ ਹੌਸਲਾ ਵਧਾਇਆ। ਸ਼ੈਰੀ ਮਾਨ ਨੇ ਇਸ ਦੌਰਾਨ ਕਿਹਾ ਕਿ ਕਈ ਕਿਸਾਨਾਂ ਨੇ ਸਰਕਾਰਾਂ ਤੋਂ ਦੁਖੀ ਹੋ ਕੇ ਖ਼ੁਦਕੁਸ਼ੀਆਂ ਕੀਤੀਆਂ ਹਨ। ਇਸ ਦੌਰਾਨ ਸ਼ੈਰੀ ਮਾਨ ਨੇ ਆਪਣੇ ਆਉਣ ਵਾਲੇ ਨਵੇਂ ਗੀਤ ਦਾ ਵੀ ਜ਼ਿਕਰ ਕੀਤਾ। ਉਨਾਂ ਨੇ ਕਿਹਾ ਕਿ ਉਨਾਂ ਦਾ ਇਹ ਗੀਤ ਕਿਸਾਨਾਂ ਦੇ ਦਰਦ ਨੂੰ ਬਿਆਨ ਕਰੇਗਾ। ਕਿਸਾਨਾਂ ਦੀ ਮੰਗਾਂ ਬਿਲਕੁਲ ਜਾਇਜ਼ ਹਨ ਪਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨੂੰ ਪੂਰਾ ਨਹੀਂ ਕਰ ਰਹੀ। ਕਿਸਾਨਾਂ ਨੇ ਸਰਕਾਰਾਂ ਕੋਲੋਂ ਸਿਰਫ਼ ਇਹੀ ਮੰਗਿਆ ਹੈ ਕਿ ਉਹ ਇਨਾਂ ਖੇਤੀ ਕਾਨੂੰਨਾਂ ਨੂੰ ਰੱਦ ਕਰ ਦੇਣ ਤਾਂ ਕਿ ਕਿਸਾਨ ਆਪਣਾ ਘਰ ਸੁੱਖ ਨਾਲ ਚਲਾ ਸਕਣ। ਹੁਣ ਪੰਜਾਬੀ ਗਾਇਕ ਲਗਾਤਾਰ ਆਪਣੇ ਗੀਤਾਂ ਰਾਹੀਂ ਕਿਸਾਨਾਂ ਦੇ ਧਰਨੇ 'ਚ ਆਪਣਾ ਯੋਗਦਾਨ ਦਿੰਦੇ ਨਜ਼ਰ ਆ ਰਹੇ ਹਨ।

ਪੰਜਾਬੀ ਗੀਤਕਾਰ ਹਰਜੀਤ ਹਰਮਨ ਨੇ ਵੀ ਕਿਸਾਨਾਂ ਦੇ ਸਮਰਥਨ ਵਿਚ ਦਿੱਲੀ ਪਹੁੰਚੇ। ਉਨਾਂ ਦਾ ਕਹਿਣਾ ਹੈ ਕਿ ਇਹ ਸਮਰਥਨ ਲਗਾਤਾਰ ਜਾਰੀ ਰਹੇਗਾ ਜਦੋਂ ਤੱਕ ਕੇਂਦਰ ਸਰਕਾਰ ਕਿਸਾਨਾਂ ਦਾ ਕੋਈ ਹੱਲ ਨਹੀਂ ਕੱਢ ਦਿੰਦੀ। ਉਨਾਂ ਨੇ ਕਿਹਾ ਕਿ ਜਦੋਂ ਤਕ ਖੇਤੀ ਕਾਨੂੰਨ ਕੇਂਦਰ ਸਰਕਾਰ ਵਾਪਸ ਨਹੀਂ ਲੈਂਦੀ ਉਦੋਂ ਤੱਕ ਇਹ ਧਰਨਾ ਜਾਰੀ ਰਹੇਗਾ।

ਹਾਲ ਹੀ 'ਚ ਗਾਇਕ ਰਣਜੀਤ ਬਾਵਾ ਵੀ ਆਪਣੇ ਨਵੇਂ ਗੀਤ ਨਾਲ ਦਰਸ਼ਕਾਂ ਦੇ ਸਨਮੁੱਖ ਹੋ ਚੁੱਕੇ ਹਨ। ਰਣਜੀਤ ਬਾਵਾ ਨੇ ਆਪਣੇ ਯੂ ਟਿਊਬ ਚੈਨਲ 'ਤੇ '21ਵੀਂ ਸਦੀ' ਨਾਂ ਦੇ ਟਾਈਟਲ ਹੇਠ ਗੀਤ ਰਿਲੀਜ਼ ਕੀਤਾ ਹੈ। ਇਸ ਗੀਤ ਦੇ ਬੋਲ ਲਵਲੀ ਨੂਰ ਨੇ ਲਿਖੇ ਹਨ, ਜਿਸ ਦੀ ਸੰਗੀਤਕ ਧੁਨਾਂ ਨੂੰ ਐਮ. ਵੀ ਨੇ ਸ਼ਿੰਗਾਰਿਆ ਹੈ। ਰਣਜੀਤ ਬਾਵਾ ਨੇ ਆਪਣੇ ਇਸ ਗੀਤ ਨੂੰ ਕਿਸਾਨਾਂ ਨੂੰ ਸਮਰਪਿਤ ਕੀਤਾ ਹੈ। ਇਸ ਗੀਤ ਦੇ ਬੋਲ ਜਿੰਨੇ ਸੋਹਣੇ ਬੋਲ ਲਵਲੀ ਨੂਰ ਨੇ ਲਿਖੇ ਨੇ ਉਸ ਤੋਂ ਵੱਧ ਖ਼ੂਬਸੂਰਤੀ ਨਾਲ ਰਣਜੀਤ ਬਾਵਾ ਨੇ ਇਸ ਗੀਤ ਨੂੰ ਗਾਇਆ ਹੈ।

**ਬਰਾੜ : ਹਥਿਆਰਾਂ ਵਾਲੇ ਗੀਤ ਨਹੀਂ ਗਾਉਣਗੇ**

ਗਾਇਕ ਅਤੇ ਗੀਤਕਾਰ ਸ਼੍ਰੀ ਬਰਾੜ ਦੀ ਗ੍ਰਿਫ਼ਤਾਰੀ ਦੀ ਖ਼ਬਰ ਇਨਾਂ ਦਿਨੀਂ ਪੰਜਾਬੀ ਮਿਊਜ਼ਕ ਇੰਡਸਟਰੀ ਵਿਚ ਕਾਫ਼ੀ ਸੁਰਖ਼ੀਆਂ 'ਚ ਛਾਈ ਰਹੀ। 5 ਜਨਵਰੀ ਨੂੰ ਪਟਿਆਲਾ ਪੁਲਿਸ ਨੇ ਕਲਾਕਾਰ ਸ਼੍ਰੀ ਬਰਾੜ ਨੂੰ ਗੀਤਾਂ 'ਚ ਹਥਿਆਰਾਂ ਨੂੰ ਪ੍ਰਮੋਟ ਕਰਨ ਦੇ ਦੋਸ਼ ਲਾ ਕੇ ਗ੍ਰਿਫ਼ਤਾਰ ਕੀਤਾ ਸੀ, ਜਿਸ ਨੂੰ 7 ਦਿਨ ਹਿਰਾਸਤ 'ਚ ਰੱਖਣ ਤੋਂ ਬਾਅਦ ਸ਼੍ਰੀ ਬਰਾੜ ਨੂੰ 13 ਜਨਵਰੀ ਨੂੰ ਜ਼ਮਾਨਤ ਮਿਲੀ। ਇਸ ਦੇ ਨਾਲ ਹੀ ਅਦਾਲਤ ਤੋਂ ਜ਼ਮਾਨਤ ਮਿਲਣ 'ਤੇ ਬਾਹਰ ਆਉਂਦੇ ਹੀ ਸ਼੍ਰੀ ਬਰਾੜ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਇਕ ਵੀਡੀਓ ਸ਼ੇਅਰ ਕੀਤਾ। ਇਸ ਵੀਡੀਓ ਨੂੰ ਸ਼ੇਅਰ ਕਰਦਿਆਂ ਕਲਾਕਾਰ ਸ਼੍ਰੀ ਬਰਾੜ ਨੇ ਹਥਿਆਰਾਂ ਵਾਲੇ ਗੀਤਾਂ ਤੋਂ ਤੌਬਾ ਕਰ ਲਈ ਹੈ। ਵੀਡੀਓ ਵਿਚ ਉਨਾਂ ਨੇ ਕਿਹਾ ਕਿ ਮੈਂ ਆਪਣੀ ਗ਼ਲਤੀ ਮੰਨਦਾ ਕਿ ਮੈਂ ਅਜਿਹਾ ਗੀਤ ਬਣਾਇਆ ਅਤੇ ਅੱਜ ਤੋਂ ਬਾਅਦ ਅਜਿਹਾ ਕੋਈ ਗੀਤ ਨਹੀਂ ਕਰਾਂਗਾ, ਜਿਸ ਵਿਚ ਗੰਨ ਕਲਚਰ ਨੂੰ ਪ੍ਰਮੋਟ ਕੀਤਾ ਹੋਵੇ। ਦੱਸਣਯੋਗ ਹੈ ਕਿ ਜਦੋਂ ਸ਼੍ਰੀ ਬਰਾੜ ਦੀ ਗ੍ਰਿਫ਼ਤਾਰੀ ਹੋਈ ਤਾਂ ਪੰਜਾਬੀ ਇੰਡਸਟਰੀ ਵਿਚੋਂ ਰਣਜੀਤ ਬਾਵਾ, ਮਨਕੀਰਤ ਔਲਖ, ਬੱਬੂ ਮਾਨ, ਐਮੀ ਵਿਰਕ ਤੇ ਇੰਦਰਜੀਤ ਨਿੱਕੂ ਵਰਗੇ ਕਲਾਕਾਰ ਸ਼੍ਰੀ ਬਰਾੜ ਦੇ ਹੱਕ 'ਚ ਖੜੇ ਹੋਏ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Quomantry AMRITSAR TIMES

20 ਜਨਵਰੀ 2021 ਤੋਂ 26 ਜਨਵਰੀ 2021

# ਕਿਸਾਨੀ ਸੰਘਰਸ਼: 'ਸ਼ਬਦਾਂ' ਦਾ ਬਿਰਤਾਂਤ ਵੀ ਤੋੜਿਆ ਜਾਵੇ

ਮੌਜੂਦਾ ਕਿਸਾਨੀ ਸੰਗਰਸ਼ ਦੀ ਵੱਡੀ ਪ੍ਰਾਪਤੀ ਅਤੇ ਖੂਬਸੂਰਤੀ ਇਹ ਹੈ ਕਿ ਇਸ ਸੰਘਰਸ਼ ਦੀ ਅਸਲ ਅਗਵਾਈ ਸੰਗਤ ਕਰਦੀ ਆ ਰਹੀ ਹੈ ਅਤੇ ਹੁਣ ਤੱਕ ਸਰਕਾਰ ਵੱਲੋਂ ਆਪਣੇ ਬਿਰਤਾਂਤ ਸਿਰਜਣ ਦੇ ਸਾਰੇ ਯਤਨ ਸੰਗਤ ਨੇ ਢਹਿ-ਢੇਰੀ ਕਰ ਦਿੱਤੇ ਹਨ ਪਰ ਕੁਝ ਬਿਰਤਾਂਤ ਅਜਿਹੇ ਹੁੰਦੇ ਹਨ ਜਿਹੜੇ ਸਹਿਜੇ ਸਾਡੀ ਪਕੜ 'ਚ ਨਹੀਂ ਆਉਂਦੇ, ਅਜਿਹੇ ਬਿਰਤਾਂਤ ਕਈ ਵਾਰ ਦਿਸਦੇ ਅਤੇ ਸੌਖੇ ਰੂਪ 'ਚ ਸਮਝ ਆਉਣ ਵਾਲੇ ਬਿਰਤਾਂਤਾਂ ਤੋਂ ਵੀ ਜਿਆਦਾ ਖਤਰਨਾਕ ਹੁੰਦੇ ਹਨ। ਅਹਿਮ ਗੱਲ ਇਹ ਹੈ ਕਿ ਇਸ ਤਰ੍ਹਾਂ ਦੇ ਬਿਰਤਾਂਤ ਸ਼ਬਦਾਂ ਰਾਹੀਂ ਸਿਰਜੇ ਜਾਂਦੇ ਹਨ ਜਿਹੜੇ ਸਰਕਾਰਾਂ ਨੂੰ ਤਾਂ ਰਾਸ ਆਉਂਦੇ ਹੀ ਹਨ ਸਗੋਂ ਸਾਨੂੰ ਵੀ ਇਕ ਤਰ੍ਹਾਂ ਦੀ ਤਸੱਲੀ ਦੇਣ ਦਾ ਕੰਮ ਕਰ ਰਹੇ ਹੁੰਦੇ ਹਨ ਜਿਹੜੀ ਉਸ ਵਕਤ ਸਾਡੇ ਸ਼ਬਦਾਂ ਪਿੱਛੇ ਪਏ ਡਰ ਨੂੰ ਖਤਮ ਕਰਨ ਦਾ ਵਹਿਮ ਪਾਲ ਰਹੀ ਹੁੰਦੀ ਹੈ ਜੋ ਭਵਿੱਖ ਵਿੱਚ ਸਾਨੂੰ ਹੋਰ ਡਰੂ ਬਣਾਉਣ ਵਿੱਚ ਸਹਾਈ ਹੁੰਦੀ ਹੈ। ਇਸ ਤਰ੍ਹਾਂ ਦੇ ਬਿਰਤਾਂਤ ਦੇ ਪੱਖ 'ਚ ਖੜਨ ਵਾਲੇ ਜਰੂਰੀ ਨਹੀਂ ਕਿ ਬੇਈਮਾਨ ਹੀ ਹੋਣ ਸਗੋਂ ਇਮਾਨਦਾਰ ਬੰਦੇ ਵੀ ਕਈ ਵਾਰ ਇਸਦੀ ਲਪੇਟ 'ਚ ਆ ਜਾਂਦੇ ਹਨ। ਸੰਘਰਸ਼ ਦੇ ਮੌਜੂਦਾ ਪੜਾਅ ਉੱਤੇ 26 ਜਨਵਰੀ ਨੂੰ ਹੋਣ ਵਾਲੀ ਟ੍ਰੈਕਟਰ ਪਰੇਡ ਨੂੰ ਲੈ ਕੇ ਬਹੁਤ ਚਰਚਾ ਚੱਲ ਰਹੀ ਹੈ, ਪਿੰਡਾਂ-ਸ਼ਹਿਰਾਂ ਵਿੱਚ ਲੋਕ ਆਪਣੇ ਟ੍ਰੈਕਟਰ ਤਿਆਰ ਕਰ ਰਹੇ ਹਨ ਅਤੇ ਕਿਸਾਨ ਯੂਨੀਅਨਾਂ ਦੇ ਆਗੂ ਵੀ ਇਸ ਸਬੰਧੀ ਸਰਕਾਰ ਨਾਲ ਗੱਲਬਾਤ ਵਿੱਚ ਹਨ ਅਤੇ ਵੱਖ ਵੱਖ ਮੰਚਾਂ ਉੱਤੋਂ ਲਗਾਤਾਰ ਸੰਗਤ ਨੂੰ ਸੰਬੋਧਨ ਹੋ ਰਹੇ ਹਨ। ਕਾਫੀ ਸਮੇਂ ਤੋਂ ਕਿਸਾਨ ਯੂਨੀਅਨਾਂ ਦੇ ਕੁਝ ਆਗੂਆਂ ਵੱਲੋਂ ਇਹ ਗੱਲ ਦੁਹਰਾਈ ਅਤੇ ਪ੍ਰਚਾਰੀ ਜਾ ਰਹੀ ਹੈ ਕਿ ਹਿੰਸਕ ਨਾ ਹੋਇਓ, ਇਹ ਗੱਲ ਵਾਰ ਵਾਰ ਲੋਕਾਂ ਨੂੰ ਹੀ ਕਹੀ ਜਾ ਰਹੀ ਹੈ ਸਰਕਾਰ ਨੂੰ ਨਹੀਂ ਜਦੋਂ ਕਿ ਹਜੇ ਤੱਕ ਹਿੰਸਕ (ਪਾਣੀ ਦੀਆਂ ਬੁਛਾੜਾਂ, ਅੱਥਰੂ ਗੈਸ ਦੇ ਗੋਲੇ ਆਦਿ) ਰਵਈਆ ਸਰਕਾਰ ਨੇ ਹੀ ਅਪਣਾਇਆ ਹੈ ਲੋਕਾਂ ਨੇ ਨਹੀਂ। ਇਹ ਗੱਲ ਵਿਚਾਰ ਦੀ ਮੰਗ ਕਰਦੀ ਹੈ ਕਿ ਸਰਕਾਰ ਦੀ ਥਾਂ ਲੋਕਾਂ ਨੂੰ ਇਹ ਗੱਲ ਕਹਿਣੀ ਕਿੰਨੀ ਕੁ ਸਹੀ ਹੈ ਅਤੇ ਇਸਦੇ ਕੀ ਅਰਥ ਬਣਦੇ ਹਨ।

ਹੁਣ ਤੱਕ ਦੇ ਸੰਘਰਸ਼ ਵਿਚੋਂ ਇਹ ਗੱਲ ਸਪੱਸ਼ਟ ਰੂਪ ਵਿੱਚ ਸਾਹਮਣੇ ਆਈ ਹੈ ਕਿ ਲੋਕ ਬਹੁਤ ਜ਼ਾਬਤੇ ਵਿੱਚ ਰਹਿ ਕੇ ਆਪਣੇ ਅਮਲ ਕਰ ਰਹੇ ਹਨ, ਹੁਣ ਤੱਕ ਕੋਈ ਵੀ ਕਾਰਵਾਈ ਇਸ ਤਰ੍ਹਾਂ ਦੀ ਨਹੀਂ ਹੋਈ ਜਿਸ ਨਾਲ ਪੰਜਾਬ ਦੇ ਕਿਰਦਾਰ ਉੱਤੇ ਕੋਈ ਸਵਾਲੀਆ ਚਿੰਨ੍ਹ ਲਗਦਾ ਹੋਵੇ ਅਤੇ ਦੂਸਰੇ ਪਾਸੇ ਸਰਕਾਰ ਦਾ ਇਸ ਸੰਘਰਸ਼ ਪ੍ਰਤੀ ਰਵਈਆ ਬਿਲੁਕਲ ਉਲਟਾ ਹੈ। ਭਾਵੇਂ ਸਰਕਾਰ ਵੱਲੋਂ ਕੋਈ ਵੀ ਸਿੱਧੇ ਰੂਪ ਵਿੱਚ ਵੱਡੀ ਗੜਬੜ ਹਾਲੀ ਨਹੀਂ ਕੀਤੀ ਪਰ ਵਾਰ ਵਾਰ ਫੌਜ ਅਤੇ ਪੁਲਸ ਦੀ ਧੌਂਸ ਵਿਖਾਉਣੀ, ਆਪਣੇ ਟ੍ਰੈਕਟਰ ਟਰਾਲੀਆਂ ਉੱਤੇ ਦਿੱਲੀ ਵੱਲ ਨੂੰ ਆਉਂਦੇ ਕਿਸਾਨਾਂ ਦਾ ਵੱਡੀਆਂ ਵੱਡੀਆਂ ਰੋਕਾਂ ਨਾਲ ਸਵਾਗਤ ਕਰਨਾ, ਹੁਣ ਵੀ ਵਾਰ ਵਾਰ ਮੋਰਚਿਆਂ ਉੱਤੇ ਬੈਠੀ ਸੰਗਤ ਨੂੰ ਅਤੇ ਮੀਟਿੰਗ ਕਰਨ ਗਏ ਕਿਸਾਨ ਆਗੂਆਂ ਨੂੰ ਆਪਣੀ ਤਾਕਤ ਦਾ ਪ੍ਰਗਟਾਵਾ ਕਰਨਾ ਆਦਿ। ਅਸੀਂ ਜਾਣਦੇ ਹਾਂ ਕਿ ਪੰਜਾਬ ਗੁਰਾਂ ਦੇ ਨਾਮ 'ਤੇ ਵੱਸਦਾ ਹੈ, ਇਹ ਦਰਵੇਸ਼ਾਂ ਅਤੇ ਪਾਤਸ਼ਾਹਾਂ ਦਾ ਦੇਸ਼ ਹੈ। ਦਿੱਲੀ ਤਖਤ ਸਾਮਰਾਜੀ ਹੈ, ਆਪਣੀ ਜਿੱਦ ਸਿਰਫ ਤਾਕਤ ਨਾਲ ਹੀ ਹਾਸਲ ਕਰਨ ਦਾ ਹਾਮੀ ਹੈ, ਸਾਰੀਆਂ ਵੱਖਰੀਆਂ ਪਹਿਚਾਣਾਂ ਨੂੰ ਖਤਮ ਕਰ ਕੇ ਇੱਕੋ ਨੇਸ਼ਨ ਬਣਾਉਣ ਲਈ ਹਰ ਸੰਭਵ ਸਾਧਨ ਦੀ ਵਰਤੋਂ ਕਰ ਰਿਹਾ ਹੈ, ਇਹ ਸਭ ਬਿਪਰ-ਸੰਸਕਾਰ ਵਿੱਚੋਂ ਹੀ ਉਪਜਿਆ ਹੈ। ਸਿੱਖ ਸਭਿਆਚਾਰ 'ਚ ਜੰਮਣ-ਪਲਣ ਵਾਲਾ ਸ਼ਖਸੀ ਤੌਰ ਉੱਤੇ ਭਾਵੇਂ ਕੋਈ ਬਹੁਤੇ ਉੱਚੇ ਕਿਰਦਾਰ ਵਾਲਾ ਨਾ ਵੀ ਹੋਵੇ ਪਰ ਸਮੂਹਿਕ ਅਮਲ 'ਚ ਸਿੱਖ ਉੱਚਾ ਕਿਰਦਾਰ ਹੀ ਰਖਦੇ ਹਨ ਅਤੇ ਬਿਪਰਵਾਦੀ ਸਭਿਆਚਾਰ 'ਚ ਜੰਮਣ-ਪਲਣ ਵਾਲਾ ਸ਼ਖਸੀ ਤੌਰ ਉੱਤੇ ਵਧੀਆ ਬੰਦਾ ਵੀ ਹੋਵੇ ਤਾਂ ਵੀ ਸਮੂਹਿਕ ਅਮਲ 'ਚ ਬਿਪਰ ਮਾਨਸਿਕਤਾ ਨੀਵੇ ਦਰਜੇ 'ਤੇ ਗਿਰ ਜਾਣ ਦਾ ਰੁਝਾਨ ਰੱਖਦੀ ਹੈ ਤਾਂ ਹੀ ਸਿੱਖਾਂ ਵੱਲੋਂ ਕਦੀ ਸਮੂਹਿਕ ਕਤਲੇਆਮ, ਸਮੂਹਿਕ ਬਲਾਤਕਾਰ ਜਾਂ ਸਮੂਹਿਕ ਲੁੱਟ ਨਹੀ ਕੀਤੀ ਗਈ। ਦੂਜੇ ਪਾਸੇ, ਸਮੂਹਿਕ ਵਰਤਾਰਿਆਂ ਵਿੱਚ ਇਹ ਦੇਖਣ ਨੂੰ ਮਿਲਿਆ ਹੈ ਕਿ ਆਮ ਤੌਰ 'ਤੇ ਚੰਗਾ ਵਤੀਰਾ ਰੱਖਣ ਵਾਲੀ ਬਿਪਰ ਮਾਨਸਿਕਤਾ ਵੀ ਸਮੂਹਿਕ ਕਤਲੇਆਮ 'ਚ ਸਰਗਰਮ ਹੋ ਜਾਂਦੀ ਹੈ, ਘਰ ਵਿਚ ਚੁੱਲੇ ਨੂੰ ਅੱਗ ਲਾਉਣ ਤੋਂ ਕਤਰਾਉਣ ਵਾਲੇ ਨੇ ਵੀ ਕਿਸੇ ਦੇ ਗਲ 'ਚ ਟਾਇਰ ਪਾ ਕੇ ਅੱਗ ਲਾਉਣ ਤੋਂ ਸੰਕੋਚ ਨਹੀ ਕੀਤਾ। ਇਸ ਤੋਂ ਸਾਫ ਝਲਕਦਾ ਹੈ ਕਿ ਦਿੱਲੀ ਤਖਤ ਅਤੇ ਪੰਜਾਬ ਦੇ ਕਿਰਦਾਰ ਵਿੱਚ ਜਮੀਨ ਅਸਮਾਨ ਦਾ ਫਰਕ ਹੈ।

ਸਰਕਾਰ ਦੇ ਨੁਮਾਇੰਦਿਆਂ ਵੱਲੋਂ ਤਾਂ 26 ਜਨਵਰੀ ਦੀ ਪ੍ਰੇਡ ਲਈ ਪੰਜਾਬ ਦੇ ਕਿਸਾਨਾਂ ਲਈ ਕੋਈ ਵੀ ਅਜਿਹਾ ਸ਼ਬਦ ਨਹੀਂ ਵਰਤਿਆ ਜਾ ਰਿਹਾ ਪਰ ਕਿਸਾਨ ਆਗੂਆਂ ਵੱਲੋਂ ਲੋਕਾਂ ਨੂੰ ਅਜਿਹੇ ਸ਼ਬਦਾਂ ਨਾਲ ਸੰਬੋਧਨ ਹੋਣਾ ਪੰਜਾਬ ਦੇ ਲੋਕਾਂ ਦੀ ਬੇਇਜ਼ਤੀ ਦੇ ਤੁੱਲ ਹੈ, ਇਹ ਬਿਲਕੁਲ ਉਸ ਤਰ੍ਹਾਂ ਦੀ ਗੱਲ ਹੈ ਜਿਵੇਂ ਕਿਸੇ ਨੂੰ ਵਾਰ ਵਾਰ ਇਹ ਕਿਹਾ ਜਾਵੇ ਕਿ ਚੋਰੀ ਨਾ ਕਰੀਂ, ਝੂਠ ਨਾ ਬੋਲੀਂ, ਬੇਈਮਾਨੀ ਨਾ ਕਰੀਂ। ਸ਼ਾਂਤੀ 'ਚ ਰਹਿਣ ਦੀ ਥਾਂ ਹਿੰਸਾ ਨਾ ਕਰਨ ਲਈ ਕਹੀ ਜਾਣਾ, ਇਹਨਾਂ ਦੋਵਾਂ ਗੱਲਾਂ ਵਿੱਚ ਬਹੁਤ ਫਰਕ ਹੈ। ਅਸਲ ਵਿੱਚ ਇਹ ਅਮਲ ਅਸੁਰੱਖਿਆ ਅਤੇ ਡਰ ਵਿੱਚੋਂ ਸਰਕਾਰ ਦਾ ਬਿਰਤਾਂਤ ਅਪਣਾ ਲੈਣ ਦਾ ਅਮਲ ਹੈ। ਸ਼ਬਦਾਂ ਰਾਹੀਂ ਸਾਡੇ ਅੰਦਰ ਦੀ ਅਵਸਥਾ ਬਾਹਰ ਆਉਂਦੀ ਹੈ। ਪੰਜਾਬ ਦੇ ਕਿਸਾਨ ਆਗੂਆਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਉਹ ਪੰਜਾਬ ਦੇ ਕਿਸਾਨਾਂ ਦੇ ਆਗੂ ਹਨ ਅਤੇ ਪੰਜਾਬ ਦਾ ਕਿਰਦਾਰ ਹਿੰਸਕ ਨਹੀਂ ਹੈ। ਲੀਡਰਾਂ ਦੇ ਮੁਕਾਬਲਤਨ ਪੰਜਾਬ ਦੇ ਲੋਕਾਂ ਦੇ ਅਮਲ ਵਿੱਚ ਬਿਲਕੁਲ ਵੀ ਬਚਾਅ ਪੱਖ ਹਾਵੀ ਨਹੀਂ ਹੈ। ਇਹ ਗੱਲ ਪੰਜਾਬ ਦੇ ਲੋਕਾਂ ਵੱਲੋਂ ਵਰਤੇ ਜਾ ਰਹੇ ਇਸ਼ਤਿਹਾਰ, ਬੋਲੇ ਅਤੇ ਅਮਲ ਤੋਂ ਸਾਫ ਝਲਕ ਰਹੀ ਹੈ। ਸੰਘਰਸ਼ ਦੇ ਇਸ ਪੜਾਅ ਉੱਤੇ ਕਿਸਾਨ ਆਗੂਆਂ ਨੂੰ ਇਸ ਗੱਲ ਨੂੰ ਬਹੁਤ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ ਕਿ ਲੋਕਾਂ ਦਾ ਪੂਰਾ ਸਾਥ ਉਹਨਾਂ ਨਾਲ ਹੈ, ਹੁਣ ਓਹਨਾਂ ਨੂੰ ਆਪਣੇ ਸਾਰੇ ਡਰ ਅਤੇ ਅਸੁਰੱਖਿਆ ਦੇ ਕਾਰਨ ਪਿੱਛੇ ਛੱਡ ਕੇ ਪੰਜਾਬ ਦੇ ਲੋਕਾਂ ਵਾਂਙ ਪੰਜਾਬ ਦੇ ਅਸਲ ਕਿਰਦਾਰ ਵਿੱਚ ਵਿਚਰਨਾ ਚਾਹੀਦਾ ਹੈ ਅਤੇ ਸਰਕਾਰ ਦੇ ਬਾਕੀ ਬਿਰਤਾਂਤਾਂ ਵਾਂਙ ਪੰਜਾਬ ਵਿਰੋਧੀ 'ਸ਼ਬਦਾਂ' ਬਿਰਤਾਂਤਾਂ ਨੂੰ ਅਪਨਾਉਣ ਦੀ ਥਾਂ ਤੋੜਨਾ ਚਾਹੀਦਾ ਹੈ।

# ਕਿਸਾਨੀ ਅੰਦੋਲਨ ਜੁਝਾਰੂ ਕਿਰਤੀ ਲੋਕਾਂ ਦਾ ਅੰਦੋਲਨ





**- ਅਰੁੰਧਤੀ ਰੋਇ**

**ਦਿੱਲੀ ਵਿਚ ਟਿੱਕਰੀ ਬਾਰਡਰ ਤੋਂ ਸੰਬੋਧਨ**

ਮੈਨੂੰ ਇੱਥੇ ਬਹੁਤ ਪਹਿਲਾਂ ਆਉਣਾ ਚਾਹੀਦਾ ਸੀ ਪਰ ਮੈਂ ਇਸ ਲਈ ਨਹੀਂ ਆਈ ਤਾਂ ਕਿ ਮੋਦੀ ਸਰਕਾਰ ਤੁਹਾਨੂੰ ਮੇਰੇ ਕਾਰਣ ਕੋਈ ਨਾਮ ਨਾ ਦੇਕੇ ਬਦਨਾਮ ਨਾ ਕਰੇ। ਤੁਹਾਨੂੰ ਅੱਤਵਾਦੀ, ਨਕਸਲ ਜਾਂ ਮਾਓਵਾਦੀ ਨਾ ਆਖੇਹ। ਇਹ ਮੇਰੇ ਨਾਲ ਪਹਿਲਾਂ ਵੀ ਬਹੁਤ ਵਾਰ ਹੋਇਆ ਹੈ। ਮੈਂ ਨਹੀਂ ਚਾਹੁੰਦੀ ਸੀ ਕਿ ਜੋ ਮੈਨੂੰ ਕਿਹਾ ਗਿਆ , ਉਹ ਤੁਹਾਨੂੰ ਵੀ ਕਿਹਾ ਜਾਵੇ, ਜਿਵੇਂ ਟੁਕੜੇ ਟੁਕੜੇ ਗੈਂਗ, ਖਾਨ ਮਾਰਕੀਟ ਗੈਂਗ, ਮਾਓਵਾਦੀ ਆਦਿ। ਮੈਂ ਨਹੀਂ ਚਾਹੁੰਦੀ ਸੀ ਕਿ ਇਹ ਨਾਮ ਦਰਬਾਰੀ ਮਨੂ ਮੀਡੀਆ ਦੁਆਰਾ ਤੁਹਾਡੇ 'ਤੇ ਇਹ ਨਾਮ ਨਾ ਥੋਪੇ ਜਾਣ । ਪਰ ਉਨਾਂ ਨੇ ਤੁਹਾਡਾ ਪਹਿਲਾਂ ਹੀ ਨਾਮਕਰਨ ਕਰ ਦਿਤਾ ਹੈ, ਖਾਲਿਸਤਾਨੀ ਤੇ ਨਕਸਲਵਾਦੀ। ਤੁਹਾਨੂੰ ਇਸ ਲਈ ਮੁਬਾਰਕਾਂ।

ਮੈਂ ਇਹ ਗਲ ਯਕੀਨ ਨਾਲ ਕਹਿੰਦੀ ਹਾਂ ਕਿ ਇਸ ਅੰਦੋਲਨ ਨੂੰ ਹਰਾਇਆ ਨਹੀਂ ਜਾ ਸਕਦਾ, ਕਿਉਂਕਿ ਇਹ ਮਿਹਨਤੀ, ਕਿਰਤੀ ਤੇ ਜਿੰਦਾ ਦਿਲ ਲੋਕਾਂ ਦੀ ਇੱਕ ਲਹਿਰ ਹੈ। ਤੁਸੀਂ ਹਾਰ ਨਹੀਂ ਸਕਦੇ। ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਪੂਰੇ ਦੇਸ਼ ਨੂੰ ਤੁਹਾਡੇ ਤੋਂ ਉਮੀਦਾਂ ਹਨ। ਸਾਰਾ ਦੇਸ਼ ਵੇਖ ਰਿਹਾ ਹੈ ਕਿ ਜੂਝਨ ਵਾਲੇ ਦਿੱਲੀ ਤਕ ਪਹੁੰਚ ਗਏ ਹਨ ਅਤੇ ਇਹ ਲੋਕ ਹਾਰਨ ਵਾਲੇ ਨਹੀਂ ਹਨ । ਇਕ ਵਾਰ ਫਿਰ ਤੁਹਾਨੂੰ ਸਭ ਨੂੰ ਇਸ ਲਈ ਮੁਬਾਰਕਾਂ। ਮੇਰੇ ਕੋਲ ਬਹੁਤ ਸਾਰੇ ਲੋਕਾਂ ਦੇ ਸਾਹਮਣੇ ਬੋਲਣ ਦਾ ਤਜਰਬਾ ਨਹੀਂ ਹੈ, ਫਿਰ ਵੀ ਮੈਂ ਇਹ ਕਹਿਣਾ ਚਾਹਾਂਗੀ ਕਿ ਅਸੀਂ ਪਿਛਲੇ 20 ਸਾਲਾਂ ਤੋਂ ਜੋ ਵੀ ਲਿਖ ਰਹੇ ਸੀ , ਅਸੀਂ ਅਖਬਾਰਾਂ ਅਤੇ ਕਿਤਾਬਾਂ ਵਿਚ ਪੜ ਰਹੇ ਸੀ , ਇਸ ਕਿਸਾਨੀ ਲਹਿਰ ਨੇ ਇਸ ਨੂੰ ਜ਼ਮੀਨੀ ਹਕੀਕਤ ਬਣਾ ਦਿੱਤਾ ਹੈ। ਇਸ ਅੰਦੋਲਨ ਨੇ ਇਸ ਦੇਸ਼ ਦੇ ਹਰ ਆਦਮੀ, ਹਰ ਔਰਤ ਨੂੰ ਸਮਝਾਇਆ ਹੈ ਕਿ ਇਸ ਦੇਸ਼ ਵਿਚ ਕੀ ਵਾਪਰ ਰਿਹਾ ਹੈ। ਹਰ ਚੋਣ ਤੋਂ ਪਹਿਲਾਂ, ਇਹ ਲੋਕ ਤੁਹਾਡੇ ਨਾਲ ਖੜੇ ਹੁੰਦੇ ਹਨ, ਤੁਹਾਡੇ ਤੋਂ ਵੋਟਾਂ ਮੰਗਦੇ ਹਨ ਅਤੇ ਚੋਣਾਂ ਦੇ ਖਤਮ ਹੁੰਦੇ ਹੀ ਉਹ ਸਿੱਧੇ ਅੰਬਾਨੀ, ਅਡਾਨੀ, ਪਤੰਜਲੀ ਅਤੇ ਬਾਹਰਲੀਆਂ ਵੱਡੀਆਂ ਕੰਪਨੀਆਂ ਦੀ ਝੋਲੀ ਵਿਚ ਬੈਠ ਜਾਂਦੇ ਹਨ।

ਜੇ ਅਸੀਂ ਇਸ ਦੇਸ਼ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਬ੍ਰਿਟਿਸ਼ ਹਕੂਮਤ ਤੋਂ ਆਜ਼ਾਦੀ ਲੈਣ ਤੋਂ ਬਾਅਦ ਇਸ ਦੇਸ਼ ਵਿਚ ਕਿੰਨੀਆਂ ਲਹਿਰਾਂ ਲੜੀਆਂ ਜਾ ਰਹੀਆਂ ਸਨ। 60 ਦੇ ਦਹਾਕੇ ਵਿੱਚ, ਲੋਕ ਮਜ਼ਦੂਰਾਂ ਦੇ ਹੱਕਾਂ ਲਈ ਜ਼ਿਮੀਂਦਾਰੀ ਨੂੰ ਖਤਮ ਕਰਨ ਲਈ ਅੰਦੋਲਨ ਕਰ ਰਹੇ ਸਨ। ਪਰ ਇਹ ਸਾਰੀਆਂ ਲਹਿਰਾਂ ਆਪਣੀਆਂ ਸਰਕਾਰਾਂ ਵਲੋਂ ਕੁਚਲ ਦਿੱਤੀਆਂ ਗਈਆਂ।

80ਵਿਆਂ ਅਤੇ ਇਸ ਤੋਂ ਅੱਗੇ ਕਿਰਤੀ ਲੋਕਾਂ ਦੇ ਹੱਕਾਂ ਲਈ ਲੜਾਈ ਲੜੀ ਹੀ ਨਹੀਂ ਗਈ। ਹਾਲਾਂਕਿ ਕਿਰਤੀ ਤੇ ਮਜਦੂਰਾਂ ਦਾ ਉਜਾੜਾ ਹੋਇਆ। ਅੱਜ ਤੁਹਾਡੇ ਨਾਲ ਜੋ ਹੋ ਰਿਹਾ ਹੈ ਜਾਂ ਹੋਣ ਵਾਲਾ ਹੈ ਉਹ ਜੋ ਅੱਜ ਸਾਡੇ ਨਾਲ ਵਾਪਰ ਰਿਹਾ ਹੈ ਜਾਂ ਵਾਪਰਨ ਜਾ ਰਿਹਾ ਹੈ, ਉਹ ਆਦਿਵਾਸੀਆਂ ਨਾਲ ਬਹੁਤ ਪਹਿਲਾਂ ਸ਼ੁਰੂ ਹੋ ਗਿਆ ਸੀ । ਬਸਤਰ ਵਿਚ ਨਕਸਲੀ ਅਤੇ ਮਾਓਵਾਦੀ ਕੀ ਕਰ ਰਹੇ ਹਨ, ਉਹ ਕਿਉਂ ਲੜ ਰਹੇ ਹਨ? ਉਹ ਇਸ ਲਈ ਲੜ ਰਹੇ ਹਨ, ਕਿਉਂਕਿ ਆਦਿਵਾਸੀਆਂ ਦੀਆਂ ਜ਼ਮੀਨਾਂ ਅਤੇ ਉਨਾਂ ਦੇ ਪਹਾੜ ਅਤੇ ਨਦੀਆਂ ਵੱਡੀਆਂ ਕੰਪਨੀਆਂ ਨੂੰ ਦਿੱਤੀਆਂ ਜਾ ਰਹੀਆਂ ਹਨ। ਉਨਾਂ ਦੇ ਘਰ ਫੂਕੇ ਗਏ ਹਨ। ਉਨਾਂ ਨੂੰ ਉਨਾਂ ਦੇ ਆਪਣੇ ਪਿੰਡਾਂ ਵਿੱਚੋਂ ਬਾਹਰ ਕੱਢ ਦਿੱਤਾ ਗਿਆ। ਪਿੰਡਾਂ ਦੇ ਪਿੰਡ ਖ਼ਤਮ ਕਰ ਦਿੱਤੇ ਗਏ, ਜਿਵੇਂ ਨਰਮਦਾ ਦੀ ਲੜਾਈ ਸੀ।

ਹੁਣ ਉਹ ਵੱਡੇ ਕਿਸਾਨਾਂ ਨਾਲ ਵੀ ਇਹੀ ਸਰਕਾਰੀ ਖੇਡ ਖੇਡੀ ਜਾ ਰਹੀ ਹੈ। ਅੱਜ ਦੇਸ਼ ਦੇ ਕਿਸਾਨ ਵੀ ਇਸ ਅੰਦੋਲਨ ਵਿਚ ਸ਼ਾਮਲ ਹਨ ਅਤੇ ਮਜ਼ਦੂਰ ਵੀ। ਇਸ ਅੰਦੋਲਨ ਨੇ ਦੇਸ਼ ਨੂੰ ਏਕਤਾ ਦੇ ਅਰਥ ਸਮਝਾਏ ਹਨ। ਇਹ ਸਰਕਾਰ ਸਿਰਫ ਦੋ ਕੰਮ ਸਹੀ ਢੰਗ ਨਾਲ ਕਰਨਾ ਜਾਣਦੀ ਹੈ ਕਿ ਇਕ ਲੋਕਾਂ ਨੂੰ ਵੰਡਣਾ ਕਿਵੇਂ ਹੈ ਅਤੇ ਫਿਰ ਉਹਨਾਂ ਨੂੰ ਵੰਡਕੇ ਸਟੇਟ ਦੇ ਡੰਡੇ ਨਾਲ ਕੁਚਲਣਾ ਕਿਵੇਂ ਹੈ। ਇਸ ਲਹਿਰ ਨੂੰ ਤੋੜਨ, ਵੰਡਣ ਅਤੇ ਖਰੀਦਣ ਲਈ ਬਹੁਤ ਸਾਰੇ ਯਤਨ ਕੀਤੇ ਜਾ ਰਹੇ ਹਨ। ਪਰ ਅਜਿਹਾ ਨਹੀਂ ਹੋ ਸਕੇਗਾ ।

ਸਰਕਾਰ ਨੇ ਸਾਫ਼ ਤੌਰ 'ਤੇ ਕਿਹਾ ਹੈ ਕਿ ਕਾਨੂੰਨ ਵਾਪਸ ਨਹੀਂ ਲਏ ਜਾਣਗੇ ਅਤੇ ਤੁਸੀਂ ਇਹ ਵੀ ਸਾਫ ਕਰ ਦਿੱਤਾ ਹੈ ਕਿ ਤੁਸੀਂ ਵਾਪਸ ਨਹੀਂ ਜਾਓਗੇ। ਅੱਗੇ ਕੀ ਹੋਵੇਗਾ, ਇਹ ਕਿਵੇਂ ਹੋਵੇਗਾ-ਸਾਨੂੰ ਇਹ ਵੇਖਣਾ ਹੋਵੇਗਾ। ਪਰ ਬਹੁਤ ਸਾਰੇ ਲੋਕ ਤੁਹਾਡੇ ਨਾਲ ਹਨ। ਇਹ ਲੜਾਈ ਸਿਰਫ ਕਿਸਾਨਾਂ ਦੀ ਲੜਾਈ ਨਹੀਂ ਹੈ। ਸਮੁਚੇ ਦੇਸ਼ ਦੇ ਲੋਕਾਂ ਦਾ ਯੁੱਧ ਹੈ। ਸਰਕਾਰ ਇਸ ਨੂੰ ਪਸੰਦ ਕਰਦੀ ਹੈ ਜਦੋਂ ਔਰਤਾਂ, ਔਰਤਾਂ ਦੇ ਲਈ ਲੜਦੀਆਂ ਹਨ; ਦਲਿਤ ਦਲਿਤਾਂ ਲਈ ਲੜਦੇ ਹਨ; ਕਿਸਾਨ ਕਿਸਾਨਾਂ ਲਈ ਲੜਦੇ ਹਨ, ਮਜ਼ਦੂਰ ਮਜਦੂਰਾਂ ਲਈ ਲੜਦੇ ਹਨ। ਸਰਕਾਰ ਚੰਗੀ ਮਹਿਸੂਸ ਕਰਦੀ ਹੈ, ਕਿਉਂਕ ਇਹ ਅੰਦੋਲਨ ਵਿਸ਼ਾਲ ਲੋਕ ਲਹਿਰ ਵਿਚ ਨਹੀਂ ਬਦਲ ਸਕਦੇ। ਜਦੋਂ ਸਾਰੇ ਇਕੱਠੇ ਹੁੰਦੇ ਹਨ ਤਾਂ ਸਟੇਟ ਲਈ ਇੱਕ ਬਹੁਤ ਵੱਡਾ ਖ਼ਤਰਾ ਪੈਦਾ ਹੁੰਦਾ ਹੈ। ਇਸ ਤਰਾਂ ਦੀ ਲਹਿਰ ਦੁਨੀਆ ਵਿੱਚ ਕਿਤੇ ਵੀ ਨਹੀਂ ਦਿਖ ਰਹੀ , ਜਿਵੇਂ ਤੁਸੀਂ ਪੈਦਾ ਕੀਤੀ ਹੈ। ਇਸ ਕਰਕੇ ਤੁਸੀਂ ਸਾਰੇ ਇਸ ਲਈ ਵਧਾਈ ਦੇ ਪਾਤਰ ਹੋ। ਉਨਾਂ ਕੋਲ ਨਾ ਸਿਰਫ ਅੰਬਾਨੀ, ਅਡਾਨੀ ਜਾਂ ਪਤੰਜਲੀ ਹੈ, ਬਲਕਿ ਉਨਾਂ ਕੋਲ ਇਸ ਤੋਂ ਵੀ ਜਖ਼ਿਤਰਨਾਕ ਚੀਜ਼ ਹੈ ਅਤੇ ਇਹ ਗੋਦੀ ਮੀਡੀਆ ਹੈ।

ਇਕੱਲੇ ਅੰਬਾਨੀ ਦੇ 27 ਮੀਡੀਆ ਚੈਨਲ ਹਨ। ਉਹ ਸਾਨੂੰ ਖ਼ਬਰ ਨਹੀਂ ਦਿੰਦੇ, ਸਰਕਾਰੀ ਕੂੜ ਪ੍ਰਚਾਰ ਤੇ ਝੂਠ ਪਰੋਸਦੇ ਹਨ। ਮੀਡੀਆ ਵਿਚ ਸਿਰਫ ਅਤੇ ਸਿਰਫ ਕਾਰਪੋਰੇਟ ਮਸ਼ਹੂਰੀ ਕਰਦੇ ਹਨ। ਉਹ ਸਾਨੂੰ ਖ਼ਬਰਾਂ ਨਹੀਂ ਦੇਂਦੇ, ਸਾਡੇ ਲਈ ਸੰਘਰਸ਼ ਕਰਨ ਵਾਲਿਆਂ ਨੂੰ ਘਟੀਆ ਨਾਮ ਦੇ ਕੇ ਬਦਨਾਮ ਕਰਦੇ ਹਨ ਤਾਂ ਜੋ ਅਸੀਂ ਆਪਣੇ ਹਕਾਂ ਲਈ ਇਕਮੁਠ ਨਾ ਹੋ ਸਕੀਏ। ਸੋ ਇਸ ਗੋਦੀ ਮੀਡੀਆ ਦੀ ਬਹੁਤ ਖਤਰਨਾਕ ਭੂਮਿਕਾ ਹੈ। ਇਸ ਦੇਸ਼ ਵਿੱਚ 400 ਤੋਂ ਵੱਧ ਚੈਨਲ ਹਨ। ਜਦੋਂ ਕੋਰੋਨਾ ਦੇਸ਼ ਆਇਆ ਤਾਂ ਇਸ ਮੀਡੀਆ ਨੇ ਮੁਸਲਮਾਨਾਂ ਨਾਲ ਕੀ ਨਹੀਂ ਕੀਤਾ? ਕਿੰਨਾ ਝੂਠ ਬੋਲਿਆ ਗਿਆ - ਕੋਰੋਨਾ ਜੇਹਾਦ , ਕੋਰੋਨਾ ਜੇਹਾਦ। ਹੁਣ ਉਹੀ ਚੀਜ਼ ਤੁਹਾਡੇ ਨਾਲ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਬਹੁਤ ਸਾਰੇ ਲੋਕ ਆਏ ਹਨ ! ਬਿਨਾ ਕਿਸੇ ਮਾਸਕ ਦੇ ਪਹੁੰਚੇ ਹਨ। ਇਸ ਕਾਰਣ ਕੋਰੋਨਾ ਵਡੀ ਮਾਤਰਾ ਵਿਚ ਫੈਲੇਗਾ।

ਇਹ ਸਰਕਾਰ ਜੋ ਵੀ ਕਾਨੂੰਨ ਲਿਆਉਂਦੀ ਹੈ, ਉਹ ਰਾਤ ਨੂੰ ਲਿਆਉਂਦੀ ਹੈ। ਅੱਧੀ ਰਾਤ ਨੂੰ ਪ੍ਰਦਰਸ਼ਨ, ਜੀਐੱਸਟੀ ਬਿਨਾਂ ਕਿਸੇ ਗੱਲਬਾਤ ਦੇ, ਤਾਲਾਬੰਦੀ ਸਿਰਫ ਚਾਰ ਘੰਟਿਆਂ ਦੇ ਨੋਟਿਸ ਤੇ ਕੀਤੀ ਗਈ ਸੀ ਅਤੇ ਬਿਨਾਂ ਕਿਸੇ ਗੱਲਬਾਤ ਦੇ ਕਿਸਾਨਾਂ ਲਈ ਕਾਨੂੰਨ ਬਣਾਏ ਗਏ ਸਨ। ਕਿਸੇ ਨਾਲ ਕੋਈ ਗੱਲਬਾਤ ਨਹੀਂ ਕੀਤੀ। ਪਹਿਲਾਂ ਆਰਡੀਨੈਂਸ ਲਿਆਂਦਾ ਗਿਆ, ਹੁਣ ਕਹਿੰਦੇ ਨੇ ਆਓ ਆਪਾਂ ਗੱਲ ਕਰੀਏ। ਸਾਰੇ ਕੰਮ ਉਲਟ ਤੇ ਗੈਰਕਨੂੰਨੀ ਤਰੀਕਿਆਂ ਨਾਲ ਕੀਤੇ ਜਾ ਰਹੇ ਹਨ। ਗੱਲਬਾਤ ਤਾਂ ਕਾਨੂੰਨ ਬਣਨ ਤੋਂ ਪਹਿਲਾਂ ਹੋਣੀ ਚਾਹੀਦੀ ਸੀ।

ਅਸੀਂ ਸਾਰੇ ਤੁਹਾਡੇ ਨਾਲ ਹਾਂ। ਅਸੀਂ ਸਭ ਨੇ ਮਿਲ ਕੇ ਲੜਨਾ ਹੈ। ਇਹ ਸਿਰਫ ਇਨਾਂ ਤਿੰਨ ਕਾਨੂੰਨਾਂ ਬਾਰੇ ਹੀ ਨਹੀਂ, ਇਹ ਇਕ ਵਿਸ਼ਾਲ ਲੜਾਈ ਹੈ। ਪਰ ਹੁਣ ਸਰਕਾਰ ਨੂੰ ਇਸ ਕਾਨੂੰਨ ਨੂੰ ਵਾਪਸ ਲੈਣਾ ਪਏਗਾ ਅਤੇ ਇਹ ਅੰਦੋਲਨ ਜਿੱਤ ਵਲ ਵਧੇਗਾ।

# ਪਰਵਾਸੀ ਸਿਖ ਲੇਖਕਾ ਰੂਪੀ ਕੌਰ ਬਣੀ ਕਿਸਾਨਾਂ ਦੇ ਹਕਾਂ ਲਈ ਡਟੀ

## ✪ 84 ਦੇ ਕਤਲੇਆਮ ਦਾ ਦਰਦ, ਰਫਿਊਜੀ ਬਣਨ ਦੀ ਪੀੜਾ ਸਹਿਣ ਵਾਲੀ ਲੇਖਕਾ ਦੇ ਇੰਸਟਾਗ੍ਰਾਮ ’ਤੇ 4.1 ਮਿਲੀਅਨ ਫੌਲੋਅਰਜ ✪ ਰੂਪੀ ਕੌਰ ਦੀਆਂ ਕਵਿਤਾਵਾਂ ਦੀਆਂ ਆ ਚੁੱਕੀਆਂ ਨੇ ਤਿੰਨ ਕਿਤਾਬਾਂ ✪ ਤੀਜੀ ਕਿਤਾਬ ਹੋਮ ਬੌਡੀ ਵਿੱਚ ਰੂਪੀ ਨੇ 1984 ਦੇ ਸਿੱਖ ਕਤਲੇਆਮ ਤੋਂ ਲੈ ਕੇ ਕੈਨੇਡਾ ਵਿੱਚ ਸਹੇ ਪਰਵਾਸੀਆਂ ਦੇ ਦਰਦ ਨੂੰ ਪੇਸ਼ ਕੀਤਾ

**ਟਰਾਂਟੋ/ਏ.ਟੀ.ਨਿਊਜ਼:** ਪੰਜਾਬ ਦੇ ਹੁਸ਼ਿਆਰਪੁਰ ਵਿੱਚ ਜੰਮੀ ਰੂਪੀ ਕੌਰ ਕੈਨੇਡਾ ਦੀ ਮਸ਼ਹੂਰ ਕਵਿੱਤਰੀ, ਲੇਖਕਾ ਅਤੇ ਇਲੈਸਟ੍ਰੇਟਰ ਹੈ। ਤੁਸੀਂ ਇਨ੍ਹਾਂ ਦੇ ਹਰਮਨ ਪਿਆਰੇ ਹੋਣ ਦਾ ਅੰਦਾਜਾ ਇਸ ਤੋਂ ਲਗਾ ਸਕਦੇ ਹੋ ਕਿ ਇੰਸਟਾਗ੍ਰਾਮ ’ਤੇ ਉਨ੍ਹਾਂ ਦੇ 4.1 ਮਿਲੀਅਨ ਫੌਲੋਅਰਜ ਹਨ। ਹੁਣ ਤੱਕ ਉਨ੍ਹਾਂ ਦੀਆਂ ਕਵਿਤਾਵਾਂ ਦੀਆਂ ਤਿੰਨ ਕਿਤਾਬਾਂ ਆ ਚੁੱਕੀਆਂ ਹਨ ਜੋ ਇੱਕ ਤੋਂ ਬਾਅਦ ਇੱਕ ਬੈਸਟਸੇਲਰ ਸਾਬਿਤ ਰਹੀਆਂ ਹਨ।

ਹਾਲ ਹੀ ਵਿੱਚ ਪ੍ਰਕਾਸ਼ਿਤ ਉਨ੍ਹਾਂ ਦੀ ਤੀਜੀ ਕਿਤਾਬ ਹੈ ਹੋਮ ਬੌਡੀ, ਜਿਸ ਵਿੱਚ ਰੂਪੀ ਕੌਰ ਨੇ ਆਪਣੇ ਘਰ ਯਾਨਿ ਭਾਰਤ ਵਿੱਚ 1984 ਦੇ ਸਿੱਖ ਕਤਲੇਆਮ ਤੋਂ ਲੈ ਕੇ ਕੈਨੇਡਾ ਵਿੱਚ ਸਹੇ ਪਰਵਾਸੀਆਂ ਦੇ ਦਰਦ ਨੂੰ ਆਪਣੇ ਸਬਦਾਂ ਵਿੱਚ ਪਰੋਇਆ ਹੈ।

ਅਤੇ ਹੁਣ ਰੂਪੀ ਦਿੱਲੀ ਵਿੱਚ ਧਰਨਾ ਦੇ ਰਹੇ ਕਿਸਾਨਾਂ ਦੀ ਆਵਾਜ ਬਣਦੀ ਵੀ ਨਜਰ ਆ ਰਹੀ ਹੈ।

**ਕਿਸਾਨਾਂ ਦਾ ਸੰਘਰਸ ’ਤੇ ਵੀ ਹੈ ਨਜਰ**

ਦਿੱਲੀ ਦੀਆਂ ਬਰੂਹਾਂ ’ਤੇ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਦੇ ਹੱਕ ਵਿੱਚ ਰੂਪੀ ਕੌਰ ਆਪਣੇ ਸੋਸਲ ਮੀਡੀਆ ਪਲੇਟਫਾਰਮ ’ਤੇ ਲਗਾਤਾਰ ਕਿਸਾਨਾਂ ਦੇ ਸਮਰਥਨ ਵਿੱਚ ਲਿਖ ਰਹੀ ਹੈ।

ਉਨ੍ਹਾਂ ਨੇ ਕਿਹਾ, “ਪੰਜਾਬ ਵਿੱਚ ਜ਼ਿਆਦਾਤਰ ਕਿਸਾਨ ਛੋਟੇ ਕਿਸਾਨ ਹਨ, ਜਿਨ੍ਹਾਂ ਕੋਲ ਬਹੁਤ ਘੱਟ ਜਮੀਨ ਹੈ। ਸਾਨੂੰ ਉਨ੍ਹਾਂ ਦੀ ਆਵਾਜ ਬਣਨਾ ਚਾਹੀਦਾ ਹੈ। ਜੇਕਰ ਅਸੀਂ ਅੱਜ ਨਹੀਂ ਬੋਲਾਂਗੇ ਤਾਂ ਵੇਲਾ ਨਿਕਲ ਜਾਵੇਗਾ। ਅਸੀਂ ਦੇਸ-ਵਿਦੇਸਾਂ ਵਿੱਚ ਬੈਠ ਕੇ ਸਭ ਦੇਖ ਰਹੇ ਹਾਂ ਅਤੇ ਆਪਣੀ ਆਵਾਜ ਚੁੱਕ ਰਹੇ ਹਾਂ। ਸਰਕਾਰ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਹ ਸਭ ਗੱਲਾਂ ਇਤਿਹਾਸ ਵਿੱਚ ਲਿਖੀਆਂ ਜਾਣਗੀਆਂ। ਕਿਸਾਨਾਂ ’ਤੇ ਪਾਣੀ ਦੀਆਂ ਬੁਛਾੜਾਂ ਅਤੇ ਹੰਝੂ ਗੈਸ ਦਾ ਇਸਤੇਮਾਲ ਲੋਕਤੰਤਰ ਦੀ ਨੀਂਹ ਨੂੰ ਕਮਜੋਰ ਕਰਨ ਵਾਲਾ ਦ੍ਰਿਸ਼ਟਾਂਤ ਹੈ।“

ਉਨ੍ਹਾਂ ਦੀਆਂ ਕਵਿਤਾਵਾਂ ਦਾ ਦਾਇਰਾ ਬਹੁਤ ਵੱਡਾ ਨਜਰ ਆਉਂਦਾ ਹੈ, ਇੱਕ ਪਾਸੇ ਉਹ ਸਮਾਜਿਕ ਮੁੱਦਿਆਂ ਅਤੇ ਭਾਈਚਾਰਕ ਮੁੱਦਿਆਂ ’ਤੇ ਲਿਖਦੀ ਹੈ ਤਾਂ ਦੂਜੇ ਪਾਸੇ ਪਿਆਰ, ਦਰਦ, ਡਿਪਰੈਸਨ ਨੂੰ ਕਵਿਤਾ ਵਿਚ ਪੇਸ਼ ਕਰਦੀ ਹੈ।

ਰੂਪੀ ਕੌਰ ਦੀ ਨਵੀਂ ਕਿਤਾਬ ਜਾਰੀ ਹੁੰਦਿਆਂ ਹੀ ਨਿਊਯਾਰਕ ਵਿੱਚ ਬੈਸਟਸੇਲਰ ਬਣ ਗਈ ਅਤੇ ਲੋਕ ਇਸ ’ਤੇ ਚਰਚਾ ਕਰਨ ਲੱਗੇ ਹਨ।

ਕੈਨੇਡਾ ਵਿੱਚ ਪਰਵਾਸੀ ਵਜੋਂ ਰਹਿਣ ਦੇ ਦਰਦ ਨੂੰ ਰੂਪੀ ਕੌਰ ਭੁੱਲੀ ਨਹੀਂ ਹੈ। ਰੂਪੀ ਦਾ ਕਹਿਣਾ ਹੈ ਕਿ ਕਿਸੇ ਨੂੰ ਮਾਈਗ੍ਰੈਂਟ, ਰਫਿਊਜੀ ਜਾਂ ਪਰਵਾਸੀ ਕਹਿੰਦਿਆਂ ਹੋਇਆ ਸਾਇਦ ਸਾਨੂੰ ਇਹ ਨਹੀਂ ਪਤਾ ਹੁੰਦਾ ਕਿ ਇਹ ਸਬਦ ਉਨ੍ਹਾਂ ਨੂੰ ਕਿੰਨੇ ਚੁੱਭਦੇ ਹਨ।“

“ਜੋ ਲੋਕ ਆਪਣੇ ਘਰਾਂ ਅਤੇ ਪਰਿਵਾਰਾਂ, ਦੋਸਤਾਂ, ਰਿਸਤੇਦਾਰਾਂ ਨੂੰ ਛੱਡ ਕੇ ਦੂਰ ਵਿਦੇਸਾਂ ਵਿੱਚ ਵਸਦੇ ਹੋਣਗੇ, ਪਤਾ ਨਹੀਂ ਉਹ ਕਿਹੋ-ਜਿਹੇ ਅਹਿਸਾਸਾਂ ਵਿੱਚੋਂ ਲੰਘਦੇ ਹੋਣਗੇ। ਖਾਸ ਕਰ ਉਦੋਂ ਜਦੋਂ ਇੰਝ ਜਾਣਾ ਉਨ੍ਹਾਂ ਦੀ ਇੱਛਾ ਨਹੀਂ ਮਜਬੂਰੀ ਰਹੀ ਹੋਵੇ।“

‘ਹੋਮ ਬੌਡੀ’ ਵਿੱਚ ਇੱਕ ਕਵਿਤਾ ਹੈ, ‘ਏ ਲਾਈਫਟਾਈਮ ਆਨ ਦਿ ਰੋਡ’। ਰੂਪੀ ਨੇ ਇਹ ਕਵਿਤਾ ਆਪਣੇ ਪਿਤਾ ’ਤੇ ਲਿਖੀ ਹੈ ਜੋ ਕੈਨੇਡਾ ਵਿੱਚ ਟਰੱਕ ਡਰਾਈਵਰ ਸਨ। ਦਿਨ-ਰਾਤ ਸੜਕਾਂ ’ਤੇ ਗੁਜਾਰਨ ਕਰਕੇ ਰੂਪੀ ਆਪਣੇ ਪਿਤਾ ਨੂੰ ਦੇਖਣ ਲਈ ਤਰਸ ਜਾਂਦੀ ਸੀ।

ਰੂਪੀ ਕੌਰ ਇਸ ਕਵਿਤਾ ਵਿੱਚ ਦੱਸਦੀ ਹੈ ਕਿ ਕਿਵੇਂ ਇੱਕ ਰਫਿਊਜੀ ਹੋਣ ਕਰਕੇ ਤੁਹਾਨੂੰ ਦੂਜਿਆਂ ਨਾਲੋਂ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ ਅਤੇ ਦੂਜਿਆਂ ਤੋਂ ਜ਼ਿਆਦਾ ਜ਼ਿੱਲਤ ਸਹਿਣੀ ਪੈਂਦੀ ਹੈ।



ਪਹਿਲੀ ਕਿਤਾਬ ਨੂੰ ਰੂਪੀ ਨੇ ਖੁਦ ਪਬਲਿਸ ਕੀਤਾ

ਆਪਣੀ ਪਹਿਲੀ ਕਿਤਾਬ ਨੂੰ ਖੁਦ ਪਬਲਿਸ ਕਰਨ ਦਾ ਕਿੱਸਾ ਵੀ ਖਾਸ ਹੈ। ਰੂਪੀ ਕੌਰ ਨੇ ਅਜੇ ਆਪਣੀ ਡਿਗਰੀ ਖਤਮ ਹੀ ਕੀਤੀ ਸੀ ਅਤੇ ਕਵਿਤਾਵਾਂ ਦੀ ਕਿਤਾਬ ਤਿਆਰ ਕਰ ਲਈ।

ਇਸ ਤੋਂ ਬਾਅਦ ਕਈ ਪਬਲਿਸਰਾਂ ਕੋਲ ਉਹ ਗਈ ਪਰ ਕੋਈ ਪ੍ਰਕਾਸਕ ਉਸ ਨੂੰ ਛਾਪਣ ਲਈ ਤਿਆਰ ਨਹੀਂ ਹੋਇਆ।

ਰੂਪੀ ਨੇ ਆਪਣੇ ਅਧਿਆਪਕਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਇੰਨੀ ਛੇਤੀ ਕੋਈ ਕਿਤਾਬ ਨਹੀਂ ਛਾਪਦਾ, ਤੁਸੀਂ ਪਹਿਲਾ ਜਨਰਲ ਜਾਂ ਮੈਗਜੀਨ ਵਿੱਚ ਆਪਣੀਆਂ ਕਵਿਤਾਵਾਂ ਭੇਜੋ। ਜਦੋਂ ਰੂਪੀ ਨੇ ਆਪਣੀਆਂ ਇੱਕ-ਇੱਕ ਕਰਕੇ ਕਵਿਤਾਵਾਂ ਨੂੰ ਕੱਢਿਆ ਅਤੇ ਵੱਖ-ਵੱਖ ਮੈਗਜੀਨਾਂ, ਅਖਬਾਰਾਂ ਅਤੇ ਜਰਨਲਸ ਵਿੱਚ ਛਪਵਾਉਣਾ ਸੁਰੂ ਕੀਤਾ ਤਾਂ ਉਸ ਨੂੰ ਲੱਗੇ ਜਿਵੇਂ ਉਹ ਤਸਵੀਰਾਂ ਦੇ ਰੰਗਾਂ ਨੂੰ ਵੱਖ-ਵੱਖ ਕਰ ਕੇ ਸੁੱਟ ਰਹੀ ਹੈ।ਤਾਂ ਬਸ ਫਿਰ ਕੀ ਸੀ, ਰੂਪੀ ਆਪਣੀ ਜ਼ਿੱਦ ’ਤੇ ਅੜ੍ਹ ਗਈ ਕਿ ਖੁਦ ਕਿਤਾਬ ਪਬਲਿਸ ਕਰਨੀ ਹੈ ਤਾਂ ਜੋ ਪੜ੍ਹਨ ਵਾਲੇ ਉਸੇ ਕ੍ਰਮ ਵਿੱਚ ਉਨ੍ਹਾਂ ਦੀਆਂ ਕਵਿਤਾਵਾਂ ਪੜ੍ਹ ਸਕਣ ਜਿਸ ਅੰਦਾਜ ਵਿੱਚ ਉਨ੍ਹਾਂ ਨੇ ਲਿਖਿਆ ਹੈ।

ਇਹ ਜੋਖਮ ਲੈਣਾ ਬੇਕਾਰ ਨਹੀਂ ਗਿਆ, ਸਾਲ 2014 ਵਿੱਚ ਛਪਣ ਤੋਂ ਬਾਅਦ ਉਨ੍ਹਾਂ ਦੀ ਕਿਤਾਬ ‘ਮਿਲਕ ਐਂਡ ਹਨੀ’ ਦੀ ਚਰਚਾ ਹਰ ਪਾਸੇ ਸੀ।

ਇਸ ਤੋਂ ਬਾਅਦ ਉਨ੍ਹਾਂ ਦੀ ਕਿਤਾਬ ‘ਦਿ ਸਨ ਐਂਡ ਹਰ ਫਲਾਵਰਸ’ 2017 ਵਿੱਚ ਆਈ ਅਤੇ ਉਸ ਨੂੰ ਵੀ ਓਨਾਂ ਹੀ ਪਿਆਰ ਮਿਲਿਆ।

ਬੀਤੇ ਛੇ ਸਾਲਾਂ ਤੋਂ ਬਾਅਦ ਰੂਪੀ ਦੇਸਾਂ-ਵਿਦੇਸਾਂ ਵਿੱਚ ਨਾ ਜਾਣੇ ਕਿੰਨੀਆਂ ਹੀ ਸਟੇਜਾਂ ’ਤੇ ਪਰਫਾਰਮ ਕਰ ਚੁੱਕੀ ਹੈ।

ਵੱਡੇ-ਵੱਡੇ ਲੋਕ ਰੂਪੀ ਕੌਰ ਦਾ ਇੰਟਰਵਿਊ ਲੈ ਚੁੱਕੇ ਹਨ, ਜਿਨ੍ਹਾਂ ਵਿੱਚ ਜਿਮੀ ਫੈਲਨ ਅਤੇ ਐਮਾ ਵਾਟਸਨ ਵਰਗੇ ਪ੍ਰੇਜੈਂਟਰ ਵੀ ਸਾਮਿਲ ਹਨ।

ਸਬਦਾਂ ਨਾਲ ਇਲੈਸਟ੍ਰੇਸਨ ਦੀ ਵਰਤੋਂ ਕਿਉਂ ?

ਰੂਪੀ ਦੀ ਕੋਈ ਵੀ ਕਿਤਾਬ ਲੈ ਲਓ, ਜ਼ਿਆਦਾਤਰ ਕਵਿਤਾਵਾਂ ਕੁਝ ਹੀ ਸਬਦਾਂ ਵਿੱਚ ਸਿਮਟੀਆਂ ਹਨ ਅਤੇ ਨਾਲ ਹੀ ਬਣਾਈ ਗਈ ਹੈ ਇਲੈਸਟ੍ਰੇਸਨ, ਜਿਵੇਂ ਕੁਝ ਹੋਰ ਸਬਦਾਂ ਨੂੰ ਨਾਲ ਜੋੜ ਰਹੀ ਹੋਵੇ।

ਇਸ ਬਾਰੇ ਰੂਪੀ ਨੇ ਦੱਸਿਆ ਕਿ ਉਬ ਮਹਿਜ ਸਾਢੇ ਤਿੰਨ ਸਾਲ ਦੀ ਸੀ ਜਦੋਂ ਉਨ੍ਹਾਂ ਦੇ ਪਰਿਵਾਰ ਨੂੰ ਪੰਜਾਬ ਤੋਂ ਕੈਨੇਡਾ ਆਉਣਾ ਪਿਆ।ਰਫਊਜੀ ਬਣਨ ਦੀ ਉਸ ਦੀ ਪੀੜਾ ਨੇ ਅਤੇ ਘਰ ਦੀਆਂ ਤਕਲੀਫਾ ਨੇ ਰੂਪੀ ਅੰਦਰ ਸਾਇਦ ਗੁੱਸਾ ਭਰ ਦਿੱਤਾ ਸੀ। ਪੰਜ ਸਾਲ ਦੀ ਜਦੋਂ ਸੀ ਤਾਂ ਉਨ੍ਹਾਂ ਦੀ ਮਾਂ ਨੇ ਪੇਂਟਿੰਗ ਬੁਰਸ਼ ਦੇ ਦਿੱਤੇ ਅਤੇ ਕਿਹਾ ਕਿ ਜੋ ਮਨ ਵਿੱਚ ਆਵੇ ਬਣਾ ਲੈ ਤਾਂ ਬਸ ਇਹ ਸਫਰ ਉਥੋਂ ਹੀ ਸੁਰੂ ਹੁੰਦਾ ਹੈ।

ਯਾਨਿ ਟੇਡੀਆਂ-ਮੇਡੀਆਂ ਲਾਇਨਾਂ ਅਤੇ ਉਨ੍ਹਾਂ ਵਿੱਚ ਭਰਿਆ ਖੁੱਲ੍ਹਾ ਜਿਹਾ ਅਹਿਸਾਸ ਜੋ ਤੁਹਾਨੂੰ ਬੰਨ੍ਹ ਨਹੀਂ ਰਿਹਾ।ਰੂਪੀ ਕੌਰ ਦੇ ਇੰਸਟਾਗ੍ਰਾਮ ਅਕਾਊਂਟ ਜਾਂ ਫੇਸਬੁੱਕ ’ਤੇ ਤੁਸੀਂ ਅਜਿਹੀਆਂ ਤਸਵੀਰਾਂ ਦੇਖ ਸਕਦੇ ਹੋ।

ਘਰ ਦੀਆਂ ਯਾਦਾਂ ਰੂਪੀ ਭੁੱਲੀ ਨਹੀਂ

ਕੈਨੇਡਾ ਵਿੱਚ ਰੂਪੀ ਬੀਤੇ 25 ਸਾਲਾਂ ਤੋਂ ਰਹਿ ਰਹੀ ਹੈ ਪਰ ਅੱਜ ਵੀ ਖੁਦ ਨੂੰ ਪੰਜਾਬ ਦਾ ਮੰਨਦੀ ਹੈ।

ਰੂਪੀ ਨੇ ਕਿਹਾ, “ਮੈਂ ਹਮੇਸਾ ਪੰਜਾਬ ਤੋਂ ਹੀ ਰਹਾਂਗੀ। ਪੰਜਾਬ ਮੇਰਾ ਘਰ ਹੈ ਜਿੱਥੇ ਮੇਰੇ ਲੋਕ ਹਨ, ਮੇਰਾ ਭਾਈਚਾਰਾ ਹੈ।ਰੂਪੀ ਕੌਰ ਇਹ ਵੀ ਦੱਸਦੀ ਹੈ ਕਿ ਉਨ੍ਹਾਂ ਦੇ ਭਾਈਚਾਰੇ ਨੇ ਜੋ ਅਨਿਆਂ ਸਿਹਾ ਹੈ, ਉਸੇ ’ਤੇ ਉਨ੍ਹਾਂ ਨੇ ਲਿਖਣ ਦੀ ਸੁਰੂਆਤ ਕੀਤੀ ਸੀ ਅੱਗੇ ਵੀ ਇਵੇਂ ਹੀ ਲਿਖਦੀ ਰਹੇਗੀ।ਸਾਲ 1984 ਵਿੱਚ ਹੋਏ ਸਿੱਖ ਕਤਲੇਆਮ ਕਾਰਨ ਜੋ ਉਸ ਦੇ ਪਰਿਵਾਰ ਨੂੰ ਸਹਿਣਾ ਪਿਆ, ਉਸ ਦਾ ਦਰਦ ਅੱਜ ਵੀ ਰੂਪੀ ਅੰਦਰਲੇ ਜਖਮ ਡੂੰਘੇ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ ਹੈ, “1984 ਦੇ ਕਤਲੇਆਮ ਤੋਂ ਬਾਅਦ ਸਰਕਾਰ ਨੇ ਸਾਡੀ ਪੀੜਾ ਨੂੰ ਮੰਨਣ ਤੋਂ ਇਨਕਾਰ ਕੀਤਾ। ਇਸ ਦਾ ਦਰਦ ਅੱਜ ਵੀ ਅਸੀਂ ਸਹਿ ਰਹੇ ਹਾਂ। ਸੈਂਕੜੇ ਨੌਜਵਾਨ ਅਤੇ ਔਰਤਾਂ ਮਾਰ ਦਿੱਤੀਆਂ ਗਈਆਂ ਅਤੇ ਕਈਆਂ ਦਾ ਅਜੇ ਤੱਕ ਕੋਈ ਪਤਾ ਨਹੀਂ ਲੱਗਾ।“

ਮੈਨੂੰ ਲਗਦਾ ਹੈ ਕਿ ਇਹ ਦਰਦ ਕਦੇ ਨਹੀਂ ਜਾਵੇਗਾ, ਖਾਸ ਕਰਕੇ ਉਦੋਂ ਜਦੋਂ ਤੱਕ ਸਰਕਾਰ ਇਸ ਨੂੰ ਨਜਰ-ਅੰਦਾਜ ਕਰਨਾ ਬੰਦ ਨਹੀਂ ਕਰ ਦਿੰਦੀ।“

---

## ਮਜ਼ਬੂਰ ਨਾ ਕਰੋ

ਜਿਨਾਂ ਦੇ ਆਪਣੇ ਸੁਪਨੇ ਹੁੰਦੇ ਨੇ
ਉਹ ਹੱਕਾਂ ਲਈ ਹਾੜੇ ਨਹੀਂ ਕੱਢਦੇ
ਉਹ ਤਾਂ ਹਰ ਹਾਲ ਵਿੱਚ
ਅਸਮਾਨਤਾਵਾਂ ਦੇ ਸਿਰ ਪਾੜ ਕੇ
ਅਹੁਦੇਦਾਰਾਂ ਦੇ ਹਲਕ ਸੁਕਾ ਦਿੰਦੇ ਨੇ
ਭ੍ਰਿਸ਼ਟ ਹੋਏ ਤਾਜ਼ਾਂ ਨੂੰ
ਨੰਗੇ ਪੈਰਾਂ ਨਾਲ ਕੁਚਲ ਦਿੰਦੇ ਨੇ
ਕਾਲੇ ਪੀਲੇ ਕਾਨੂੰਨਾਂ ਦਾ
ਲਹੂ ਬਦਲ ਦਿੰਦੇ ਨੇ......
ਇਹ ਯੋਧੇ - ਸੂਰਵੀਰਾਂ
ਗੁਰੂਆਂ -ਪੀਰਾਂ
ਤੇ ਕਿਰਤੀ ਲੋਕਾਂ ਦਾ ਪੰਜਾਬ ਐ
ਜਿੱਥੇ ਦਿਮਾ.ਗ ’ਚ ਪੈਦਾ ਹੋਏ
ਵਹਿਮ ਧੋਏ ਜਾਂਦੇ ਨੇ
ਤੇ ਸਿਖਾਏ ਜਾਂਦੇ ਨੇ
ਔਕਾਤ ’ਚ ਰਹਿਣ ਦੇ ਸੂਤਰ
ਕਿਸਾਨ ਦੀ ਕਹੀ
ਤੇ ਕਿਰਤੀਆਂ ਦੀਆਂ ਕੁੱਬੀ ਢੂੰਈਂ ਤੋਂ
ਅੰਨ ਖਾ ਕੇ ਖਾ ਕੇ
ਹਰਾਮ ਕਰਨ ਵਾਲਿਓ
ਸਾਡੀ ਚੁੱਪ ’ਚ ਵੀ
ਮਜ਼ਬੂਰੀ ਹੁੰਦੀ ਐ
ਤੇ ਸਾਡੀ ਲਲਕਾਰ ’ਚ ਵੀ
ਮਜ਼ਬੂਰੀ ਹੁੰਦੀ ਐ
ਹੁਣ ਸਾਨੂੰ ਮਜ਼ਬੂਰ ਨਾ ਕਰੋ
ਕ੍ਰਾਂਤੀਆਂ ਦਾ ਇਤਿਹਾਸ
ਦੁਹਰਾਉਣ ਲਈ
ਫੇਰ ਪਤਾ ਨਹੀਂ ਲੱਗਣ
ਕਿਥੋਂ ਪੈਦਾ ਹੋ ਗਏ
ਭਗਤ ਸਿੰਘ , ਰਾਜਗੁਰੂ
ਸੁਖਦੇਵ ਥਾਪਰ
ਤੇ ਕਰਤਾਰ ਸਰਾਭੇ ।।

ਗੁਰਪ੍ਰੀਤ ਰਾਹੀ ।
ਧਰਮਪੁਰਾ ।
੯੮੮੮੬੪੭੭੨੬

# ਖੇਤੀ ਕਾਨੂੰਨ, ਮੋਦੀ ਸਰਕਾਰ ਬਨਾਮ ਸੁਪਰੀਮ ਕੋਰਟ

**- ਰਜਿੰਦਰ ਸਿੰਘ**

ਖੇਤੀ ਕਾਨੂੰਨਾਂ ਸੰਬੰਧੀ ਦੋ ਦਿਨ ਦੀ ਸੁਣਵਾਈ ਤੋਂ ਬਾਅਦ ਸੁਪਰੀਮ ਕੋਰਟ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ ਹੈ। ਅਦਾਲਤ ਨੇ ਤਿੰਨੇ ਖੇਤੀ ਕਾਨੂੰਨਾਂ ਦੇ ਅਮਲ 'ਤੇ ਅਗਲੇ ਹੁਕਮਾਂ ਤੱਕ ਰੋਕ ਲਗਾ ਦਿੱਤੀ ਹੈ। ਇਸ ਦੇ ਨਾਲ ਹੀ ਮਸਲੇ ਦੇ ਹੱਲ ਲਈ ਇੱਕ 4 ਮੈਂਬਰੀ ਕਮੇਟੀ ਵੀ ਬਣਾ ਦਿੱਤੀ ਹੈ। ਬੀਤੇ ਦਿਨੀਂ ਜਦੋਂ ਸੁਪਰੀਮ ਕੋਰਟ ਨੇ ਇਸ ਮਸਲੇ ਉੱਤੇ ਸਰਕਾਰ ਦੀ ਝਾੜ-ਝੰਬ ਕੀਤੀ ਸੀ ਤਾਂ ਬਹੁਤ ਸਾਰੇ ਲੋਕਾਂ ਨੇ ਇਸ 'ਤੇ ਹੈਰਾਨੀ ਪ੍ਰਗਟ ਕੀਤੀ ਸੀ ਕਿ ਇਸ ਮਸਲੇ ਉੱਪਰ ਸੁਪਰੀਮ ਕੋਰਟ ਮੋਦੀ ਸਰਕਾਰ ਵਿਰੁੱਧ ਕਿਵੇਂ ਭੁਗਤ ਗਈ। ਸੁਪਰੀਮ ਕੋਰਟ ਕਿਸਾਨਾਂ ਨੂੰ ਸਮਝਾਉਂਦੀ ਹੋਈ ਇਹ ਦਲੀਲ ਦਿੰਦੀ ਹੈ ਕਿ ਅਸੀਂ ਤੁਹਾਡੇ ਵੱਡੇ ਭਲੇ ਲਈ ਇਕ ਕਮੇਟੀ ਕਾਇਮ ਕੀਤੀ ਹੈ। ਜਿਸ ਵਿਚ, ਤੁਹਾਨੂੰ ਪੁੱਛੇ ਬਿਨਾਂ, ਅਸੀਂ ਚਾਰ ਅਜਿਹੇ ਲੋਕਾਂ ਨੂੰ ਨਿਯੁਕਤ ਕਰਦੇ ਹਾਂ ਜੋ ਤੁਹਾਡੀ ਚੰਗਿਆਈ ਨੂੰ ਤੁਹਾਡੇ ਨਾਲੋਂ ਜ਼ਿਆਦਾ ਸਮਝਦੇ ਹਨ। ਇਸ ਕਮੇਟੀ ਦੀ ਖ਼ੂਬਸੂਰਤੀ ਇਹ ਹੈ ਕਿ ਇਸ ਦੇ ਸਾਰੇ ਮੈਂਬਰ ਖੇਤੀਬਾੜੀ ਕਾਨੂੰਨਾਂ ਦੇ ਹੱਕ ਵਿਚ ਹਨ। ਉਹ ਅਖ਼ਬਾਰਾਂ ਵਿਚ ਕਿਸਾਨੀ ਕਨੂੰਨਾਂ ਦੇ ਹੱਕ ਵਿਚ ਵੱਡੇ ਵੱਡੇ ਲੇਖ ਲਿਖਦੇ ਰਹੇ ਹਨ ਤੇ ਵੱਡੀਆਂ ਦਲੀਲਾਂ ਪੇਸ਼ ਕਰਕੇ ਮੋਦੀ ਸਰਕਾਰ ਦੀ ਹਮਾਇਤ ਕਰਦੇ ਰਹੇ ਹਨ। ਚਾਰ ਮੈਂਬਰੀ ਕਮੇਟੀ ਵਿੱਚ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਭੁਪਿੰਦਰ ਸਿੰਘ ਮਾਨ, ਖੇਤੀ ਅਰਥ ਸ਼ਾਸਤਰੀ , ਅਸ਼ੋਕ ਗੁਲਾਟੀ , ਆਈਐਫਪੀਆਰਆਈ ਦੇ ਸਾਬਕਾ ਪ੍ਰਧਾਨ ਪ੍ਰਮੋਦ ਕੁਮਾਰ ਜੋਸ਼ੀ ਅਤੇ ਖੇਤੀ ਸੰਗਠਨ ਦੇ ਅਨਿਲ ਘਨਵਤ ਸ਼ਾਮਲ ਹਨ। ਚਾਰੇ ਇਨਾਂ ਖੇਤੀਬਾੜੀ ਕਾਨੂੰਨਾਂ ਦੇ ਵੱਡੇ ਵਕੀਲ ਹਨ। ਚਾਰੇ ਮਾਹਿਰ ਮੰਨਦੇ ਹਨ ਕਿ ਇਨਾਂ ਕਾਨੂੰਨਾਂ ਨੂੰ ਕਿਸੇ ਵੀ ਸਥਿਤੀ ਵਿਚ ਵਾਪਸ ਨਹੀਂ ਲਿਆ ਜਾਣਾ ਚਾਹੀਦਾ, ਨਹੀਂ ਤਾਂ ਖੇਤੀਬਾੜੀ ਸੁਧਾਰ ਰੁਕ ਜਾਣਗੇ। ਸਥਿਤੀ ਦਾ ਵਿਅੰਗ ਇਹ ਹੈ ਕਿ ਗੁਲਾਟੀ ਸਾਹਿਬ ਕਿਸਾਨਾਂ ਬਾਰੇ ਇੰਨਾ ਸੋਚਦੇ ਹਨ ਕਿ ਐਮਐਸਪੀ ਦੀ ਕਾਨੂੰਨੀ ਗਾਰੰਟੀ ਮੰਗਣਾ ਬਕਵਾਸ ਹੈ। ਇਹ ਤਬਾਹੀ ਦਾ ਕਾਰਨ ਬਣੇਗੀ।

ਇਸ ਕੇਸ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਸਹਿਯੋਗ ਕਰਨ ਦੀ ਬੇਨਤੀ ਕੀਤੀ ਅਤੇ ਸਪਸ਼ਟ ਕੀਤਾ ਕਿ ਕੋਈ ਵੀ ਤਾਕਤ ਉਨਾਂ ਨੂੰ ਰੁਕਾਵਟ ਨੂੰ ਦੂਰ ਕਰਨ ਲਈ ਅਜਿਹੀ ਕਮੇਟੀ ਬਣਾਉਣ ਤੋਂ ਨਹੀਂ ਰੋਕ ਸਕਦੀ। ਉਨਾਂ ਨੇ ਕਿਸਾਨਾਂ ਦੀ ਕਾਰਗੁਜ਼ਾਰੀ 'ਤੇ ਕਿਹਾ, ਅਸੀਂ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਚਿੰਤਤ ਹਾਂ।' ਅਦਾਲਤ ਨੇ ਕਿਹਾ ਕਿ ਜਿਹੜੇ ਲੋਕ ਅਸਲ ਹੱਲ ਚਾਹੁੰਦੇ ਹਨ ਉਹ ਕਮੇਟੀ ਕੋਲ ਜਾਣਗੇ। ਅਦਾਲਤ ਨੇ ਕਿਸਾਨ ਜਥੇਬੰਦੀਆਂ ਨੂੰ ਕਿਹਾ, 'ਇਹ ਰਾਜਨੀਤੀ ਨਹੀਂ ਹੈ। ਰਾਜਨੀਤੀ ਅਤੇ ਨਿਆਂਪਾਲਿਕਾ ਵਿਚ ਅੰਤਰ ਹੈ ਅਤੇ ਕਿਸਾਨਾਂ ਨੂੰ ਇਸ ਮਸਲੇ ਦੇ ਹੱਲ ਲਈ ਸਹਿਯੋਗ ਦੇਣਾ ਪਏਗਾ।'

ਇਸ ਤੋਂ ਪਹਿਲਾਂ ਸੋਮਵਾਰ ਨੂੰ ਸੁਪਰੀਮ ਕੋਰਟ ਨੇ ਬਾ-ਆਵਾਜ਼-ਏ-ਬੁਲੰਦ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕਰ ਰਹੀਆਂ ਕਿਸਾਨੀ ਜਥੇਬੰਦੀਆਂ ਨੂੰ ਕਿਹਾ ਸੀ-'ਵਿਸ਼ਵਾਸ ਕਰੋ ਕਿ ਅਸੀਂ ਭਾਰਤ ਦੀ ਚੋਟੀ ਦੀ ਅਦਾਲਤ ਹਾਂ, ਅਸੀਂ ਆਪਣਾ ਕੰਮ ਕਰਾਂਗੇ।'

ਸੁਪਰੀਮ ਕੋਰਟ ਲਈ ਏਨੀ ਚਿੰਤਾ ਨੂੰ ਵੇਖਦਿਆਂ, ਕਿਸਾਨ ਨੇਤਾਵਾਂ ਨੂੰ ਵਿਅੰਗ ਨਾਲ ਇਹ ਵੀ ਕਹਿਣਾ ਪਿਆ- ਧੰਨਵਾਦ ਸੁਪਰੀਮ ਕੋਰਟ 3 ਕਿਸਾਨ ਨੇਤਾਵਾਂ ਨੇ ਕਿਹਾ- 'ਸਾਡੇ ਪ੍ਰਦਰਸ਼ਨ ਦੇ ਅਧਿਕਾਰ ਦੀ ਰਾਖੀ ਅਤੇ ਸੁਰੱਖਿਆ ਲਈ ਸੁਪਰੀਮ ਕੋਰਟ ਦਾ ਧੰਨਵਾਦ, ਪਰ ਅਸੀਂ ਇਸ ਕਮੇਟੀ ਨੂੰ ਮਨਜ਼ੂਰੀ ਨਹੀਂ ਦਿੰਦੇ ਹਾਂ।' ਕਿਸਾਨ ਨੇਤਾਵਾਂ ਨੇ ਸਪਸ਼ਟ ਕੀਤਾ ਕਿ ਇਹ ਕਮੇਟੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਪ੍ਰਵਾਨ ਨਹੀਂ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕਮੇਟੀ ਦੇ ਚਾਰੇ ਮੈਂਬਰ ਪਹਿਲਾਂ ਹੀ ਇਨਾਂ ਕਾਨੂੰਨਾਂ ਦੇ ਹੱਕ ਵਿੱਚ ਸਨ। ਅਤੇ ਭਾਵੇਂ ਉਹ ਨਾ ਹੁੰਦੇ ਪਰ ਕਮੇਟੀ ਉਨਾਂ ਨੂੰ ਸਵੀਕਾਰ ਨਹੀਂ ਹੈ। ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਕਿਸਾਨ ਨੇਤਾਵਾਂ ਨੇ ਆਪਣੀ ਹੰਗਾਮੀ ਬੈਠਕ ਕੀਤੀ। ਜਿਸ ਤੋਂ ਬਾਅਦ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਉਨਾਂ ਨੇ ਸੋਮਵਾਰ ਨੂੰ ਇੱਕ ਪ੍ਰੈਸ ਨੋਟ ਰਾਹੀਂ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਕਿਸੇ ਵੀ ਕਮੇਟੀ ਨੂੰ ਮਨਜ਼ੂਰੀ ਨਹੀਂ ਦੇਣਗੇ। ਕਿਸਾਨਾਂ ਦਾ ਮੰਨਣਾ ਹੈ ਕਿ ਸਰਕਾਰ ਆਪਣੇ ਮੋਢਿਆਂ ਦਾ ਬੋਝ ਹਲਕਾ ਕਰਨ ਲਈ ਅਦਾਲਤ ਦਾ ਸਹਾਰਾ ਲੈ ਰਹੀ ਹੈ।

ਕਿਸਾਨ ਨੇਤਾਵਾਂ ਨੇ ਸਪਸ਼ਟ ਕਰ ਦਿੱਤਾ ਕਿ ਉਨਾਂ ਨੇ ਅਦਾਲਤ ਤੋਂ ਕੋਈ ਕਮੇਟੀ ਨਹੀਂ ਮੰਗੀ। ਉਨਾਂ ਵੱਲੋਂ ਅਜਿਹੀ ਕੋਈ ਅਰਜ਼ੀ ਅਦਾਲਤ ਵਿੱਚ ਪੇਸ਼ ਨਹੀਂ ਕੀਤੀ ਗਈ। ਇਸ ਤੋਂ ਇਲਾਵਾ, ਉਨਾਂ ਦਾ ਮੰਨਣਾ ਹੈ ਕਿ ਇਹ ਸਭ ਸਰਕਾਰ ਦੀ ਖੇਡ ਹੈ ਅਤੇ ਉਹ ਇਸ ਸਰਕਾਰੀ ਖੇਡ ਜਾਂ ਜਾਲ ਵਿਚ ਫਸਣਾ ਨਹੀਂ ਚਾਹੁੰਦੇ।

ਕਿਸਾਨ ਨੇਤਾਵਾਂ ਨੇ ਸਪਸ਼ਟ ਕੀਤਾ ਕਿ ਸਰਕਾਰ ਨੇ ਇਹ ਕਾਨੂੰਨ ਬਣਾਏ ਹਨ ਅਤੇ ਸਰਕਾਰ ਹੀ ਇਸ ਨੂੰ ਵਾਪਸ ਲਵੇਗੀ। ਉਹ ਕਿਸੇ ਵੀ ਬਾਹਰੀ ਕਮੇਟੀ ਨੂੰ ਸਵੀਕਾਰ ਨਹੀਂ ਕਰਦੇ। ਦੂਸਰੇ ਪਾਸੇ ਗੋਦੀ ਮੀਡੀਆ ਦਾ ਮੰਨਣਾ ਹੈ ਕਿ ਜਦੋਂ ਪੂਰੇ ਦੇਸ਼ ਨੇ ਬਿਨਾਂ ਕਿਸੇ ਸ਼ੋਰ-ਸ਼ਰਾਬੇ ਦੇ ਬਿਹਤਰੀ ਲਈ ਸਰਕਾਰ ਦੁਆਰਾ ਲਏ ਸਾਰੇ ਫ਼ੈਸਲਿਆਂ ਨੂੰ ਸਵੀਕਾਰ ਕਰ ਲਿਆ ਹੈ, ਤਾਂ ਕਿਸਾਨ ਕੋਈ ਵਿਸ਼ੇਸ਼ ਹਨ ਜੋ ਕੋਰਟ ਦਾ ਫ਼ੈਸਲਾ ਨਹੀਂ ਮੰਨ ਰਹੇ !

ਹਾਲਾਂਕਿ ਸਭ ਨੂੰ ਪਤਾ ਹੈ ਕਿ ਨੋਟਬੰਦੀ ਦਾ ਕੰਮ ਸਭ ਤੋਂ ਪਹਿਲਾਂ ਸਾਲ 2016 ਵਿਚ ਪੂਰੇ ਭਾਰਤ ਦੀ ਬਿਹਤਰੀ ਲਈ ਕੀਤਾ ਗਿਆ ਸੀ। ਫਿਰ ਵਪਾਰੀਆਂ ਦੇ ਫ਼ਾਇਦੇ ਲਈ ਜੀ.ਐੱਸ.ਟੀ.ਫਿਰ ਮਜ਼ਦੂਰਾਂ ਦੀ ਭਲਾਈ ਲਈ ਤਾਲਾਬੰਦੀ ਲਗਾਈ ਗਈ। ਹੁਣ ਕਿਸਾਨਾਂ ਦੀ ਭਲਾਈ ਲਈ ਉੱਚੀ ਸੋਚ ਨਾਲ ਸੋਚਿਆ ਜਾ ਰਿਹਾ ਹੈ ਅਤੇ ਇਹ ਸੋਚਿਆ ਜਾ ਰਿਹਾ ਹੈ ਕਿ ਸਰਕਾਰ ਤੋਂ ਬਾਅਦ ਸੁਪਰੀਮ ਕੋਰਟ ਨੂੰ ਅੱਗੇ ਆਉਣਾ ਪਏਗਾ। ਸਰਕਾਰ ਦਾ ਮੰਨਣਾ ਹੈ ਕਿ ਕਿਸਾਨ ਆਪਣਾ ਭਲਾ ਕਰਨ ਲਈ ਤਿਆਰ ਨਹੀਂ ਹਨ। ਇਹ ਖਾਲਿਸਤਾਨੀਆਂ ਤੇ ਨਕਸਲਵਾਦੀਆਂ ਦੇ ਪ੍ਰਭਾਵ ਹੇਠ ਹਨ। ਸਚਾਈ ਇਹ ਹੈ ਕਿ ਕਿਸਾਨ ਅੰਦੋਲਨ ਦੇ ਮਸਲੇ 'ਤੇ ਅਦਾਲਤ ਉਹੀ ਕਰ ਰਹੀ ਹੈ, ਜੋ ਸਰਕਾਰ ਨੂੰ ਰਾਹਤ ਪੁਚਾਉਣ ਵਾਲਾ ਹੋ। ਇਹ ਸਾਰਾ ਭਾਰਤ ਜਾਣਦਾ ਹੈ ਕਿ ਇਸ ਸਮੇਂ ਕਿਸਾਨ ਅੰਦੋਲਨ ਨੇ ਸਮੁੱਚੇ ਦੇਸ਼ ਨੂੰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ। ਇਸ ਸਮੇਂ ਹਾਲਾਤ ਇਹ ਬਣ ਚੁੱਕੇ ਹਨ ਕਿ ਸਰਕਾਰ ਦੀ ਇਹ ਹਿੰਮਤ ਨਹੀਂ ਕਿ ਉਹ ਤਾਕਤ ਦੀ ਵਰਤੋਂ ਕਰਕੇ ਅੰਦੋਲਨ ਨੂੰ ਖ਼ਤਮ ਕਰ ਸਕੇ। ਸਰਕਾਰ ਆਪਣੇ ਸਾਰੇ ਦਾਅ-ਪੇਚ ਵਰਤ ਚੁੱਕੀ ਹੈ, ਪਰ ਉਸ ਦਾ ਕੋਈ ਵੀ ਦਾਅ ਉਸ ਦੇ ਕੰਮ ਨਹੀਂ ਆਇਆ। ਅੰਦੋਲਨਕਾਰੀ ਕਿਸਾਨਾਂ ਉੱਤੇ ਖਾਲਿਸਤਾਨੀ, ਮਾਓਵਾਦੀ ਤੇ ਪਾਕਿਸਤਾਨ ਤੋਂ ਸ਼ਹਿ ਪ੍ਰਾਪਤ ਵਰਗੀਆਂ ਊਜਾਂ ਵੀ ਉਸ ਦੇ ਕੰਮ ਨਹੀਂ ਆਈਆਂ। ਅੰਦੋਲਨ ਦੇ ਮੁਕਾਬਲੇ ਸਰਕਾਰ-ਪੱਖੀ ਕਿਸਾਨ ਸੰਗਠਨ ਖੜੇ ਕਰਨ ਵਿੱਚ ਉਹ ਕਾਮਯਾਬ ਨਹੀਂ ਹੋ ਸਕੀ। ਉੱਪਰੋਂ ਕਿਸਾਨ ਅੰਦੋਲਨਕਾਰੀਆਂ ਵੱਲੋਂ ਗਣਤੰਤਰ ਦਿਵਸ ਮੌਕੇ ਟਰੈਕਟਰ ਮਾਰਚ ਦੇ ਸੱਦੇ ਉੱਤੇ ਲੱਖਾਂ ਟਰੈਕਟਰ ਪੁੱਜ ਜਾਣ ਦੇ ਖਦਸ਼ੇ ਨਾਲ ਸਰਕਾਰ ਧਰਮ ਸੰਕਟ ਵਿਚ ਫਸੀ ਹੋਈ ਹੈ। ਇਸ ਲਈ ਸਰਕਾਰ ਹਰ ਹਾਲਤ ਵਿੱਚ 26 ਜਨਵਰੀ ਤੋਂ ਪਹਿਲਾਂ ਮਸਲੇ ਨੂੰ ਮੁਕਾਉਣਾ ਚਾਹੁੰਦੀ ਸੀ। ਇਸ ਲਈ ਸਹੀ ਰਾਹ ਤਾਂ ਇਹ ਸੀ ਕਿ ਸਰਕਾਰ ਆਪਣੀ ਅੜੀ ਛੱਡ ਕੇ ਖੇਤੀ ਕਾਨੂੰਨਾਂ ਨੂੰ ਰੱਦ ਕਰ ਦਿੰਦੀ, ਪਰ ਉਹ ਇਹ ਚਾਹੁੰਦੀ ਨਹੀਂ। ਪਰ ਇਹਨਾਂ ਕਾਨੂੰਨਾਂ ਤੋਂ ਬਿਨਾਂ ਇਹ ਹੱਲ ਸੰਭਵ ਨਹੀਂ ਹੈ। ਅਦਾਲਤ ਦਾ ਜਿਹੜਾ ਫ਼ੈਸਲਾ ਆਇਆ ਹੈ, ਉਹ ਵੀ ਉਹੀ ਹੈ, ਜੋ ਮੋਦੀ ਸਰਕਾਰ ਚਾਹੁੰਦੀ ਸੀ। ਸਰਕਾਰ ਸ਼ੁਰੂ ਤੋਂ ਹੀ ਇਹ ਗੱਲ ਕਹਿੰਦੀ ਰਹੀ ਹੈ ਕਿ ਉਹ ਮਾਹਿਰਾਂ ਦੀ ਕਮੇਟੀ ਬਣਾਉਣ ਲਈ ਤਿਆਰ ਹੈ, ਪਰ ਕਿਸਾਨ ਆਗੂ ਹਮੇਸ਼ਾ ਇਸ ਨੂੰ ਰੱਦ ਕਰਦੇ ਰਹੇ ਹਨ। ਹੁਣ ਸੁਪਰੀਮ ਕੋਰਟ ਨੇ ਕਮੇਟੀ ਬਣਾ ਕੇ ਕਿਸਾਨਾਂ ਉੱਪਰ ਇਹ ਫ਼ੈਸਲਾ ਠੋਸਿਆ ਹੈ ਜਿਸ ਨੂੰ ਕਿਸਾਨਾਂ ਨੇ ਰੱਦ ਕਰ ਦਿੱਤਾ ਹੈ। ਸਰਕਾਰ ਦੀ ਨੀਅਤ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਇਕ ਪਾਸੇ ਉਹ ਕਿਸਾਨੀ ਮਸਲਾ ਹੱਲ ਕਰਨ ਦੀ ਦਾਅਵੇਦਾਰੀ ਕਰ ਰਹੀ ਹੈ ਦੂਸਰੇ ਪਾਸੇ ਅਟਾਰਨੀ ਜਨਰਲ ਨੇ ਅਦਾਲਤ ਵਿੱਚ ਕਿਸਾਨ ਅੰਦੋਲਨਕਾਰੀਆਂ ਵਿੱਚ ਖਾਲਿਸਤਾਨੀਆਂ ਦੀ ਘੁਸਪੈਠ ਦਾ ਇਲਜ਼ਾਮ ਵੀ ਲਾ ਦਿੱਤਾ ਤੇ ਅਦਾਲਤ ਨੇ ਰਿਪੋਰਟ ਵੀ ਮੰਗ ਲਈ। ਕੀ ਸਰਕਾਰ ਇਸ ਨੂੰ ਸਿੱਧ ਕਰ ਸਕੇਗੀ। ਇਸ ਸਮੇਂ ਹਾਲਾਤ ਇਹ ਹਨ ਕਿ ਸੱਤਰ ਦੇ ਕਰੀਬ ਕਿਸਾਨ ਮਰ ਚੁੱਕੇ ਹਨ। ਕਮੇਟੀ ਅੱਗੇ ਪੇਸ਼ ਹੋਣ ਤੋਂ ਕਿਸਾਨ ਆਗੂਆਂ ਨੇ ਨਾਂਹ ਕਰ ਦਿੱਤੀ ਹੈ। ਸੁਪਰੀਮ ਕੋਰਟ ਨੂੰ ਚਾਹੀਦਾ ਹੈ ਕਿ ਕਾਨੂੰਨਾਂ 'ਤੇ ਰੋਕ ਨਹੀਂ ਬਲਕਿ ਕੋਰਟ ਨੂੰ ਕਾਨੂੰਨ ਰੱਦ ਕਰਨ ਦਾ ਫ਼ੈਸਲਾ ਕਰੇ।

# ਦੇਸ਼ ਦੀ ਕਮਜ਼ੋਰ ਵਿੱਤੀ ਹਾਲਤ ਨੂੰ ਸੁਧਾਰਨ ਦੀ ਵੱਡੀ ਲੋੜ

**- ਹਰਕੀਰਤ ਕੌਰ**
੯੭੭੯੧੧੮੦੬੬

ਕਿਸੇ ਵੀ ਸਰਕਾਰ ਦੇ ਵਿਕਾਸ ਅਤੇ ਲੋਕ ਕਲਿਆਣ ਕਾਰਜ, ਉਸ ਦੀ ਆਮਦਨ 'ਤੇ ਨਿਰਭਰ ਕਰਦੇ ਹਨ। ਟੈਕਸ ਹਰ ਸਰਕਾਰ ਦੀ ਆਮਦਨ ਦਾ ਵੱਡਾ ਸਾਧਨ ਹੈ ਪਰ ਇਸ ਦੇ ਨਾਲ ਸਰਕਾਰ ਵੱਲੋਂ ਚੱਲ ਰਹੇ ਵਪਾਰਕ ਕੰਮਾਂ ਤੋਂ ਮਿਲਣ ਵਾਲੇ ਲਾਭ ਸਰਕਾਰ ਦੀ ਗੈਰ ਟੈਕਸ ਆਮਦਨ ਹੈ। ਸਾਡਾ ਦੇਸ਼ ਇਸ ਸਮੇਂ ਇੱਕ ਵੱਡੇ ਵਿੱਤੀ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਬੀਤੇ ਸਾਲ ਪਈ ਕਰੋਨਾ ਮਹਾਂਮਾਰੀ ਦੀ ਮਾਰ ਨੇ ਦੇਸ਼ ਨੂੰ ਹੋਰ ਨਿਰਾਸ਼ਤਾ ਵੱਲ ਧਕੇਲਿਆ। ਬਾਕੀ ਰਹਿੰਦੀ ਖੂੰਹਦੀ ਕਸਰ ਸਰਕਾਰ ਨੇ ਨਵੇਂ ਖੇਤੀ ਬਿੱਲ ਪਾਸ ਕਰਕੇ ਕਿਸਾਨਾਂ ਨੂੰ ਖੇਤਾਂ ਦੀਆਂ ਵੱਟਾ ਤੋਂ ਕੱਢ ਦਿੱਲੀ ਦੀਆਂ ਸੜਕਾਂ ਉੱਤੇ ਬੈਠਣ ਨੂੰ ਮਜਬੂਰ ਕਰ ਦਿੱਤਾ। ਹੈਰਾਨਗੀ ਵਾਲੀ ਗੱਲ ਇਹ ਹੈ ਸਾਡੇ ਦੇਸ਼ ਦੇ ਸ਼ਾਸਕ ਚੰਗੀ ਤਰਾਂ ਜਾਣਦੇ ਹਨ ਦੇਸ਼ ਦੀ 67% ਜਨਸੰਖਿਆ ਖੇਤੀਬਾੜੀ ਦੇ ਧੰਦੇ ਉੱਪਰ ਨਿਰਭਰ ਹੈ। ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਦੇਸ਼ ਦੀ ਆਮਦਨ ਵਿੱਚ ਸਭ ਤੋਂ ਵੱਡਾ ਹਿੱਸਾ ਕਿਸਾਨਾਂ ਦਾ ਹੈ। ਪਰ ਜੋ ਮੌਜੂਦਾ ਹਾਲਾਤ ਹਨ ਪੰਜਾਬ, ਹਰਿਆਣਾ, ਯੂ ਪੀ, ਬਿਹਾਰ ਦੇ ਬਹੁਤਾਤ ਕਿਸਾਨ ਦਿੱਲੀ ਵਿੱਚ ਚੱਲ ਰਹੇ ਅੰਦੋਲਨ ਵਿੱਚ ਸ਼ਾਮਿਲ ਹਨ, ਭਾਵੇਂ ਉਹਨਾਂ ਪਿੱਛੇ ਖੇਤੀਬਾੜੀ ਦੀ ਜ਼ਿੰਮੇਵਾਰੀ ਵੀ ਘਰ ਦੀਆਂ ਔਰਤਾਂ ਨੇ ਸਾਂਭੀ ਹੈ ਪਰ ਅਸੀਂ ਇਸ ਗੱਲ ਨੂੰ ਅਣਗੌਲਿਆ ਨਹੀਂ ਕਰ ਸਕਦੇ ਕਿ ਫਿਰ ਵੀ ਖੇਤੀ ਅਤੇ ਫ਼ਸਲਾਂ ਦੇ ਝਾੜ ਉੱਪਰ ਬਹੁਤ ਗਹਿਰਾ ਅਸਰ ਪਵੇਗਾ। ਜਿਸ ਨਾਲ ਕਿਸਾਨ ਵੀਰਾਂ ਨੂੰ ਤਾਂ ਘਾਟਾ ਹੋਵੇਗਾ ਹੀ ਪਰ ਜੋ ਦੇਸ਼ ਦੀ ਅਰਥ ਵਿਵਸਥਾ ਨੂੰ ਝਟਕਾ ਲੱਗੇਗਾ ਉਸ ਨਾਲ ਪੂਰੇ ਦੇਸ਼ ਦਾ ਲੱਕ ਟੁੱਟ ਜਾਵੇਗਾ। ਜੇਕਰ ਸਾਡੀ ਸਰਕਾਰ ਉਸਾਰੂ ਸੋਚ ਦੀ ਮਾਲਕ ਹੋਵੇ ਤਾਂ ਉਸਨੂੰ ਸੋਚਣਾ ਚਾਹੀਦਾ ਹੈ ਕਿ ਜਿਹੜੇ ਖੇਤਰਾਂ ਜਾਂ ਕਿੱਤਿਆਂ ਵਿੱਚ ਬਹੁਤਾਤ ਲੋਕ ਸ਼ਾਮਿਲ ਹਨ ਉਹਨਾਂ ਨੂੰ ਪ੍ਰਫੁਲਿਤ ਕਰਨ ਲਈ ਨਵੀਆਂ ਯੋਜਨਾਵਾਂ ਬਣਾਈਆਂ ਜਾਣ । ਪਰ ਰਾਜਨੀਤੀ ਦੇ ਨਾਮ ਉੱਤੇ ਦੇਸ਼ ਦੇ ਲੋਟੂ ਬਣੇ ਨੇਤਾ ਦੇਸ਼ ਨੂੰ ਪੂਰੀ ਤਰਾਂ ਕੰਗਾਲ ਕਰਨ ਉੱਤੇ ਤੁਲੇ ਹੋਏ ਹਨ। ਇਹ ਤਾਂ ਗੱਲ ਹੋਈ ਕਿਸਾਨੀ ਮੋਰਚੇ ਅਤੇ ਦੇਸ਼ ਦੀ ਆਮਦਨ ਦੇ ਸਭ ਤੋਂ ਵੱਡੇ ਸਾਧਨ ਦੀ। ਜੇਕਰ ਇਕੱਲੇ ਪੰਜਾਬ ਦੀ ਅਰਥ ਵਿਵਸਥਾ ਦੀ ਗੱਲ ਕਰੀਏ ਤਾਂ ਪੰਜਾਬ ਸਰਕਾਰ ਨੂੰ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣੀਆਂ ਵੀ ਮੁਸ਼ਕਿਲ ਹੋਈਆਂ ਹਨ। ਅਸਲ ਵਿੱਚ ਇਸ ਦਾ ਮੁੱਖ ਕਾਰਨ ਇਹ ਹੈ ਕਿ ਸਰਕਾਰ ਦੀ ਆਮਦਨ ਘਟੀ ਹੈ ਅਤੇ ਖ਼ਰਚ ਵਧੇ ਹਨ। ਪੰਜਾਬ ਸਰਕਾਰ ਦੇ 3.5 ਲੱਖ ਕਰਮਚਾਰੀ ਹਨ ਜਦੋਂ ਕਿ 1.5 ਉਹ ਲੋਕ ਹਨ ਜਿੰਨਾ ਨੂੰ ਪੈਨਸ਼ਨ ਮਿਲਦੀ ਹੈ। ਇਸ ਲਈ ਹਰ ਮਹੀਨੇ 1950 ਕਰੋੜ ਰੁਪਏ ਦੀਆਂ ਤਨਖ਼ਾਹਾਂ ਅਤੇ 950 ਕਰੋੜ ਰੁਪਏ ਪੈਨਸ਼ਨ ਤੇ ਖ਼ਰਚ ਕਰਨੇ ਪੈਂਦੇ ਹਨ ਪਰ ਇਹਨਾਂ ਦੋਨਾਂ ਖ਼ਰਚਿਆਂ ਤੋਂ ਵੀ ਵੱਡਾ ਬੋਝ ਹੈ ਪੰਜਾਬ ਸਰਕਾਰ ਸਿਰ ਲੰਮੇ ਸਮੇਂ ਦਾ ਕਰਜ਼ਾ ਜਿਸ ਨਾਲ ਹਰ ਸਾਲ ਬਹੁਤ ਵੱਡੀ ਰਕਮ ਵਿਆਜ ਵਜੋਂ ਅਦਾ ਕਰਨੀ ਪੈਂਦੀ ਹੈ । ਸਾਲ 2016-17 ਦੇ ਸਾਲ ਵਿੱਚ 30,547 ਕਰੋੜ ਰੁਪਏ ਵਿਆਜ ਤੇ ਦਿੱਤੇ ਗਏ ਸਨ 2017-18 ਵਿੱਚ ਵਧ ਕੇ 39,526 ਕਰੋੜ ਰੁਪਏ ਹੋ ਗਿਆ ਅਤੇ ਅਗਲੇਰੇ ਸਾਲਾਂ ਵਿੱਚ ਹੋਰ ਵਧਦਾ ਗਿਆ ਜੋ ਕਿ ਤਨਖ਼ਾਹਾਂ ਤੋਂ ਵੀ ਜ਼ਿਆਦਾ ਅਤੇ ਅਣਉਪਯਾਊ ਹੈ। ਇਹ ਮਸਲਾ ਬਹੁਤ ਹੀ ਸੰਜੀਦਗੀ ਨਾਲ ਵਿਚਾਰਨ ਵਾਲਾ ਅਤੇ ਧਿਆਨ ਹੇਠਾਂ ਲਿਆਉਣ ਵਾਲਾ ਵਿਸ਼ਾ ਹੈ। ਸਾਡਾ ਦੇਸ਼ ਨਾਮ ਨੂੰ ਵਿਕਾਸਸ਼ੀਲ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਿਲ ਹੈ ਪਰ ਮੈਨੂੰ ਲੱਗਦਾ ਹੈ ਕਿ ਜੇਕਰ ਸਾਡੇ ਦੇਸ਼ ਦੀ ਵਾਗਡੋਰ ਅਜਿਹੇ ਲੋਟੂ ਨੇਤਾਵਾਂ ਦੇ ਹੱਥ ਰਹੀ ਤਾਂ ਸਾਡੇ ਦੇਸ਼ ਦੇ ਵਿਕਾਸਸ਼ੀਲ ਤੋਂ ਅਵਿਕਸਿਤ ਦੇਸ਼ ਵਿੱਚ ਤਬਦੀਲ ਹੁੰਦਿਆਂ ਦੇਰ ਨਹੀਂ ਲੱਗੇਗੀ।

Buying or Selling home in Sacramento??
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।
MOBILE 916-513-8094




*Put my knowledge, Service, experience and professionalism to work for you.*

Buying or selling home in Sacramento?
Call 916-513-8094 for free consultation (PUNJABI/ENGLISH/HINDI)
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।



MOBILE. 916-513-8094. OFFICE 916-993-8680 EXT.1102
EMAIL realtor.vkapoor@gmail.com Web. www.hsicarerealty.com
9355 E. Stockton Blvd. suite 170, Elk Grove, CA 95864

VISHAL KAPOOR
Realtor®
DRE#02087894

# ਮੋਦੀ ਦੀ ਫਾਸ਼ੀਵਾਦੀ ਸਿਆਸਤ, ਫੈਡਰਲਿਜ਼ਮ ਤੇ ਕਾਲੇ ਖੇਤੀ ਕਨੂੰਨ



**- ਰਾਮਚੰਦਰ ਗੁਹਾ ਇਤਿਹਾਸਕਾਰ**

2020 ਭਾਰਤੀ ਆਵਾਮ ਅਤੇ ਲੋਕਤੰਤਰ ਦੀ ਸਿਹਤ ਲਈ ਵਾਹਵਾ ਬੁਰਾ ਸਾਲ ਬਣ ਕੇ ਗੁਜ਼ਰਿਆ ਹੈ। ਮੋਦੀ-ਸ਼ਾਹ ਦੀ ਸਰਕਾਰ ਜੋ ਆਪਣੇ ਸੁਭਾਅ ਤੇ ਬਿਰਤੀ ਪੱਖੋਂ ਹੀ ਸੱਤਾਵਾਦੀ ਹੈ, ਨੇ ਮਹਾਂਮਾਰੀ ਦਾ ਫ਼ਾਇਦਾ ਉਠਾ ਕੇ ਸੰਵਿਧਾਨਕ ਲੋਕਤੰਤਰ ਦੀਆਂ ਪ੍ਰਕਿਰਿਆਵਾਂ ਦੀ ਕਦਰ ਮਾਰ ਦਿੱਤੀ ਅਤੇ ਰਾਜ ਤੇ ਸਮਾਜ ਉੱਤੇ ਆਪਣੀ ਪਕੜ ਹੋਰ ਪੀਡੀ ਕਰ ਲਈ ਹੈ। ਆਪਣਾ ਝੱਸ ਪੂਰਾ ਕਰਨ ਖ਼ਾਤਰ ਇਸ ਸਰਕਾਰ ਨੇ ਭਾਰਤੀ ਸੰਸਦ, ਫੈਡਰਲਿਜ਼ਮ, ਪ੍ਰੈਸ ਅਤੇ ਸਿਵਲ ਸੁਸਾਇਟੀ ਜਥੇਬੰਦੀਆਂ ਉੱਤੇ ਚੌਤਰਫ਼ਾ ਹਮਲਾ ਵਿੱਢਿਆ ਹੋਇਆ ਹੈ। ਆਓ, ਵਾਰੀ ਵਾਰੀ ਇਸ ਦਾ ਖ਼ੁਲਾਸਾ ਕਰੀਏ।

ਨਰਿੰਦਰ ਮੋਦੀ ਜਿਨਾਂ ਸਾਲਾਂ ਵਿਚ ਗੁਜਰਾਤ ਦਾ ਮੁੱਖ ਮੰਤਰੀ ਹੁੰਦਾ ਸੀ, ਉਦੋਂ ਉਸ ਨੇ ਵਿਧਾਨਕ ਰਵਾਇਤਾਂ ਪ੍ਰਤੀ ਬਹੁਤ ਘਿਰਣਾ ਦਿਖਾਈ ਸੀ। ਉਦੋਂ ਸੱਤਾ ਵਿਚ ਲਗਭਗ ਇਕ ਦਹਾਕਾ ਪੂਰਾ ਹੋਣ ਮਗਰੋਂ ਤਿਆਰ ਕੀਤੀ ਗਈ ਰਿਪੋਰਟ ਵਿਚ ਦਰਸਾਇਆ ਗਿਆ ਸੀ ਕਿ ਗੁਜਰਾਤ ਦੇ ਗਠਨ ਤੋਂ ਬਾਅਦ ਉੱਥੇ ਜਿੰਨੇ ਵੀ ਮੁੱਖ ਮੰਤਰੀ ਬਣੇ, ਉਨਾਂ ਵਿਚੋਂ ਮੋਦੀ ਹੀ ਅਜਿਹਾ ਮੁੱਖ ਮੰਤਰੀ ਸੀ ਜਿਸ ਨੇ ਵਿਧਾਨ ਸਭਾ ਦੀਆਂ ਸਭ ਤੋਂ ਘੱਟ ਬੈਠਕਾਂ ਹੋਣ ਦਿੱਤੀਆਂ ਸਨ। ਵਿਧਾਨ ਸਭਾ ਦਾ ਸੈਸ਼ਨ ਹੋਇਆਂ ਕਈ ਕਈ ਮਹੀਨੇ ਲੰਘ ਜਾਂਦੇ ਸਨ। ਜਦੋਂ ਸੈਸ਼ਨ ਬੁਲਾਇਆ ਜਾਂਦਾ ਸੀ ਤਾਂ ਇਕ ਦਿਨ ਵਿਚ ਮਾਮਲੇ ਨਿਬੇੜ ਕੇ ਅਹੁ ਜਾਂਦੇ ਸਨ ਤੇ ਉਸ ਵਿਚ ਵੀ ਬਹੁਤਾ ਸਮਾਂ ਵਿੱਛੜੇ ਆਗੂਆਂ ਨੂੰ ਸ਼ਰਧਾਂਜਲੀਆਂ ਭੇਟ ਕਰਨ ਤੇ ਲਗਾ ਦਿੱਤਾ ਜਾਂਦਾ ਸੀ। ਜਿਵੇਂ ਚੰਗੀ ਤਰਾਂ ਜੱਗ ਜ਼ਾਹਰ ਹੋ ਚੁੱਕਿਆ ਹੈ, ਮੁੱਖ ਮੰਤਰੀ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਤਾਂ ਨਜ਼ਰਅੰਦਾਜ਼ ਕਰਦੇ ਹੀ ਸਨ, ਵੱਡੇ ਨੀਤੀਗਤ ਫ਼ੈਸਲਿਆਂ ਬਾਰੇ ਆਪਣੀ ਕੈਬਨਿਟ ਦੇ ਮੰਤਰੀਆਂ ਨਾਲ ਵੀ ਸਲਾਹ ਮਸ਼ਵਰਾ ਨਹੀਂ ਸਨ ਕਰਦੇ। ਸਲਾਹ ਮਸ਼ਵਰੇ ਪ੍ਰਤੀ ਇਸੇ ਉਦਾਸੀਨਤਾ ਨੂੰ ਲੈ ਕੇ ਮੋਦੀ ਦਿੱਲੀ ਆਇਆ ਸੀ। ਉਹਦੇ ਲਈ ਸੰਸਦ ਕਦੇ ਕਦਾਈਂ ਕੋਈ ਕਰਾਰਾ ਭਾਸ਼ਣ ਕਰਨ ਵਾਲਾ ਥੜਾ ਹੈ, ਫ਼ੈਸਲੇ ਕਰਨ ਦੇ ਅਮਲ ਤਹਿਤ ਵਿਚਾਰ ਵਟਾਂਦਰੇ ਦਾ ਵਡੇਰਾ ਜਨਤਕ ਮੰਚ ਨਹੀਂ। ਲੋਕ ਸਭਾ ਦੇ ਸਪੀਕਰ ਅਤੇ ਰਾਜ ਸਭਾ ਦੇ ਚੇਅਰਮੈਨ ਵੱਲੋਂ ਜਿਹੋ ਜਿਹਾ ਪੱਖਪਾਤੀ ਵਤੀਰਾ ਅਪਣਾਇਆ ਜਾਂਦਾ ਹੈ, ਉਹ ਉਨਾਂ ਦੇ ਆਗੂ ਦੀ ਸੋਚ ਦੇ ਐਨ ਮੁਤਾਬਿਕ ਹੈ। ਉਨਾਂ ਦੇ ਡਿਪਟੀ ਵੀ ਇਵੇਂ ਹੀ ਵਿਚਰਦੇ ਰਹੇ। ਜ਼ਰਾ ਸੋਚੋ ਕਿ ਰਾਜ ਸਭਾ ਵਿਚ ਖੇਤੀ ਬਿੱਲ ਕਿਵੇਂ ਪਾਸ ਕੀਤੇ ਗਏ ਸਨ ਤੇ ਕਿਵੇਂ ਸਦਨ ਦੇ ਡਿਪਟੀ ਚੇਅਰਮੈਨ ਹਰੀਵੰਸ਼ ਨੇ ਸਾਰੇ ਸੰਸਦੀ ਨੇਮਾਂ ਤੇ ਮਰਿਆਦਾਵਾਂ ਦੀ ਉਲੰਘਣਾ ਕਰਦਿਆਂ ਬਿੱਲਾਂ ਤੇ ਵੋਟਿੰਗ ਨਾ ਹੋਣ ਦਿੱਤੀ ਅਤੇ ਇੰਜ ਆਪਣੀ ਭਾਵਨਾ ਦੇ ਆਧਾਰ ਤੇ ਬਿੱਲਾਂ ਨੂੰ ਕਾਨੂੰਨੀ ਜਾਮਾ ਪਹਿਨਾ ਦਿੱਤਾ ਗਿਆ। ਇਸ ਲੋਕਰਾਜੀ ਭਟਕਣ ਬਾਰੇ ਲੋਕ ਸਭਾ ਦੇ ਸਾਬਕਾ ਸਕੱਤਰ ਜਨਰਲ ਪੀਡੀਟੀ ਆਚਾਰੀ ਨੇ ਲਿਖਿਆ ਸੀ: 'ਸੰਸਦੀ ਪ੍ਰਣਾਲੀ ਇਸ ਤਰੀਕੇ ਨਾਲ ਵਿਉਂਤੀ ਗਈ ਹੈ ਕਿ ਵਿਰੋਧੀ ਧਿਰ ਜਚ ਕੇ ਆਪਣੀ ਗੱਲ ਰੱਖ ਸਕੇ ਅਤੇ ਸਰਕਾਰ ਕੋਈ ਨਾ ਕੋਈ ਰਾਹ ਕੱਢ ਸਕੇ। ਜੇ ਪਹਿਲੀ ਗੱਲ ਸੰਭਵ ਨਹੀਂ ਹੁੰਦੀ ਤਾਂ ਲੋਕਤੰਤਰੀ ਸੰਸਥਾ ਵਜੋਂ ਸੰਸਦ ਬਹੁਤਾ ਸਮਾਂ ਕਾਇਮ ਨਹੀਂ ਰਹਿ ਸਕੇਗੀ।'

ਜਿਹੜੇ ਲੋਕ ਮੋਦੀ ਦੇ ਭਗਤ ਹਨ ਅਤੇ ਉਹ ਜਿਹੜੇ ਸੋਚਦੇ ਹਨ ਕਿ ਅੰਤ ਭਲਾ, ਸੋ ਸਭ ਭਲਾ; ਉਹ ਇਨਾਂ ਉਲੰਘਣਾਵਾਂ ਨੂੰ ਦਰਕਿਨਾਰ ਕਰਦਿਆਂ ਖੇਤੀ ਕਾਨੂੰਨਾਂ ਨੂੰ 'ਇਤਿਹਾਸਕ' ਕਹਿ ਕੇ ਇਨਾਂ ਦਾ ਸਵਾਗਤ ਕਰਦੇ ਹਨ। ਦੂਜੇ ਪਾਸੇ, ਖੇਤੀ ਕਾਨੂੰਨਾਂ ਦੇ ਵਿਰੋਧੀਆਂ ਨੇ ਨਾ ਕੇਵਲ ਇਸ ਦੇ ਨੈਤਿਕ ਢੰਗ ਤਰੀਕੇ ਬਾਰੇ ਸਵਾਲ ਉਠਾਏ ਹਨ ਸਗੋਂ ਇਤਿਹਾਸ ਦੀ ਗਹਿਰੀ ਸਮਝ ਰਾਹੀਂ ਇਸ ਕਿਸਮ ਦੀ ਪਾਰਲੀਮਾਨੀ ਘਿਰਣਾ ਬਾਰੇ ਸਾਨੂੰ ਚੁਕੰਨੇ ਵੀ ਕੀਤਾ ਹੈ। ਸੀਨੀਅਰ ਵਕੀਲ ਅਰਵਿੰਦ ਦਾਤਾਰ ਇਸ ਬਾਰੇ ਲਿਖਦੇ ਹਨ- 'ਬਹੁਤ ਭਾਰੀ ਆਰਥਿਕ ਨੁਕਸਾਨ ਅਤੇ ਦਿੱਲੀ ਦੇ ਆਸ-ਪਾਸ ਜਨ ਜੀਵਨ ਵਿਚ ਹੋਈ ਉਥੱਲ ਪੁਥਲ ਤੋਂ ਪੂਰੀ ਤਰਾਂ ਬਚਿਆ ਜਾ ਸਕਦਾ ਸੀ ਜੇ ਕਾਨੂੰਨ ਸੰਸਦ ਵਿਚੋਂ ਜ਼ਬਰਦਸਤੀ ਪਾਸ ਨਾ ਕਰਵਾਏ ਹੁੰਦੇ। ਇਹ ਅੰਦੋਲਨ ਸਾਨੂੰ ਸਿਖਾਉਂਦਾ ਹੈ ਕਿ ਸੰਸਦੀ ਵਿਧੀਆਂ ਨੂੰ ਸ਼ਬਦੀ ਰੂਪ ਵਿਚ ਹੀ ਨਹੀਂ ਸਗੋਂ ਮਨੋਂ ਵੀ ਸਤਿਕਾਰਿਆ ਜਾਣਾ ਚਾਹੀਦਾ ਹੈ। ਕੇਂਦਰੀ ਮੰਤਰੀ ਭਾਵੇਂ ਅਰਬਨ ਨਕਸਲੀਆਂ, ਖ਼ਾਲਿਸਤਾਨੀਆਂ ਅਤੇ ਵਿਰੋਧੀ ਪਾਰਟੀਆਂ ਸਿਰ ਭਾਂਡਾ ਭੰਨਦੇ ਨਹੀਂ ਥੱਕਦੇ ਪਰ ਸ੍ਰੀ ਦਾਤਾਰ ਇਸ ਗੱਲ ਵੱਲ ਧਿਆਨ ਦਿਵਾਉਂਦੇ ਹਨ ਕਿ ਜਿਸ ਕਾਹਲ ਨਾਲ ਸੰਸਦ ਦੇ ਦੋਵੇਂ ਸਦਨਾਂ ਵਿਚੋਂ



ਖੇਤੀ ਕਾਨੂੰਨ ਪਾਸ ਕਰਵਾਏ ਗਏ ਹਨ, ਉਸੇ ਕਰ ਕੇ ਇਹ ਸੰਕਟ ਪੈਦਾ ਹੋਇਆ ਹੈ ਤੇ ਇਸ ਨਾਲ ਮਹਾਂਮਾਰੀ ਕਾਰਨ ਪੈਦਾ ਹੋਈਆਂ ਆਰਥਿਕ ਮੁਸੀਬਤਾਂ ਵਿਚ ਹੋਰ ਵਾਧਾ ਹੋਇਆ ਹੈ।

ਹਾਲ ਹੀ ਵਿਚ ਸਰਕਾਰ ਨੇ ਮਹਾਂਮਾਰੀ ਦਾ ਬਹਾਨਾ ਲਾ ਕੇ ਸੰਸਦ ਦਾ ਸਰਦ ਰੁੱਤ ਇਜਲਾਸ ਰੱਦ ਕਰ ਦਿੱਤਾ ਜਦੋਂਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਸਾਮ ਅਤੇ ਪੱਛਮੀ ਬੰਗਾਲ ਵਿਚ ਵੱਡੀਆਂ ਸਿਆਸੀ ਰੈਲੀਆਂ ਨੂੰ ਸੰਬੋਧਨ ਕਰ ਰਹੇ ਹਨ।

ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ 'ਸਹਿਕਾਰੀ ਫੈਡਰਲਿਜ਼ਮ' ਵਿਚ ਆਪਣਾ ਭਰੋਸਾ ਜਤਾਉਣ ਦਾ ਦਾਅਵਾ ਕੀਤਾ ਸੀ। ਪ੍ਰਧਾਨ ਮੰਤਰੀ ਬਣ ਕੇ ਉਸੇ ਮੋਦੀ ਨੇ ਰਾਜਾਂ ਦੇ ਹੱਕਾਂ ਤੇ ਜ਼ਿੰਮੇਵਾਰੀਆਂ ਦੀ ਸੰਘੀ ਘੁੱਟਣ ਦੀ ਕੋਸ਼ਿਸ਼ ਕੀਤੀ ਹੈ। ਇਕ ਵਾਰ ਫਿਰ ਇੱਥੇ ਖੇਤੀ ਕਾਨੂੰਨਾਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਜਿਵੇਂ ਹਰੀਸ਼ ਦਮੋਦਰਨ ਨੇ ਧਿਆਨ ਦਿਵਾਇਆ ਹੈ ਕਿ ਸੰਵਿਧਾਨ ਵਿਚ ਖੇਤੀਬਾੜੀ ਅਤੇ ਮੰਡੀ ਦੋਵਾਂ ਨੂੰ ਸਪੱਸ਼ਟ ਰੂਪ ਵਿਚ ਰਾਜ ਸੂਚੀ ਵਿਚ ਰੱਖਿਆ ਗਿਆ ਹੈ ਤੇ ਇਨਾਂ ਮਾਮਲਿਆਂ ਵਿਚ ਕੇਂਦਰ ਰਾਜਾਂ ਨੂੰ ਹੱਲਾਸ਼ੇਰੀ ਦੇ ਸਕਦਾ ਹੈ, ਪ੍ਰੇਰਿਤ ਕਰ ਸਕਦਾ ਹੈ, ਮਨਾ ਸਕਦਾ ਹੈ ਅਤੇ ਭਰਮਾ ਸਕਦਾ ਹੈ ਪਰ ਆਪਣੇ ਤੌਰ ਤੇ ਕਾਨੂੰਨ ਨਹੀਂ ਬਣਾ ਸਕਦਾ।

ਖ਼ੈਰ, ਸਮਵਰਤੀ ਸੂਚੀ ਵਿਚ ਵਪਾਰ ਅਤੇ ਵਣਜ ਨੂੰ ਕਵਰ ਕਰਨ ਵਾਲੇ ਇੰਦਰਾਜ ਦੀ ਅਜਬ ਵਿਆਖਿਆ (ਅਸਲ ਵਿਚ ਗ਼ਲਤ ਵਿਆਖਿਆ) ਕਰ ਕੇ ਕੇਂਦਰ ਨੇ ਰਾਜਾਂ ਨਾਲ ਕੋਈ ਵਿਚਾਰ ਵਟਾਂਦਰਾ ਕਰੇ ਬਗ਼ੈਰ ਧੋਖੇ ਭਰੇ ਢੰਗ ਤਰੀਕਿਆਂ ਨਾਲ ਇਹ ਬਿੱਲ ਪਾਸ ਕਰਵਾ ਲਏ।

ਮਹਾਂਮਾਰੀ ਦੇ ਇਸ ਅਰਸੇ ਦੌਰਾਨ ਅਸੀਂ ਫੈਡਰਲ ਸਿਧਾਂਤਾਂ ਉੱਤੇ ਇਕ ਤੋਂ ਬਾਅਦ ਇਕ ਹਮਲੇ ਹੁੰਦੇ ਦੇਖੇ ਹਨ। ਅੰਗਰੇਜ਼ੀ ਰਾਜ ਵੇਲੇ ਬਣਾਏ ਕਾਨੂੰਨਾਂ ਅਤੇ ਕੌਮੀ ਆਫ਼ਤ ਪ੍ਰਬੰਧਨ ਕਾਨੂੰਨ ਦੀ ਵਰਤੋਂ ਕਰ ਕੇ ਕੇਂਦਰ ਦੀਆਂ ਤਾਕਤਾਂ ਵਿਚ ਅਥਾਹ ਵਾਧਾ ਕੀਤਾ ਗਿਆ ਹੈ। ਇਸ ਦੌਰਾਨ, ਸੂਬਿਆਂ ਵਿਚ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਨੂੰ ਛੁਟਿਆਉਣ ਲਈ ਉਨਾਂ ਦੇ ਵਿਧਾਇਕਾਂ ਨੂੰ ਵੱਢੀ ਦੇ ਕੇ, ਫੁਸਲਾ ਕੇ ਜਾਂ ਫਿਰ ਡਰਾ ਧਮਕਾ ਕੇ ਭਾਜਪਾ ਦੇ ਪਾਲ਼ੇ ਵਿਚ ਲਿਆਂਦਾ ਜਾ ਰਿਹਾ ਹੈ। ਭਾਜਪਾ ਨੂੰ ਸੱਤਾ ਦੀ ਕਿੰਨੀ ਭੁੱਖ ਹੈ ਤੇ ਭਾਰਤ ਵਾਸੀਆਂ ਦੀ ਸਿਹਤ ਦਾ ਕਿੰਨਾ ਕੁ ਖ਼ਿਆਲ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਪ੍ਰਧਾਨ ਮੰਤਰੀ ਨੇ ਲਾਕਡਾਊਨ ਐਲਾਨਣ ਲਈ ਉਦੋਂ ਤੱਕ ਇੰਤਜ਼ਾਰ ਕੀਤਾ, ਜਦੋਂ ਤੱਕ ਮੱਧ ਪ੍ਰਦੇਸ਼ ਵਿਚ ਆਪਣੀ ਪਾਰਟੀ ਦੀ ਨਵੀਂ ਸਰਕਾਰ ਨੇ ਸਹੁੰ ਨਹੀਂ ਚੁੱਕ ਲਈ, ਤੇ ਫਿਰ ਸਿਰਫ਼ ਚਾਰ ਘੰਟੇ ਦਾ ਨੋਟਿਸ ਦੇ ਕੇ ਭਿਅੰਕਰ ਕਿਸਮ ਦਾ ਲੌਕਡਾਊਨ ਲਾਗੂ ਕਰ ਦਿੱਤਾ।

ਫੈਡਰਲਿਜ਼ਮ ਉੱਤੇ ਹਮਲੇ ਦੇ ਇਰਾਦੇ ਨਾਲ ਭਾਜਪਾ ਨੇ ਖ਼ਾਸ ਤੌਰ ਤੇ ਦੋ ਰਾਜਾਂ- ਪੱਛਮੀ ਬੰਗਾਲ ਤੇ ਮਹਾਰਾਸ਼ਟਰ ਨੂੰ ਨਿਸ਼ਾਨਾ ਬਣਾਇਆ। ਇਨਾਂ ਰਾਜਾਂ ਦੇ ਰਾਜਪਾਲ ਸੰਵਿਧਾਨ ਪ੍ਰਤੀ ਘੱਟ, ਹਿੰਦੂਤਵ ਪ੍ਰਤੀ ਜ਼ਿਆਦਾ ਵਫ਼ਾਦਾਰ ਹਨ ਅਤੇ ਕੇਂਦਰੀ ਜਾਂਚ ਏਜੰਸੀਆਂ ਕਾਨੂੰਨ ਦੀ ਬਜਾਏ ਆਪਣੇ ਮੰਤਰੀਆਂ ਪ੍ਰਤੀ ਜ਼ਿਆਦਾ ਵਫ਼ਾਦਾਰ ਹਨ। ਇਨਾਂ ਏਜੰਸੀਆਂ ਨੂੰ ਮੋਦੀ-ਸ਼ਾਹ ਹਕੂਮਤ ਨੇ ਇਸ ਵੇਲੇ ਇਨਾਂ ਰਾਜਾਂ ਵਿਚ ਹਕੂਮਤ ਚਲਾ ਰਹੀਆਂ ਗ਼ੈਰ ਭਾਜਪਾ ਸਰਕਾਰਾਂ ਨੂੰ ਤੰਗ ਕਰਨ ਲਈ ਵਰਤਿਆ। ਇਹ ਸਿਆਸੀ ਗੁੰਡਾਗਰਦੀ ਇੰਨੀ ਖੁੱਲੇਆਮ ਹੋ ਗਈ ਹੈ ਕਿ ਕਿਸੇ ਵੇਲੇ ਭਾਜਪਾ ਦੀ ਸਭ ਤੋਂ ਪੁਰਾਣੀ ਤੇ ਵਫ਼ਾਦਾਰ ਸਹਿਯੋਗੀ ਸ਼ਿਵ ਸੈਨਾ ਨੂੰ ਇਹ ਕਹਿਣਾ ਪਿਆ: 'ਅਜਿਹੀ ਕਿਹੜੀ ਗੱਲ ਹੈ ਕਿ ਪ੍ਰਧਾਨ ਮੰਤਰੀ ਰਾਜ ਸਰਕਾਰਾਂ ਨੂੰ ਅਸਥਿਰ ਕਰਨ ਵਿਚ ਬਹੁਤ ਖ਼ਾਸ ਰੁਚੀ ਲੈਂਦੇ ਹਨ? ਉਹ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਹਨ। ਦੇਸ਼ ਫੈਡਰਲ ਢਾਂਚੇ ਦੇ ਰੂਪ ਵਿਚ ਮੌਜੂਦ ਹੈ। ਜਿਨਾਂ ਰਾਜਾਂ ਵਿਚ ਭਾਜਪਾ ਦੀਆਂ ਸਰਕਾਰਾਂ ਨਹੀਂ ਹਨ, ਉਹ ਵੀ ਕੌਮੀ ਹਿਤ ਦੀ ਗੱਲ ਕਰਦੇ ਹਨ। ਇਸ ਅਹਿਸਾਸ ਦੀ ਹੱਤਿਆ ਕੀਤੀ ਜਾ ਰਹੀ ਹੈ।'

ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਨਰਿੰਦਰ ਮੋਦੀ ਸਿਵਲ ਸੁਸਾਇਟੀ ਜਥੇਬੰਦੀਆਂ ਨੂੰ ਵੀ ਉੱਕਾ ਪਸੰਦ ਨਹੀਂ ਕਰਦੇ ਸਨ ਜਿਨਾਂ ਦਾ ਸਿਆਸਤ ਨਾਲ ਕੋਈ ਸਬੰਧ ਨਹੀਂ ਹੈ। ਆਪਣੇ ਮਨ ਦੀ ਇਹੀ ਮੈਲ਼ ਲੈ ਕੇ ਉਹ ਦਿੱਲੀ ਆ ਗਏ। 2020 ਦੌਰਾਨ ਅਸੀਂ ਗ਼ੈਰ ਸਰਕਾਰੀ ਜਥੇਬੰਦੀਆਂ ਤੇ ਹੋਰ ਸ਼ਿਕੰਜਾ ਕਸਦਿਆਂ ਦੇਖਿਆ ਹੈ। ਵਿਦੇਸ਼ੀ ਚੰਦਾ (ਰੈਗੂਲੇਸ਼ਨ) ਕਾਨੂੰਨ ਵਿਚ ਨਵੀਂ ਸੋਧ ਬਾਰੇ ਇਕ ਸਮੀਖਿਅਕ ਨੇ ਤਰਕ ਦਿੱਤਾ ਹੈ ਕਿ ਇਹ ਇਸ ਤਰਾਂ ਉਲੀਕੀ ਗਈ ਹੈ ਤਾਂ ਕਿ ਸਰਕਾਰ ਦੀ ਮਨਮਾਨੀ ਅਤੇ ਬਦਲੇਖ਼ੋਰ ਕਾਰਵਾਈ ਲਈ ਰਾਹ ਸਾਫ਼ ਹੋ ਸਕੇ। ਇਹ ਬਿੱਲ ਗ਼ੈਰ-ਸਰਕਾਰੀ ਜਥੇਬੰਦੀਆਂ ਨੂੰ ਦਬਾਉਂਦਾ ਹੈ ਅਤੇ ਇਸ ਨਾਲ ਸਿੱਖਿਆ, ਸਿਹਤ, ਲੋਕਾਂ ਦੀ ਰੋਜ਼ੀ ਰੋਟੀ, ਲਿੰਗਕ ਨਿਆਂ ਅਤੇ ਕੁੱਲ ਮਿਲਾ ਕੇ ਭਾਰਤ ਵਿਚ ਲੋਕਤੰਤਰ ਦੇ ਖੇਤਰ ਵਿਚ ਦੀਰਘ ਕਾਲੀ ਅਸਰ ਪੈਣਗੇ।'

ਨਰਿੰਦਰ ਮੋਦੀ ਅਜਿਹੇ ਪੱਤਰਕਾਰਾਂ ਨੂੰ ਉੱਕਾ ਪਸੰਦ ਨਹੀਂ ਕਰਦੇ ਜਿਹੜੇ ਆਪਣਾ ਦਿਮਾਗ਼ ਵਰਤਦੇ ਹਨ। ਇਹ ਗੱਲ ਇਸ ਤੋਂ ਜ਼ਾਹਰ ਹੁੰਦੀ ਹੈ ਕਿ ਪਿਛਲੇ ਸਾਢੇ ਛੇ ਸਾਲਾਂ ਦੌਰਾਨ ਉਨਾਂ ਇਕ ਵੀ ਪ੍ਰੈਸ ਕਾਨਫਰੰਸ ਨਹੀਂ ਕੀਤੀ। ਸਾਲ 2020 ਦੌਰਾਨ ਭਾਰਤ ਵਿਚ ਪ੍ਰੈਸ ਦੀ ਆਜ਼ਾਦੀ ਉੱਤੇ ਹਮਲਿਆਂ ਵਿਚ ਵਾਧਾ ਹੋਇਆ ਹੈ। ਮਾਰਚ ਦੇ ਅਖ਼ੀਰ ਵਿਚ ਲੌਕਡਾਊਨ ਲਾਗੂ ਹੋਣ ਤੋਂ ਦੋ ਮਹੀਨਿਆਂ ਦੇ ਅੰਦਰ ਅੰਦਰ ਕਰੀਬ 55 ਪੱਤਰਕਾਰਾਂ ਨੂੰ ਐੱਫਆਈਆਰਜ਼, ਸਿੱਧੇ ਹਮਲਿਆਂ ਅਤੇ ਗ੍ਰਿਫ਼ਤਾਰੀਆਂ ਦਾ ਸਾਹਮਣਾ ਕਰਨਾ ਪਿਆ ਸੀ। ਪੱਤਰਕਾਰਾਂ ਤੇ ਸਭ ਤੋਂ ਵੱਧ ਹਮਲੇ ਉੱਤਰ ਪ੍ਰਦੇਸ਼, ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਵਿਚ ਦੇਖਣ ਨੂੰ ਮਿਲੇ ਜਿੱਥੇ ਭਾਜਪਾ ਦਾ ਸ਼ਾਸਨ ਚਲਦਾ ਹੈ। 'ਫਰੀ ਸਪੀਚ ਕੁਲੈਕਟਿਵ' ਦੀ ਰਿਪੋਰਟ ਵਿਚ ਆਖਿਆ ਗਿਆ ਹੈ ਕਿ 'ਸਾਲ 2020 ਭਾਰਤ ਵਿਚ ਪੱਤਰਕਾਰਾਂ ਲਈ ਬੁਰਾ ਸਾਬਿਤ ਹੋਇਆ ਹੈ... ਪੱਤਰਕਾਰਾਂ ਉੱਤੇ ਹਮਲੇ ਅਤੇ ਉਨਾਂ ਦੀਆਂ ਹੱਤਿਆਵਾਂ ਬੇਰੋਕ ਜਾਰੀ ਰਹੀਆਂ। ਮੀਡੀਆ ਵੱਲੋਂ ਆਪਣੇ ਤੌਰ 'ਤੇ ਲਾਗੂ ਕੀਤੀ ਗਈ ਸੈਂਸਰਸ਼ਿਪ ਹੁਣ ਖੁੱਲਾ ਰਾਜ਼ ਬਣ ਚੁੱਕੀ ਹੈ ਤਾਂ ਵੀ ਸਰਕਾਰ ਮੀਡੀਆ ਨੀਤੀਆਂ, ਫੰਡਾ ਅਤੇ ਆਨਲਾਈਨ ਮੀਡੀਆ ਲਈ ਪ੍ਰਸ਼ਾਸਕੀ ਢੰਗ ਤਰੀਕਿਆਂ ਰਾਹੀਂ ਮੀਡੀਆ ਦੀਆਂ ਵਾਗਾਂ ਹੋਰ ਕੱਸਣਾ ਚਾਹੁੰਦੀ ਹੈ। ਇਸ ਵੇਲੇ ਸੰਸਾਰ ਪ੍ਰੈਸ ਆਜ਼ਾਦੀ ਸੂਚਕ ਅੰਕ ਵਿਚ ਭਾਰਤ ਦਾ ਦਰਜਾ 142ਵਾਂ ਹੈ ਜੋ ਨੇਪਾਲ, ਅਫ਼ਗਾਨਿਸਤਾਨ ਅਤੇ ਸ੍ਰੀਲੰਕਾ ਤੋਂ ਵੀ ਹੇਠਾਂ ਹੈ; ਹਾਲਾਂਕਿ 'ਦੇਸ਼ ਭਗਤਾਂ' ਨੂੰ ਇਹ ਧਰਵਾਸ ਰਹੇਗਾ ਕਿ ਅਸੀਂ ਪਾਕਿਸਤਾਨ ਤੋਂ ਤਿੰਨ ਦਰਜੇ ਉੱਪਰ ਹਾਂ।

ਸੰਸਦ, ਫੈਡਰਲਿਜ਼ਮ, ਸਿਵਲ ਸੁਸਾਇਟੀ ਜਥੇਬੰਦੀਆਂ ਅਤੇ ਪ੍ਰੈਸ ਉੱਤੇ ਹੋ ਰਹੇ ਹਮਲਿਆਂ ਤੋਂ ਇਲਾਵਾ 2020 ਵਿਚ ਭਾਰਤ ਦੀ ਵੱਡੀ ਤੇ ਨਿਤਾਣੀ ਮੁਸਲਿਮ ਘੱਟਗਿਣਤੀ ਨੂੰ ਭੰਡਣ ਦੀਆਂ ਕੋਸ਼ਿਸ਼ਾਂ ਵਿਚ ਤੇਜ਼ੀ ਦੇਖਣ ਨੂੰ ਮਿਲੀ। ਇਹ ਸਮੁੱਚੀ ਕਵਾਇਦ ਭਾਰਤ ਦੇ ਦੋ ਸਭ ਤੋਂ ਸ਼ਕਤੀਸ਼ਾਲੀ ਸਿਆਸਤਦਾਨਾਂ ਦੀ ਨਿਗਰਾਨੀ ਹੇਠ ਚੱਲ ਰਹੀ ਹੈ। ਬੰਗਾਲ ਵਿਚ ਚਲਾਈ ਜਾ ਰਹੀ ਭਾਜਪਾ ਦੀ ਮੁਹਿੰਮ, ਪਿਛਲੇ ਸਾਲ ਹੋਏ ਦਿੱਲੀ ਦੰਗਿਆਂ ਅਤੇ ਉਸ ਤੋਂ ਬਾਅਦ ਦੇ ਹਾਲਾਤ ਵਿਚ ਪੁਲੀਸ ਦੇ ਪੱਖਪਾਤੀ ਵਿਹਾਰ ਪਿੱਛੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਹੱਥ ਸਾਫ਼ ਨਜ਼ਰ ਆਇਆ। ਉੱਧਰ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੇ ਇਸ਼ਾਰੇ ਤੇ ਮੁਸਲਮਾਨਾਂ ਨੂੰ ਝੂਠੇ, ਸ਼ੱਕੀ ਅਤੇ ਫ਼ਰਜ਼ੀ ਕੇਸਾਂ ਵਿਚ ਨਜ਼ਰਬੰਦ ਕਰਨ ਦੇ ਮਾਮਲਿਆਂ ਵਿਚ ਵਾਧਾ ਹੋਇਆ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਪ੍ਰਧਾਨ ਮੰਤਰੀ ਦੇ ਹਾਲੀਆ ਭਾਸ਼ਣ ਦੇ ਬਾਵਜੂਦ ਆਦਿਤਿਆਨਾਥ ਦਾ ਬਹੁਗਿਣਤੀਵਾਦ ਹੀ ਹੈ ਜੋ ਪਾਰਟੀ ਦੇ ਵਫ਼ਾਦਾਰਾਂ ਦੇ ਸਿਰ ਚੜ ਕੇ ਬੋਲ ਰਿਹਾ ਹੈ ਜਿਸ ਕਰ ਕੇ ਭਾਜਪਾ ਦੇ ਹੋਰਨਾਂ ਮੁੱਖ ਮੰਤਰੀਆਂ ਵਿਚ ਉੱਤਰ ਪ੍ਰਦੇਸ਼ ਦੇ ਸਿਰੇ ਦੇ ਪੱਖਪਾਤੀ ਕਾਨੂੰਨ ਤੇ ਰਵਾਇਤਾਂ ਨੂੰ ਅਪਨਾਉਣ ਦੀ ਹੋੜ ਲੱਗੀ ਹੋਈ ਹੈ। ਜਦੋਂ ਖੇਤੀਬਾੜੀ ਅਤੇ ਕਿਰਤ ਬਾਰੇ ਕਾਨੂੰਨ ਪਾਸ ਕੀਤੇ ਗਏ ਸਨ ਤਾਂ ਮੁਕਤ ਬਾਜ਼ਾਰ ਦੇ ਕਾਲਮਨਵੀਸਾਂ ਨੇ ਖ਼ੂਬ ਤਾੜੀਆਂ ਮਾਰੀਆਂ ਸਨ, ਉਨਾਂ ਦੀ ਰਟ ਸੀ: 'ਸੰਕਟ ਨੂੰ ਅਜਾਈਂ ਨਹੀਂ ਜਾਣ ਦਿੱਤਾ ਗਿਆ।' ਇਸ ਸਮੂਹ ਗਾਣ ਉੱਤੇ ਭਰੋਸਾ ਕਰ ਲਿਆ ਗਿਆ ਕਿਉਂਕਿ ਹੰਢਣਸਾਰ ਆਰਥਿਕ ਵਿਕਾਸ ਲਈ ਬਰਾਬਰ ਦੇ ਹਾਲਾਤ ਅਤੇ ਕਾਨੂੰਨ ਦਾ ਰਾਜ ਦੋਵੇਂ ਦਰਕਾਰ ਹੁੰਦੇ ਹਨ ਪਰ ਮੋਦੀ-ਸ਼ਾਹ ਦੀ ਹਕੂਮਤ ਵਿਚ ਇਹ ਦੋਵੇਂ ਕਿਤੇ ਨਜ਼ਰ ਨਹੀਂ ਆਉਂਦੇ ਤੇ ਨਾ ਹੀ ਆ ਸਕਦੇ ਹਨ। ਗੁਪਤ ਚੋਣ ਬਾਂਡਾਂ ਦੀ ਸਕੀਮ ਵਿਚ ਜ਼ਿਆਦਾ ਨਿਵੇਸ਼ ਕਰਨ ਵਾਲੇ ਪੂੰਜੀਪਤੀਆਂ ਨੂੰ ਖੁੱਲੇ ਗੱਫੇ ਦਿੱਤੇ ਜਾਂਦੇ ਹਨ ਤੇ ਬਾਕੀ ਸਾਰੇ ਮਨ ਮਸੋਸ ਕੇ ਰਹਿ ਗਏ ਹਨ। ਜਿਹੜੇ ਸਿਆਸੀ ਆਗੂਆਂ ਨੂੰ ਘੇਰ ਕੇ ਭਾਜਪਾ ਦੇ ਪਾਲ਼ੇ ਵਿਚ ਲਿਆਂਦਾ ਗਿਆ ਹੈ, ਉਨਾਂ ਸਾਰਿਆਂ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਕੇਸ ਝਟਪਟ ਖ਼ਤਮ ਕਰ ਦਿੱਤੇ ਗਏ। ਪੁਲਿਸ ਅਤੇ ਅਫ਼ਸਰਸ਼ਾਹੀ ਹੀ ਨਹੀਂ ਸਗੋਂ ਅਦਾਲਤਾਂ ਵੀ ਕਾਨੂੰਨ ਦੇ ਰਾਜ ਦੀ ਬਜਾਏ ਉਨਾਂ ਦੇ ਸਿਆਸੀ ਆਕਾਵਾਂ ਦੇ ਹਿੱਤਾਂ ਮੁਤਾਬਿਕ ਚੱਲਦੀਆਂ ਜਾਪਦੀਆਂ ਹਨ।

ਪ੍ਰਾਈਵੇਟ ਸੈਕਟਰ ਨੂੰ ਜਵਾਬਦੇਹ ਬਣਾਉਣ ਲਈ ਆਜ਼ਾਦ ਪ੍ਰੈਸ, ਪਾਰਲੀਮੈਂਟ ਵਿਚ ਪੁਖ਼ਤਾ ਬਹਿਸ ਮੁਬਾਹਿਸਾ ਅਤੇ ਆਜ਼ਾਦਾਨਾ ਸਿਵਲ ਸੁਸਾਇਟੀ ਜਥੇਬੰਦੀਆਂ ਦੀ ਪਾਰਦਰਸ਼ੀ ਨਿਗਾਬਾਨੀ ਜ਼ਰੂਰੀ ਹੈ। 2020 ਵਿਚ ਜੋ ਕੁਝ ਹੋਇਆ ਬੀਤਿਆ, ਉਸ ਨਾਲ ਸਾਡੇ ਪੱਲਿਓਂ ਇਹ ਚੀਜ਼ਾਂ ਹੋਰ ਮਨਫ਼ੀ ਹੋ ਗਈਆਂ ਹਨ। ਅਖ਼ੀਰੀ ਗੱਲ ਇਹ ਕਿ ਜੇ ਰਾਜ/ਰਿਆਸਤ ਜਾਂ ਸੱਤਾਧਾਰੀ ਪਾਰਟੀ ਧਰਮ ਦੇ ਆਧਾਰ ਤੇ ਪਰਖ ਅਤੇ ਸਲੂਕ ਕਰਨਾ ਸ਼ੁਰੂ ਕਰ ਦੇਵੇਗੀ ਤਾਂ ਫਿਰ ਸਮਾਜਿਕ ਅਮਨ-ਚੈਨ ਬਣਿਆ ਨਹੀਂ ਰਹਿ ਸਕੇਗਾ।

ਜਾਪਦਾ ਹੈ ਕਿ ਪ੍ਰਧਾਨ ਮੰਤਰੀ ਅਤੇ ਉਨਾਂ ਦੀ ਪਾਰਟੀ ਲਈ ਸਿਆਸੀ ਤਾਕਤ, ਵਿਚਾਰਧਾਰਕ ਕੰਟਰੋਲ ਅਤੇ ਆਪਣੀ ਬੱਲੇ ਬੱਲੇ ਦੇ ਸਾਹਮਣੇ ਭਾਰਤ ਦੇ ਨਾਗਰਿਕਾਂ ਦੀ ਆਰਥਿਕ ਤੇ ਸਮਾਜਿਕ ਭਲਾਈ ਕੋਈ ਮਾਇਨੇ ਨਹੀਂ ਰੱਖਦੀ। ਲਿਹਾਜ਼ਾ, ਭਾਰਤੀ ਲੋਕਤੰਤਰ ਅਤੇ ਵੰਨ-ਸਵੰਨਤਾ ਦੀਆਂ ਰਵਾਇਤਾਂ ਕਮਜ਼ੋਰ ਕਰਨ ਲਈ ਉਨਾਂ ਸੰਕਟ ਦੇ ਇਸ ਮੌਕੇ ਦੀ ਵਰਤੋਂ, ਜਾਂ ਕਹੋ ਦੁਰਵਰਤੋਂ ਕੀਤੀ ਹੈ ਤਾਂ ਕਿ ਦੇਸ਼ ਵਿਚ ਤਾਨਾਸ਼ਾਹੀ ਰੁਚੀਆਂ ਵਾਲਾ ਬਹੁਗਿਣਤੀਵਾਦੀ ਰਾਜ ਕਾਇਮ ਕਰਨ ਦੇ ਸਿਲਸਿਲੇ ਨੂੰ ਅਗਾਂਹ ਵਧਾਇਆ ਜਾ ਸਕੇ।

# ਸਤਿ ਸ੍ਰੀ ਅਕਾਲ ਸਰਦਾਰਾ ! ਮੈਂ ਟਰੈਕਟਰ ਬੋਲਦਾ ...



- ਗਗਨਦੀਪ ਸਿੰਘ ਗੁਰਾਇਆ

ਸਤਿ ਸ੍ਰੀ ਅਕਾਲ ਸਰਦਾਰਾ! ਮੈਂ ਟਰੈਕਟਰ ਬੋਲਦਾ। ਤੇਰਾ ਮੂੰਹ ਬੋਲਿਆ ਪੁੱਤ ! ਤੇਰੇ ਦੁੱਖ- ਸੁੱਖ ਦਾ ਸਾਥੀ। ਆਪਣੇ ਰਿਸ਼ਤੇ ਦੀਆਂ ਬਾਤਾਂ ਤਾਂ ਪੂਰੀ ਦੁਨੀਆ ਪਾਉਂਦੀ ਹੈ। ਆਪਣੇ ਸੰਘਰਸ਼ ਦੀ ਦਾਸਤਾਨ ਬੜੀ ਲੰਮੇਰੀ ਹੈ। ਰੇਤਲੇ ਟਿੱਬੇ ਪੱਧਰੇ ਕਰ ਕੇ ਵਾਹੀਯੋਗ ਬਣਾਏ। ਆਪਾਂ ਦੋਵਾਂ ਨੇ ਰਲ ਕੇ ਹੱਡ- ਭੰਨਵੀਂ ਮਿਹਨਤ ਕਰ ਕੇ ਧਰਤੀ ਮਾਂ ’ਚੋਂ ਸੋਨਾ ਪੈਦਾ ਕੀਤਾ ਤੇ ਪੂਰੀ ਦੁਨੀਆ ਦਾ ਢਿੱਡ ਭਰਿਆ। ਤੂੰ ਆਪਣੇ ਟੱਬਰ ਨੂੰ ਭੁੱਖਾ ਰੱਖ ਕੇ ਲੋਕਾਂ ਦੇ ਪੁੱਤ ਰਜਾਏ। ‘ਦੱਬ ਕੇ ਵਾਹ ਤੇ ਰੱਜ ਕੇ ਖਾ’ ਦੇ ਨਾਅਰੇ ਨੂੰ ਆਪਾਂ ਸੱਚ ਕਰ ਕੇ ਵਿਖਾਇਆ। ਜਦੋਂ ‘ਜੈ ਜਵਾਨ ਜੈ ਕਿਸਾਨ’ ਦਾ ਨਾਅਰਾ ਦਿੱਤਾ ਤਾਂ ਮੇਰਾ ਚਾਅ ਸੰਭਾਲਿਆ ਨਹੀਂ ਸੀ ਜਾਂਦਾ। ਖੇਤਾਂ ’ਚ ਮਿੱਟੀ ਨਾਲ ਮਿੱਟੀ ਹੋਇਆਂ, ਕੱਦੂ ਕਰਦਿਆਂ ਆਪਣੇ ਕੋਲੋਂ ਇਕ ਦੂਜੇ ਦੇ ਚਿਹਰੇ ਨਹੀਂ ਸਨ ਪਛਾਣੇ ਜਾਂਦੇ।

**ਨਿੱਜਤਾ ਨੂੰ ਸੰਨ ਲਾ ਰਹੀਆਂ ਕੰਪਨੀਆਂ**

ਕਾਰਲ ਮਾਰਕਸ ਨੇ ਆਖਿਆ ਸੀ ਕਿ ਟਰੈਕਟਰਾਂ ਦੇ ਪਿੱਛੇ ਜਦੋਂ ਟਰਾਲੀਆਂ ਦਾ ਕਾਫ਼ਲਾ ਤੁਰਦਾ ਹੈ ਤਾਂ ਉਹ ਇਕ ਫ਼ੌਲਾਦੀ ਤਾਕਤ ਬਣ ਜਾਂਦੀ ਹੈ। ਜਦੋਂ ਮੇਰੀ ਹਿੱਕ ’ਤੇ ਢਾਡੀਆਂ ਦੀਆਂ ਬੀਰਰਸੀ ਵਾਰਾਂ ਤੇ ਚੜਦੀ ਕਲਾ ਦੇ ਗੀਤ ਗੂੰਜਦੇ ਤਾਂ ਚੁਫੇਰੇ ਦਾ ਮਾਹੌਲ ਵੀ ਅਣਖੀ ਹੋ ਜਾਂਦਾ। ਕਦੇ ਪੈਲੀ ਵਾਹੁਣ ਲੱਗਿਆਂ ਤੇਰੀ ਹੇਕ ਨਾਲ ਮੇਰੇ ਡੈੱਕ ’ਤੇ ਵੱਜਦੇ ਕਿੱਸੇ ਤੇ ਕਲੀਆਂ ਇਕਸੁਰ ਹੋਕੇ ਤਾਂ ਫ਼ਿਜ਼ਾ ਵਿਚ ਮਾਨੋ ਸ਼ਹਿਦ ਹੀ ਘੁਲ ਜਾਂਦਾ। ਖੇਤੀ ਦੇ ਸੰਦਾਂ ਨਾਲ ਮੇਰਾ ਰਿਸ਼ਤਾ ਜਿਵੇਂ ਵੱਡੇ ਲਾਣੇ ਵਾਲੇ ਲੰਬੜਦਾਰ ਦਾ ਆਪਣੇ ਟੱਬਰ ਦੇ ਜੀਆਂ ਨਾਲ।

ਮੈਨੂੰ ਅੱਜ ਵੀ ਯਾਦ ਆਉਂਦੈ ਪਿੰਡ ਦੀ ਕਿਸੇ ਧੀ ਧਿਆਣੀ ਦੇ ਵਿਆਹ ’ਤੇ ਟਰਾਲੀ ਵਿਚ ਪਿੰਡੋਂ ਮੰਜੇ ਬਿਸਤਰੇ ਇਕੱਠੇ ਕਰਨੇ, ਸ਼ਹਿਰੋਂ ਹਲਵਾਈ ਜਾਂ ਸ਼ਾਮਿਆਨੇ ਲੱਦ ਕੇ ਲਿਆਉਣੇ। ਪੇਂਡੂ ਖੇਡ ਮੇਲਿਆਂ ਵਿਚ ਤਵੀਆਂ ਦੇ ਮੁਕਾਬਲੇ ਜਾਂ ਟਰਾਲੀਆਂ ਨੂੰ ਬੈਕ ਲਾਉਣ ਦੇ ਮੁਕਾਬਲੇ। ਪੈਲੀ ਤੋਂ ਮੰਡੀ ਫ਼ਸਲ ਲੈ ਕੇ ਜਾਣ ਦੀ ਟੌਹਰ ਹੀ ਵੱਖਰੀ ਹੁੰਦੀ ਸੀ। ਧਨੀ ਰਾਮ ਚਾਤ੍ਰਿਕ ਨੇ ਇਸ ਟੌਹਰ ਨੂੰ ਵੇਖ ਕੇ ਹੀ ਗੀਤ ਲਿਖਿਆ ਸੀ ‘ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।’ ਪਰ ਸਰਦਾਰਾ! ਮਿੱਟੀ ਨਾਲ ਮਿੱਟੀ ਹੋ ਕੇ ਪਾਲੇ ਤੇਰੇ ਧੀਆਂ -ਪੁੱਤਾਂ ਦੀ ਕਿਸੇ ਬਾਤ ਨਾ ਪੁੱਛੀ। ਦੁਖੀ ਹੋ ਕੇ ਉਨਾਂ ਨੂੰ



ਵਿਦੇਸ਼ਾਂ ਦਾ ਰਾਹ ਫੜਨਾ ਪਿਆ।

ਅੱਜ ਮੇਰੇ ਤੋਂ ਤੇਰਾ ਦੁੱਖ ਜਰਿਆ ਨਹੀਂ ਜਾਂਦਾ। ਸੱਚ ਜਾਣੀ ਮੈਂ ਤੇਰੀਆਂ ਅੱਖਾਂ ਵਿਚ ਹੰਝੂ ਨਹੀਂ ਵੇਖ ਸਕਦਾ। ਮੈਂ ਤੇਰੇ ਤੋਂ ਬਿਨਾਂ ਅਧੂਰਾ ਹਾਂ। ਅੱਜ ਗੁਰਾਂ ਦੇ ਨਾਂ ’ਤੇ ਵੱਸਦੇ ਪੰਜਾਬ ਨੂੰ ਉਜਾੜਨ ਲਈ ਹਰ ਸਰਕਾਰ ਦਾ ਜ਼ੋਰ ਲੱਗਾ ਹੋਇਐ। ‘ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ’ ਪਰ ਇਹ ਮੁਹਿੰਮ ਤੇਰੀ ਤੇ ਪੰਜਾਬ ਦੀ ਹੋਂਦ ਦੀ ਹੈ। ਤੂੰ ਪ੍ਰਵਾਹ ਨਾ ਕਰੀਂ। ਹਰ ਲੜਾਈ ਵਿਚ ਜੇਤੂ ਹਮੇਸ਼ਾ ਪੰਜਾਬ ਸਿਹੁੰ ਹੀ ਰਿਹਾ। ਕਿਸਾਨੀ ਗੁਰੂ ਨਾਨਕ ਸਾਹਿਬ ਦੀ ਵਿਰਾਸਤ ਐ ਤੇ ਬਾਬਾ ਇਹਦੀ ਲਾਜ ਆਪੇ ਰੱਖੂ। ਤੂੰ-ਮੈਂ ਤਾਂ ਬੱਸ ਹੀਲਾ-ਵਸੀਲਾ ਹੀ ਹਾਂ ਪਰ ਇਕ ਗੱਲ ਹੈ ਜਿਨਾਂ ਦੀਆਂ ਜੜਾਂ ਪਤਾਲ ਵਿਚ ਲੱਗੀਆਂ ਹੋਣ, ਉਹ ਮਾੜੀਆਂ- ਮੋਟੀਆਂ ਹਨੇਰੀਆਂ ਤੋਂ ਨਹੀਂ ਡਰਦੇ। ਜਿਨਾਂ ਨੇ ਬ੍ਰਹਿਮੰਡ ’ਤੇ ਰਾਜ ਕਰਨਾ, ਉਹ ਜ਼ਮੀਨਾਂ ਦੀ ਵੀ ਪ੍ਰਵਾਹ ਨਹੀਂ ਕਰਦੇ। ਤੂੰ ਤਾਂ ‘ਕੱਲਾ ਹੀ ਸਵਾ ਲੱਖ ਏ। ਚੇਤੇ ਕਰ ਆਪਣਾ ਪੰਜ ਸੌ ਵਰਿਆਂ ਦਾ ਇਤਿਹਾਸ।

ਬਾਬਾ ਬੰਦਾ ਸਿੰਘ ਬਹਾਦਰ ਦਾ ਮੁਜ਼ਾਰਿਆਂ ਨੂੰ ਮਾਲਕ ਬਣਾਉਣਾ, ਗੁਰੂ ਨਾਨਕ ਸਾਹਿਬ ਦਾ ਬਾਬਰ ਨੂੰ ‘ਜਾਬਰ’ ਕਹਿ ਕੇ ਵੰਗਾਰਨਾ, ਗੁਰੂ ਅਰਜਨ ਸਾਹਿਬ ਤੇ ਗੁਰੂ ਤੇਗ ਬਹਾਦਰ ਜੀ ਵੱਲੋਂ ਜਬਰ ਤੇ ਜ਼ੁਲਮ ਦਾ ਸਬਰ ਨਾਲ ਮੁਕਾਬਲਾ, ਗੁਰੂ ਹਰਗੋਬਿੰਦ ਸਾਹਿਬ ਵੱਲੋਂ ਮੀਰੀ- ਪੀਰੀ ਪਹਿਨ ਕੇ ਅਕਾਲ ਤਖ਼ਤ ਸਾਹਿਬ ਤੋਂ ਦਿੱਲੀ ਦੇ ਤਖ਼ਤ ਨੂੰ ਦਿੱਤੀ ਹੋਈ ਵੰਗਾਰ। ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਵੱਲੋਂ ਨਿਰਾਲਾ ਖ਼ਾਲਸਾ ਪੰਥ ਸਾਜ ਕੇ ਕਿਲਿਆਂ ਦਾ ਨਿਰਮਾਣ ਤੇ ਬੰਦੇ ਨੂੰ ਥਾਪੜਾ ਦੇ ਕੇ ਨਗਾਰਾ, ਤੀਰ ਤੇ ਨਿਸ਼ਾਨ ਨਾਲ ਨਿਵਾਜ ਕੇ ਪੰਜਾਬ ਵੱਲ ਤੋਰਨਾ ਤੇ ਆਜ਼ਾਦ ਸਿੱਖ ਰਾਜ ਸਥਾਪਿਤ ਕਰਨਾ। ਬਾਬਾ ਬਘੇਲ ਸਿੰਘ, ਜੱਸਾ ਸਿੰਘ ਤੇ ਹੋਰ ਕੌਮੀ ਮਰਜੀਵੜਿਆਂ ਵੱਲੋਂ ਦਿੱਲੀ ਫ਼ਤਿਹ ਕਰਨਾ। ਗਜ਼ਨੀ ਦੇ ਬਾਜ਼ਾਰ ਵਿਚੋਂ ਧੀਆਂ-ਭੈਣਾਂ ਦੀਆਂ ਇੱਜ਼ਤਾਂ ਬਚਾਉਣੀਆਂ।

ਸ਼ੇਰ-ਏ-ਪੰਜਾਬ ਦਾ ਦੁਨੀਆ ਦੇ ਨਕਸ਼ੇ ’ਤੇ ਨਿਵੇਕਲੀ ਮਿਸਾਲ ‘ਸਰਕਾਰ-ਏ-ਖ਼ਾਲਸਾ’ ਦੀ ਸਥਾਪਤੀ। ਸਰਕਾਰਾਂ ਵੱਲੋਂ ਕੋਝੀਆਂ ਚਾਲਾਂ ਤਹਿਤ ਆਜ਼ਾਦੀ ਦੇ ਨਾਂ ’ਤੇ ਮਹਾਂ ਪੰਜਾਬ ਦੀ ਵੰਡ ਤੇ ਮਗਰੋਂ ਸਾਂਝੇ ਪੰਜਾਬ ਦੇ ਟੁਕੜੇ-ਟੁਕੜੇ ਕਰਨਾ। ਕਦੇ ਬੋਲੀ ਦੀ ਲੜਾਈ ਤੇ ਕਦੇ ਪਾਣੀਆਂ ਦਾ ਮਸਲਾ। ਤੇਰਾ ਇਤਿਹਾਸ ਪੈਰ-ਪੈਰ ’ਤੇ ਤੇਰੀ ਅਗਵਾਈ ਕਰਦਾ। ਕਿਸੇ ਮਹਾਂਪੁਰਖ ਦੇ ਬੋਲ ਸਨ ‘ਸਰੀਰ ਦਾ ਮਰ ਜਾਣਾ ਮੌਤ ਨਹੀਂ ਹੁੰਦਾ, ਜ਼ਮੀਰ ਦਾ ਮਰ ਜਾਣਾ ਹੀ ਅਸਲ ਵਿਚ ਮੌਤ ਹੁੰਦਾ’ ਤੇ ਤੂੰ ਤਾਂ ਜੱਗ ’ਤੇ ਜਾਣਿਆ ਹੀ ਜ਼ਮੀਰ ਕਰਕੇ ਜਾਂਦੈ। ਹੁਣ ਸਵਾਲ ਫ਼ਸਲਾਂ ਦਾ ਨਹੀਂ, ਆਉਣ ਵਾਲੀਆਂ ਨਸਲਾਂ ਦਾ ਹੈ। ਕਣਕਾਂ ਦਾ ਨਹੀਂ ਅਣਖਾਂ ਦਾ ਹੈ। ਕਦੇ ਤੇਰੇ ਵੱਡਿਆਂ ਨੇ ‘ਪਗੜੀ ਸੰਭਾਲ ਜੱਟਾ’ ਲਹਿਰ ਚਲਾਈ ਸੀ।

ਮੈਨੂੰ ਉਦੋਂ ਬੜਾ ਦੁੱਖ ਲੱਗਦਾ ਜਦ ਤੂੰ ਹਾਲਾਤ ਤੋਂ ਤੰਗ ਹੋ ਕੇ ਸਪਰੇਅ ਪੀ ਕੇ ਜਾਂ ਆਪਣੀ ਖੂਹ ਵਾਲੀ ਟਾਹਲੀ ਨਾਲ ਗਲ ਪਰਨਾ ਪਾ ਕੇ ਖ਼ੁਦਕੁਸ਼ੀ ਕਰਨ ਦੀ ਸੋਚਦਾ ਤਾਂ ਮੇਰਾ ਜਿਵੇਂ ਗੱਚ ਹੀ ਭਰ ਆਉਂਦਾ। ਰੁੱਖੀ-ਮਿੱਸੀ ਖਾ ਕੇ ਗੁਜ਼ਾਰਾ ਕਰਨ ਵਾਲਿਆਂ ਨੂੰ ਇਹ ਸਰਕਾਰਾਂ ਕਦੇ ਅੱਤਵਾਦੀ, ਵੱਖਵਾਦੀ ਤੇ ਕਦੇ ਨਕਸਲੀ ਦੱਸਦੀਆਂ ਨੇ ਪਰ ਤੇਰੀ ਸੇਵਾ ਨੇ ਦੁਨੀਆ ਨੂੰ ਦੱਸ ਦਿੱਤਾ ਕਿ ਪੰਜਾਬੀ ਤਾਂ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹੈ । ਆਹ ਵੇਖ, ਬਾਰਡਰਾਂ ’ਤੇ ਕਿਵੇਂ ਆਪਣੇ ਰਾਜ ‘ਬੇਗਮਪੁਰੇ’ ਦਾ ਝਲਕਾਰਾ ਪੈਂਦਾ। ਜਦੋਂ ਨੌਜਵਾਨ ਮੇਰੀ ਛਾਤੀ ’ਤੇ ਖਲੋ ਕੇ ਇਨਕਲਾਬੀ ਗੀਤਾਂ ਨਾਲ ਚੌਗਿਰਦੇ ਵਿਚ ਜੋਸ਼ ਭਰ ਰਹੇ ਹੁੰਦੇ ਨੇ ਤਾਂ ਮੈਨੂੰ ਜਿਵੇਂ ਸਰੂਰ ਜਿਹਾ ਆ ਜਾਂਦਾ।

ਇੱਥੇ ਸੱਚੇ ਪਾਤਸ਼ਾਹ ਦੀ ਕਲਾ ਵਰਤ ਰਹੀ ਹੈ। ਟਰਾਲੀਆਂ ਵਿਚ ਕਿਤੇ ਆਸਾ ਦੀ ਵਾਰ ਚੱਲ ਰਹੀ ਹੈ, ਨਿਤਨੇਮ ਹੋ ਰਿਹੈ ਤੇ ਕਿਤੇ ਬੜੀ ਸੰਜੀਦਗੀ ਨਾਲ ਮਹਿਫ਼ਲਾਂ ਵਿਚ ਚੰਗੇਰੇ ਭਵਿੱਖ ਦੀ ਚਰਚਾ ਹੋ ਰਹੀ ਹੁੰਦੀ ਹੈ। ਭਾਈ ਘਨਈਆ ਦੇ ਵਾਰਸ ਹਰ ਕਿਸੇ ਨੂੰ ਲੰਗਰ ਛਕਾ ਰਹੇ ਨੇ। ਜਦੋਂ ਸਾਰਾ ਦਿਨ ਥੱਕ- ਟੁੱਟ ਕੇ ਉਹ ਟਰਾਲੀਆਂ ’ਚ ਸੀਤ ਰਾਤਾਂ ’ਚ ਆਰਾਮ ਕਰ ਰਹੇ ਹੁੰਦੇ ਨੇ ਤਾਂ ਪਹਿਰੇਦਾਰੀ ਕਰਦਿਆਂ ਮੇਰਾ ਇਨਾਂ ਪਾਕ ਰੂਹਾਂ ’ਤੇ ਕੁਰਬਾਨ ਹੋਣ ਨੂੰ ਦਿਲ ਕਰ ਆਉਂਦਾ।

ਇਹ ਹੱਕ ਸੱਚ ਦੇ ਮੁਜੱਸਮੇ ਤੇ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਨੇ, ਸਿਦਕੋਂ ਨਹੀਂ ਡੋਲਣਾ। ਬਸ ਆਪਣੀ ਸੁਰਤ ਸਰਹਿੰਦ ਦੇ ਠੰਢੇ ਬੁਰਜ ਵਿਚ ਟਿਕਾ ਕੇ ਰੱਖੀਂ। ਸਰਦਾਰਾ ਹੌਸਲਾ ਰੱਖ। ਭਵਿੱਖ ਬੜਾ ਹੀ ਰੌਸ਼ਨ ਐ ਤੇਰਾ। ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਨੇ ਪੂਰੀ ਦੁਨੀਆ ਦੀ ਅਗਵਾਈ ਕਰਨੀ ਹੈ। ‘ਨਿਸਚੈ ਕਰਿ ਅਪੁਨੀ ਜੀਤ ਕਰੋ’ ਤੇ ਸਰਬੱਤ ਦੇ ਭਲੇ ਦੀ ਅਰਦਾਸ ਕਰ ਕੇ ਚੜਦੀ ਕਲਾ ਦੇ ਜੈਕਾਰੇ ਲਾਉਣੇ ਨੇ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।

○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

# ਕਿਸਾਨੀ ਅੰਦੋਲਨ ਦਾ ਅਲੌਕਿਕ ਵਰਤਾਰਾ, ਹਲੇਮੀ ਰਾਜ ਵੱਲ ਵਧਦੇ ਕਦਮ



**- ਬਘੇਲ ਸਿੰਘ ਧਾਲੀਵਾਲ**

**99142-58142**

ਕਕਰੀਲੀਆਂ ਰਾਤਾਂ ਵਿਚ ਸੜਕਾਂ ਉੱਪਰ ਦੇਸ਼ ਦੀ ਕਿਸਾਨੀ ਅਤੇ ਮਜ਼ਦੂਰ ਜਮਾਤ ਭਲੇ ਦਿਨਾਂ ਦੀ ਆਸ ਨਾਲ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਡਟੀ ਹੋਈ ਹੈ। ਭਾਵੇਂ ਕੁਦਰਤ ਦੀ ਕਰੋਪੀ ਦੇ ਨਾਲ ਮੌਸਮ ਦੀ ਮਾਰ ਵੀ (ਰਿਕਾਰਡ ਤੋੜ ਠੰਡ ਅਤੇ ਬੇਤਹਾਸ਼ਾ ਬਾਰਸ਼) ਕਿਸਾਨਾਂ ਨੂੰ ਝੱਲਣੀ ਪਈ ਹੈ, ਪਰ ਇਸ ਦੇ ਬਾਵਜੂਦ ਵੀ ਅੰਦੋਲਨਕਾਰੀ ਕਿਸਾਨਾਂ ਦੇ ਹੌਸਲਿਆਂ ਵਿੱਚ ਰੱਤੀ ਭਰ ਵੀ ਕਮਜ਼ੋਰੀ ਨਹੀਂ ਆਈ। ਪੌਣੇ ਸੈਂਕੜੇ ਨੂੰ ਪਾਰ ਕਰ ਗਈ ਮੌਤ ਦਰ ਦੇ ਬਾਵਜੂਦ, ਉਹਨਾਂ ਦੇ ਚਿਹਰਿਆਂ ’ਤੇ ਚੜਦੀ ਕਲਾ ਦੇ ਹਾਵ ਭਾਵ ਪ੍ਰਤੱਖ ਦੇਖੇ ਜਾ ਸਕਦੇ ਹਨ। ਕਿਸਾਨੀ ਅੰਦੋਲਨ ਜਿਉਂ ਜਿਉਂ ਲੰਮਾ ਹੋ ਰਿਹਾ ਹੈ, ਸਰਕਾਰ ਦੀਆਂ ਆਸਾਂ ਦੇ ਉਲਟ ਦਿਨੋਂ ਦਿਨ ਹੋਰ ਵਿਸ਼ਾਲ ਹੋ ਰਿਹਾ ਹੈ। ਕਿਸਾਨੀ ਅੰਦੋਲਨ ਦਾ ਉਜਲਾ ਪੱਖ ਇਹ ਹੈ ਕਿ ਇਸ ਅੰਦੋਲਨ ਦੀ ਅਗਵਾਈ ਉਸ ਪੰਜਾਬ ਦੇ ਹੱਥ ਵਿੱਚ ਹੈ, ਜਿਹੜਾ ਗੁਰੂ ਨਾਨਕ ਸਾਹਿਬ ਦੇ

**ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ।।**

ਦੇ ਉਸ ਉੱਚੇ ਸੁੱਚੇ ਜੀਵਨ ਫ਼ਲਸਫ਼ੇ ਦਾ ਧਾਰਨੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ:-

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।।**

ਤੇ ਇਹ ਵੀ ਕਿਹਾ ਗਿਆ ਹੈ ਕਿ:-

**ਜੇ ਜੀਵੈ ਪਤਿ ਲਥੀ ਜਾਇ।।**

**ਸਭੁ ਹਰਾਮੁ ਜੇਤਾ ਕਿਛੁ ਖਾਇ।।’**

ਇਹ ਇਤਿਹਾਸਕ ਸਚਾਈ ਹੈ ਕਿ ਗੁਰਮਤਿ ਫ਼ਲਸਫ਼ਾ, ਸਿੱਖ ਸਭਿਆਚਾਰ ਤੇ ਸਿੱਖ ਪੁਰਖਿਆਂ ਦੀਆਂ ਕੁਰਬਾਨੀਆਂ ਤੇ ਬਹਾਦਰੀ ਨੂੰ ਪੂਰੀ ਸ਼ਿੱਦਤ ਨਾਲ ਇਸ ਫੈਸਲਾਕੁਨ ਅੰਦੋਲਨ ਵਿੱਚ ਆਪਣਾ ਪ੍ਰੇਰਨਾ ਸਰੋਤ ਮੰਨਿਆ ਹੋਇਆ ਹੈ, ਜਿਸ ਦੀ ਵਜਾ ਨਾਲ ਹੀ ਉਹਨਾਂ ਨੇ ਹਕੂਮਤਾਂ ਦੀਆਂ ਭਾਰੀ ਰੋਕਾਂ ਨੂੰ ਤੁੱਛ ਸਮਝਿਆ ਤੇ ਰਸਤੇ ਦੇ ਰੋੜੇ ਵਾਂਗੂ ਰਸਤੇ ਵਿਚੋਂ ਹਟਾ ਦਿੱਤਾ ਸੀ ਤੇ ਦਿੱਲੀ ਦੇ ਆਲ਼ੇ ਦੁਆਲੇ ਦਾ ਦਿਨੋਂ ਦਿਨ ਮਜ਼ਬੂਤ ਹੋ ਰਿਹਾ ਘੇਰਾ ਇਸ ਗੱਲ ਦੀ ਹਾਮੀ ਭਰਦਾ ਹੈ । ਭਾਰਤੀ ਕਿਸਾਨ, ਮਜ਼ਦੂਰ ਜਮਾਤ ਨੇ ਬਾਬੇ ਕਿਆਂ ਦੀ ਸੋਚ ਨੂੰ ਅਪਣਾ ਕੇ ਬਾਬਰਕਿਆਂ ਨਾਲ ਆਰ ਪਾਰ ਦੀ ਲੜਾਈ ਵਿੱਢ ਦਿੱਤੀ ਹੈ। ਦੇਸ਼ ਦਾ ਸਮੁੱਚਾ ਕਿਸਾਨ ਭਾਈਚਾਰਾ ਗੁਰੂ ਦੀ ਲੋਕੋ ਪੱਖੀ ਸੋਚ ਨੂੰ ਸਲਾਮ ਕਰ ਰਿਹਾ ਹੈ। ਭਾਵੇਂ ਦੇਸ਼ ਦੇ ਫ਼ਿਰਕੂ ਦਰਬਾਰੀ ਮੀਡੀਏ ਨੇ ਕਿਸਾਨਾਂ ਦੀ ਬਦਨਾਮੀ ਕਰਨ ਦੀ ਕੋਈ ਕਸਰ ਨਹੀਂ ਛੱਡੀ ਪਰ ਕਿਸਾਨਾਂ ਨੇ ਸੋਸ਼ਲ ਮੀਡੀਏ ਦੀ ਬਦੌਲਤ ਸਰਬੱਤ ਦੇ ਭਲੇ ਵਾਲੀ ਗੁਰੂ ਸਾਹਿਬਾਨਾਂ ਦੀ ਸੋਚ ਦੁਨੀਆ ਦੇ ਸਾਹਮਣੇ ਸਹੀ ਰੂਪ ਵਿੱਚ ਪੇਸ਼ ਕਰਕੇ ਦਰਬਾਰੀ ਮੀਡੀਆ ਦਾ ਡੰਗ ਖੁੰਢਾ ਕਰ ਦਿੱਤਾ ਹੈ। ਹੁਣ ਜੇਕਰ ਗੱਲ ਕੇਂਦਰ ਸਰਕਾਰ ਦੀ ਕੀਤੀ ਜਾਵੇ, ਤਾਂ ਇਹ ਸੋਚਣਾ ਬਣਦਾ ਹੈ ਕਿ ਕੇਂਦਰੀ ਹਕੂਮਤ ਕਿਸਾਨਾਂ ਦੀ ਤਾਕਤ ਤੋਂ ਘਬਰਾਈ ਹੋਣ ਦੇ ਬਾਵਜੂਦ ਵੀ ਕਿਸਾਨਾਂ ਦੇ ਹੱਕ ਵਿੱਚ ਫ਼ੈਸਲੇ ਲੈਣ ਤੋਂ ਕਿਉਂ ਡਰਦੀ ਹੈ ?



ਕਿਉਂ ਕਿਸਾਨੀ ਦੇ ਖ਼ਾਤਮੇ ਵਾਲੇ ਕਾਲੇ ਕਨੂੰਨਾਂ ਨੂੰ ਰੱਦ ਕਰਨ ਤੋਂ ਟਾਲ਼ਾ ਵਟਦੀ ਆ ਰਹੀ ਹੈ ? ਫਿਰ ਕਿਉਂ ਆਏ ਦਿਨ ਕਿਸਾਨਾਂ ਨਾਲ ਮੀਟਿੰਗਾਂ ਕਰਕੇ ਸਮਾਂ ਬਰਬਾਦ ਕੀਤਾ ਜਾ ਰਿਹਾ ਹੈ ? ਕਿਉਂ ਸਰਕਾਰ ਹਰ ਮੀਟਿੰਗ ਵਿੱਚ ਕਿਸਾਨ ਆਗੂਆਂ ਨੂੰ ਕਨੂੰਨਾਂ ਦੇ ਫ਼ਾਇਦੇ ਦੱਸਣ ਤੋਂ ਅੱਗੇ ਨਹੀਂ ਵੱਧ ਰਹੀ ? ਇਹਨਾਂ ਸੁਆਲਾਂ ਦਾ ਉਤਰ ਸਰਕਾਰ ਦੇ ਅੰਦੋਲਨ ਪ੍ਰਤੀ ਨਜ਼ਰੀਏ ਤੋ ਸਪਸ਼ਟ ਹੋ ਜਾਂਦਾ ਹੈ ਕਿ ਸਰਕਾਰ ਤੇ ਕਾਰਪੋਰੇਟ ਜਗਤ ਦਾ ਪੂਰੀ ਤਰਾਂ ਗਲਬਾ ਹੈ, ਜਿਸ ਦੇ ਚੱਲਦਿਆਂ ਉਹ ਕੋਈ ਵੀ ਕਿਸਾਨ ਪੱਖੀ ਫ਼ੈਸਲਾ ਲੈਣ ਤੋਂ ਟਾਲਾਂ ਵਟਦੇ ਆ ਰਹੇ ਹਨ। ਉਪਰੋਕਤ ਗੱਲਾਂ ਕਿਸਾਨ ਆਗੂ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਜਾਂਦੇ ਸਮੇਂ ਖ਼ੁਦ ਕਹਿੰਦੇ ਸੁਣੇ ਜਾ ਰਹੇ ਹਨ ਕਿ ਸਰਕਾਰ ਸਮਾਂ ਬਰਬਾਦ ਕਰਕੇ ਕਿਸਾਨਾਂ ਦੇ ਅੰਦੋਲਨ ਨੂੰ ਲਮਕਾਉਣਾ ਚਾਹੁੰਦੀ ਹੈ ਤਾਂ ਕਿ ਲੰਮੇ ਸਮੇਂ ਵਿੱਚ ਕਿਸਾਨਾਂ ਦੀ ਕੋਈ ਕਮਜ਼ੋਰ ਕੜੀ ਲੱਭ ਕੇ ਅੰਦੋਲਨ ਨੂੰ ਤਾਰਪੀਡੋ ਕੀਤਾ ਜਾ ਸਕੇ, ਪਰ ਹੁਣ ਤੱਕ ਦੇ ਤਜਰਬੇ ਦੱਸਦੇ ਹਨ ਕਿ ਸਰਕਾਰ ਦੀ ਇਹ ਬਦਨੀਤੀ ਉਹਨਾਂ ਉੱਪਰ ਹੀ ਭਾਰੂ ਪੈ ਰਹੀ ਹੈ। ਫਿਰ ਵੀ ਏਜੰਸੀਆਂ ਦੀ ਇਹ ਹਰ ਸੰਭਵ ਕੋਸ਼ਿਸ਼ ਰਹੇਗੀ ਕਿ ਉਹ ਕੋਈ ਅਜਿਹਾ ਦਾਅ ਖੇਡਣ, ਜਿਸ ਨਾਲ ਅੰਦੋਲਨ ਦਾ ਰੁੱਖ ਹੀ ਪਲਟ ਜਾਵੇ, ਪਰ ਇਸ ਵਾਰ ਕਿਸਾਨੀ ਲੀਡਰਸ਼ਿਪ ਦੀ ਸੂਝ ਬੂਝ ਕਾਰਨ ਕਿਸਾਨ ਅੰਦੋਲਨ ਨੂੰ ਖ਼ਤਮ ਕਰਵਾਉਣ ਬਾਰੇ ਸਰਕਾਰ ਦੀ ਕੋਈ ਵੀ ਚਾਲ ਸਫਲ ਨਹੀਂ ਹੋ ਰਹੀ। ਸਰਬ ਸਾਂਝੀਵਾਲਤਾ, ਨਿਮਰਤਾ, ਆਪਸੀ ਪਿਆਰ, ਇਸ ਅੰਦੋਲਨ ਦੀ ਤਾਕਤ ਬਣਿਆ ਹੋਇਆ ਹੈ। ਅੰਦੋਲਨਕਾਰੀਆਂ ਨੇ ਭਾਵੇਂ ਉਹ ਕਿਸੇ ਵੀ ਸੂਬੇ ਦੇ ਹੋਣ ਤੇ ਕਿਸੇ ਵੀ ਮਜਹਬ ਦੇ ਹੋਣ, ਸਭ ਨੇ ਪੰਜਾਬੀ ਸਿੱਖ ਸਭਿਆਚਾਰ, ਪੰਜਾਬੀ ਕੌਮ ਦੀ ਬਹਾਦਰੀ ਵਾਲੀ ਭਾਵਨਾ, ਸਰਬੱਤ ਦੇ ਭਲੇ ਅਤੇ ਲੰਗਰ ਦੀ ਮਹਾਨ ਪਰੰਪਰਾ ਨੂੰ ਸ਼ਿੱਦਤ ਨਾਲ ਜਾਣਿਆ ਤੇ ਕਬੂਲਿਆ ਹੈ, ਹਰ ਪਾਸੇ ਤੋਂ ਜੈਕਾਰਿਆਂ ਦੀ ਗੂੰਜ ਦਾ ਸੁਣਾਈ ਦੇਣਾ ਵੀ ਸਿੱਖ ਵਿਰਸੇ ਪ੍ਰਤੀ ਬਣੀ ਨਵੀਂ ਧਾਰਨਾ ਨੂੰ ਪ੍ਰਗਟ ਕਰਦਾ ਹੈ। ਸੋ ਇਹ ਯਾਦ ਰੱਖਣਾ ਹੋਵੇਗਾ ਕਿ ਉਹ ਹੀ ਕੌਮਾਂ ਇਤਿਹਾਸ ਸਿਰਜ ਸਕਣ ਦੇ ਸਮਰੱਥ ਹੁੰਦੀਆਂ ਹਨ, ਜਿਹੜੀਆਂ ਆਪਣੇ ਜਾਨਦਾਰ ਵਿਰਸੇ ਉੱਪਰ ਮਾਣ ਕਰਦੀਆਂ ਹਨ ਅਤੇ ਆਪਣੇ ਪੁਰਖਿਆਂ ਤੋ ਪ੍ਰੇਰਨਾ ਲੈ ਕੇ ਚਲਦੀਆਂ ਹਨ। ਇਹ ਵੀ ਸ਼ੱਕ ਪ੍ਰਗਟਾਇਆ ਜਾ ਰਿਹਾ ਹੈ ਕਿ ਮੋਈ ਸਰਕਾਰ ਸੁਪਰੀਮ ਕੋਰਟ ਦਾ ਸਹਾਰਾ ਲੈ ਕੇ ਵੀ ਅੰਦੋਲਨ ਨੂੰ ਠੱਲ, ਪਾਉਣ ਵਿੱਚ ਕਾਮਯਾਬੀ ਹਾਸਲ ਕਰ ਸਕਦੀ ਹੈ। ਚਰਚਾਵਾਂ ਇਹ ਵੀ ਨਿਕਲ ਕੇ ਸਾਹਮਣੇ ਆ ਰਹੀਆਂ ਹਨ ਕਿ ਕੇਂਦਰ ਸਰਕਾਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀਆਂ ਸੇਵਾਵਾਂ ਵੀ ਲੈਣ ਦੀ ਇੱਛਾ ਰੱਖਦੀ ਹੈ, ਤਾਂ ਕਿ ਅੰਦੋਲਨ ਖ਼ਤਮ ਕਰਵਾਇਆ ਜਾ ਸਕੇ। ਜਥੇਦਾਰ ਨੇ ਵਿਚੋਲਗੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

**ਔਰਤਾਂ ਬਣੀਆਂ ਅੰਦੋਲਨ ਦੀ ਤਾਕਤ**

ਕਿਸਾਨੀ ਸੰਘਰਸ਼ ਨੂੰ ਹੋਰ ਮਘਾਉਣ ਵਿਚ ਵੀ ਕਿਸਾਨ ਬੀਬੀਆਂ ਤੇ ਸਮਾਜ ਦੇ ਹੋਰ ਖੇਤਰਾਂ ਦੀਆਂ ਔਰਤਾਂ ਨੇ ਬਹੁਤ ਵਿਲੱਖਣ ਤੇ ਸ਼ਕਤੀਸ਼ਾਲੀ ਭੂਮਿਕਾ ਨਿਭਾਈ ਹੈ। ਕੁਝ ਔਰਤਾਂ ਤਾਂ ਆਪਣੇ ਪਰਿਵਾਰਾਂ ਸਮੇਤ ਮੋਰਚੇ ਵਿਚ ਸ਼ਾਮਲ ਹਨ । ਖ਼ੁਦਕੁਸ਼ੀ ਕਰ ਚੁੱਕੇ ਪਰਿਵਾਰਾਂ ਦੀਆਂ ਔਰਤਾਂ ਤੇ ਬੱਚਿਆਂ ਨੇ ਵੀ ਇਸ ਸੰਘਰਸ਼ ਵਿਚ ਸ਼ਾਮਿਲ ਹੋ ਕੇ ਇਹ ਦਰਸਾਇਆ ਕਿ ਸਰਕਾਰਾਂ ਕਿੰਨੀਆਂ ਬੇਰਹਿਮ ਹੋਣ ਪਰ ਪੰਜਾਬ ਦੀਆਂ ਬੀਬੀਆਂ ਆਪਣੇ ਹੱਕ ਲੈਣ ਲਈ ਦ੍ਰਿੜ ਹਨ।

ਜਿਹੜੀਆਂ ਔਰਤਾਂ ਕੇਵਲ ਰਸੋਈ ਦੇ ਕੰਮਾਕਾਰਾਂ ਤੱਕ ਹੀ ਸੀਮਤ ਸਨ, ਉਹ ਇਸ ਸੰਘਰਸ਼ ਵਿਚ ਹੱਥਾਂ ਵਿਚ ਕਿਸਾਨੀ ਝੰਡੇ ਫੜੀ ਨਾਅਰੇ ਲਾਉਂਦੀਆਂ, ਹਾਕਮਾਂ ਨੂੰ ਲਾਹਨਤਾਂ ਦੇ ਬੋਲ ਸੁਣਾਉਂਦੀਆਂ, ਕਿਤੇ ਗੀਤ, ਟੱਪੇ ਤੇ ਬੋਲੀਆਂ ਨਾਲ ਬੋਲੀ ਸਰਕਾਰ ਦੇ ਕੰਨਾਂ ਤੱਕ ਆਪਣੇ ਹੱਕਾਂ ਦੀ ਆਵਾਜ਼ ਪਹੁੰਚਾਉਣ ਲਈ ਗਰਜ ਰਹੀਆਂ ਹਨ। ਲੋਹ ਲੰਗਰ ਤਪਾਉਂਦੀਆਂ, ਆਟਾ ਗੁੰਨਦੀਆਂ, ਸਬਜ਼ੀਆਂ ਚੀਰਦੀਆਂ, ਚਾਹਾਂ ਵਰਤਾਉਂਦੀਆਂ, ਸਫ਼ਾਈ ਕਰਦੀਆਂ, ਬਜ਼ੁਰਗਾਂ ਦੀ ਸੇਵਾ ਵਿਚ ਜੁੱਟੀਆਂ ਧੀਆਂ ਕਿਸਾਨੀ ਮੋਰਚੇ ਨੂੰ ਸਫਲ ਕਰਨ ਲਈ ਸਰਗਰਮ ਹਨ।

70-80 ਦੀ ਉਮਰ ਨੂੰ ਢੁੱਕੀਆਂ ਪੰਜਾਬ ਦੀਆਂ ਬੀਬੀਆਂ ਮੋਰਚੇ ਵਿਚ ਹਾਕਮਾਂ ਨੂੰ ਵੰਗਾਰਦੀਆਂ ਆਪਣੇ ਪੁੱਤਰਾਂ, ਪੋਤਿਆਂ, ਨੂੰਹਾਂ, ਧੀਆਂ ਤੇ ਹੋਰ ਸਾਰਿਆਂ ਨੂੰ ਇਸ ਜਬਰ ਦੇ ਵਿਰੁੱਧ ਹਰ ਹਾਲ ਡਟੇ ਰਹਿਣ ਦਾ ਆਸ਼ੀਰਵਾਦ ਦੇ ਕੇ, ਸੰਘਰਸ਼ ਵਿਚ ਜੋਸ਼ ਪੈਦਾ ਕਰ ਰਹੀਆਂ ਹਨ। ਕਿਸਾਨ ਅੰਦੋਲਨ ਵਿਚ ਪਹੁੰਚੀ ਬੀਬੀ ਮੁਹਿੰਦਰ ਕੌਰ ਦੇ ਜੋਸ਼ ਤੇ ਜਜ਼ਬੇ ਦੀ ਮਹਿਮਾ ਤਾਂ ਪੂਰੀ ਦੁਨੀਆ ਤੱਕ ਪਹੁੰਚ ਗਈ ਹੈ। ਬੀਬੀ ਕੰਗਣਾ ਰਣੌਤ ਦੇ ਨਿਰਾਦਰੀ ਭਰੇ ਬੋਲਾਂ ਦਾ ਹਰ ਇਕ ਨੇ ਬੁਰਾ ਮਨਾਇਆ ਤੇ ਬਜ਼ੁਰਗ ਮਾਂ ਦੇ ਹੌਸਲੇ ਦੀ ਰੱਜਵੀਂ ਪ੍ਰਸੰਸਾ ਹੋਈ। ਕਿਸਾਨੀ ਸਟੇਜ ਤੋਂ ਬੇਬਾਕੀ ਨਾਲ ਬੋਲਦੀਆਂ ਔਰਤਾਂ ਆਪਣੇ ਚਿੰਤਨ ਤੇ ਸੂਝ ਦਾ ਭਰਵਾਂ ਮੁਜ਼ਾਹਰਾ ਕਰਕੇ ਸਭ ਨੂੰ ਪ੍ਰਭਾਵਿਤ ਕਰ ਰਹੀਆਂ ਹਨ।

ਘਰਾਂ ਵਿਚ ਰਹਿ ਗਈਆਂ ਬੀਬੀਆਂ ਤੇ ਮੁਟਿਆਰਾਂ ਘਰ ਦੇ ਮਰਦ ਮੈਂਬਰਾਂ ਦੇ ਸੰਘਰਸ਼ ਵਿਚ ਗਏ ਹੋਣ ਕਾਰਨ, ਖੇਤੀ ਦੇ ਸਾਰੇ ਕੰਮਾਂ ਨੂੰ ਸੰਭਾਲਣ ਲਈ ਜੁੱਟੀਆਂ ਹੋਈਆਂ ਹਨ। ਹੁਣ ਤਾਂ ਹਰਿਆਣੇ ਦੀਆਂ ਔਰਤਾਂ ਵੀ ਕਿਸਾਨੀ ਸੰਘਰਸ਼ ਦਾ ਹਿੱਸਾ ਬਣ ਰਹੀਆਂ ਹਨ। ਲੰਮੇ ਚੱਲ ਰਹੇ ਲੋਕ ਮੋਰਚੇ ਵਿਚ ਸ਼ਾਮਲ ਹੋਈਆਂ ਔਰਤਾਂ ਨੇ ਬਿਨਾਂ ਸ਼ੱਕ ਇਸ ਸੰਘਰਸ਼ ਨੂੰ ਮਜ਼ਬੂਤ ਬਣਾ ਰਹੀਆਂ ਹਨ। ਇਹ ਵਰਤਾਰਾ ਕੋਈ ਮਨੁੱਖ ਦੁਆਰਾ ਸਿਰਜਿਆ ਖੇਲ ਵੀ ਨਹੀਂ ਸਮਝ ਲੈਣਾ ਚਾਹੀਦਾ, ਬਲਕਿ ਕਿਸੇ ਅਗਮ ਤੇ ਅਦਿੱਖ ਤਾਕਤ ਦੁਆਰਾ ਵਰਤਾਏ ਜਾ ਰਹੇ ਇਸ ਵਰਤਾਰੇ ਤੋ ਪੈਦਾ ਹੋ ਰਹੇ, ਉਹਨਾਂ ਹਾਲਾਤਾਂ ਨਾਲ ਇੱਕ-ਮਿੱਕ ਹੋ ਕੇ ਗਹੁ ਨਾਲ ਮਹਿਸੂਸ ਕਰਨ ਦੀ ਵੀ ਜ਼ਰੂਰਤ ਹੈ, ਜਿਹੜੇ ਸੱਚਮੁੱਚ ਉਸ ਪਾਸੇ ਵੱਲ ਜਾਂਦੇ ਪ੍ਰਤੀਤ ਹੋਣਗੇ, ਜਿੱਧਰੋਂ

**ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।।**

ਦੀ ਰੂਹਾਨੀ ਸੱਦ ਵਾਲੇ ਹਲੇਮੀ ਰਾਜ ਦਾ ਕੁਦਰਤੀ ਝਲਕਾਰਾ ਪੈਂਦਾ ਹੈ।

---

# ਕਿਸਾਨ ਅੰਦੋਲਨ ਦੌਰਾਨ ਗੁਰੂ ਕੇ ਲੰਗਰ ਨੂੰ ਸਰਕਾਰੀ ਨੋਟਿਸ ਬਨਾਮ ਕਾਰਪੋਰੇਟ

## ਗੁਰੂ ਨਾਨਕ ਦਾ ਸਭਿਆਚਾਰ ਵਾਸਕੋ ਡੀ ਗਾਮਾ ਦੇ ਸਭਿਆਚਾਰ ਨਾਲੋਂ ਮਹਾਨ ਤੇ ਲੋਕਪੱਖੀ

**- ਪ੍ਰਿੰ. ਸਰਵਣ ਸਿੰਘ**

ਗੁਰੂ ਨਾਨਕ ਦੇਵ ਤੇ ਵਾਸਕੋ ਡੀ ਗਾਮਾ ਦਾ ਜਨਮ 1469 ਈਸਵੀ ਵਿੱਚ ਹੋਇਆ। ਗੁਰੂ ਨਾਨਕ ਰਾਇ ਭੋਇ ਦੀ ਤਲਵੰਡੀ ਵਿੱਚ ਜਨਮੇ। ਵਾਸਕੋ ਡੀ ਗਾਮਾ ਪੁਰਤਗਾਲ ਦੇ ਸ਼ਹਿਰ ਸਾਈਨਜ਼ ਵਿੱਚ ਜੰਮਿਆ। ਦੋਹਾਂ ਨੇ ਹਜ਼ਾਰਾਂ ਮੀਲਾਂ ਦਾ ਸਫ਼ਰ ਕੀਤਾ। ਉਹ ਸਫ਼ਰ ਬੜਾ ਦੁਸ਼ਵਾਰ ਸੀ। ਵਿਚਾਰਨ ਵਾਲੀ ਗੱਲ ਹੈ ਕਿ ਉਨਾਂ ਦੇ ਔਝੜ ਪੈਂਡਿਆਂ ਦਾ ਉਦੇਸ਼ ਕੀ ਸੀ ?

ਬਾਲਕ ਨਾਨਕ ਦੀਆਂ ਮੱਝਾਂ ਰਾਏ ਬੁਲਾਰ ਦੀ ਪੈਲੀ ’ਚ ਜਾ ਵੜੀਆਂ। ਉਲਾਂਭਾ ਮਿਲਿਆ। ਮਹਿਤਾ ਕਾਲੂ ਨੇ ਪੁੱਤਰ ਨੂੰ ਵੀਹ ਰੁਪਈਏ ਦੇ ਕੇ ਕਿਹਾ ਕਿ ਜਾ, ਕੋਈ ਸੌਦਾ ਪੱਤਾ ਕਰ ਤੇ ਕੰਮ ਧੰਦੇ ਲੱਗ।

ਗੁਰੂ ਨਾਨਕ ਨੇ ਭੁੱਖੇ ਰਾਹੀਆਂ ਨੂੰ ਲੰਗਰ ਛਕਾ ਕੇ ਸੱਚਾ ਸੌਦਾ ਕਰ ਲਿਆ। ਕਾਰਲ ਮਾਰਕਸ ਦੀ ਵਿਚਾਰਧਾਰਾ ਬਾਅਦ ਵਿੱਚ ਆਈ। ਗੁਰੂ ਨਾਨਕ ਦੀ ਸੱਚੇ ਸੌਦੇ ਵਾਲੀ ਮਿਸਾਲ ਨਾਲ ਸਭ ਨੂੰ ਇੱਕੋ ਪੰਗਤ ਵਿੱਚ ਬਿਠਾ ਕੇ ਖਾਣਾ ਖੁਆਉਣ ਦੀ ਪਿਰਤ ਪੈ ਗਈ ਜਿਸ ਨੂੰ ਗੁਰੂ ਦੇ ਸਿੱਖਾਂ ਨੇ ‘ਗੁਰੂ ਕਾ ਲੰਗਰ’ ਨਾਂ ਦੇ ਦਿੱਤਾ। ਉਹ ਪਿਰਤ ਅੱਜ ਵੀ ਕਾਇਮ ਹੈ। ਅਜੋਕੇ ਪਦਾਰਥਵਾਦੀ ਦੌਰ ’ਚ ਵੀ ਗੁਰਦਵਾਰਿਆਂ ਤੇ ਹੋਰਨੀਂ ਥਾਈਂ ਲੋੜਵੰਦਾਂ ਨੂੰ ਲੋੜ ਅਨੁਸਾਰ ਲੰਗਰ ਪਰੋਸਿਆ ਜਾਂਦੈ। ਉੱਥੇ ਧਰਮ, ਨਸਲ, ਜਾਤ ਬਰਾਦਰੀ ਨਹੀਂ ਵੇਖੀ ਜਾਂਦੀ। ਊਚ ਨੀਚ ਨਹੀਂ ਪਰਖੀ ਜਾਂਦੀ।

ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ : ਕਿਸੇ ਦਾ ਹੱਕ ਮਾਰਨਾ, ਮਾਇਆ ਵਿਚ ਖਚਤ ਹੋਣਾ, ਮਾਇਆ ਕੱਠੀ ਕਰਨਾ ਅਤੇ ਸਾਰੀ ਉਮਰ ਮਾਇਆ ਖ਼ਾਤਰ ਹੀ ਪਾਪੜ ਵੇਲੀ ਜਾਣੇ ਪਾਪ ਹਨ। ਮਾਇਆ ਦੇ ਮਾੜੇ ਰੋਲ ਬਾਰੇ ਗੁਰੂ ਨਾਨਕ ਦੇਵ ਜੀ ਨੇ ਲਿਖਿਆ : ‘ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥’ ਯਾਨੀ ਲੁੱਟ ਖੋਹ ਕਰੇ ਬਿਨਾਂ ਮਾਇਆ ‘ਕੱਠੀ ਨਹੀਂ ਹੁੰਦੀ ਅਤੇ ਮਰਨ ਵੇਲੇ ਨਾਲ ਨਹੀਂ ਜਾਂਦੀ। ਬੰਦਾ ਕਿਰਤ ਕਰੇ, ਵੰਡ ਛਕੇ ਤੇ ਨਾਮ ਜਪੇ। ਸਰਬੱਤ ਦਾ ਭਲਾ ਇਸੇ ਵਿੱਚ ਹੈ। ਇਸੇ ਸੰਬੰਧ ਵਿੱਚ ਗੁਰੂ ਨਾਨਕ ਦੇਵ ਨੇ ਚਾਰ ਉਦਾਸੀਆਂ ਕੀਤੀਆਂ। ਪੈਦਲ ਸਫ਼ਰ ਦੌਰਾਨ ਬਾਣੀ ਰਚੀ, ਮੁਸਲਮਾਨ ਮਰਦਾਨੇ ਨੇ ਰਬਾਬ ਵਜਾਈ, ਸਿੱਧਾਂ ਜੋਗੀਆਂ ਨਾਲ ਗੋਸ਼ਟਾਂ ਕੀਤੀਆਂ ਤੇ ਖ਼ੁਦ ਅਮਲ ਕਰ ਕੇ ਵਿਖਾਇਆ।

ਵਾਸਕੋ ਡੀ ਗਾਮਾ ਨੂੰ ਮਲਾਹਗੀਰੀ ਦਾ ਸ਼ੌਕ ਸੀ। ਜੁਆਨ ਹੋਇਆ ਤਾਂ ਪੁਰਤਗਾਲ ਦੇ ਬਾਦਸ਼ਾਹ ਨੇ ਉਸ ਨੂੰ ਸਮੁੰਦਰੀ ਬੇੜਾ ਦੇ ਕੇ ਇੰਡੀਆ ਭੇਜਿਆ। ਉਸ ਦਾ ਉਦੇਸ਼ ਸੀ, ਨਵਾਂ ਮੁਲਕ ਲੱਭਣਾ, ਵਪਾਰ ਕਰਨਾ ਤੇ ਦੌਲਤ ‘ਕੱਠੀ ਕਰਨਾ। ਇਹ ਉਦੇਸ਼ ਗੁਰੂ ਨਾਨਕ ਦੇਵ ਜੀ ਦੇ ਸੱਚੇ ਸੌਦੇ ਤੋਂ ਉਲਟ ਸੀ। ਪੂਰਬ ਤੇ ਪੱਛਮ ਦੀ ਟੱਕਰ ਸੀ।

ਗੁਰੂ ਨਾਨਕ 1496 ਵਿੱਚ ਉਦਾਸੀ ਦੇ ਪੰਧ ਪਏ. ਵਾਸਕੋ ਡੀ ਗਾਮਾ ਨੇ ਪਹਿਲਾ ਸਮੁੰਦਰੀ ਬੇੜਾ 8 ਜੁਲਾਈ, 1497 ਨੂੰ ਠੇਲਿਆ। ਉਹ 20 ਮਈ, 1498 ਨੂੰ ਕਾਲੀਕਟ ਪੁੱਜਾ। ਗੁਰੂ ਨਾਨਕ ਵਾਂਗ ਨਾ ਕਿਸੇ ਨਾਲ ਗੋਸ਼ਟ ਕੀਤੀ ਤੇ ਨਾ ਜੀਵਨ ਦਾ ਉਦੇਸ਼ ਦੱਸਿਆ. ਇੰਡੀਆ ਪਹੁੰਚਾ ਤੇ ਮਸਾਲਿਆਂ ਦੇ ਬੇੜੇ ਭਰ ਕੇ ਯੂਰਪ ਵਿੱਚ ਮਹਿੰਗੇ ਭਾਅ ਵੇਚਣ ਲੈ ਗਿਆ। ਗੁਰੂ ਨਾਨਕ ਦਾ ਮਿਸ਼ਨ ਸਚਿਆਰਾ ਜੀਵਨ ਜਿਊਣਾ ਸੀ ਜਦ ਕਿ ਵਾਸਕੋ ਡੀ ਗਾਮਾ ਨੂੰ ਭੇਜਣ ਵਾਲੇ ਬਾਦਸ਼ਾਹ ਦਾ ਮੰਤਵ ਮਾਇਆ ‘ਕੱਠੀ ਕਰਨਾ ਸੀ।

ਵਾਸਕੋ ਡੀ ਗਾਮੇ ਨੇ ਚਾਰ ਗੇੜੇ ਲਾਏ, ਚੌਥਾ ਗੇੜਾ ਲਾਉਂਦਿਆਂ 24 ਦਸੰਬਰ, 1524 ਨੂੰ ਕੇਰਲਾ ਦੇ ਸ਼ਹਿਰ ਕੋਚੀ ’ਚ ਚਲਾਣਾ ਕਰ ਗਿਆ। ਪਹਿਲਾਂ ਉਹਦੀ ਦੇਹ ਕੋਚੀ ਵਿੱਚ ਦਫ਼ਨ ਹੋਈ। ਫਿਰ 1539 ਵਿੱਚ ਪੁਰਤਗਾਲ ਲਿਜਾ ਕੇ ਦੁਬਾਰਾ ਦਫ਼ਨਾਈ ਗਈ। ਗੁਰੂ ਨਾਨਕ ਦੇਵ ਜੀ ਨੇ ਵੀ ਚਾਰ ਉਦਾਸੀਆਂ ਕੀਤੀਆਂ। ਫਿਰ ਰਾਵੀ ਕੰਢੇ ਕਰਤਾਰਪੁਰ ਵਸਾਇਆ, ਖ਼ੁਦ ਖੇਤੀਬਾੜੀ ਕੀਤੀ, ਲੰਗਰ ਲਾਏ ਤੇ 1539 ਵਿੱਚ ਕਰਤਾਰਪੁਰ ਜੋਤੀ ਜੋਤਿ ਸਮਾਏ। ਉਨਾਂ ਦੇ ਹਿੰਦੂ ਪੈਰੋਕਾਰ ਸਸਕਾਰ ਕਰਨ ਤੇ ਮੁਸਲਮਾਨ ਪੈਰੋਕਾਰ ਦਫ਼ਨ ਕਰਨ ਲਈ ਬਹਿਸੇ। ਚਾਦਰ ਚੁੱਕੀ ਤਾਂ ਦੇਹ ਗ਼ਾਇਬ ਸੀ, ਫੁੱਲ ਪਏ ਸਨ। ਫੁੱਲ ਵੰਡ ਲਏ ਗਏ ਤੇ ਚਾਦਰ ਪਾੜ ਲਈ ਗਈ. ਜਿੱਥੇ ਉਹ ਚਾਦਰ ਪਾੜੀ ਸੀ ‘ਆਜ਼ਾਦੀ’ ਦੇ ਨਾਂ ਉੱਤੇ 1947 ਵਿੱਚ ਉੱਥੋਂ ਪੰਜਾਬ ਵੀ ਪਾੜ ਦਿੱਤਾ ਗਿਆ !

ਸਮੇਂ ਦਾ ਗੇੜ ਵੇਖੋ. ਵਾਸਕੋ ਡੀ ਗਾਮਾ ਨੂੰ ਬਿਖੜੇ ਪੈਂਡਿਆਂ’ਤੇ ਪਾਉਣ ਵਾਲੇ ਵਿਸ਼ਵੀਕਰਨ ਦੇ ਦੌਰ ਤਕ ਪੁੱਜਦਿਆਂ ਮਲਟੀਨੈਸ਼ਨਲ ਕੰਪਨੀਆਂ ਬਣਾ ਕੇ, ਵੀ. ਟੀ. ਓ. ਤੇ ਆਈ. ਐੱਮ. ਐੱਫ. ਰਾਹੀਂ ਕੁਲ ਦੁਨੀਆ ਦੀ ਮਾਇਆ ‘ਕੱਠੀ ਕਰਨ ਡਹੇ ਹਨ। ਮਾਇਆ ‘ਕੱਠੀ ਕਰਕੇ ਉਹ ਜੰਗੀ ਹਥਿਆਰ ਬਣਾ ਰਹੇ, ਮੁਲਕਾਂ ਨੂੰ ਵੰਡ ਰਹੇ, ਆਪਸ ਵਿੱਚ ਲੜਾ ਰਹੇ, ਨਸ਼ੇ ਵਰਤਾਅ ਰਹੇ, ਦਹਿਸ਼ਤ ਫੈਲਾਅ ਰਹੇ, ਵੱਡੇ ਵੱਡੇ ਮੌਲ ਬਣਾ ਰਹੇ, ਵਣਜ ਵਪਾਰ ਵਧਾ ਰਹੇ, ਕਰੰਸੀ ਦੀ ਖੇਡ ਖੇਡ ਰਹੇ ਅਤੇ ਲੋਕ ਰਾਜਾਂ ਦੀ ਪੱਟੀ ਮੇਸ ਕਰਨ ਲਈ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੂੰ ਖ਼ਰੀਦ ਰਹੇ ਹਨ ! ਖ਼ਲਕਤ ਬਲਦੀ ਦੇ ਮੂੰਹ ਦੇ ਰੱਖੀ ਹੈ ਉਨਾਂ ਨੇ ਮਾਇਆ ਦਾ ਖਿਲਾਰਾ, ਮਾੜਾ ਪਸਾਰਾ, ਵੋਟਾਂ ਦੀ ਵੇਚ ਵੱਟ, ਚੁਣੇ ਹੋਏ ਮੈਂਬਰਾਂ ਤੇ ਸਿਆਸੀ ਪਾਰਟੀਆਂ ਦੀ ਖ਼ਰੀਦੋ ਫ਼ਰੋਖ਼ਤ, ਹੁਣ ਸਭ ਦੇ ਸਾਹਮਣੇ ਹੈ। ਆਹ ਖੇਤੀਬਾੜੀ ਦੇ ਕਾਰਪੋਰੇਟੀ ਕਾਨੂੰਨ ਬਣਾਉਣੇ, ਕਿਸਾਨਾਂ ਦੀਆਂ ਜ਼ਮੀਨਾਂ ਹਥਿਆ ਕੇ ਅੰਬਾਨੀ ਅੰਡਾਨੀ ਵਰਗਿਆਂ ਲਈ ਮਾਇਆ ਦੇ ਢੇਰ ਲਾਉਣ ਦਾ ਹੀ ਜੁਗਾੜ ਹਨ। ਲੋਹੜਾ ਇਹ ਕਿ ਗੁਰੂ ਕਾ ਲੰਗਰ ਚਲਾਉਣ ਵਾਲਿਆਂ ਨੂੰ ਵੀ ਹੁਣ ਕਟਹਿਰੇ ’ਚ ਖੜੇ ਕਰਨ ਦਾ ਤੋਰਾ ਤੋਰ ਲਿਆ ਗਿਐ ! ਅਜੇ ਪਤਾ ਨਹੀਂ ਹੋਰ ਕਿਥੋਂ ਤਕ ਜਾਵੇਗੀ ਵਾਸਕੋ ਡੀ ਗਾਮਾ ਦੀ ਉਲਾਦ ?


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com

# ਅਨੇਕਾਂ ਸੰਸਕ੍ਰਿਤੀਆਂ ਦਾ ਸੰਗਮ: ਲੰਦਨ

- ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ,੯੪੭੮੫੯੧੩੫੯

ਪਿਆਰੇ ਬੱਚਿਓ! ਅੱਜ ਤੁਹਾਨੂੰ ਅਸੀਂ ਇੰਗਲੈਂਡ ਦੀ ਰਾਜਧਾਨੀ ਅਤੇ ਬਹੁਤ ਹੀ ਪਿਆਰੇ ਤੇ ਖ਼ੂਬਸੂਰਤ ਵਿਦੇਸ਼ੀ ਸ਼ਹਿਰ ਲੰਦਨ ਬਾਰੇ ਜਾਣਕਾਰੀ ਦੇਵਾਂਗੇ। ਬੱਚਿਓ ! ਲੰਦਨ ਸ਼ਹਿਰ ਬਹੁਤ ਸੁੰਦਰ, ਸਾਫ਼ - ਸੁਥਰਾ, ਸੁਸੱਜਿਤ, ਸੁਰੱਖਿਅਤ ਅਤੇ ਕਾਫ਼ੀ ਮਹਿੰਗਾ ਸ਼ਹਿਰ ਹੈ। ਇਹ ਸ਼ਹਿਰ ਥੇਮਜ਼ ਨਦੀ ਦੇ ਕਿਨਾਰੇ ਵਸਿਆ ਹੋਇਆ ਹੈ। ਲੰਦਨ ਸ਼ਹਿਰ ਦੀ ਫ਼ਿਤਰਤ, ਹਵਾ, ਜਿਊਣ ਦੇ ਅੰਦਾਜ਼ ਤੇ ਸ਼ੋਖ - ਅਦਾ ਵਿੱਚ ਅਣਗਿਣਤ ਦੇਸ਼ਾਂ, ਭਾਸ਼ਾਵਾਂ, ਖੇਤਰਾਂ, ਸੱਭਿਆਚਾਰਾਂ, ਪਿਛੋਕੜਾਂ ਅਤੇ ਸੰਸਕ੍ਰਿਤੀਆਂ ਦਾ ਮਿਸ਼ਰਨ ਸਮਾਹਿਤ ਹੈ। ਇੱਥੇ ਅੰਗਰੇਜ਼ੀ, ਹਿੰਦੀ, ਉਰਦੂ ਤੇ ਅਰਬੀ ਤੋਂ ਇਲਾਵਾ ਲਗਭਗ ਤਿੰਨ ਸੌ ਹੋਰ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ। ਬੱਚਿਓ ! ਲੰਦਨ ਸ਼ਹਿਰ ਬਹੁਤ ਹੀ ਸਲੀਕੇ ਦੇ ਨਾਲ ਬਣਾਇਆ ਗਿਆ ਹੈ। ਇੱਥੋਂ ਦੀ ਸਫ਼ਾਈ - ਵਿਵਸਥਾ ਵੀ ਬਹੁਤ ਵਧੀਆ ਹੈ। ਥੋੜੀ - ਥੋੜੀ ਦੂਰੀ 'ਤੇ ਕੂੜੇਦਾਨਾਂ ਦਾ ਬਹੁਤ ਸਹੀ ਪ੍ਰਬੰਧ ਕੀਤਾ ਗਿਆ ਹੈ। ਥੇਮਜ਼ ਨਦੀ ਦੇ ਕਿਨਾਰੇ ਵਸੇ ਇਸ ਅਤਿ ਖ਼ੂਬਸੂਰਤ, ਸਲੀਕੇਦਾਰ ਤੇ ਅਮੀਰ ਸ਼ਹਿਰ ਵਿੱਚ ਅਨੇਕਾਂ ਦੇਸਾਂ, ਵਿਦੇਸ਼ਾਂ, ਖ਼ਿੱਤਿਆਂ, ਸੰਸਕ੍ਰਿਤੀਆਂ ਦੇ ਲੋਕ ਆ ਕੇ ਵਸੇ ਹੋਏ ਹਨ। ਇਸਾਈ ਧਰਮ ਇੱਥੋਂ ਦਾ ਮੁੱਖ ਧਰਮ ਹੈ। ਬਾਲੀਵੁੱਡ ਦੇ ਸਿਤਾਰੇ ਅਤੇ ਭਾਰਤੀ /ਪੰਜਾਬੀ ਲੋਕ ਇੱਥੇ ਆਮ ਹੀ ਘੁੰਮਦੇ-ਫਿਰਦੇ ਨਜ਼ਰੀਂ ਆ ਜਾਂਦੇ ਹਨ। ਖ਼ਰੀਦਦਾਰੀ ਦੇ ਦੀਵਾਨੀਆਂ, ਘੁਮੱਕੜ ਪ੍ਰਵਿਰਤੀ ਦੇ ਇਨਸਾਨਾਂ, ਇਤਿਹਾਸਕਾਰਾਂ, ਵਿਦਿਆਰਥੀਆਂ, ਵਪਾਰੀਆਂ, ਹਸਤੀਆਂ, ਸ਼ਿਲਪਕਾਰਾਂ, ਭਾਵ ਕਿ ਹਰ ਉਮਰ - ਵਰਗ, ਕਿਤੇ ਅਤੇ ਪ੍ਰਵਿਰਤੀ ਦੇ ਵਿਅਕਤੀਆਂ ਦਾ ਲੰਦਨ ਸ਼ਹਿਰ ਸਹਿਜਤਾ ਨਾਲ ਸਵਾਗਤ ਕਰਦਾ ਹੈ। ਇਹ ਇੱਕ ਜ਼ਿੰਦਾ-ਦਿਲ ਸ਼ਹਿਰ ਹੈ। ਜਿਸ ਤਰਾਂ ਭਾਰਤ ਦਾ ਮੁੰਬਈ ਸ਼ਹਿਰ ਕਦੇ ਸੌਂਦਾ ਨਹੀਂ ਹੈ, ਬਿਲਕੁਲ ਉਸੇ ਤਰਾਂ ਲੰਦਨ ਸ਼ਹਿਰ ਵੀ ਕਦੇ ਨਹੀਂ ਸੌਂਦਾ। ਦਿਨ ਹੋਵੇ ਭਾਵੇਂ ਰਾਤ ਹੋਵੇ, ਇੱਥੋਂ ਦੇ ਮਨਮੋਹਕ, ਦਿਲਚਸਪ ਅਤੇ ਹੈਰਤ-ਅੰਗੇਜ਼ ਨਜ਼ਾਰੇ ਹਰ ਕਿਸੇ ਨੂੰ ਮੰਤਰ - ਮੁਗਧ ਕਰ ਦਿੰਦੇ ਹਨ। ਲੰਦਨ ਸ਼ਹਿਰ ਤੁਹਾਨੂੰ ਕਦੇ ਵੀ ਗੈਰ, ਬੇਗਾਨੇ ਜਾਂ ਪਰਾਏ ਹੋਣ ਦਾ ਅਹਿਸਾਸ ਨਹੀਂ ਹੋਣ ਦਿੰਦਾ। ਸੈਲਾਨੀਆਂ ਦੇ ਕੈਮਰਿਆਂ ਦੀ ਫਲੈਸ਼ ਇੱਥੇ ਚਲਦੀ ਹੀ ਨਜ਼ਰ ਆਉਂਦੀ ਹੈ। ਪਿਆਰੇ ਬੱਚਿਓ! ਅਖ਼ਬਾਰਾਂ, ਰਸਾਲਿਆਂ, ਫ਼ਿਲਮਾਂ, ਪੋਸਟਰਾਂ, ਖ਼ਬਰਾਂ ਜਾਂ ਟੈਲੀਵਿਜ਼ਨਾਂ ਆਦਿ 'ਤੇ ਜਦੋਂ ਵੀ ਲੰਦਨ ਸ਼ਹਿਰ ਨੂੰ ਦਿਖਾਉਣਾ ਹੋਵੇ ਤਾਂ ਇੱਥੋਂ ਦੇ ਪ੍ਰਸਿੱਧ 'ਟਾਵਰ ਬ੍ਰਿਜ' ਦੀ ਤਸਵੀਰ ਨੂੰ ਦਿਖਾਇਆ ਜਾਂਦਾ ਹੈ। ਇਹ ਬ੍ਰਿਜ ਥੇਮਜ਼ ਨਦੀ 'ਤੇ ਬਣਿਆ ਹੋਇਆ ਹੈ। ਥੇਮਜ਼ ਨਦੀ ਵਿੱਚ ਜਦੋਂ ਵੀ ਕੋਈ ਵੱਡਾ ਜਹਾਜ਼ ਇਸ ਟਾਵਰ ਬ੍ਰਿਜ ਕੋਲੋਂ ਲੰਘਦਾ ਹੈ ਤਾਂ ਟਾਵਰ ਬ੍ਰਿਜ ਨੂੰ ਵਿਚਕਾਰੋਂ ਦੋਵਾਂ ਪਾਸਿਓਂ ਖੋਲ ਦਿੱਤਾ ਜਾਂਦਾ ਹੈ। ਅਜਿਹਾ ਇੱਕ ਦਿਨ ਵਿੱਚ ਲਗਪਗ ਤਿੰਨ ਵਾਰ ਹੁੰਦਾ ਹੈ। ਟਾਵਰ ਬ੍ਰਿਜ ਨੂੰ 1894 ਈਸਵੀ ਵਿੱਚ ਵਿਸ਼ਵ ਵਿਰਾਸਤ ਦਾ ਦਰਜਾ ਦਿੱਤਾ ਗਿਆ। ਇੱਥੇ ਟਾਵਰ ਬ੍ਰਿਜ ਪ੍ਰਦਰਸ਼ਨੀ ਵੀ ਲੱਗਦੀ ਹੈ। ਥੇਮਜ਼ ਨਦੀ ਦੀ ਇੱਕ ਹੋਰ ਖ਼ਾਸੀਅਤ ਇਹ ਵੀ ਹੈ ਕਿ ਸਵੇਰ ਦੇ ਸਮੇਂ ਇਹ ਸਮੁੰਦਰ ਵੱਲ ਵਗਦੀ ਹੈ ਅਤੇ ਸ਼ਾਮ ਦੇ ਸਮੇਂ ਇਹ ਸ਼ਹਿਰ ਦੇ ਅੰਦਰ ਵੱਲ ਵਗਦੀ ਹੈ। ਬੱਚਿਓ ! ਥੇਮਜ਼ ਨਦੀ ਦੇ ਕਿਨਾਰੇ ਸੈਲਾਨੀ ਜਾਂ ਹੋਰ ਲੋਕ ਅਕਸਰ ਇੱਥੇ ਚਾਹ ਜਾਂ ਕੌਫੀ ਪੀਂਦੇ ਅਤੇ ਅਖ਼ਬਾਰਾਂ, ਰਸਾਲੇ, ਪੁਸਤਕਾਂ ਆਦਿ ਪੜਦੇ ਨਜ਼ਰੀਂ ਆਉਂਦੇ ਹਨ। ਕਈ ਤਰਾਂ ਦੀਆਂ ਫ਼ਿਲਮਾਂ, ਨਾਟਕਾਂ, ਕਹਾਣੀਆਂ ਆਦਿ ਦੀ ਸ਼ੂਟਿੰਗ ਇੱਥੇ ਅਕਸਰ ਹੁੰਦੀ ਹੈ। ਇੱਥੇ ਹੀ 'ਲੰਦਨ-ਆਈ' ਝੂਲਾ ਸਥਿਤ ਹੈ, ਜੋ ਕਿ ਲਗਭਗ 443 ਫੁੱਟ ਉੱਚਾ ਹੈ। ਇਸ ਝੂਲੇ ਦੇ 32 ਕੈਬਿਨ ਹਨ ਤੇ ਹਰੇਕ ਕੈਬਿਨ ਵਿਚ 25 ਲੋਕ ਬੈਠ ਸਕਦੇ ਹਨ। ਇਸ ਲੰਦਨ-ਆਈ ਝੂਲੇ ਦੀ ਖ਼ਾਸੀਅਤ ਇਹ ਹੈ ਕਿ ਇਸ ਦੀ ਗਤੀ ਬਹੁਤ ਧੀਮੀ ਹੁੰਦੀ ਹੈ ਤਾਂ ਜੋ ਹਰ ਉਮਰ - ਵਰਗ ਦਾ ਵਿਅਕਤੀ ਇਸ ਵਿੱਚ ਬੈਠ ਸਕੇ ਅਤੇ ਆਸਾਨੀ ਨਾਲ ਉੱਪਰੋਂ ਲੰਦਨ ਸ਼ਹਿਰ ਦਾ ਦ੍ਰਿਸ਼ ਆਨੰਦਮਈ ਢੰਗ ਨਾਲ ਦੇਖ ਸਕੇ। ਇਸ ਝੂਲੇ 'ਤੇ ਬੈਠ ਕੇ ਲੰਦਨ ਸ਼ਹਿਰ ਦੇ ਲਗਪਗ 40 ਕਿੱਲੋਮੀਟਰ ਦੂਰ-ਦੂਰ ਤੱਕ ਦੇ ਮਨਮੋਹਕ ਦ੍ਰਿਸ਼, ਇਮਾਰਤਾਂ ਅਤੇ ਖ਼ੂਬਸੂਰਤ ਥਾਵਾਂ 'ਤੇ ਦਿਲਕਸ਼ ਨਜ਼ਾਰੇ ਦੇਖੇ ਜਾ ਸਕਦੇ ਹਨ। ਇੱਥੇ ਦੇ ਲੋਕਾਂ ਨੂੰ ਸੰਗੀਤ ਤੇ ਸਿਨੇਮੇ ਨਾਲ ਵੀ ਕਾਫੀ ਜ਼ਿਆਦਾ ਲਗਾਓ ਹੈ। ਇੱਥੇ ਸਿਨੇਮਾਘਰ ਵੀ ਕਾਫੀ ਗਿਣਤੀ ਵਿਚ ਮੌਜੂਦ ਹਨ। ਇੱਥੋਂ ਦੇ ਲੋਕ ਸੰਗੀਤ ਦੇ ਬਹੁਤ ਦੀਵਾਨੇ ਹਨ। ਜੈਜ, ਪੌਪ, ਰੌਕ ਆਦਿ ਸੰਗੀਤ ਇੱਥੇ ਚੱਲਦਾ ਹੀ ਮਿਲਦਾ ਹੈ। ਬੱਚਿਓ ! ਲੰਦਨ ਵਿੱਚ ਵੇਖਣ ਅਤੇ ਮਾਣਨ ਲਈ ਅਨੇਕਾਂ ਥਾਵਾਂ ਹਨ, ਜਿਵੇਂ : ਟਾਵਰ ਬ੍ਰਿਜ, ਲੰਦਨ ਬ੍ਰਿਜ, ਚਿਡ, ਮੈਡਮ ਤੁਸਾਦਜ਼ ਮਿਊਜ਼ੀਅਮ, ਸਰਕਸ, ਨੈਸ਼ਨਲ ਗੈਲਰੀ, ਮਿਊਜ਼ੀਅਮ, ਪਾਰਲੀਮੈਂਟ ਸਟਰੀਟ, ਬਿੱਗਬੈਨ ਕਲਾਕ ਟਾਵਰ, ਪਾਰਲੀਮੈਂਟ ਸੁਕੇਅਰ, ਬਕਿੰਘਮ ਪੈਲੇਸ (ਰਾਣੀ ਦਾ ਮਹਿਲ), ਸੇਂਟ ਮਾਰਗ੍ਰੇਟ ਚਰਚ, ਹਾਈਡ ਪਾਰਕ, ਬ੍ਰਿਟਿਸ਼ ਸੰਸਦ, ਫੈਸ਼ਨੇਬਲ ਸਟਰੀਟ, ਔਕਸਫੋਰਡ ਸਟਰੀਟ, ਐਲਬਰਟ ਮਿਊ, ਰੀਜੈਂਟਸ ਪਾਰਕ, ਮੋਨੂਮੈਂਟ ਸਿਟੀ ਹਾਲ, ਬ੍ਰਿਟਿਸ਼ ਮਿਊਜ਼ੀਅਮ, ਨੈਚੁਰਲ ਹਿਸਟਰੀ ਮਿਊ, ਲੰਡਨ ਭੂਮੀਗਤ ਰੇਲਵੇ, ਕੈੱਲਸਿੰਗਟਨ ਪੈਲੇਸ, ਲੰਡਨ ਟਰਾਂਸਪੋਰਟ ਮਿਊਜ਼ੀਅਮ, ਬਿੰਡਸਰ ਪੈਲੇਸ ਆਦਿ। ਬਕਿੰਘਮ ਪੈਲੇਸ ਇੰਗਲੈਂਡ ਦੀ ਰਾਣੀ ਦੀ ਰਿਹਾਇਸ਼ ਸਥਲ ਹੈ। ਇਹ 1703 ਈਸਵੀ ਵਿੱਚ ਬਣਾਇਆ ਗਿਆ ਸੀ। ਇਸ ਵਿਚ 775 ਕਮਰੇ, 78 ਬਾਥਰੂਮ ਅਤੇ 92 ਦਫ਼ਤਰ ਹਨ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦਾ ਨਿਵਾਸ



10 ਡਾਊਨਿੰਗ ਸਟਰੀਟ ਵਿਖੇ ਹੈ। ਘੁੰਮਣ - ਫਿਰਨ ਵਾਲਿਆਂ ਲਈ ਲੰਦਨ ਵਿੱਚ ਕੋਈ ਕਮੀ ਨਹੀਂ ਹੈ। ਆਪਣੀ ਇੱਛਾ ਅਨੁਸਾਰ ਲੋਕ ਥੇਮਜ਼ ਨਦੀ ਵਿਖੇ ਕਰੂਜ਼ ਦੀ ਸਵਾਰੀ ਦਾ ਲੁਤਫ਼ ਵੀ ਉਠਾ ਸਕਦੇ ਹਨ। ਲੰਦਨ ਵਿੱਚ ਘੁੰਮਣ - ਫਿਰਨ ਲਈ ਸਾਈਕਲਾਂ ਕਿਰਾਏ 'ਤੇ ਵੀ ਮਿਲ ਜਾਂਦੀਆਂ ਹਨ। ਉੱਚੀਆਂ - ਲੰਮੀਆਂ ਇਮਾਰਤਾਂ, ਅੱਛੀ - ਖਾਸੀ ਭੀੜ ਅਤੇ ਸਿਖਰ ਦੀ ਮਹਿੰਗਾਈ ਲੰਦਨ ਸ਼ਹਿਰ ਦੀ ਖ਼ਾਸੀਅਤ ਹੈ। ਲੰਦਨ ਵਿਚ ਆਉਣ-ਜਾਣ ਲਈ, ਘੁੰਮਣ-ਫਿਰਨ ਲਈ, ਕੁਝ ਦੇਖਣ ਲਈ, ਭਾਵ ਕਿ ਕੁਝ ਵੀ ਮਨੋਰੰਜਨ ਕਰਨ ਲਈ ਕਾਫ਼ੀ ਮੋਟੀ ਰਕਮ ਖ਼ਰਚਣੀ ਪੈਂਦੀ ਹੈ ਤਾਂ ਹੀ ਤਾਂ ਇਹ ਦੁਨੀਆ ਦਾ ਕਾਫ਼ੀ ਮਹਿੰਗਾ ਸ਼ਹਿਰ ਹੈ। ਕਥਿਤ ਤੌਰ 'ਤੇ ਲੰਦਨ ਵਿੱਚ ਆਪਣਾ ਘਰ ਖ਼ਰੀਦਣ ਲਈ ਦੋ ਤੋਂ ਤਿੰਨ ਕਰੋੜ ਰੁਪਏ ਆਮ ਹੀ ਖ਼ਰਚ ਹੋ ਜਾਂਦੇ ਹਨ ਤੇ ਜਿਨਾਂ ਲੋਕਾਂ ਕੋਲ ਆਪਣਾ ਘਰ ਨਹੀਂ ਹੈ, ਉਨਾਂ ਦੀ ਕਮਾਈ ਦਾ ਲਗਪਗ ਪੰਜਾਹ - ਸੱਠ ਪ੍ਰਤੀਸ਼ਤ ਹਿੱਸਾ ਮਕਾਨ ਦੇ ਕਿਰਾਏ 'ਤੇ ਹੀ ਖ਼ਰਚ ਹੋ ਜਾਂਦਾ ਹੈ। ਲੰਦਨ ਵਿੱਚ ਅਜਿਹੇ ਲੋਕ ਵੀ ਵੇਖੇ ਜਾ ਸਕਦੇ ਹਨ ਜਿਨਾਂ ਕੋਲ ਆਪਣਾ ਕੋਈ ਘਰ ਨਹੀਂ ਹੈ। ਇੱਥੇ ਜਾਗਰੂਕਤਾ ਰੈਲੀਆਂ ਆਦਿ ਸ਼ਾਂਤਮਈ ਢੰਗ ਤਰੀਕੇ ਨਾਲ ਹੀ ਕੱਢੀਆਂ ਜਾਂਦੀਆਂ ਹਨ। ਲੰਦਨ ਘੁੰਮਣ ਲਈ ਰੋਸਟਰ ਕਾਰਡ ਜਾਂ ਲੰਡਨ ਕਾਰਡ ਜਾਂ ਟ੍ਰੈਵਲ ਕਾਰਡ ਆਦਿ ਖ਼ਰੀਦ ਲੈਣਾ /ਬਣਵਾ ਲੈਣਾ ਚਾਹੀਦਾ ਹੈ। ਬੱਚਿਓ ! ਲੰਦਨ ਸ਼ਹਿਰ ਦੀਆਂ ਹਵਾਵਾਂ ਵਿੱਚ ਇੱਥੋਂ ਦੀ ਅਮੀਰੀ ਅਤੇ ਖ਼ੁਸ਼ਹਾਲੀ ਆਮ ਹੀ ਝਲਕਦੀ ਹੈ। ਦੁਨੀਆ ਦੇ ਅਮੀਰ, ਆਧੁਨਿਕ ਤੇ ਪੁਰਾਤਨਤਾ ਦੇ ਸੰਗਮ ਨਾਲ ਭਰਪੂਰ ਲੰਦਨ ਸ਼ਹਿਰ ਨੂੰ 'ਕੌਸਮੋਪੌਲਿਟਨ' ਦਾ ਦਰਜਾ ਪ੍ਰਾਪਤ ਹੈ। ਪਿਆਰੇ ਬੱਚਿਓ! ਲੰਦਨ ਅਜਿਹਾ ਸ਼ਹਿਰ ਹੈ, ਜਿਸ ਦੇ ਦੇਸ਼ ਦੀ ਹਕੂਮਤ ਦੀ ਤੂਤੀ ਕਦੇ ਪੂਰੀ ਦੁਨੀਆ ਵਿੱਚ ਬੋਲਦੀ ਸੀ ਅਤੇ ਇਸ ਦੇ ਸਾਮਰਾਜ ਵਿੱਚ ਕਦੇ ਸੂਰਜ ਨਹੀਂ ਸੀ ਛਿਪਦਾ। ਆਪਣੇ ਆਪ ਵਿੱਚ ਇੰਨੀ ਮਹਾਨਤਾ ਸਮਾਈ ਬੈਠਾ ਹੈ : ਲੰਦਨ ਸ਼ਹਿਰ। ਬੱਚਿਓ! ਲੰਦਨ ਸ਼ਹਿਰ ਦੇ ਮੈਡਮ ਤੁਸਾਦਜ਼ ਮਿਊਜ਼ੀਅਮ ਵਿੱਚ ਦੁਨੀਆ ਭਰ ਦੀਆਂ ਮਸ਼ਹੂਰ ਸ਼ਖ਼ਸੀਅਤਾਂ ਅਤੇ ਹਸਤੀਆਂ ਦੇ ਮੋਮ ਦੇ ਬੁੱਤ ਬਣੇ ਹੋਏ ਹਨ, ਜੋ ਕਿ ਬਹੁਤ ਹੀ ਆਕਰਸ਼ਕ ਹਨ। ਲੰਦਨ ਸ਼ਹਿਰ ਵਿੱਚ ਆਵਾਜਾਈ ਲਈ ਮੈਟਰੋ, ਹੋਪ ਔਨ - ਹੋਪ ਆਫ ਬੱਸਾਂ, ਡਬਲ ਡੈਕਰ ਬੱਸਾਂ ਤੇ ਬਲੈਕ ਕੈਬ ਮੌਜੂਦ ਹਨ। ਪਿਆਰੇ ਬੱਚਿਓ ! ਲੰਦਨ ਸੰਸਾਰ ਦਾ ਮਹਾਨਤਮ ਨਗਰ ਹੈ। ਇੱਥੇ ਆ ਕੇ ਵਿਅਕਤੀ ਦੁਨੀਆ ਦੇ ਹਰ ਰੰਗ ਤੋਂ ਵਾਕਿਫ਼ ਹੋ ਜਾਂਦਾ ਹੈ। ਇਹ ਸ਼ਹਿਰ ਆਧੁਨਿਕ ਅਤੇ ਪੁਰਾਤਨ ਸੰਸਕ੍ਰਿਤੀ ਅਤੇ ਦਿੱਖ ਦਾ ਸੁਮੇਲ ਹੈ। ਅੱਜ ਵੀ ਇਸ ਸ਼ਹਿਰ ਦਾ ਪ੍ਰਭਾਵ, ਰੁਤਬਾ ਤੇ ਗੌਰਵ ਪਹਿਲਾਂ ਵਾਂਗ ਹੀ ਬਰਕਰਾਰ ਹੈ। ਹੀਥਰੋ ਹਵਾਈ ਅੱਡਾ ਇੱਥੋਂ ਦਾ ਮਸ਼ਹੂਰ ਹਵਾਈ ਅੱਡਾ ਹੈ। ਬੱਚਿਓ ! ਲੰਦਨ ਸ਼ਹਿਰ ਦਾ ਸਮਾਂ ਭਾਰਤੀ ਸਮੇਂ ਤੋਂ ਲਗਭਗ ਸਾਢੇ ਪੰਜ ਘੰਟੇ ਪਿੱਛੇ ਹੈ। ਰਾਤ ਦੇ ਦਸ ਵਜੇ ਤੱਕ ਵਿਹੜੇ ਵਿੱਚ ਬੈਠ ਕੇ ਆਸਾਨੀ ਨਾਲ ਅਖ਼ਬਾਰ ਪੜੀ ਜਾ ਸਕਦੀ ਹੈ। ਇੱਥੋਂ ਦੇ ਘਰਾਂ ਦੀ ਬਣਤਰ ਅਤੇ ਦਿੱਖ ਬਾਹਰੀ ਤੌਰ 'ਤੇ ਇੱਕੋ ਜਿਹੀ ਹੀ ਹੁੰਦੀ ਹੈ। ਹਾਂ, ਅੰਦਰੂਨੀ ਤੌਰ 'ਤੇ ਥੋੜਾ ਕੁਝ ਕੁ ਬਦਲਾਅ ਕੀਤਾ ਜਾ ਸਕਦਾ ਹੈ, ਪਰ ਬਾਹਰੀ ਤੌਰ 'ਤੇ ਨਹੀਂ। ਬੱਚਿਓ ! ਲੰਦਨ ਦੀ ਕਰੰਸੀ ਦਾ ਨਾਂ ਬ੍ਰਿਟੇਨ ਪਾਊਂਡ/ਪੌਂਡ ਹੈ। ਦੁਨੀਆ ਭਰ ਦੇ ਵਧੇਰੇ ਸੈਲਾਨੀ ਇਸ ਖ਼ੂਬਸੂਰਤ ਸ਼ਹਿਰ ਦਾ ਲੁਤਫ਼ ਉਠਾਉਣ ਆਉਂਦੇ ਹਨ। ਇੱਥੇ ਟ੍ਰੈਫਿਕ ਦੀ ਸਮੱਸਿਆ ਕਾਫੀ ਹੈ। ਲੰਦਨ ਦਾ ਮੌਸਮ ਜਠਿੰਢਾ ਹੁੰਦਾ ਹੈ। ਆਮ ਤੌਰ 'ਤੇ ਵਰਖਾ ਆ ਜਾਣ ਦਾ ਡਰ ਰਹਿੰਦਾ ਹੈ। ਈ-ਰਿਕਸ਼ਾ ਇੱਥੇ ਵੀ ਦੇਖਣ ਨੂੰ ਮਿਲ ਜਾਂਦੇ ਹਨ। ਬੱਚਿਓ! ਲੰਦਨ ਸ਼ਹਿਰ ਦੀ ਖ਼ਾਸੀਅਤ ਇਹ ਵੀ ਹੈ ਕਿ ਇੱਥੇ ਦੁਨੀਆ ਭਰ ਦੇ ਹਰੇਕ ਕੋਨੇ, ਹਰੇਕ ਦੇਸ਼ ਦਾ ਖਾਣਾ ਵੀ ਪ੍ਰਾਪਤ ਹੋ ਜਾਂਦਾ ਹੈ ; ਬਸ਼ਰਤੇ ਕਿ ਸਾਡੇ ਕੋਲ ਖ਼ਰਚਣ ਲਈ ਮੋਟੀ ਰਕਮ ਹੋਵੇ। ਦੁਨੀਆ ਭਰ ਦੇ ਬਹੁਤੇਰੇ ਅਰਬਪਤੀ ਲੋਕ ਇਸ ਧਨੀ ਸ਼ਹਿਰ ਵਿਚ ਨਿਵਾਸ ਕਰਦੇ ਹਨ। ਇਸ ਸ਼ਹਿਰ ਨੂੰ ਦੁਨੀਆ ਦਾ 'ਫਾਈਨੈਂਸ - ਸੈਂਟਰ' ਵੀ ਕਿਹਾ ਜਾਂਦਾ ਹੈ। ਬੱਚਿਓ ! ਵਿਸ਼ਵ ਦੀ ਸਭ ਤੋਂ ਪੁਰਾਣੀ ਪਹਿਲੀ ਭੂਮੀਗਤ ਰੇਲਵੇ ਦਾ ਨਿਰਮਾਣ 1863 ਈਸਵੀ ਵਿੱਚ ਲੰਦਨ ਸ਼ਹਿਰ ਵਿੱਚ ਹੀ ਹੋਇਆ ਸੀ, ਜਿਸ ਵਿੱਚ ਲਗਭਗ ਤੀਹ ਹਜ਼ਾਰ ਲੋਕ ਪ੍ਰਤੀ ਦਿਨ ਸਫ਼ਰ ਕਰਦੇ ਹੁੰਦੇ ਸਨ। ਬੱਚਿਓ, ਤੁਹਾਨੂੰ ਦੱਸ ਦੇਈਏ ਕਿ ਭਾਰਤ ਵਿੱਚ 1985 ਈਸਵੀ ਵਿਚ ਕੋਲਕਾਤਾ ਵਿਖੇ ਭੂਮੀਗਤ ਰੇਲਵੇ ਦੀ ਸ਼ੁਰੂਆਤ ਹੋਈ। ਖੇਡਾਂ ਦੇ ਖੇਤਰ ਵਿੱਚ ਵੀ ਲੰਦਨ ਨੇ ਕਾਫੀ ਮੱਲਾਂ ਮਾਰੀਆਂ ਹਨ। ਦੁਨੀਆ ਦੀਆਂ ਮਸ਼ਹੂਰ ਓਲੰਪਿਕ ਖੇਡਾਂ ਤਿੰਨ ਵਾਰ ਲੰਦਨ ਸ਼ਹਿਰ ਵਿੱਚ ਹੋ ਚੁੱਕੀਆਂ ਹਨ। ਲੰਦਨ ਸ਼ਹਿਰ ਵਿੱਚ ਟੈਲੀਵਿਜ਼ਨ 'ਤੇ ਇੱਕ ਘੰਟੇ ਵਿਚ ਵੱਧ ਤੋਂ ਵੱਧ ਬਾਰਾਂ ਮਿੰਟ ਤੱਕ ਐਡ /ਮਸ਼ਹੂਰੀ ਦਿੱਤੀ ਜਾ ਸਕਦੀ ਹੈ। ਬੱਚਿਓ ! ਲੰਦਨ ਸ਼ਹਿਰ ਦੀ ਆਬਾਦੀ ਲਗਪਗ ਛੇ ਕਰੋੜ ਹੈ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਇੱਥੋਂ ਦੇ ਲੋਕ ਚਾਹ ਪੀਣ ਦੇ ਬਹੁਤ ਹੀ ਸ਼ੌਕੀਨ ਹਨ।

ਬੱਚਿਓ! ਲੰਦਨ ਬਰਤਾਨੀਆ ਅਤੇ ਯੂਰਪ ਦੀ ਪੱਤਰਕਾਰੀ ਦਾ ਧੁਰਾ ਰਿਹਾ ਹੈ। ਲੰਦਨ ਦੁਨੀਆ ਦੀਆਂ ਵੱਡੀਆਂ ਅਖ਼ਬਾਰਾਂ ਦਾ ਘਰ ਵੀ ਹੈ। ਇਹ ਸ਼ਹਿਰ ਲੇਖਕਾਂ, ਪੱਤਰਕਾਰਾਂ, ਅਖ਼ਬਾਰਾਂ, ਰਸਾਲਿਆਂ ਆਦਿ ਲਈ ਵੀ ਬਹੁਤ ਮਸ਼ਹੂਰ ਹੈ। ਲੰਦਨ ਦੀ ਪਹਿਲੀ ਅਖ਼ਬਾਰ 'ਦ ਔਕਸਫੋਰਡ ਗਜ਼ਟ' 1665 ਈਸਵੀ ਵਿੱਚ ਛਪੀ ਸੀ। ਪਿਆਰੇ ਬੱਚਿਓ! ਲੰਦਨ ਸ਼ਹਿਰ ਅੱਜ ਵੀ ਪਹਿਲਾਂ ਦੇ ਵਾਂਗ ਹੀ ਆਪਣੀ ਕਲਾ, ਫ਼ੈਸ਼ਨ, ਖੋਜ, ਯਾਤਰਾ, ਯਾਤਰਾ ਸਥਲ, ਮੀਡੀਆ, ਸਿਹਤ ਸਹੂਲਤਾਂ, ਕਾਮਰਸ, ਮਨੋਰੰਜਨ, ਪ੍ਰੋਫੈਸ਼ਨਲ ਸਰਵਿਸ, ਸੰਗ੍ਰਹਿਆਂ, ਗੈਲਰੀਆਂ, ਖੇਡ ਸਮਾਗਮਾਂ, ਸੱਭਿਆਚਾਰਕ ਸੰਸਥਾਵਾਂ ਆਦਿ ਲਈ ਵਿਸ਼ਵ ਵਿੱਚ ਪ੍ਰਸਿੱਧ ਹੈ ਅਤੇ ਅੱਜ ਵੀ ਆਪਣੀ ਸੰਸਕ੍ਰਿਤੀ, ਸੁਚੱਜਤਾ, ਵਿਗਿਆਨਕ ਤਰੱਕੀ, ਪ੍ਰਸਿੱਧ ਸਿੱਖਿਆ ਸੰਸਥਾਵਾਂ, ਤਕਨੀਕ, ਉਸਾਰੂ ਤੇ ਸੁਚਾਰੂ ਢਾਂਚੇ, ਇਤਿਹਾਸਿਕਤਾ, ਵਪਾਰਿਕਤਾ, ਉਪਕ੍ਰਮਾਂ, ਅਪਣੱਤ, ਤਰੱਕੀ, ਖ਼ੁਸ਼ਹਾਲੀ ਤੇ ਮਨਮੋਹਕਤਾ ਲਈ ਹਰ ਬੱਚੇ, ਬਜ਼ੁਰਗ, ਨੌਜਵਾਨ, ਇਸਤਰੀ, ਵਿਦਿਆਰਥੀ ਤੇ ਸੈਲਾਨੀ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਲੰਦਨ ਸ਼ਹਿਰ ਨੂੰ ਇਸੇ ਕਰਕੇ 'ਕੌਸਮੋਪੌਲਿਟਨ' ਦਾ ਦਰਜਾ ਪ੍ਰਾਪਤ ਹੈ।

# ਕਿਸਾਨ ਸੰਘਰਸ਼

ਗੁਰਸ਼ਰਨ ਸਿੰਘ ਕਸੇਲ, ਕਨੇਡਾ

ਕਿਸਾਨ ਸੰਘਰਸ਼ ਹੁਣ ਪੂਰੇ ਜੋਬਨ ਨਾਲ ਸਾਰੇ ਦੇਸ਼ ਵਿੱਚ ਫੈਲ ਰਿਹਾ ਹੈ । ਇਸਦੀ ਕਾਮਯਾਬੀ ਦੀ ਵੱਡੀ ਗੱਲ ਇਹ ਵੀ ਹੈ ਕਿ ਇਹ ਜਿੱਥੇ ਕਿਸੇ ਧਰਮ ਜਾਂ ਸਿਆਸੀ ਪਾਰਟੀ ਨਾਲ ਸਬੰਧਤ ਨਹੀਂ ਉੱਥੇ ਇਸ ਦਾ ਸ਼ਾਂਤਮਈ ਰਹਿਣਾ ਵੀ ਵੱਡੀ ਪ੍ਰਾਪਤੀ ਹੈ। ਇਸ ਵੇਲੇ ਖੇਤੀਬਾੜੀ ਲਈ ਜੋ ਤਿੰਨ ਕਾਨੂੰਨ ਸਰਕਾਰ ਨੇ ਬਣਾਏ ਹਨ, ਇਹਨਾਂ ਦਾ ਸਿੱਧਾ ਸਬੰਧ ਭਾਵੇਂ ਇਸ ਵੇਲੇ ਜ਼ਿਮੀਂਦਾਰਾ ਤੇ ਮਜ਼ਦੂਰ ਲੋਕਾਂ ਨਾਲ ਲੱਗਦਾ ਹੈ, ਪਰ ਆਉਣ ਵਾਲੇ ਸਮੇਂ ਇਹਨਾਂ ਦਾ ਸੇਕ ਹਰੇਕ ਖ਼ੁਰਾਕ ਖਾਣ ਵਾਲੇ ਨੂੰ ਲੱਗੇਗਾ । ਭਾਵੇਂ ਕਿ ਸਰਕਾਰ ਆਖਦੀ ਹੈ ਕਿ ਇਹਨਾਂ ਤਿੰਨਾਂ ਕਾਨੂੰਨਾਂ ਨਾਲ ਕਿਸਾਨਾਂ ਦਾ ਬਹੁਤ ਫ਼ਾਇਦਾ ਹੋਵੇਗਾ, ਪਰ ਕਿਸਾਨ ਇਹਨਾਂ ਕਾਨੂੰਨਾਂ ਦੇ ਲਾਗੂ ਹੋਣ ਨਾਲ ਆਪਣੀ 'ਸਾਹ-ਰੱਗ ਨੂੰ ਹੱਥ ਪਿਆ' ਮਹਿਸੂਸ ਕਰਦੇ ਹਨ । ਇਸ ਕਰਕੇ ਉਹਨਾਂ ਕੋਲ ਇਹਨਾਂ ਤਿੰਨ ਕਾਨੂੰਨਾਂ ਨੂੰ ਰੱਦ ਕਰਵਾਉਣ ਤੋਂ ਸਵਾਏ ਹੋਰ ਕੋਈ ਰਾਹ ਹੀ ਨਹੀਂ ਜਾਪਦਾ ।

ਕਿਸਾਨ ਕੋਲ ਭਾਵੇਂ ਜਮੀਨ ਥੋੜੀ ਵੀ ਹੋਵੇ, ਉਹ ਇਸ ਨਾਲ ਆਪਣੇ ਆਪ ਨੂੰ ਬਾਦਸ਼ਾਹ ਸਮਝਦਾ ਹੈ । ਮੈਨੂੰ ਅੱਜ ਵੀ ਯਾਦ ਹੈ ਜਦੋਂ ਅਸੀਂ ਆਪਣੇ ਖੇਤਾਂ ਵਿੱਚ ਰਹਿੰਦੇ ਹੁੰਦੇ ਸਾਂ ਤਾਂ ਉਸ ਵੇਲੇ ਰੋਜ਼ ਸ਼ਾਮ ਨੂੰ ਜਦ ਚੁਬਾਰੇ ਤੇ ਸਾਉਣ ਲਈ ਜਾਈਦਾ ਸੀ, ਤਾਂ ਉੱਥੇ ਇਹ ਮਹਿਸੂਸ ਹੁੰਦਾ ਸੀ ਕਿ ਜਿਵੇਂ ਬਾਦਸ਼ਾਹ ਹੋਈਏ । ਇੱਥੇ ਇੱਕ ਗੱਲ ਯਾਦ ਆ ਗਈ, ਬਹੁਤ ਸਮਾਂ ਪਹਿਲਾਂ ਕਿਸੇ ਨੇ ਸ. ਪ੍ਰਤਾਪ ਸਿੰਘ ਕੈਰੋ ਜੀ ਦੀ ਗੱਲ ਸੁਣਾਈ ਸੀ, ਕਿ ਕਿਸੇ ਨੇ ਕੈਰੋ ਜੀ ਨੂੰ ਪੁੱਛਿਆ ਕਿ 'ਤੁਸੀਂ ਮੁੱਖ ਮੰਤਰੀ ਬਣ ਕੇ ਕਿਵੇਂ ਮਹਿਸੂਸ ਕਰਦੇ ਹੋ, ਤਾਂ ਉਹਨਾਂ ਨੇ ਕਿਹਾ ਸੀ, ਜੱਟ ਤਾਂ ਸੁਹਾਗੇ ਤੇ ਮਾਣ ਨਹੀਂ ਹੁੰਦਾ, ਮੈਂ ਤਾਂ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠਾ ਹਾਂ' ਪਤਾ ਨਹੀਂ ਇਹ ਗੱਲ ਉਹਨਾਂ ਨੇ ਕਹੀ ਸੀ ਜਾਂ ਨਹੀਂ, ਪਰ ਮੈਨੂੰ ਇਹ ਭਾਵਨਾ ਸੱਚ ਲੱਗਦੀ ਹੈ ।

ਕਿਸਾਨਾਂ ਲਈ ਉਹਨਾਂ ਦੀ ਜਮੀਨ ਜਿੱਥੇ ਰੋਜ਼ੀ ਰੋਟੀ ਦਾ ਸਾਧਨ ਹੈ, ਉੱਥੇ ਇਹਨਾਂ ਨੂੰ ਆਪਣੇ ਆਪ ਤੇ ਕਿਸਾਨ ਹੋਣ ਦਾ ਗਰਬ ਵੀ ਹੁੰਦਾ ਹੈ । ਜੋ ਕਿ ਇਹਨਾਂ ਨੂੰ ਚੜਦੀ ਕਲਾ ਵਿੱਚ ਵੀ ਰੱਖਦਾ ਹੈ । ਇਸ ਲਈ ਇਹ ਹੁਣ ਇਹਨਾਂ ਦੀ ਹੋਂਦ ਦਾ ਸਵਾਲ ਬਣ ਗਿਆ ਹੈ । ਸੋ, ਆਸ ਹੈ ਕਿ ਕਿਸਾਨ ਇਸ ਮੁਸ਼ਕਲ ਦੀ ਘੜੀ ਵਿੱਚੋਂ ਹੋਸ਼ ਅਤੇ ਜੋਸ਼ ਨਾਲ ਨਿਕਲ ਆਉਣਗੇ ।

ਜੇ ਸਰਕਾਰ ਆਪਣੇ ਆਪ ਨੂੰ ਲੋਕਰਾਜੀ ਸਰਕਾਰ ਸਮਝ ਕੇ, ਪਰਜਾ ਦੀ ਅਹਿਮੀਅਤ ਵੱਲ ਧਿਆਨ ਦੇਂਦੀ ਹੋਈ ਇਸ ਮਸਲੇ ਨੂੰ ਛੇਤੀ ਹੱਲ ਕਰਨ ਦੀ ਕੋਸ਼ਿਸ਼ ਕਰੇ ਤਾਂ ਬਹੁਤ ਚੰਗਾ ਹੈ ।

ਧੰਨਵਾਦੀ ਹਾਂ ਉਹਨਾਂ ਸਾਰੇ ਪ੍ਰਬੰਧਕਾਂ ਦੇ ਜਿਹੜੇ ਕੁਝ ਸ਼ੈਤਾਨ ਲੋਕਾਂ ਦੀ ਚਾਲਾਂ ਨੂੰ ਸਮਝਦੇ ਹੋਏ ਇਸ ਸੰਘਰਸ਼ ਨੂੰ ਪੂਰੀ ਸਿਆਣਪ ਨਾਲ ਚਲਾ ਰਹੇ ਹਨ । ਜਿਹੜੇ ਵੀ ਇਸ ਸੰਘਰਸ਼ ਦੀ ਕਾਮਯਾਬੀ ਲਈ ਆਪਣਾ ਯੋਗਦਾਨ ਪਾ ਰਹੇ ਹਨ, ਉਹ ਸਾਰੇ ਹੀ ਸਤਿਕਾਰ ਯੋਗ ਹਨ ਅਤੇ ਚੜਦੀ ਕਲਾ ਵਿੱਚ ਰਹਿਣ। ਧੰਨਵਾਦ

Website Design & Development
➡ ਛੋਟੇ/ਵੱਡੇ ਬਿਜ਼ਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ |
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ |
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com

# ਮੌਜੂਦਾ ਕਿਸਾਨ ਅੰਦੋਲਨ ਤੇ ਮੋਦੀ ਸਰਕਾਰ ਦਾ ਕਿਸਾਨਾਂ ਵਿਰੋਧੀ ਰਵੱਈਆ



- ਰਣਜੀਤ ਸਿੰਘ ਕੁਕੀ

ਕਿਸੇ ਵੀ ਉਪਲਬਧੀ ਲਈ ਦਿਮਾਗ਼ੀ ਗਤੀਵਿਧੀ ਜਾਂ ਗਿਆਨ ਅਰਜਿਤ ਕਰਨ ਦੀ ਪ੍ਰਕਿਰਿਆ ਅਤੇ ਵਿਚਾਰ ਅਨੁਭਵ ਰਾਹੀਂ ਸਮਝ ਵਿਕਸਿਤ ਕਰਨ ਦੀ ਲੋੜ ਹੈ। ਇਸ ਵਿਚ ਬੌਧਿਕ ਗਤੀਵਿਧੀਆਂ ਅਤੇ ਪ੍ਰਕਿਰਿਆਵਾਂ ਦੇ ਕਈ ਸਾਰੇ ਪੱਖ ਸ਼ਾਮਿਲ ਹੁੰਦੇ ਹਨ ਜਿਵੇਂ ਕਿ ਧਿਆਨ, ਗਿਆਨ ਦੀ ਸਿਰਜਣਾ, ਯਾਦ, ਨਿਰਨਾ, ਮੁਲਾਂਕਣ ਅਤੇ ਤਰਕ , ਸਮੱਸਿਆ ਦਾ ਹੱਲ ਕਰਨਾ ਅਤੇ ਨਿਰਨਾ ਲੈਣਾ ਅਤੇ ਭਾਸ਼ਾ ਦੀ ਸਮਝ ਅਤੇ ਉਸ ਦੀ ਉਤਪਤੀ। ਗਿਆਨਤਮਕ ਉਪਲਬਧੀ ਅਤੇ ਪ੍ਰਕਿਰਿਆ ਮੌਜੂਦਾ ਗਿਆਨ ਦੀ ਵਰਤੋਂ ਕਰਕੇ ਨਵਾਂ ਗਿਆਨ ਸਿਰਜਦੀ ਹੈ। ਅੱਜ ਕਿਸਾਨੀ ਸੰਘਰਸ਼ ਦੇ ਸਿਰਜਣਕਾਰਾਂ ਸਾਹਮਣੇ ਚੌਧਰ ਦੀ ਭੁੱਖੀ, ਪ੍ਰਭੂਸੱਤਾ ਦੇ ਰੁਝਾਨ ਵਾਲੇ ਰਾਜਨੀਤਿਕ ਪੱਖ ਤੋਂ ਦ੍ਰਿਸ਼ਟੀਹੀਣ ਸਰਕਾਰ ਹੈ ਜੋ ਆਪਣੇ ਆਪ ਨੂੰ ਅਛੋਹ ਕਰਾਰ ਦਿੰਦਿਆਂ ਹੋਇਆਂ ਬਹੁਤ ਸਮਝਦਾਰ ਮੰਨਦੀ ਹੈ ਅਤੇ ਕਿਸਾਨੀ ਸੰਘਰਸ਼ ਨੂੰ ਅਸਲੀਅਤ ਦੀ ਘਾਟ ਦਾ ਸ਼ਿਕਾਰ ਦੱਸ ਰਹੀ ਹੈ।

ਭਾਰਤ ਦੇ ਦਸ ਸੂਝਵਾਨ ਅਰਥ ਸ਼ਾਸਤਰੀਆਂ ਨੇ ਇਸੇ ਦ੍ਰਿਸ਼ਟੀਹੀਣ ਸਰਕਾਰ ਸਾਹਮਣੇ ਨਵੇਂ ਸਿਰਜੇ ਗਏ ਕਾਨੂੰਨਾਂ ਪ੍ਰਤੀ ਆਪਣਾ ਰੋਸ ਜਤਾਉਂਦਿਆਂ ਹੋਇਆਂ ਇਹ ਦਰਸਾਇਆ ਹੈ ਕਿ ਨਿਰਧਾਰਿਤ ਕਾਨੂੰਨ ਕਿਸਾਨ ਵਿਰੋਧੀ ਤਾਂ ਹਨ ਹੀ ਸਗੋਂ ਇਹ ਗੈਰ-ਸੰਵਿਧਾਨਿਕ ਬਿਰਤੀ ਰਾਹੀ ਸੂਬਿਆਂ ਦੇ ਵੱਧ ਅਧਿਕਾਰਾਂ ਦੀ ਵੀ ਉਲੰਘਣਾ ਹੈ। ਇਹ ਕੇਂਦਰ ਅਤੇ ਰਾਜਾਂ ਵਿਚਕਾਰ ਸੱਤਾ ਸੰਤੁਲਨ ਅਤੇ ਕਿਸਾਨਾਂ ਦੇ ਹਿੱਤਾਂ ਦੇ ਪੱਖ ਤੋਂ ਬਹੁਤ ਹੀ ਦੋਸ਼ਪੂਰਣ ਹਨ। ਜਿਸ ਰਾਹੀ ਸਥਾਪਿਤ ਵਪਾਰ ਖੇਤਰ ਨੂੰ ਤਬਦੀਲ ਕਰਕੇ ਸੰਗਠਿਤ ਘਰਾਣਿਆਂ ਦੇ ਹਿੱਤਾਂ ਨੂੰ ਪੂਰਦਿਆਂ ਹੋਇਆਂ ਇਸ ਨੂੰ ਕੇਂਦਰੀ ਸਰਕਾਰ ਆਪਣੇ ਘੇਰੇ ਵਿਚ ਲੈ ਆਈ ਹੈ ਤਾਂ ਜੋ ਸੂਬਿਆਂ ਦਾ ਅਧਿਕਾਰ ਖੇਤਰ ਖ਼ਤਮ ਹੋ ਜਾਵੇ। ਇਹਨਾਂ ਅਰਥ-ਸ਼ਾਸਤਰੀਆਂ ਵੱਲੋਂ ਦੂਜਾ ਚਿੰਤਾ ਦਾ ਵਿਸ਼ਾ ਉਠਾਇਆ ਗਿਆ ਹੈ ਕਿ ਇਹ ਕਾਨੂੰਨ ਖੇਤੀ-ਕਾਰੋਬਾਰੀ ਕੰਪਨੀਆਂ ਨੂੰ ਰਾਜ ਦੇ ਨਿਯੰਤਰਨ ਦੀ ਕਾਨੂੰਨੀ ਪ੍ਰਤੀਕਿਰਿਆ, ਕਿਸਾਨਾਂ, ਵਪਾਰੀਆਂ ਅਤੇ ਆੜਤੀਆਂ ਵਿਚਕਾਰ ਸੰਬੰਧਾਂ ਜਿਹੇ ਨਿਯੰਤਰਣਾਂ ਅਤੇ ਭੰਡਾਰਨ, ਸੰਸਾਧਨ ਅਤੇ ਮੰਡੀਕਰਨ ਉੱਪਰ ਬੰਦਿਸ਼ਾਂ ਤੋਂ ਅਜ਼ਾਦ ਕਰਨ ਦੀ ਪ੍ਰਤੀਨਿਧਤਾ ਕਰਦੇ ਹਨ। ਇਹ ਬਜ਼ਾਰ ਦੇ ਏਕੀਕਰਨ, ਖੇਤੀ ਵਸਤਾਂ ਦਾ ਕੁਝ ਹੀ ਵੱਡੇ ਹੱਥਾਂ ਵਿਚ ਇਕੱਠਾ ਹੋ ਜਾਣਾ, ਜਿਵੇਂ ਕਿ ਯੂਰੋਪ ਅਤੇ ਅਮਰੀਕਾ ਜਿਹੇ ਦੇਸ਼ਾਂ ਵਿਚ ਹੋਇਆ ਹੈ, ਜਿਹੇ ਵਿਸ਼ਿਆਂ ਪ੍ਰਤੀ ਚਿੰਤਾ ਪੈਦਾ ਕਰਦੇ ਹਨ। ਇਹਨਾਂ ਦੇਸ਼ਾਂ ਦਾ ਏਕੀਕਰਨ 'ਵੱਡੇ ਹੋਵੋ ਜਾਂ ਬਾਹਰ ਨਿਕਲ ਜਾਵੋ' ਜਿਹੇ ਵਰਤਾਰੇ 'ਤੇ ਅਧਾਰਿਤ ਹੈ ਜਿਸ ਨੇ ਛੋਟੇ ਕਿਸਾਨਾਂ, ਛੋਟੇ ਵਪਾਰੀਆਂ ਅਤੇ ਖੇਤੀ ਉਦਯੋਗਾਂ ਨੂੰ ਖੇਤੀ ਤੋਂ ਹੀ ਬਾਹਰ ਕਰ ਦਿੱਤਾ। ਇਸ ਦੀ ਬਜਾਇ ਕਿਸਾਨ ਨੂੰ ਉਸ ਵਿਵਸਥਾ ਦੀ ਜ਼ਰੂਰਤ ਹੈ ਜੋ ਉਸ ਨੂੰ ਬਿਹਤਰ ਖ਼ਰੀਦੋ-ਫ਼ਰੋਖ਼ਤ ਦੀ ਸ਼ਕਤੀ ਦੇਵੇ ਅਤੇ ਭੰਡਾਰਨ, ਸੰਸਾਧਨਾਂ ਅਤੇ ਮੰਡੀਕਰਨ ਦੀਆਂ ਮੂਲ ਸੁਵਿਧਾਵਾਂ ਕਿਸਾਨਾਂ ਅਤੇ ਕਿਸਾਨ ਉਤਪਾਦਕ ਸੰਸਥਾਵਾਂ ਦੇ ਹੱਥਾਂ ਵਿਚ ਦੇ ਕੇ ਕੀਮਤਾਂ ਦੀ ਕੜੀ ਵਿਚ ਉਨਾਂ ਦੀ ਭਾਗੀਦਾਰੀ ਯਕੀਨੀ ਬਣਾਵੇ। ਅਰਥ-ਸ਼ਾਸਤਰੀਆਂ ਮੁਤਾਬਿਕ ਇਹ ਕਿਸਾਨਾਂ ਦੀ ਆਮਦਨੀ ਵਿਚ ਵੀ ਵਾਧਾ ਕਰੇਗਾ। ਪਹਿਲਾਂ ਸਰਕਾਰ ਦੀਆਂ ਕੁਝ ਕੁ ਨੀਤੀਆਂ ਇਸ ਦਿਸ਼ਾ ਵੱਲ ਸੇਧਿਤ ਸਨ।

ਭਾਰਤੀ ਕਿਸਾਨਾਂ ਵਿਚ ਇਨਾਂ ਤਿੰਨਾਂ ਕਾਨੂੰਨਾਂ ਨੂੰ ਲੈ ਕੇ ਭਾਰੀ ਰੋਸ ਹੈ ਅਤੇ ਪੰਜਾਬ ਦੇ ਕਿਸਾਨਾਂ ਤੋਂ ਹੱਲਾਸ਼ੇਰੀ ਲੈ ਕੇ ਦੂਜੇ ਸੂਬਿਆਂ ਦੇ ਕਿਸਾਨ ਵੀ ਆਪਣਾ ਵਿਰੋਧ ਜਤਾ ਰਹੇ ਹਨ। ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਗਾਤਾਰ ਇਹ ਤਰਕ ਦੇ ਰਹੇ ਹਨ ਕਿ ਇਹ ਬਦਲਾਅ ਜ਼ਰੂਰੀ ਸੀ। ਦੂਜੇ ਪਾਸੇ ਇਹ ਹੈ ਕਿ ਜੇ ਮੋਦੀ ਕਿਸਾਨ ਨੂੰ ਅਨਾਜ ਦੇ ਜਾਲ ਵਿਚੋਂ ਕੱਢਣਾ ਹੀ ਚਾਹੁੰਦਾ ਹੈ ਤਾਂ ਇਸ ਦਾ ਇੱਕੋ ਇਕ ਰਾਹ ਖੇਤੀ ਲਈ ਮੂਲ ਸੁਵਿਧਾਵਾਂ ਵਿਕਸਿਤ ਕਰਨਾ ਹੈ। ਇਸ ਨਵੇਂ ਉਦਾਰੀਕਰਨ ਦੇ ਕਾਨੂੰਨਾਂ ਨੇ ਕਿਸਾਨਾਂ ਵਿਚ ਇਹ ਖ਼ਦਸ਼ਾ ਪੈਦਾ ਕਰ ਦਿੱਤਾ ਹੈ ਕਿ ਇਹਨਾਂ ਕਾਨੂੰਨਾਂ ਰਾਹੀ ਸਰਕਾਰ ਖੇਤੀ ਅਤੇ ਕਿਸਾਨੀ ਦੇ ਭਵਿੱਖ ਨੂੰ ਵੱਡੇ ਸੰਗਠਿਤ ਘਰਾਣਿਆਂ ਦੇ ਰਹਿਮੋ-ਕਰਮ ਤੇ ਛੱਡ ਦੇਵੇਗੀ। ਕਿਸਾਨੀ ਦੀ ਰੂਹ ਸਿੱਖ ਕਿਸਾਨ ਆਪਣੇ ਇਤਿਹਾਸ ਪ੍ਰਤੀ ਚੇਤੰਨ ਹੋ ਮੋਦੀ ਸਰਕਾਰ ਨੂੰ ਦੱਸ ਰਹੇ ਹਨ ਕਿ 'ਅਸੀਂ ਲੜਾਂਗੇ ਸਾਥੀ, ਜਦੋਂ ਤੱਕ ਲੜਨ ਦੀ ਲੋੜ ਬਾਕੀ ਹੈ।' ਉਨਾਂ ਨੇ ਇਤਿਹਾਸ ਤੋਂ ਹੀ ਸਿੱਖਿਆ ਹੈ:

**ਦਹਿਕਦੇ ਅੰਗਾਰਿਆਂ ਤੇ ਸੌਂਦੇ ਰਹੇ ਨੇ ਲੋਕ**
**ਇਸ ਤਰਾਂ ਵੀ ਰਾਤ ਨੂੰ ਰੁਸ਼ਨਾਉਂਦੇ ਰਹੇ ਨੇ ਲੋਕ**

ਸਿੱਖ ਕਿਸਾਨੀ ਲਈ ਨਵੀਂ ਸਵੇਰ ਤੇ ਨਜ਼ਰ ਰੱਖ ਕੇ ਤੁਰੇ ਹਨ ਜਿਸ ਵਿਚ ਭਾਵੇਂ ਡਰ ਵੀ ਹੈ ਕਿ ਉਹ ਆਪਣੀ ਮੰਜ਼ਿਲ ਤੱਕ ਪਹੁੰਚ ਸਕਣਗੇ ਜਾਂ ਨਹੀਂ। ਸਿੱਖਾਂ ਦੇ ਲਈ ਅੱਤਿਆਚਾਰ ਵਿਰੁੱਧ ਆਪਣੀ ਅਵਾਜ਼ ਬੁਲੰਦ ਕਰਨਾ ਕੋਈ ਨਵੀਂ ਗੱਲ ਨਹੀਂ ਹੈ। ਉਨਾਂ ਨੇ ਤਿੰਨ ਸੌ ਸਾਲ ਮੁਗ਼ਲਾਂ ਦਾ ਡਟ ਕੇ ਮੁਕਾਬਲਾ ਕੀਤਾ। ਵੀਹਵੀਂ ਸਦੀ ਦੇ ਸ਼ੁਰੂ ਵਿਚ 'ਪਗੜੀ ਸੰਭਾਲ ਜੱਟ' ਦੀ ਅਵਾਜ਼ ਇਹ ਦਰਸਾਉਂਦੀ ਸੀ:

ਝੱਲੇਂਗਾ ਕਦੋਂ ਤੱਕ ਆਪਣੀ ਖ਼ੁਮਾਰੀ ਤੂੰ
ਲੜਨੇ ਤੇ ਮਰਨੇ ਦੀ ਕਰਲਾ ਤਿਆਰੀ ਤੂੰ

ਇਸੇ ਨੇ ਹੀ ਸਾਮਰਾਜੀ ਹਕੂਮਤ ਨੂੰ ਆਪਣੇ ਕਦਮ ਕਿਸਾਨਾਂ ਪ੍ਰਤੀ ਮਾਰੂ ਨੀਤੀਆਂ ਤੋਂ ਪਿੱਛੇ ਹਟਾਉਣ ਲਈ ਮਜਬੂਰ ਕਰ ਦਿੱਤਾ ਸੀ। ਉਸ ਰਾਹੀ ਹੀ ਗਦਰ ਲਹਿਰ ਅਤੇ ਦੂਜੀਆਂ ਸਾਮਰਾਜ ਵਿਰੋਧੀ ਸਿੱਖ ਲਹਿਰਾਂ ਦਾ ਜਨਮ ਹੋਇਆ ਸੀ। ਇਹ ਸਿੱਖ ਕੌਮ ਦੀ ਤ੍ਰਾਸਦੀ ਰਹੀ ਹੈ ਕਿ ਜਦੋਂ ਉਹ ਦੂਜਿਆਂ ਦੇ ਹੱਕ ਵਿਚ ਆਪਣੀ ਅਵਾਜ਼ ਬੁਲੰਦ ਕਰਦੇ ਹਨ ਤਾਂ ਉਹ 'ਹਿੰਦ ਦੀ ਚਾਦਰ' ਅਤੇ ਅਜ਼ਾਦੀ ਘੁਲਾਟੀਏ ਦਰਸਾਏ ਜਾਂਦੇ ਹਨ, ਪਰ ਉਹੀ ਸਿੱਖ ਜਦੋਂ ਪੰਜਾਬ ਦੇ ਹਿੱਤਾਂ ਦੀ ਗੱਲ ਕਰਦੇ ਹਨ ਤਾਂ ਉਨਾਂ ਨੂੰ ਭਾਰਤੀ ਸੰਚਾਰ ਮਾਧਿਅਮਾਂ ਰਾਹੀ ਅੱਤਵਾਦੀ, ਵੱਖਵਾਦੀ ਅਤੇ ਦੇਸ਼-ਵਿਰੋਧੀ ਕਹਿਣ ਤੋਂ ਵੀ ਗੁਰੇਜ਼ ਨਹੀਂ ਕੀਤਾ ਗਿਆ। ਘੱਟਗਿਣਤੀਆਂ, ਬੁੱਧੀਜੀਵੀਆਂ, ਵਿਦਿਆਰਥੀ ਨੇਤਾਵਾਂ ਅਤੇ ਪੱਤਰਕਾਰਾਂ ਨੂੰ ਦੇਸ਼-ਵਿਰੋਧੀ ਕਿਹਾ ਜਾਂਦਾ ਹੈ ਅਤੇ ਸਰਕਾਰ ਦੀਆਂ ਨੀਤੀਆਂ ਦੀ ਸੁਰ ਵਿਚ ਸੁਰ ਨਾ ਮਿਲਾਉਣ ਕਰਕੇ ਉਨਾਂ ਨੂੰ ਜੇਲ ਵਿਚ ਵੀ ਸੁੱਟਿਆ ਜਾ ਸਕਦਾ ਹੈ। ਮੋਦੀ ਸਰਕਾਰ ਦੇ ਆਉਣ ਤੋਂ ਬਾਅਦ ਇਹ ਮਾਹੌਲ ਹੈ ਕਿ ਭਾਰਤ ਵਿਚ ਵਿਰੋਧ ਜਤਾਉਣ ਅਤੇ ਆਪਣੇ ਹੱਕਾਂ ਨੂੰ ਸੁਰੱਖਿਅਤ ਰੱਖਣ ਦੀ ਪ੍ਰਕਿਰਿਆ ਹੰਭ ਰਹੀ ਹੈ। ਇਸ ਨੂੰ ਪੁਨਰ-ਸੁਰਜੀਤ ਕਰਨ ਦੀ ਹਰ ਉਮੀਦ ਕਿਸਾਨਾਂ ਦੇ ਅੰਦੋਲਨ ਨਾਲ ਜੁੜੀ ਹੋਈ ਹੈ। ਉਨਾਂ ਦਾ ਵਿਰੋਧ ਸਰਕਾਰੀ ਸਹਾਇਤਾ ਪ੍ਰਾਪਤ ਕਾਰਪੋਰੇਟ ਘਰਾਣਿਆਂ ਦੇ ਵਿਰੁੱਧ ਹੈ। ਇਕ ਬਜ਼ੁਰਗ ਸਿੱਖ ਕਿਸਾਨ ਦਾ ਕਹਿਣਾ ਹੈ, 'ਅਸੀਂ ਮੋਦੀ ਤੋਂ ਵੀ ਵੱਡੇ ਤਾਨਾਸ਼ਾਹਾਂ ਦਾ ਮੁਕਾਬਲਾ ਕੀਤਾ ਹੈ। ਜਿੰਨੀ ਦੇਰ ਸਾਡੇ ਵਿਚ ਸਾਹ ਬਾਕੀ ਹਨ, ਅਸੀਂ ਲੜਦੇ ਰਹਾਂਗੇ।'

ਅੱਜ ਅੰਮ੍ਰਿਤਾ ਪ੍ਰੀਤਮ ਦੀ ਕਲਮ ਨੂੰ ਤਲਾਸ਼ਿਆ ਜਾ ਰਿਹਾ ਹੈ ਕਿ ਉਹ ਆਪਣੇ ਸ਼ਬਦਾਂ ਰਾਹੀ ਵਾਰਿਸ ਸ਼ਾਹ ਨੂੰ ਸੰਬੋਧਿਤ ਕੀਤੀ ਕਵਿਤਾ ਵਾਂਗ ਫੇਰ ਲਿਖੇ ਕਿ ਅੱਜ ਪੰਜਾਬ ਦੀਆਂ ਧੀਆਂ ਠੰਡੀਆਂ ਸੜਕਾਂ 'ਤੇ ਦਿੱਲੀ ਘੇਰੀ ਬੈਠੀਆਂ ਹਨ। ਅੰਤਿਮ ਚੇਤਾਵਨੀ ਬਹੁਤ ਹੀ ਸਪੱਸ਼ਟ ਹੈ। ਸਾਨੂੰ ਇਹ ਮੁਸ਼ਕਿਲ ਚੋਣ ਕਰਨੀ ਪੈਣੀ ਹੈ: ਘੱਟਗਿਣਤੀਆਂ ਲਈ ਸ਼ਾਂਤੀ ਅਤੇ ਨਿਆਂ ਜਾਂ ਵੰਡ ਅਤੇ ਧਰੁਵੀਕਰਨ ? ਲੋਕਤੰਤਰ ਜਾਂ ਤਾਨਾਸ਼ਾਹੀ ? ਕਿਸਾਨ ਜਾਂ ਮੋਦੀ ? ਸਮੇਂ ਦੀ ਲੋੜ ਹੈ ਕਿ ਅਸੀਂ ਆਪਣੀ ਧਿਰ ਚੁਣੀਏ। ਇੱਥੇ ਇਹ ਕਿਹਾ ਜਾ ਸਕਦਾ ਹੈ:

**ਅਗਰ ਬਾਜ਼ੀ ਇਸ਼ਕ ਕੀ ਬਾਜ਼ੀ ਹੈ**
**ਜੋ ਚਾਹੇ ਲਗਾ ਦੋ ਡਰ ਕੈਸਾ**
**ਗਰ ਜੀਤ ਗਏ ਤੋਂ ਕਯਾ ਕਹਿਨਾ**
**ਹਾਰੇ ਭੀ ਤੋਂ ਬਾਜ਼ੀ ਮਾਤ ਨਹੀਂ**

ਇਹਨਾਂ ਕਾਨੂੰਨਾਂ ਦੀ ਮੰਸ਼ਾ ਬਾਰੇ ਜਾਣ ਲੈਣਾ ਇਕ ਗੱਲ ਹੈ ਜਦੋਂ ਕਿ ਇਹਨਾਂ ਦੇ ਵਿਰੋਧ ਵਿਚ ਬਾਹਰ ਨਿਕਲਣ ਆਉਣਾ ਅਤੇ ਆਪਣਾ ਰੋਸ ਜਤਾਉਣਾ ਇਸ ਤੋਂ ਬਿਲਕੁਲ ਭਿੰਨ ਹੈ। ਇਕੱਠੇ ਹੋਣਾ ਅਤੇ ਰੋਸ ਜਤਾਉਣਾ ਇਕ ਸਾਂਝੀ ਪਛਾਣ ਨੂੰ ਵਿਕਸਿਤ ਕਰਦਾ ਹੈ ਜੋ ਕਿ ਸਮਰੂਪ ਮੰਗਾਂ ਉੱਪਰ ਆਧਾਰਿਤ ਹੁੰਦੀ ਹੈ। ਕੜਕਦੀ ਠੰਡ ਵਿਚ ਦਿੱਲੀ ਅੰਦੋਲਨ ਵਿਚ ਬੈਠੇ ਕਿਸਾਨਾਂ ਦੇ ਬਿਆਨਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਅੰਦੋਲਨਾਂ ਲਈ ਜਥੇਬੰਦਕ ਢਾਂਚਿਆਂ ਅਤੇ ਕੋਸ਼ਿਸ਼ਾਂ ਦੀ ਲੋੜ ਪੈਂਦੀ ਹੈ ਅਤੇ ਭਿੰਨ-ਭਿੰਨ ਲੋਕਾਂ ਵਿਚ ਤਾਲਮੇਲ ਹੋਣਾ ਬਹੁਤ ਜ਼ਰੂਰੀ ਹੈ।

ਮਾਹਿਰ ਲੋਕ ਨਿਰਨਾ ਕਰਨ ਵਿਚ 'ਤੱਥਾਂ' ਦੇ ਰੋਲ ਨੂੰ ਲੋਕਤੰਤਰ, ਬਰਾਬਰਤਾ ਤੋਂ ਜ਼ਿਆਦਾ ਮਹੱਤਵਪੂਰਨ ਮੰਨਦੇ ਹਨ। ਉਦਾਹਰਣ ਵਜੋਂ, ਨਵੇਂ ਖੇਤੀ ਕਾਨੂੰਨਾਂ ਦੇ ਸੰਦਰਭ ਵਿਚ ਕੀ ਅਸੀਂ ਜਾਣਦੇ ਹਾਂ ਕਿ ਸਰਕਾਰ ਇਹ ਕਿਵੇਂ ਨਿਰਧਾਰਿਤ ਕਰ ਬੈਠੀ ਹੈ ਕਿ ਖੇਤੀ ਮੰਡੀਆਂ ਨੂੰ ਕੁਸ਼ਲ ਬਣਾਉਣ ਲਈ ਖੇਤੀ ਉਪਜ ਮੰਡੀ ਕਮੇਟੀਆਂ ਦੁਆਰਾ ਚਲਾਈਆਂ ਜਾਂਦੀਆਂ ਮੰਡੀਆਂ ਨੂੰ ਖ਼ਤਮ ਕਰਨਾ ਹੀ ਇਸਦਾ ਹੱਲ ਹੈ ? ਮੌਜੂਦਾ ਮੰਡੀਆਂ ਵਿਚ ਹੁੰਦੀਆਂ ਬੋਲੀਆਂ ਵਿਚ ਹੋਰ ਹਿੱਸੇਦਾਰਾਂ ਨੂੰ ਲਿਆ ਕੇ ਉਨਾਂ ਨੂੰ ਹੋਰ ਪ੍ਰਤੀਯੋਗੀ ਕਿਉਂ ਨਹੀਂ ਬਣਾਇਆ ਜਾ ਸਕਦਾ ? ਇਨਾਂ ਮੰਡੀਆਂ ਨੂੰ ਹੋਰ ਕੁਸ਼ਲ ਬਣਾਉਣ ਦੀ ਬਜਾਇ ਮਾਹਿਰਾਂ ਨੂੰ ਇਹਨਾਂ ਨੂੰ ਬਾਹਰ ਕੱਢਣਾ ਜ਼ਿਆਦਾ ਅਸਾਨ ਕਿਉਂ ਲੱਗਦਾ ਹੈ ?

ਪੰਜਾਬ ਦੀ ਕਿਸਾਨੀ ਦੀ ਸਥਿਤੀ ਅੰਮ੍ਰਿਤਾ ਪ੍ਰੀਤਮ ਇਉਂ ਬਿਆਨ ਕਰਦੀ ਹੈ:

**ਭੁੱਖੇ ਲੂਸਣ ਅੱਜ ਦੇ ਹਾਲੀ**
**ਕਿਰਤੀ ਕਾਮੇ ਢਿੱਡੋਂ ਖਾਲੀ**
**ਦੂਜੇ ਨੂੰ ਜੋ ਦੇਣ ਖੁਸ਼ਹਾਲੀ**
**ਪੇਸ਼ ਉਨਾਂ ਦੇ ਪਈ ਕੰਗਾਲੀ**

ਇਸ ਦੇ ਬਾਵਜੂਦ ਵੀ ਪੰਜਾਬ ਦਾ ਕਿਸਾਨ ਦ੍ਰਿੜਤਾ ਨਾਲ ਭਰਿਆ ਹੋਇਆ ਹੈ। ਹਾਲ ਦੇ ਵਰਿਆਂ ਵਿਚ ਕਿਸਾਨਾਂ ਦੀ ਖ਼ਰੀਦ ਸ਼ਕਤੀ ਵਿਚ ਆਮਦਨ ਪੱਖੋਂ 24-30 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਉਨਾਂ ਨੂੰ ਆਪਣੀਆਂ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਵੀ ਨਹੀਂ ਮਿਲ ਰਿਹਾ ਤਾਂ ਇਹ ਹੈਰਾਨੀ ਦੀ ਗੱਲ ਹੈ ਕਿ ਸਰਕਾਰ ਦਾ ਇਹ ਦਾਅਵਾ ਕਿ ਉਨਾਂ ਦੀ ਆਮਦਨੀ ਦੁੱਗਣੀ ਕਿਸ ਤਰਾਂ ਹੋ ਜਾਵੇਗੀ, ਕਿਸ ਤਰਾਂ ਸੱਚ ਹੋਵੇਗਾ ? ਕਿਸਾਨਾਂ ਦੇ ਲਈ ਘੱਟੋ-ਘੱਟ ਸਮਰਥਨ ਮੁੱਲ ਵੀ ਵੱਧੋ-ਵੱਧ ਸਮਰਥਨ ਮੁੱਲ ਬਣਾ ਕੇ ਦਰਸਾਇਆ ਜਾ ਰਿਹਾ ਹੈ। ਉਨਾਂ ਦੀ ਆਮਦਨ ਦਾ ਸਹੀ ਅਨੁਮਾਨ ਲਗਾਉਣ ਅੱਜ ਤੱਕ ਲਾਗਤ ਕਮਿਸ਼ਨ ਨਹੀਂ ਉਸਾਰਿਆ ਗਿਆ ਹੈ। ਦੁਨੀਆ ਦੇ ਵਿਕਸਿਤ ਦੇਸ਼ਾਂ ਵਿਚ ਵੀ ਕਿਸਾਨੀ ਨੂੰ ਸਰਕਾਰੀ ਇਮਦਾਦ ਨਾਲ ਸੁਰੱਖਿਅਤ ਰੱਖਿਆ ਜਾ ਰਿਹਾ ਹੈ, ਪਰ ਭਾਰਤ ਵਿਚ ਇਹ ਕੁਝ ਅਨੁਪਾਤ ਦੇ ਹਿਸਾਬ ਨਾਲ ਅੱਜ ਵੀ ਇਹ ਕੱਟ-ਕਟਾ ਕੇ ਤਿੰਨ ਤੋਂ ਚਾਰ ਪ੍ਰਤੀਸ਼ਤ ਹੀ ਹੈ। ਕਿਸਾਨਾਂ ਦੀ ਆਮਦਨ ਦੇ ਪੱਧਰ ਅਤੇ ਅਸਥਿਰਤਾ ਆਪਸ ਵਿਚ ਡੂੰਘੇ ਰੂਪ ਨਾਲ ਜੁੜੇ ਹੋਏ ਹਨ। ਆਮਦਨੀ ਵਿਚ ਅਸਥਿਰਤਾ ਅਤੇ ਵਧਾਅ-ਚੜਾਅ ਹੀ ਕਿਸਾਨ ਨੂੰ ਕਰਜ਼ੇ ਦੇ ਜਾਲ ਵਿਚ ਫਸਾਈ ਬੈਠਾ ਹੈ। ਇਸ ਦੇ ਲਈ ਇਕ ਭਰੋਸੇਯੋਗ ਪ੍ਰਬੰਧ ਵਿਕਸਿਤ ਕਰਨ ਦੀ ਲੋੜ ਹੈ ਜੋ ਕਿ ਖੁੱਲੀ ਮੰਡੀ ਲਈ ਮੁਮਕਿਨ ਹੋਵੇ ਅਤੇ ਕਿਸਾਨਾਂ ਨੂੰ ਸੰਭਾਲ ਸਕੇ। ਮੋਦੀ ਅਤੇ ਉਸ ਦੀ ਸਰਕਾਰ ਨੇ ਕਿਸਾਨਾਂ ਦੇ ਮੁੱਦੇ ਅਤੇ ਉਨਾਂ ਦੇ ਰੋਹ ਦੀ ਗੰਭੀਰਤਾ ਨੂੰ ਸਮਝਣ ਪ੍ਰਤੀ ਕੋਈ ਸੁਹਿਰਦਤਾ ਨਹੀਂ ਦਿਖਾਈ ਹੈ। ਸਰਕਾਰੀ ਤੰਤਰ ਦਾ ਸੰਚਾਰ ਮਾਧਿਅਮ ਖੁੱਲੇ ਰੂਪ ਨਾਲ ਭੰਡੀ ਪ੍ਰਚਾਰ ਕਰ ਰਿਹਾ ਹੈ।

ਇਹ ਵੀ ਸਮਝਣ ਦੀ ਲੋੜ ਹੈ ਕਿ ਕਿਸਾਨਾਂ ਦਾ ਮੌਜੂਦਾ ਸੰਘਰਸ਼ ਅਤੇ ਦਿੱਲੀ ਦੇ ਰਾਸਤਿਆਂ ਦੀ ਘੇਰਾਬੰਦੀ ਅਸਲ ਵਿਚ ਸੰਕਲਪ ਦੀ ਕਮੀ ਨੂੰ ਵੀ ਦਿਖਾਉਂਦਾ ਹੈ ਕਿਉਂਕਿ ਇਹ ਕਿਸਾਨ ਕਾਰਕੁੰਨਾਂ ਦੇ ਪਰਸਪਰ ਵਿਰੋਧੀ ਦਾਅਵਿਆਂ ਅਤੇ ਭਾਰਤੀ ਸਰਕਾਰ ਦੇ ਠੰਡੇ ਹੁੰਗਾਰੇ ਵਿਚ ਫਸਿਆ ਹੋਇਆ ਹੈ। ਹੁਣ ਜਦੋਂ ਅਨੇਕਾਂ ਤੱਥਾਤਮਕ ਸੱਚ, ਅਰਧ-ਸੱਚ ਅਤੇ ਅਸਵੀਕਾਰਯੋਗ ਤੱਥ ਮੌਜੂਦ ਹਨ ਤਾਂ ਵਿਚਕਾਰ ਦਾ ਰਸਤਾ ਤੈਅ ਕਰਨਾ ਬਹੁਤ ਮੁਸ਼ਕਲ ਹੈ। ਕਿਸਾਨ ਸੰਘਰਸ਼ ਦੇ ਮੁਖੀ ਇਕ ਅਜਿਹੇ ਦੌਰ ਵਿਚੋਂ ਲੰਘ ਰਹੇ ਹਨ ਜਦੋਂ ਉਨਾਂ ਦਾ ਸਾਹਮਣਾ ਸੰਸਥਾਪਕ, ਹਠਧਰਮੀ ਸਰਕਾਰ ਅਤੇ ਉਸ ਦੀ ਪ੍ਰਕਿਰਿਆ ਨਾਲ ਹੈ। ਇਸ ਪ੍ਰਕਿਰਿਆ ਵਿਚ ਕਿਸਾਨੀ ਘੋਲ ਦੇ ਜਥੇਦਾਰਾਂ ਨੂੰ ਆਪਣੇ ਬੌਧਿਕ ਦ੍ਰਿਸ਼ਟੀਕੋਣ, ਨਿਰਖ਼-ਪਰਖ, ਸਿਆਣਪ ਅਤੇ ਨਿਰਨਾ ਲੈਣ ਦੀ ਯੋਗਤਾ ਨੂੰ ਧਿਆਨ ਵਿਚ ਰੱਖ ਕੇ ਇਕ ਨਿਰਧਾਰਿਤ ਮੁਖੀ ਚੁਣਨਾ ਪਵੇਗਾ ਜਿਸ ਕੋਲ ਪੂਰਨ ਯੋਗਤਾ ਅਤੇ ਦੂਰ-ਦ੍ਰਿਸ਼ਟੀ ਹੋਵੇ ਅਤੇ ਉਸ ਨੂੰ ਸਲਾਹਕਾਰ ਮੁਹੱਈਆ ਕਰਵਾਏ ਜਾਣ ਤਾਂ ਕਿ ਇਸ ਸੰਘਰਸ਼ ਨੂੰ ਇਕ ਨਿਰਣਾਇਕ ਕੰਢੇ ਤੇ ਲਿਆਂਦਾ ਜਾ ਸਕੇ ਅਤੇ ਸੰਸਥਾਪਕ ਹਠਧਰਮੀ ਸੋਚ ਅਤੇ ਪ੍ਰਕਿਰਿਆ ਆਪਣੇ ਅਵੇਸਲੇਪਣ ਤੋਂ ਬਾਹਰ ਆ ਸਕੇ।

# ਮੇਰਾ ਜਨਾਜ਼ਾ ਉਠਾ ਹੈ ਤੋ ਦੇਖ ਇਨਕਲਾਬ ਉੱਠ ਰਹਾ ਹੈ, ਤੇਰੀ ਹਸਤੀ ਔਰ ਹਕੂਮਤ ਕੋ ਗਿਰਾਨੇ ਸੈਲਾਬ ਉੱਠ ਰਹਾ ਹੈ - ਸ਼੍ਰੋਮਣੀ ਅਕਾਲੀ ਦਲ (ਅ) ਯੂ.ਕੇ .ਰਜਿ.

**ਇੰਗਲੈਂਡ/ਏ.ਟੀ.ਨਿਊਜ਼:** ਇੰਡੀਆ ਦੇ ਸਰਕਾਰੀ ਤੰਤਰ ਨੇ ਕਿਸਾਨ ਸੰਘਰਸ਼ ਵਿੱਚ ਬਹੁਗਿਣਤੀ ਵਿਸ਼ੇਸ਼ਕਰ ਨੌਜਵਾਨਾਂ ਦੇ ਦਿਲਾਂ ਦੀ ਅਵਾਜ਼ ਬਣ ਚੁੱਕੇ ਸ: ਦੀਪ ਸਿੰਘ ਸਿੱਧੂ ਦੇ ਭਰਾ ਐਡਵੋਕੇਟ ਮਨਦੀਪ ਸਿੰਘ ਸਿੱਧੂ ਨੂੰ ਯੂ. ਏ. ਪੀ. ਏ. ਤਹਿਤ ਵਾਰੰਟ ਜਾਰੀ ਕੀਤੇ ਹਨ। ਇਸ ਤੋਂ ਇਲਾਵਾ ਸੰਘਰਸ਼ ਵਿੱਚ ਸ਼ਾਮਲ 70 ਹੋਰ ਵਿਅਕਤੀਆਂ ਅਤੇ ਸੰਘਰਸ਼ ਵਿੱਚ ਕਿਸੇ ਨਾਂ ਕਿਸੇ ਰੂਪ ਵਿੱਚ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਨਾਲ ਵੀ ਅਜੇਹਾ ਵਰਤਾਰਾ ਹੋਣ ਦੀਆਂ ਖ਼ਬਰਾਂ ਹਨ। 26 ਜਨਵਰੀ ਵਾਲੇ ਦਿਨ ਇਹੀ ਸਰਕਾਰੀ ਤੰਤਰ ਅਰਬਾਂ ਰੁਪਏ ਖ਼ਰਚ ਕੇ 71ਵਾਂ ਗਣਤੰਤਰ ਦਿਵਸ ਮਨਾਉਂਦੇ ਹੋਏ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦੇ ਦਮਗਜੇ ਮਾਰੇਗਾ। ਸੁਪਰੀਮ ਕੋਰਟ ਨੇ ਵੀ ਕਿਹਾ ਹੈ ਕਿ ਸ਼ਾਂਤਮਈ ਢੰਗ ਨਾਲ ਵਿਰੋਧ ਪ੍ਰਦਰਸ਼ਨ ਕਰਨ ਉੱਪਰ ਰੋਕ ਨਹੀਂ ਲਾਈ ਜਾ ਸਕਦੀ ਅਤੇ ਜਿਸ ਸੰਵਿਧਾਨ ਦਾ ਸਥਾਪਨਾ ਦਿਵਸ ਮਨਾਉਣਗੇ ਉਹ ਵੀ ਇਹ ਹੱਕ ਦਿੰਦਾ ਹੈ। 15 ਅਗਸਤ, 1947 ਤੋਂ ਹੀ ਸਰਕਾਰੀ ਤੰਤਰ ਇਹ ਹੱਥਕੰਡੇ ਅਪਣਾਉਂਦਾ ਆ ਰਿਹਾ ਹੈ ਕਿਸੇ ਵਿਅਕਤੀ ਨੂੰ ਤੋੜਨ ਲਈ, ਚੁੱਪ ਕਰਵਾਉਣ ਲਈ ਜਾਂ ਪੇਸ਼ ਹੋਣ ਲਈ ਮਜਬੂਰ ਕਰਨ ਲਈ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਸ਼ਹੀਦ ਕਰਨਾ, ਤਸ਼ੱਦਦ ਕਰਨਾ, ਧੀਆਂ ਭੈਣਾਂ ਦੀ ਬੇਪਤੀ ਕਰਨਾ, ਪਰਿਵਾਰਕ ਮੈਂਬਰਾਂ ਨੂੰ ਥਾਣਿਆਂ ਵਿੱਚ ਡੱਕਣਾ, ਉਨਾਂ ਦੇ ਘਰ ਢਾਹ ਦੇਣੇ, ਫ਼ਸਲ ਜਾਂ ਜਾਇਦਾਦ ਤਬਾਹ ਕਰਨੀ, ਉਨਾਂ ਦਾ ਸਮਾਨ ਇੱਥੋਂ ਤੱਕ ਕਿ ਪਸ਼ੂ ਵੀ ਥਾਣਿਆਂ ਦੇ ਹਾਤਿਆਂ ਵਿੱਚ ਡੱਕ ਲੈਣੇ। ਕੁਝ ਦਿਨ ਪਹਿਲਾਂ ਹੀ ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਜੀ ਦਾ ਘਰ ਅਜ਼ਾਦ ਕਰਵਾਇਆ ਗਿਆ ਹੈ ਜੋ ਉਨਾਂ ਦੇ ਪਰਿਵਾਰ ਦੇ ਅਨੇਕਾਂ ਜੀਆਂ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਉਪਰੰਤ ਕਬਜ਼ਾ ਕਰਕੇ ਪੁਲੀਸ ਚੌਂਕੀ ਬਣਾਈ ਹੋਈ ਸੀ। 15 ਜਨਵਰੀ ਵਾਲੇ ਦਿਨ ਨੌਂਵੇਂ ਗੇੜ ਦੀ ਗੱਲਬਾਤ ਵਿੱਚ ਵੀ ਸਰਕਾਰੀ ਧਿਰਾਂ ਪਹਿਲੀ ਮੀਟਿੰਗ ਵਾਲੀ ਅੜੀ 'ਤੇ ਰਹਿ ਕੇ ਕੋਈ ਮੂੰਹ ਨੂੰ ਜੂਸ ਲਾਉਣ ਵਾਲਾ ਜਾਂ ਸਰਕਾਰੀ ਰਸਗੁੱਲੇ ਖਾਣ ਵਾਲੇ ਲੀਡਰ ਲੱਭਣ, ਫੁੱਟ ਪਾ ਕੇ ਮੋਰਚਾ ਤੋੜਨ ਜਾਂ ਸਰਕਾਰੀ ਜ਼ੁਲਮ ਸਿਤਮ ਦੀ ਇੰਤਹਾ ਕਰਕੇ ਮੋਰਚੇ ਨੂੰ ਫ਼ੇਲ ਕਰਨ ਦੀ ਨੀਤੀ ਤਹਿਤ ਮਾਮਲੇ ਨੂੰ ਲਟਕਾਈ ਰੱਖਣਾ ਚਹੁੰਦੇ ਹਨ। ਸਰਕਾਰ ਅਜੇ ਤੱਕ ਇਹ ਹੀ ਨਹੀਂ ਸਮਝ ਸਕੀ ਕਿ ਇਹ ਇਕ ਲੋਕ ਅੰਦੋਲਨ ਬਣ ਚੁੱਕਾ ਹੈ ਇਹ ਹੁਣ ਫਤਹਿ ਹਾਸਲ ਕਰਕੇ ਹੀ ਦਮ ਲਵੇਗਾ ।

ਪਾਰਟੀ ਪ੍ਰਧਾਨ ਸੂਬਾ ਸਿੰਘ ਲਿੱਤਰਾਂ, ਸੀ: ਮੀ: ਪ੍ਰਧਾਨ ਮਨਜੀਤ ਸਿੰਘ ਸਮਰਾ, ਸਕੱਤਰ ਜਨਰਲ ਸਰਬਜੀਤ ਸਿੰਘ, ਜਨਰਲ ਸਕੱਤਰ ਕੁਲਵੰਤ ਸਿੰਘ ਮੁਠੱਡਾ, ਯੂਥ ਵਿੰਗ ਪ੍ਰਧਾਨ ਸਤਿੰਦਰ ਸਿੰਘ ਮੰਗੂਵਾਲ, ਸੀ: ਮੀ: ਪ੍ਰਧਾਨ ਅਵਤਾਰ ਸਿੰਘ ਖੰਡਾ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਬਿਆਨ ਜਾਰੀ ਕਰਦੇ ਹੋਏ ਪ੍ਰੈਸ ਸਕੱਤਰ ਜਗਤਾਰ ਸਿੰਘ ਵਿਰਕ ਨੇ ਕਿਹਾ ਕਿ ਅਸੀਂ ਘੱਟੋ ਘੱਟ ਸਾਂਝੇ ਪ੍ਰੋਗਰਾਮ ਤਹਿਤ ਕਿਸਾਨੀ ਮੰਗਾਂ ਨੂੰ ਲੈ ਕੇ ਸਮੁੱਚੇ ਇੰਡੀਆ ਦੇ ਕਿਸਾਨਾਂ ਵੱਲੋਂ ਵਿੱਢੇ ਗਏ ਸੰਘਰਸ਼ ਜਿਸ ਨੂੰ ਦੁਨੀਆ ਭਰ ਵਿਚੋਂ ਹਮਾਇਤ ਮਿਲ ਰਹੀ ਹੈ ਉਸ ਦਾ ਪੂਰਨ ਸਮਰਥਨ ਕਰਦੇ ਹੋਏ ਉਮੀਦ ਕਰਦੇ ਹਾਂ ਕਿ ਸਰਕਾਰ ਤਾਨਾਸ਼ਾਹੀ ਰਵੱਈਆ ਤਿਆਗਦੇ ਹੋਏ ਕਨੂੰਨ ਰੱਦ ਕਰਕੇ ਕਿਸਾਨੀ ਮੰਗਾਂ ਮੰਨੇ। ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਵੀ ਬੇਨਤੀ ਹੈ ਕਿ ਵੱਖ ਵੱਖ ਵਿਚਾਰਧਾਰਾਵਾਂ ਦੇ ਸੁਮੇਲ ਨਾਲ ਜਿਵੇਂ ਅਸਲੀ ਲੋਕਤੰਤਰਿਕ ਦੇਸ਼ ਚੱਲਦੇ ਹਨ ਜਾਂ ਚੱਲਣੇ ਚਾਹੀਦੇ ਹਨ ਉਸੇ ਪ੍ਰਕਾਰ ਸਭ ਦਾ ਸਤਿਕਾਰ ਕਰਦੇ ਹੋਏ ਇਹ ਮੋਰਚਾ ਜਾਰੀ ਰੱਖੋ ਜਨਤਕ ਤੌਰ ਤੇ ਕੋਈ ਵੀ ਵਿਵਾਦਤ ਗੱਲ ਨਾ ਕੀਤੀ ਜਾਵੇ, ਬੰਦ ਕਮਰਾ ਮੀਟਿੰਗਾਂ ਵਿੱਚ ਮਾਮਲੇ ਸੁਲਝਾਏ ਜਾਣ। ਅਸੀਂ ਮਹਿਸੂਸ ਕਰਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਵੱਲੋਂ ਕਿਰਤ ਕਰੋ, ਨਾਮ ਜਪੋ, ਵੰਡ ਛਕੋ 'ਤੇ ਹਲੇਮੀ ਰਾਜ ਦੇ ਸੰਕਲਪ ਦੇ ਮੋਅਜ਼ਜ਼ੇ ਪ੍ਰਗਟ ਰੂਪ ਵਿੱਚ ਜ਼ਾਹਰ ਹੋ ਗਏ ਹਨ, ਸਮੇਂ ਦੀਆਂ ਹਕੂਮਤਾਂ ਵੱਲੋਂ ਖੜੀਆਂ ਕੀਤੀਆਂ ਨਫ਼ਰਤ ਦੀਆਂ ਦੀਵਾਰਾਂ ਢਹਿ ਰਹੀਆਂ ਹਨ, ਹਰ ਕੋਈ ਨਾਂ ਸਿਰਫ਼ ਸਿੱਖ ਫਲਸਫੇ ਦੀ ਸਿਫ਼ਤ ਕਰ ਰਿਹਾ ਬਲਕਿ ਗ਼ੈਰਸਿੱਖ ਵੀ ਖ਼ਾਲਿਸਤਾਨੀ ਅਖਵਾਉਣ ਵਿੱਚ ਮਾਣ ਮਹਿਸੂਸ ਕਰ ਰਿਹਾ ਹੈ। ਇਸ ਲਈ ਦ੍ਰਿੜ ਵਿਸ਼ਵਾਸ ਹੈ ਕਿ ਵਾਹਿਗੁਰੂ ਜੀ ਫਤਹਿ ਬਖਸ਼ਣਗੇ, ਹਕੂਮਤਾਂ ਇਹ ਹੱਥਕੰਡੇ ਵਰਤਣ ਦੀ ਅਸਫਲ ਕੋਸ਼ਿਸ਼ ਨਾ ਕਰਨ।

# ਗੁਰੂ ਗੋਬਿੰਦ ਸਿੰਘ ਜੀ ਦਾ ਜੰਗੀ ਸ.ਫਰ ਤੇ ਮੁਕਤਸਰ ਦੀ ਜੰਗ

### ਗਿਆਨੀ ਗੁਰਮੁਖ ਸਿੰਘ

ਜੰਗ ਸ੍ਰੀ ਮੁਕਤਸਰ ਸਾਹਿਬ ਦੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿਚ ਕੁਝ ਅਹਿਮ ਘਟਨਾਵਾਂ ਵਿਚੋਂ ਇਕ ਹੈ। ਇਸ ਨੂੰ ਜੰਗ ਸ੍ਰੀ ਮੁਕਤਸਰ ਸਾਹਿਬ, ਖਿਦਰਾਣੇ ਦੀ ਢਾਬ ਜਾਂ ਫਿਰ ਚਾਲੀ ਮੁਕਤਿਆਂ ਦਾ ਇਤਿਹਾਸ ਵੀ ਕਿਹਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਜਿਦੇ ਅਜੇ ਬਹੁਤ ਭਾਰੀ ਦੇ ਉਭਾਰ ਤੋਂ ਨਿਕਲੇ ਹੀ ਨਹੀਂ ਸਨ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਘੇਰਾਬੰਦੀ, ਜੰਗ, ਸਰਸਾ ਦੇ ਪਰਿਵਾਰ ਵਿਛੋੜਾ, ਸ੍ਰੀ ਚਮਕੌਰ ਸਾਹਿਬ ਦੀ ਜੰਗ, ਸਰਹਿੰਦ ਵਿਖੇ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਹੋਣ ਤੋਂ ਬਾਅਦ ਇਹ ਭਾਰੀ ਜੰਗ ਦਾ ਸਾਹਮਣਾ ਕਰਨਾ ਪੈ ਗਿਆ।

ਸ੍ਰੀ ਮੁਕਤਸਰ ਸਾਹਿਬ ਦੀ ਜੰਗ ਬਾਰੇ ਕਈ ਲਿਖਾਰੀਆਂ ਨੇ ਇਸ ਜੰਗ ਦਾ ਸਮਾਂ ਵੈਸਾਖ ਦਾ ਲਿਖਿਆ ਹੈ। ਇਸ ਬਾਰੇ ਪ੍ਰਮੁੱਖ ਦਲੀਲ ਇਹੋ ਹੀ ਦਿੱਤੀ ਜਾਂਦੀ ਹੈ ਕਿ ਖਿਦਰਾਣੇ ਦੀ ਉਹ ਢਾਬ, ਜੋ ਪਾਣੀ ਨਾਲ ਭਰੀ ਸੀ, ਉੱਪਰ ਗੁਰੂ ਜੀ ਕਾਬਜ਼ ਸਨ ਅਤੇ ਸਰਹਿੰਦ ਦੀ ਫ਼ੌਜ ਨੂੰ ਪਾਣੀ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਕਾਰਨ ਸਰਹਿੰਦ ਦੀ ਫ਼ੌਜ ਨੂੰ ਉੱਥੋਂ ਪਿੱਛੇ ਜਾਣਾ ਪਿਆ। ਲੇਕਿਨ ਮੁਕਤਸਰ ਦੀ ਜੰਗ ਦੇ ਸਮੇਂ ਬਾਰੇ ਡਾ.ਗੰਡਾ ਸਿੰਘ ਜੀ ਗੁਰ ਸੋਭਾ ਦੀ ਭੂਮਿਕਾ ਵਿਚ ਪੰਨਾ 57 'ਤੇ ਸਾਰੇ ਪੁਰਾਤਨ ਸਰੋਤਾਂ ਦੇ ਆਧਾਰ 'ਤੇ ਲਿਖਦੇ ਹਨ : ਇਹ ਜੰਗ 30 ਪੋਹ ਸੰਮਤ 1762 (29 ਦਸੰਬਰ 1705 ਈ:) ਮਾਘ ਦੀ 10 ਲੋਹੜੀ ਦੇ ਦਿਨ ਹੋਈ। ਅਗਲੇ ਦਿਨ ਮਾਘੀ ਮਾਘ ਦੀ ਸੰਗਰਾਂਦ ਸੀ, ਜਿਸ ਦਿਨ ਸ਼ਹੀਦਾਂ ਦਾ ਸਸਕਾਰ ਕੀਤੇ ਗਏ। ਦੇਸਾ ਸਿੰਘ ਭੱਟ ਵਹੀ ਤਲੌਂਢਾ, ਕੋਇਰ ਸਿੰਘ ਦੇ ਗੁਰ ਬਿਲਾਸ ਪਾ:10, ਸੁੱਖਾ ਸਿੰਘ ਦੇ ਗੁਰਬਿਲਾਸ ਪਾ:10 , ਸਰੂਪ ਸਿੰਘ ਗੁਰੂ ਕੀਆਂ ਸਾਖੀਆਂ, ਬੀਰ ਸਿੰਘ ਬਲ ਦੇ ਸਿੰਘ ਸਾਗਰ, ਸੰਤੋਖ ਸਿੰਘ ਦੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸੂਰਜ ਪ੍ਰਕਾਸ਼ ਵਿਚ ਮਾਘ ਦੀ ਸੰਗਰਾਂਦ ਦਿੱਤਾ ਹੋਇਆ ਹੈ, ਜੋ ਸਸਕਾਰ ਦਾ ਦਿਨ ਹੈ। ਪਿੱਛੇ ਨੂੰ ਗਿਣਤੀ ਕੀਤਿਆਂ ਇਸ ਲੇਖੇ ਮੁਕਤਸਰ ਦਾ ਜੁੱਧ ਲੋਹੜੀ-ਮਾਘੀ ਸੰਮਤ 1762 ਨੂੰ ਬਿਲਕੁਲ ਠੀਕ ਬੈਠਦਾ ਹੈ ਜਦੋਂਕਿ 29-30 ਦਸੰਬਰ ਸੰਨ 1705 ਸੀ। ਗੁਰੂ ਸਾਹਿਬ ਦਮਦਮਾ ਸਾਹਿਬ 20-21 ਜਨਵਰੀ 1705 ਈ; ਨੂੰ ਪੁੱਜੇ ਹੋਣਗੇ। 31 ਦਸੰਬਰ ਤੋਂ 21 ਜਨਵਰੀ ਤਕ 21-22 ਦਿਨ ਮੁਕਤਸਰੋਂ ਦਮਦਮੇ ਸਾਹਿਬ ਤੱਕ ਸਫ਼ਰ ਵਿਚ ਲੱਗ ਗਏ ਹੋਣੇ ਹਨ।

ਵੈਸਾਖ ਵਿਚ ਇਹ ਜੰਗ ਹੋਈ, ਇਹ ਗੱਲ ਕਿਵੇਂ ਪ੍ਰਚਲਿੱਤ ਹੋ ਗਈ ? ਇਸ ਬਾਰੇ ਵੀ ਡਾ. ਗੰਡਾ ਸਿੰਘ ਜੀ ਪੰਨਾ 57-58 'ਤੇ ਲਿਖਦੇ ਹਨ: ਗਿ: ਗਿਆਨ ਸਿੰਘ ਨੇ ਪਹਿਲਾਂ ਆਪਣੀ ਕ੍ਰਿਤ ਤਵਾਰੀਖ ਗੁਰੂ ਖ਼ਾਲਸਾ ਅਤੇ ਪੰਥ ਪ੍ਰਕਾਸ਼ ਵਿਚ ਮੁਕਤਸਰ ਦੇ ਜੁੱਧ ਦੀ ਤਾਰੀਖ਼ ਵੈਸਾਖ ਦਿੱਤੀ ਸੀ ਪਰ ਸੰਮਤ ਕਿਧਰੇ 1761 (ਦੂਜੀ ਵਾਰ ਪੰਨਾ 2236) ਅਤੇ ਕਿਧਰੇ 1762 (ਛੇਵੀਂ ਬਾਰ ਪੰਨਾ 279) ਦਿੱਤਾ ਹੋਇਆ ਸੀ। ਪਰ ਤਵਾਰੀਖ ਗੁਰੂ ਖ਼ਾਲਸਾ ਦੇ ਸੋਧੇ ਹੋਏ ਉਰਦੂ ਐਡੀਸ਼ਨ ਵਿਚ ਜੋਸਨ 1923 ਈ: ਵਿਚ ਪ੍ਰਕਾਸ਼ ਹੋਇਆ ਸੀ, ਇਸ ਵਿਚ ਤਾਰੀਖ਼ ਨੂੰ ਠੀਕ ਕਰ ਦਿੱਤਾ ਅਤੇ ਲਿਖਿਆ ਕਿ ਇਹ ਜੁੱਧ ਏਕਮ ਮਾਘ 1762 ਨੂੰ ਹੋਇਆ ਸੀ ( ਚੌਥੀ ਵਾਰ ਪੰਨਾ 187)।

**ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਤੋਂ ਮੁਕਤਸਰ ਤੱਕ ਦਾ ਸਫ਼ਰ**

6 ਪੋਹ 1762 ਸ੍ਰੀ ਅਨੰਦਪੁਰ ਸਾਹਿਬ, 7 ਪੋਹ ਸਿਰਸਾ ਰੋਪੜ, 8 ਪੋਹ ਚਮਕੌਰ ਸਾਹਿਬ, 9-12 ਪੋਹ ਮਾਛੀਵਾੜਾ,14 ਪੋਹ ਅਜਨੇਰ, ਰਾਮਪੁਰ, 15 ਪੋਹ ਰਾਮਪੁਰ ਤੋਂ ਰਵਾਨਗੀ-ਕਨੇਚ, ਆਲਮਗੀਰ, 16 ਪੋਹ ਚਨਾਲੋਂ, ਮੋਹੀ, 17 ਪੋਹ ਹੇਹਰ ਤੋਂ ਚੱਲਕੇ ਰਾਏਕੋਟ ਪਹੁੰਚੇ, 18 ਪੋਹ ਰਾਏਕੋਟ ਠਹਿਰੇ, 19 ਪੋਹ ਲੰਮੇ ਜੱਟ ਪੁਰੇ, 20 ਪੋਹ ਮਧੇਅ, 20 ਪੋਹ ਰਾਤ ਭਦੌੜ ਠਹਿਰੇ, 21 ਪੋਹ ਦੀਨੇ, 22 ਪੋਹ ਦਇਆ ਸਿੰਘ ਤੇ ਧਰਮ ਸਿੰਘ ਜ਼ਫ਼ਰਨਾਮਾ ਲੇ ਕੇ ਔਰੰਗਜ਼ੇਬ ਨੂੰ ਮਿਲਣ ਗਏ, 26 ਪੋਹ ਭਗਤਾ ਠਹਿਰੇ, 27 ਪੋਹ ਬਰਗਾਣੀ, ਬਹਿਬਲ, ਸਰਾਣਾ, 28 ਪੋਹ ਕੋਟਕਪੂਰਾ, ਢਿਲਵਾਂ ਠਹਿਰੇ ਰਾਤ, 29 ਪੋਹ ਜੈਤ ਨਗਰ, ਰਾਮੇਆਣਾ ਠਹਿਰੇ, 30 ਪੋਹ ਰੂਪਿਆਣਾ ਤੇ ਖਿਦਰਾਣੇ ਦੀ ਢਾਬ 'ਤੇ ਜੰਗ,1 ਮਾਘ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ।

ਗੁਰੂ ਸਾਹਿਬ ਜੀ ਨੂੰ ਦਿਨੇ ਰੁਕਣਾ ਠੀਕ ਨਾ ਜਾਪਿਆ। ਏਥੋਂ ਅੱਗੇ ਕੋਟਕਪੂਰੇ ਪੁੱਜ ਕੇ ਗੁਰੂ ਜੀ ਨੇ ਚੌਧਰੀ ਕਪੂਰ ਪਾਸੋਂ ਕਿਲੇ ਦੀ ਮੰਗ ਕੀਤੀ ਪਰ ਮੁਗ਼ਲ ਹਕੂਮਤ ਦੇ ਡਰ ਤੋਂ ਚੌਧਰੀ ਕਪੂਰੇ ਨੇ ਕਿਲਾ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਗੁਰੂ ਜੀ ਨੇ ਸਿੱਖ ਸਿਪਾਹੀਆਂ ਸਮੇਤ ਖਿਦਰਾਣੇ ਵੱਲ ਚਾਲੇ ਪਾ ਦਿੱਤੇ। ਇੱਥੇ ਪੁੱਜਦਿਆਂ ਹੀ ਦੁਸ਼ਮਣ ਦੀਆਂ ਫ਼ੌਜਾਂ ਵੀ ਪਿੱਛਾ ਕਰਦੀਆਂ ਆ ਗਈਆਂ।

ਸ੍ਰੀ ਅਨੰਦਪੁਰ ਸਾਹਿਬ ਦੇ ਦੁਆਲੇ ਸ਼ਾਹੀ ਫ਼ੌਜਾਂ ਅਤੇ ਪਹਾੜੀ ਰਾਜਿਆਂ ਨੇ ਕਈ ਮਹੀਨੇ ਘੇਰਾ ਪਾਈ ਰੱਖਿਆ ਅਤੇ ਰਸਦ ਪਾਣੀ ਬਾਹਰੋਂ ਜਾਣਾ ਬੰਦ ਕਰ ਦਿੱਤਾ। ਕਿਲੇ ਵਿਚਲਾ ਅੰਨ ਦਾ ਭੰਡਾਰ ਮੁੱਕ ਜਾਣ 'ਤੇ ਸਿੱਖ ਭੁੱਖ ਨਾਲ ਤੰਗੀ ਝਾਕ ਰਹੇ ਸਨ। ਹਾਥੀ, ਘੋੜੇ ਭੁੱਖ ਨਾਲ ਮਰਨ ਲੱਗੇ ਤਾਂ ਸਿੰਘਾਂ ਵਿਚ ਨਿਰਾਸ਼ਤਾ ਫੈਲ ਗਈ। ਦੂਜੇ ਪਾਸੇ ਰਾਜਿਆਂ ਅਤੇ ਨਿਜ਼ਮਾਂ ਦੀਆਂ ਚਿੱਠੀਆਂ ਆ ਰਹੀਆਂ ਸਨ ਕਿ ਜੇ ਗੁਰੂ ਜੀ ਕਿਲਾ ਛੱਡ ਜਾਣ ਤਾਂ ਅਸੀਂ ਉਨਾਂ ਨੂੰ ਸ਼ਾਂਤੀ ਨਾਲ ਜਾਣ ਦੇਵਾਂਗੇ ਪਰ ਗੁਰੂ ਜੀ ਉਨਾਂ ਦੀਆਂ ਕਸਮਾਂ 'ਤੇ ਵਿਸ਼ਵਾਸ ਨਹੀਂ ਸੀ ਕਰ ਰਹੇ ਅਤੇ ਸਿੰਘਾਂ ਨੂੰ ਕਈਆਂ ਮਹੀਨਿਆਂ ਭੁੱਖ ਬਰਦਾਸ਼ਤ ਤੋਂ ਅੱਕ ਚੁੱਕੇ ਸਨ, ਗੁਰੂ ਗੋਬਿੰਦ ਸਿੰਘ ਜੀ ਅੱਗੇ ਕੁਝ ਕੁ ਸਿੰਘਾਂ ਨੇ ਬੇਨਤੀ ਕੀਤੀ ਕਿ ਜਾਂ ਤਾਂ ਸਾਨੂੰ ਜੰਗ ਦੇ ਮੈਦਾਨ ਵਿਚ ਜਾਣ ਦਿੱਤਾ ਜਾਵੇ ਜਾਂ ਫਿਰ ਉਨਾਂ ਨੂੰ ਘਰਾਂ ਨੂੰ ਜਾਣ ਦਿੱਤਾ ਜਾਵੇ। ਗੁਰੂ ਜੀ ਸੂਝਵਾਨ ਰਣਨੀਤੀਵਾਨ ਸਨ। ਉਹ ਯੁੱਧ ਨਾ ਕਰਨ ਦੇ ਫ਼ੈਸਲੇ 'ਤੇ ਟਿਕੇ ਸਨ। ਇਨਾਂ ਦੀਆਂ ਬੇਨਤੀਆਂ ਨੂੰ ਪ੍ਰਵਾਨ ਕਰਦਿਆਂ ਕਿਹਾ ਕਿ ਜੇਕਰ ਤੁਸੀਂ ਜਾਣਾ ਚਾਹੁੰਦੇ ਹੋ ਤਾਂ ਮੈਨੂੰ ਬੇਦਾਵਾ ਲਿਖ ਦਿਓ ਕਿ 'ਨਾ ਅਸੀਂ ਤੁਹਾਡੇ ਸਿੱਖ ਹਾਂ, ਨਾ ਤੁਸੀਂ ਸਾਡੇ ਗੁਰੂ ਹੋ।' ਇਸ ਤਰਾਂ ਮਾਝੇ ਦੇ ਬਹੁਤ ਸਾਰੇ ਸਿੱਖ ਬੇਦਾਵਾ ਲਿਖ ਕੇ ਚੱਲੇ ਗਏ ਪਰ ਬਾਅਦ ਵਿਚ ਜਦੋਂ ਇਲਾਕੇ ਦੀ ਸੰਗਤ ਨੇ ਉਨਾਂ ਨੂੰ ਝਾੜਾਂ ਪਾਈਆਂ ਤਾਂ ਉਨਾਂ ਨੂੰ ਆਪਣੇ ਕੀਤੇ 'ਤੇ ਪਛਤਾਵਾ ਹੋਇਆ ਤੇ ਮੁੜ ਦੋ ਕੁ ਸੌ ਮਾਝੇ ਸਿੱਖਾਂ ਨੇ ਲਾਹੌਰ ਦੀ ਸੰਗਤ ਨਾਲ ਰਲ ਕੇ ਆਪਣੀ ਭੁੱਲ ਬਖ਼ਸ਼ਾਉਣ ਲਈ ਸਤਿਗੁਰਾਂ ਦੀ ਭਾਲ ਵਿਚ ਚੱਲ ਪਏ।

ਏਧਰ ਸਤਿਗੁਰੂ ਜੀ ਖਿਦਰਾਣੇ ਦੀ ਢਾਬ ਕੋਲ ਰੁਕੇ ਸਨ। ਸਿੰਘਾਂ ਨੂੰ ਖ਼ਬਰ ਮਿਲੀ ਕਿ ਮੁਗ਼ਲ ਫ਼ੌਜਾਂ ਪਿੱਛਾ ਕਰ ਰਹੀਆਂ ਨੇ ਤਾਂ ਇਕ ਸਿੱਖ ਨੇ ਉੱਚੇ ਬ੍ਰਿਛ ਚੜ ਕੇ ਅਰਜ਼ ਕੀਤੀ 'ਸੱਚੇ ਪਾਤਸ਼ਾਹ ! ਤੁਰਕ ਨੇੜੇ ਆ ਪੁੱਜੇ ਹਨ। ਮਹਾਰਾਜ ਬੋਲੇ ਕੋਈ ਡਰ ਨਹੀਂ, ਰੋਕਣ ਵਾਲੇ ਆਪੇ ਰੋਕ ਲੈਣਗੇ। ਸਿੱਖਾਂ ਨੂੰ ਖ਼ਬਰ ਸੀ ਕਿ ਸਾਡੇ ਪਿੱਛੇ ਤੁਰਕਾਂ ਦੇ ਅੱਗੇ-ਅੱਗੇ ਮਝੈਲ ਸਿੰਘ ਆਉਂਦੇ ਹਨ। ਏਨੇ ਨੂੰ ਖਿਦਰਾਣੇ ਦੇ ਕੰਢੇ ਗੁਰੂ ਜੀ ਨੂੰ ਬੈਰਾੜ ਲੈ ਗਏ। ਜਲ ਭਰਿਆ ਤੇ ਗਹਿਰਾ ਜੰਗਲ ਦੇਖ ਕੇ ਬਹੁਤ ਖ਼ੁਸ਼ ਹੋਏ। ਦਾਨ ਸਿੰਘ ਬੋਲਿਆ ਮਹਾਰਾਜ ਇੱਥੇ ਸਾਰੇ ਸੁਖ ਹਨ। ਅਸੀਂ ਜਲ ਰੋਕ ਰੱਖਾਂਗੇ, ਤੁਰਕ ਤਿਹਾਏ ਮਰਦੇ ਆਪੇ ਮੁੜ ਜਾਣਗੇ। ਜੇ ਉਨਾਂ ਦਾ ਜ਼ੋਰ ਪੈਂਦਾ ਡਿੱਠਾ ਤਾਂ ਅੱਗੇ ਨਿਕਲ ਜਾਵਾਂਗੇ, ਨਾਲੇ ਇਸ ਟੋਭੇ ਵਿਚੋਂ ਪੁੱਟ ਕੇ ਸੁੱਟੀ ਹੋਈ ਮਿੱਟੀ ਦੇ ਤੋਦੇ ਦੀ ਆੜ ਵਿਚ ਲੜਾਈ ਚੰਗੀ ਹੋ ਸਕਦੀ ਹੈ। ਇਹ ਗੱਲ ਸੁਣ ਕੇ ਗੁਰੂ ਸਾਹਿਬ ਜੀ ਉਸ ਤਲਾਉ ਦੇ ਪੱਛਮ ਵੱਲ ਟਿੱਬੀ 'ਤੇ ਜਾ ਖਲੋਤੇ ਤੇ ਜੰਗ ਦੀ ਸਲਾਹ ਕਰਨ ਲੱਗੇ। ਏਨੇ ਨੂੰ ਸ਼ਾਹੀ ਲਸ਼ਕਰ ਨੇੜੇ ਆ ਪੁੱਜਾ, ਜਿਹੜੇ ਮਝੈਲ ਸਿੰਘ ਸਾਹਿਬਾਂ ਦੇ ਮਗਰ-ਮਗਰ ਆ ਰਹੇ ਸਨ, ਉਨਾਂ ਨੇ ਵੈਰੀਆਂ ਨਾਲ ਜੰਗ ਕਰਨ ਦੀ ਦ੍ਰਿੜ ਇੱਛਾ ਧਾਰ ਕੇ, ਸ਼ਹੀਦ ਹੋਣ ਲਈ ਉਸੇ ਢਾਬ ਦੇ ਪੂਰਬ ਵੱਲ ਨੀਵੀਂ ਜਗਾ ਮੋਰਚੇ ਥਾਪ ਲਏ।

**ਤੁਰਤਖਾਲਸੋਖਾਲਸੋਗਯੋਖਲੋਇ। ਝੰਡੇਖੜਾਯੋਉਹਾਂਗਡੋਇ॥ ਦਈ ਨਗਾਰੇ ਚੋਬ ਲਗਾਇ। ਕੀਯੋ ਕੜਾਕ ਬੰਦੂਕਨ ਚਲਾਇ॥ 19॥**

**(ਸ੍ਰੀ ਗੁਰੂ ਪੰਥ ਪ੍ਰਕਾਸ਼ ਸ੍ਰ. ਰਤਨ ਸਿੰਘ ਭੰਗੂ )**

ਆਪ ਨੂੰ ਥੋੜਿਆਂ ਤੋਂ ਬਹੁਤੇ ਦਿਖਾਉਣ ਲਈ ਬੇਰੀਆਂ ਦੇ ਮਲਿਆਂ, ਝਾੜੀਆਂ ਤੇ ਆਪਣੇ ਬਸਤਰ ਪਾ ਦਿੱਤੇ ਤਾਂ ਕਿ ਤੁਰਕਾਂ ਨੂੰ ਲੱਗੇ ਕਿ ਗੁਰੂ ਸਾਹਿਬ ਜੀ ਦੀ ਫ਼ੌਜ ਦੀ ਛਾਉਣੀ ਏਥੇ ਹੈ ਗੁਰੂ ਸਾਹਿਬ ਅੱਗੇ ਨਿਕਲ ਜਾਣ। ਇਹ ਮੁਗ਼ਲ ਫ਼ੌਜਾਂ ਅਗਾਹਾਂ ਗੁਰੂ ਸਾਹਿਬ ਵੱਲ ਨਾ ਚਲੇ ਜਾਣ, ਪਹਿਲਾਂ ਅਸੀਂ ਮੁੱਠ ਭੇੜ ਕਰ ਲਈਏ, ਸਭ ਨੇ ਆਪਣੇ ਬਸਤਰ ਬਿਰਖਾਂ 'ਤੇ ਖਿੰਡਾ ਦਿੱਤੇ।

**ਤੰਬੂਅਨ ਜਿਮ ਕਪੜੇ ਟੰਗੇ ਝਾਰਨ ਊਪਰ ਪਾਇ॥ 20॥**

**(ਸ੍ਰੀ ਗੁਰੂ ਪੰਥ ਪ੍ਰਕਾਸ਼ ਸ੍ਰ.ਰਤਨ ਸਿੰਘ ਭੰਗੂ)**

ਜਿਨਾਂ ਨੂੰ ਤੰਬੂ ਲੱਗੇ ਹੋਏ ਸਮਝ ਕੇ ਤੁਰਕਣੀ ਫ਼ੌਜ ਸਭ ਉਧਰੇ ਝੁਕ ਗਈ। ਜਦੋਂ ਬਿਲਕੁਲ ਮਾਰ ਹੇਠ ਆਈ ਤਾਂ ਸਿੰਘਾਂ ਨੇ ਇੱਕੋ ਵਾਰੀ ਬਾੜ-ਝਾੜ ਦਿੱਤੀ, ਜਿਸ ਨਾਲ ਵੀਹ-ਪੰਝੀ ਡਿਗ ਪਏ। ਅਚਨਚੇਤ ਝਾੜਾਂ ਵਿਚੋਂ ਬੰਦੂਕਾਂ ਚਲੀਆਂ ਤਾਂ ਵਜ਼ੀਦ ਖਾਂ ਨੇ ਜਾਣਿਆ ਕਿ ਏਥੇ ਸਿੱਖਾਂ ਸਮੇਤ ਗੁਰੂ ਹੈ। ਇੱਥੋਂ ਝੰਗੀ ਵਿਚੋਂ 5-5 ਸਿੰਘ ਨਿਕਲਦੇ ਤੇਜ਼ੀ ਨਾਲ ਹੱਲਾ ਬੋਲਦੇ ਫਿਰ ਸਹਾਇਤਾ ਲਈ ਫਿਰ 5-5 ਨਿਕਲਦੇ ਹੱਲਾ ਬੋਲ ਕੇ ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰ ਕੇ ਝੰਗੀ ਵਿਚ ਆ ਜਾਂਦੇ, ਇਕ ਪ੍ਰਕਾਰ ਦੀ ਗੁਰੀਲਾ ਯੁੱਧ ਪ੍ਰਣਾਲੀ ਅਪਣਾ ਰਹੇ ਨੇ। ਸਭ ਤੋਂ ਪਹਿਲਾਂ ਕਮਾਨ ਭਾਈ ਰਾਇ ਸਿੰਘ (ਭਾਈ ਮਨੀ ਸਿੰਘ ਦੇ ਭਰਾ ਸਨ) ਨੇ ਸੰਭਾਲੀ। ਜੰਗ ਵਿਚ ਕਾਫ਼ੀ ਜੌਹਰ ਦਿਖਾਏ ਆਖ਼ਰਕਾਰ ਉਨਾਂ ਦੇ ਗੋਲੀ ਲੱਗ ਗਈ ਉਹ ਸ਼ਹੀਦ ਹੋ ਗਏ, ਉਨਾਂ ਦੀ ਥਾਂ 'ਤੇ ਕਮਾਨ ਭਾਈ ਮਹਾਂ ਸਿੰਘ ਨੇ ਸੰਭਾਲ ਲਈ। ਇੰਝ ਖਿਦਰਾਣੇ ਦੀ ਧਰਤੀ 'ਤੇ ਸਿੱਖਾਂ ਅਤੇ ਤੁਰਕਾਂ ਵਿਚ ਗਹਿਗੱਚ ਲੜਾਈ ਹੋਣ ਲੱਗੀ। ਖ਼ੂਬ ਮਾਰੋ ਮਾਰ ਤੇ ਕਾੜ-ਕਾੜ ਦੀ ਆਵਾਜ਼ ਨਾਲ ਆਕਾਸ਼ ਗੂੰਜ ਉੱਠਿਆ। ਉਨਾਂ ਸਿੱਖਾਂ ਨੇ ਅਜਿਹੀ ਦ੍ਰਿੜਤਾ ਨਾਲ ਲੜਾਈ ਕੀਤੀ ਕਿ ਤੁਰਕਣੀ ਫ਼ੌਜ ਅੱਗੇ ਨਾ ਵੱਧ ਸਕੀ ਅਤੇ ਨਾ ਉਨਾਂ ਨੂੰ ਤਲਾਬ ਵਿਚੋਂ ਪਾਣੀ ਹੀ ਪੀਣ ਲਈ ਨੇੜੇ ਲੱਗਣ ਦਿੱਤਾ। ਟਿੱਬੀ ਦੇ ਦੂਜੇ ਪਾਸਿਉਂ ਗੁਰੂ ਜੀ ਤੀਰਾਂ ਦੀ ਵਰਖਾ ਲਗਾਤਾਰ ਕਰ ਰਹੇ ਸਨ। ਇਹ ਸਿੰਘ ਲੜਦੇ ਹੋਏ ਸ਼ਹੀਦ ਹੋ ਗਏ ਪਰ ਇਸ ਵੇਲੇ ਤੱਕ ਵਜੀਦ ਖ਼ਾਂ ਦੀ ਫ਼ੌਜ ਵੀ ਲੜਾਈ ਕਰਕੇ ਭੁੱਖ ਅਤੇ ਪਿਆਸ ਕਰਕੇ ਦਿਲ ਛੱਡ ਬੈਠੀ ਸੀ, ਕਿਉਂਕਿ ਗੁਰੂ ਜੀ ਨੇ ਢਾਬ 'ਤੇ ਕਬਜ਼ਾ ਕੀਤਾ ਹੋਇਆ ਸੀ। ਇਸ ਲਈ ਮੁਗ਼ਲ ਫ਼ੌਜ ਨੇ ਕਾਫ਼ੀ ਸਿੰਘਾਂ ਦੀ ਸ਼ਹੀਦੀਆਂ ਨੂੰ ਤੱਕਿਆ ਤੇ ਸਮਝ ਗਿਆ ਕਿ ਗੁਰੂ ਜੀ ਅੱਗੇ ਨਿਕਲ ਗਏ ਸ਼ਾਇਦ ਉਹ ਏਸੇ ਵਿਚ ਹੀ ਆਪਣੀ ਜਿੱਤ ਸਮਝਦਿਆਂ ਹੋਇਆਂ ਪਾਣੀ ਦੀ ਤਲਾਸ਼ ਵਿਚ ਵਾਪਸ ਹੋ ਗਿਆ। ਜਦੋਂ ਕਪੂਰੇ ਕੋਲੋਂ ਪਾਣੀ ਪੁੱਛਿਆ ਉਸਨੇ ਕਿਹਾ ਕਿ ਪਿਛਾਂਹ 30 ਕੋਹ 'ਤੇ ਪਾਣੀ ਮਿਲੇਗਾ।

**ਲੱਗੀਭੁਖਕਛੁਪਯਾਸਸੰਤਾਏ। ਸੋਫਿਰਨੱਠਪਿਛਾਹਾਂਧਾਏ॥ 31॥**

**(ਸ੍ਰੀ ਗੁਰੂ ਪੰਥ ਪ੍ਰਕਾਸ਼ ਸ੍ਰ. ਰਤਨ ਸਿੰਘ ਭੰਗੂ)**

ਇਸ ਤਰਾਂ ਪਾਣੀ ਲਈ ਮੁਗ਼ਲ ਮਜਬੂਰ ਹੋ ਕੇ ਭੱਜ ਤੁਰੇ। ਇਹ ਲਾਸਾਨੀ ਜਿੱਤ ਵੇਖ ਕੇ ਗੁਰੂ ਜੀ ਖ਼ੁਦ ਮੈਦਾਨ-ਏ-ਜੰਗ ਵਿਚ ਸਿੰਘਾਂ ਨੂੰ ਪਛਾਣਨ ਲਈ ਤੁਰ ਪਏ।

**ਕੋਈਬੀਸਤੀਸਨਪਰਪਰਯੋ। ਚਾਲੀਕੋਈਪਚਾਸਨਪਰਮਰਯੋ॥ ਸੌਸੌਦੋਇਸੋਸੌਲੌਪਏ। ਅਗੈਗਿਰੇਮਰਮੁਖਿਪਿਛੈਨਕਏ॥ 36॥**

**(ਸ੍ਰੀ ਗੁਰੂ ਪੰਥ ਪ੍ਰਕਾਸ਼ ਸ੍ਰ.ਰਤਨ ਸਿੰਘ ਭੰਗੂ)**

ਪੰਜ-ਹਜ਼ਾਰੀ, ਦਸ-ਹਜ਼ਾਰੀ ਵਰਗੇ ਅਨੇਕਾਂ ਵਾਰੀ ਸਨਮਾਨਾਂ ਨਾਲ ਨਿਵਾਜਦੇ ਹੋਏ ਗੁਰੂ ਜੀ, ਭਾਈ ਮਹਾਂ ਸਿੰਘ ਕੋਲ ਪੁੱਜੇ, ਜਿੱਥੇ ਉਹ ਜਿਵੇਂ ਗੁਰੂ ਜੀ ਦਾ ਹੀ ਇੰਤਜ਼ਾਰ ਕਰਦਾ ਸਹਿਕ ਰਿਹਾ ਹੋਵੇ। ਭਾਈ ਮਹਾਂ ਸਿੰਘ ਨੇ ਹੱਥ ਜੋੜ ਕੇ ਗੁਰੂ ਤੋਂ ਬੇਦਾਵੇ ਵਾਲੀ ਗ਼ਲਤੀ ਦੀ ਭੁੱਲ ਨੂੰ ਬਖ਼ਸ਼ਾਉਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਆਪਣੇ ਪਿਆਰੇ ਸਿੰਘ ਦਾ ਸਿਰ ਗੋਡੇ 'ਤੇ ਰੱਖ ਕੇ ਮੂੰਹ ਮੱਥਾ ਸਾਫ਼ ਕਰਦਿਆਂ ਅਨੇਕਾਂ ਬਖ਼ਸ਼ੀਸ਼ਾਂ ਬਖ਼ਸ਼ ਕੇ ਕਿਹਾ,'ਭਾਈ ਮਹਾਂ ਸਿੰਘ ਤੇਰੀ ਬਹਾਦਰੀ ਤੇ ਸੇਵਾ ਤੋਂ ਮੈਂ ਕਾਇਲ ਹਾਂ, ਇਹ ਧਰਤੀ ਤੁਹਾਡੀ ਮੁਕਤੀ ਲਈ ਹਮੇਸ਼ਾ ਕਰਜ਼ਦਾਰ ਰਹੇਗੀ।

**ਸ੍ਰੀ ਸਤਿਗੁਰ ਗੱਲ ਮੰਨ ਲਈ ਕਾਗਜ਼ ਖਿਯੋਂ ਨਿਕਾਰ। ਧੰਨਿਧੰਨਿਗੁਰੂਸਿਖਨਕਹਯੋਕੀਯੋਪ੍ਰਸਵਰਥਉਪਕਾਰ॥ 40॥**

**(ਸ੍ਰੀ ਗੁਰੂ ਪੰਥ ਪ੍ਰਕਾਸ਼ ਸ੍ਰ.ਰਤਨ ਸਿੰਘ ਭੰਗੂ)**

ਭਾਈ ਮਹਾਂ ਸਿੰਘ ਦੀ ਬੇਨਤੀ ਅਤੇ ਉਸਦੀ ਬਹਾਦਰੀ ਸਦਕਾ ਗੁਰੂ ਸਾਹਿਬ ਨੇ ਉੱਠ ਕੇ ਡੱਬ ਵਿਚ ਸੰਭਾਲੀ ਬੇਦਾਵੇ ਵਾਲੀ ਚਿੱਠੀ ਪਾੜ ਦਿੱਤੀ ਅਤੇ ਇਉਂ ਟੁੱਟੀ ਗੰਢ ਕੇ ਆਪਣੇ ਸਿੱਖਾਂ ਦੀ ਸੇਵਕੀ ਨੂੰ ਸਦਾ ਲਈ ਨਿਵਾਜਿਆ। ਦਸਮੇਸ਼ ਪਿਤਾ ਦੀ ਅਸੀਸ ਅਤੇ ਬਖਸ਼ਿਸ ਹਾਸਲ ਕਰਨ ਵਾਲੇ ਚਾਲੀ ਮੁਕਤੇ ਹਨ। ਇਸ ਜੰਗ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਨਾਂ ਮਹਾਨ ਕੋਸ਼ ਅਨੁਸਾਰ ਇਹ ਹਨ :

1. ਸਮੀਰ ਸਿੰਘ 2. ਸਰਜਾ ਸਿੰਘ 3. ਸਾਧੂ ਸਿੰਘ 4. ਸੁਹੇਲ ਸਿੰਘ 5. ਸੁਲਤਾਨ ਸਿੰਘ 6. ਸੋਭਾ ਸਿੰਘ 7. ਸੰਤ ਸਿੰਘ 8. ਹਰਸਾ ਸਿੰਘ 9. ਹਰੀ ਸਿੰਘ 10. ਕਰਨ ਸਿੰਘ 11. ਕਰਮ ਸਿੰਘ 12. ਕਾਲਾ ਸਿੰਘ 13. ਕੀਰਤਿ ਸਿੰਘ 14. ਕ੍ਰਿਪਾਲ ਸਿੰਘ 15. ਖੁਸ਼ਾਲ ਸਿੰਘ 16 ਗੁਲਾਬ ਸਿੰਘ 17 ਗੰਗਾ ਸਿੰਘ 18. ਗੰਡਾ ਸਿੰਘ 19. ਘਰਬਾਰਾ ਸਿੰਘ 20. ਚੰਬਾ ਸਿੰਘ 21. ਜਾਦੋ ਸਿੰਘ 22. ਜੋਗਾ ਸਿੰਘ 23. ਜੰਗ ਸਿੰਘ 24. ਦਯਾਲ ਸਿੰਘ 25. ਦਰਬਾਰਾ ਸਿੰਘ 26. ਦਿਲਬਾਗ ਸਿੰਘ 27.ਧਰਮ ਸਿੰਘ 28. ਧੰਨਾ ਸਿੰਘ 29. ਨਿਹਾਲ ਸਿੰਘ 30. ਨਿਧਾਨ ਸਿੰਘ 31. ਬੂੜ ਸਿੰਘ 32. ਭਾਗ ਸਿੰਘ 33. ਭੋਲਾ ਸਿੰਘ 34. ਭੰਗ ਸਿੰਘ 35. ਮਹਾਂ ਸਿੰਘ 36. ਮੱਜਾ ਸਿੰਘ 37. ਮਾਨ ਸਿੰਘ 38. ਮੈਯਾ ਸਿੰਘ 39. ਰਾਇ ਸਿੰਘ 40. ਲਛਮਣ ਸਿੰਘ

ਸ਼ਹੀਦ ਹੋਣ ਵਾਲੇ ਸਿੰਘਾਂ ਵਿਚ ਬੇਦਾਵਾ ਦੇਣ ਵਾਲੇ 40 ਸਿੰਘ ਵੀ ਸ਼ਾਮਲ ਸਨ।

ਗੁਰੂ ਜੀ ਨੇ ਭਾਈ ਮਹਾਂ ਸਿੰਘ ਜੀ ਨੂੰ ਆਪਣੀ ਗੋਦ ਵਿਚ ਲੈ ਕੇ ਬੇਦਾਵਾ ਪਾੜ ਦਿੱਤਾ ਅਤੇ ਭਾਈ ਮਹਾਂ ਸਿੰਘ ਜੀ ਨੇ ਇਸੇ ਥਾਂ 'ਤੇ ਸ਼ਹੀਦੀ ਪ੍ਰਾਪਤ ਕੀਤੀ। ਇਸ ਜੰਗ 'ਚ ਮਾਤਾ ਭਾਗ ਕੌਰ ਨੇ ਵੀ ਜੌਹਰ ਵਿਖਾਏ ਅਤੇ ਜ਼ਖ਼ਮੀ ਹੋਏ, ਜਿਨਾਂ ਦੀ ਮਲਮ ਪੱਟੀ ਗੁਰੂ ਜੀ ਨੇ ਆਪਣੇ ਹੱਥੀਂ ਕੀਤੀ ਅਤੇ ਤੰਦਰੁਸਤ ਹੋਣ ਉਪਰੰਤ ਉਨਾਂ ਨੂੰ ਖ਼ਾਲਸਾ ਦਲ 'ਚ ਸ਼ਾਮਲ ਕਰ ਲਿਆ। ਇੱਥੇ ਵੀ ਸਿੱਖ ਵੱਡੀ ਗਿਣਤੀ ਵਿਚ ਸ਼ਹੀਦ ਹੋਏ। ਇੱਥੇ ਵੱਖ-ਵੱਖ ਇਤਿਹਾਸਕਾਰਾਂ ਅਨੁਸਾਰ ਗਿਣਤੀ 300 ਦੇ ਕਰੀਬ ਦੀ ਸੀ। ਸ਼ਾਮ ਨੂੰ ਵੱਡੇ ਅਕਾਰ ਦੀ ਚਿਖਾ ਤਿਆਰ ਕਰ ਕੇ ਸਭ ਸਿੰਘਾਂ ਦੀਆਂ ਲੋਥਾਂ ਇਸ ਵਿਚ ਰੱਖ ਕੇ ਗੁਰੂ ਜੀ ਨੇ ਆਪਣੇ ਹੱਥੀਂ 'ਆਪਨ ਹਾਥ ਅਨਲ ਤਿਹ ਦੀਨੇ (ਗੁ.ਬਿਲਾਸ ਪਾਤਸ਼ਾਹੀ 10)' ਸਸਕਾਰ ਜਦੋਂ ਤੱਕ ਅੰਗੀਠਾ ਬਲਦਾ ਰਿਹਾ। ਉਸ ਸਮੇਂ ਤੱਕ ਗੁਰੂ ਜੀ ਉੱਥੇ ਹੀ ਬਿਰਾਜੇ ਰਹੇ ਅਤੇ ਕੀਰਤਨ ਹੁੰਦਾ ਰਿਹਾ। ਇੱਥੇ ਮੁਕਤਸਰ ਸਾਹਿਬ ਦੀ ਧਰਤੀ ਤੇ 1 ਮਾਘ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ, ਇਸ ਦਿਹਾੜੇ ਨੂੰ ਚਾਲੀ ਮੁਕਤਿਆਂ ਦੀ ਕੀਤੀ ਹੋਈ ਸ਼ਹਾਦਤ ਨੂੰ ਯਾਦ ਕੀਤਾ ਜਾਂਦਾ ਹੈ।

# ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਜੰਗਾਂ, ਕਾਰਨਾਮੇ ਤੇ ਉਪਦੇਸ਼

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

- ਅਵਤਾਰ ਸਿੰਘ ਮਿਸ਼ਨਰੀ
(੫੧੦੪੩੨੫੯੮੨੭)

ਸੱਤ ਪੋਹ ਦੀ ਸਵੇਰੇ ਸਰਸਾ ਨਦੀ ਦੇ ਕੰਢੇ ਭਿਆਨਕ ਜੰਗ ਹੋਈ ਤੇ ਨਦੀ ਪਾਰ ਕਰਦਿਆਂ ਗੁਰੂ ਜੀ ਦਾ ਪ੍ਰਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਕੁਝ ਸਿੰਘ ਮੁਕਾਬਲਾ ਕਰਦੇ ਸ਼ਹੀਦ ਹੋ ਗਏ ਤੇ ਕੁਝ ਅਲੱਗ-ਥਲੱਗ ਹੋ ਗਏ। ਮਾਤਾ ਸੁੰਦਰੀ, ਭਾ. ਮਨੀ ਸਿੰਘ ਨਾਲ ਦਿੱਲੀ ਨੂੰ ਆ ਗਏ, ਵੱਡੇ ਮਾਤਾ ਗੁਜਰੀ ਜੀ ਦੋ ਛੋਟੇ ਸਾਹਿਬਜ਼ਾਦਿਆਂ ਨਾਲ, ਸਰਸਾ ਦੇ ਕੰਡੇ ਚਲਦੇ ਮੋਰਿੰਡੇ ਪਹੁੰਚੇ। ਅਨੰਦਪੁਰ ਸਾਹਿਬ ਤੋਂ ਚੱਲਣ ਸਮੇਂ ਪਾਤਸ਼ਾਹ ਨਾਲ ਡੇਢ ਕੁ ਹਜ਼ਾਰ ਸਿੰਘ ਸਿੰਘਣੀਆਂ ਸਨ ਪਰ ਸਰਸਾ ਦੀ ਜੰਗ ਉਪਰੰਤ ਨਦੀ ਪਾਰ ਕਰਦਿਆਂ ਗੁਰੂ ਜੀ ਨਾਲ ਕੇਵਲ 40 ਰਹਿ ਗਏ ਜਿਨਾਂ 'ਚ ਪੰਜ ਪਿਆਰੇ ਤੇ ਦੋ ਵੱਡੇ ਸਾਹਿਬਜ਼ਾਦੇ ਸਨ ਜੋ ਚਮਕੌਰ ਪਹੁੰਚੇ ਤੇ ਅਗਲੀ ਰਣਨੀਤੀ ਲਈ ਕੱਚੀ ਗੜੀ 'ਚ ਮੋਰਚੇ ਸੰਭਾਲ ਲਏ। ਅੱਠ ਤੇ ਨੌਂ ਪੋਹ ਨੂੰ ਚਮਕੌਰ ਸਾਹਿਬ ਵਿਖੇ ਘਮਸਾਣ ਦਾ ਯੁੱਧ ਹੋਇਆ ਜਿਸ ਵਿੱਚ ਵੱਡੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਪੰਜ ਪਿਆਰਿਆਂ ਵਿੱਚੋਂ ਤਿੰਨ ਪਿਆਰੇ ਭਾ. ਮੋਹਕਮ ਸਿੰਘ, ਭਾ. ਹਿੰਮਤ ਸਿੰਘ ਅਤੇ ਭਾ. ਸਾਹਿਬ ਸਿੰਘ ਸਮੇਤ 37 ਸਿੰਘ ਸ਼ਹੀਦ ਹੋ ਗਏ ਤੇ ਦਸਮੇਸ਼ ਜੀ ਤਿੰਨ ਸਿੰਘਾਂ ਭਾ. ਦਇਆ ਸਿੰਘ, ਭਾ. ਧਰਮ ਸਿੰਘ ਤੇ ਭਾ. ਮਾਨ ਸਿੰਘ ਮਾਛੀਵਾੜੇ ਦੇ ਜੰਗਲਾਂ ਵੱਲ ਚੱਲ ਪਏ। ਭਾ. ਸੰਗਤ ਸਿੰਘ ਜੀ ਜਿਨਾਂ ਨੂੰ ਗੁਰੂ ਸਾਹਿਬ ਜੀ ਨੇ ਗੜੀ ਛੱਡਣ ਤੋਂ ਪਹਿਲਾਂ ਆਪਣੀ ਕਲਗੀ ਤੇ ਬਸਤਰ ਪਹਿਨਾਏ, ਸੰਗਤ ਸਿੰਘ ਸਮੇਤ ਬਾਕੀ ਦੇ ਸਾਰੇ ਸਿੰਘ ਇੱਥੇ ਸ਼ਹੀਦ ਹੋ ਗਏ।

ਦੋ ਛੋਟੇ ਸਾਹਿਬਜ਼ਾਦਿਆਂ ਸਮੇਤ ਮਾਤਾ ਗੁਜਰੀ ਨੂੰ ਗੰਗੂ ਬ੍ਰਾਹਮਣ ਮੋਰਿੰਡੇ ਨੇੜੇ ਪਿੰਡ ਖੇੜੀ ਲੈ ਗਿਆ। ਘਰ ਜਾ ਕੇ ਗੰਗੂ ਦਾ ਮਨ ਬੇਈਮਾਨ ਹੋ ਗਿਆ। ਉਸ ਨੇ ਮੋਰਿੰਡੇ ਦੇ ਥਾਣੇਦਾਰ ਕੋਲ ਬੱਚਿਆਂ ਨੂੰ ਫੜਾ ਦਿੱਤਾ। ਥਾਣੇਦਾਰ ਨੇ ਮਾਤਾ ਜੀ ਤੇ ਬੱਚਿਆਂ ਨੂੰ ਗ੍ਰਿਫ਼ਤਾਰ ਕਰਕੇ 10 ਪੋਹ ਨੂੰ ਸੂਬਾ ਸਰਹਿੰਦ ਦੇ ਹਵਾਲੇ ਕੀਤਾ। ਪਹਿਲੀ ਰਾਤ ਉਨਾਂ ਨੂੰ ਕਿਲੇ ਦੇ ਠੰਢੇ ਬੁਰਜ ਵਿੱਚ ਰੱਖਿਆ ਗਿਆ। ਦੂਜੇ ਦਿਨ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਕਚਹਿਰੀ ਵਿੱਚ ਬੱਚਿਆਂ ਨੂੰ ਦੀਨ ਕਬੂਲ ਕਰਨ ਲਈ ਕਈ ਲਾਲਚ ਤੇ ਡਰ ਦਿੱਤੇ ਗਏ, ਬੱਚੇ ਨਾ ਘਬਰਾਏ, ਜਿਸ ਉਪਰੰਤ ਦੀਵਾਨ ਸੁੱਚਾ ਨੰਦ ਨੇ ਵਜ਼ੀਰ ਖ਼ਾਂ ਨੂੰ ਭੜਕਾਇਆ ਤੇ ਕਾਜ਼ੀ ਪਾਸੋਂ ਮੌਤ ਦਾ ਫ਼ਤਵਾ ਜਾਰੀ ਕਰਵਾ ਦਿੱਤਾ। ਤੇਰਾਂ ਪੋਹ ਨੂੰ ਦੋਵੇਂ ਸਾਹਿਬਜ਼ਾਦਿਆਂ ਨੂੰ ਦੀਵਾਰ ਦੀਆਂ ਨੀਂਹਾਂ 'ਚ ਚਿਣ ਕੇ ਬੜੀ ਬੇਦਰਦੀ ਨਾਲ ਸ਼ਹੀਦ ਕੀਤਾ ਗਿਆ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣਨ ਉਪਰੰਤ ਕਈ ਦਿਨਾਂ ਤੋਂ ਭੁੱਖ ਅਤੇ ਕੜਾਕੇ ਦੀ ਠੰਡ ਨਾਲ ਮਾਤਾ ਗੁਜਰੀ (ਗੁਜਰ ਕੌਰ) ਜੀ ਦਾ ਸਰੀਰ ਵੀ ਨਿਢਾਲ ਹੋ ਗਿਆ ਤੇ ਜ਼ਾਲਮਾਂ ਨੇ ਉਨਾਂ ਨੂੰ ਵੀ ਬੁਰਜ ਤੋਂ ਧੱਕਾ ਦੇ ਦਿੱਤਾ, ਮਾਤਾ ਜੀ ਵੀ ਸ਼ਹੀਦੀ ਜਾਮ ਪੀ ਗਏ।

ਚਮਕੌਰ ਦੀ ਹਵੇਲੀ 'ਚੋਂ ਨਿਕਲਣ ਤੋਂ ਬਾਅਦ ਗੁਰੂ ਜੀ ਗੁਲਾਬੇ ਮਸੰਦ ਦੇ ਘਰ ਮਾਛੀਵਾੜੇ ਠਹਿਰੇ ਜਿੱਥੋਂ ਉਨਾਂ ਦੇ ਮੁਸਲਮਾਨ ਸ਼ਰਧਾਲੂਆਂ ਭਾ. ਨਬੀ ਖ਼ਾਨ, ਗ਼ਨੀ ਖ਼ਾਨ ਨੇ ਗੁਰੂ ਗੋਬਿੰਦ ਸਿੰਘ ਨੂੰ ਉੱਚ ਦਾ ਪੀਰ ਬਣਾ ਕੇ ਪਿੰਡ ਹੇਹਰਾਂ ਤੱਕ ਪਹੁੰਚਾਇਆ ਤੇ ਉੱਥੋਂ ਚੱਲ ਪਿੰਡ ਦੀਨੇ ਪਹੁੰਚੇ। ਇੱਥੇ ਹੀ ਗੁਰੂ ਸਾਹਿਬ ਜੀ ਨੂੰ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਦਾ ਪਤਾ ਲੱਗਾ ਤੇ ਉਨਾਂ ਨੇ ਔਰੰਗਜ਼ੇਬ ਨੂੰ ਫ਼ਾਰਸੀ ਵਿੱਚ ਜਿੱਤ ਦੀ ਚਿੱਠੀ ਲਿਖੀ। ਓਧਰ ਗੁਰੂ ਜੀ ਚਮਕੌਰ, ਮਾਛੀਵਾੜਾ, ਕਨੇਚ, ਆਲਮਗੀਰ, ਹੇਹਰ, ਲੰਮੇ, ਰਾਇਕੋਟ, ਦੀਨਾ ਆਦਿ ਤੋਂ ਹੁੰਦੇ ਹੋਏ ਕੋਟਕਪੂਰਾ ਪੁੱਜੇ ਤਾਂ ਪਤਾ ਲੱਗਾ ਕਿ ਸੂਬਾ ਸਰਹਿੰਦ ਭਾਰੀ ਲਾਓ-ਲਸ਼ਕਰ ਨਾਲ ਆਪ ਜੀ ਦਾ ਪਿੱਛਾ ਕਰਦਾ ਹੋਇਆ ਆ ਰਿਹਾ ਹੈ।

ਬਾਕੀ ਸਫ਼ਾ 33 'ਤੇ


ਵਾਰਿਸ ਪੰਜਾਬ ਦੇ
ਆਓ ਪੰਜਾਬ ਦੇ ਵਾਰਿਸੋ "ਵਾਰਿਸ ਪੰਜਾਬ ਦੇ"
ਮੁਹਿੰਮ ਲਈ ਰਜਿਸਟਰ ਕਰੋ
ਮੈਂ ਹਾਂ ਵਾਰਿਸ ਪੰਜਾਬ ਦਾ!
ਪੰਜਾਬ ਦੇ ਵਾਰਿਸੋ ਆਉ ਵਾਰਿਸ ਪੰਜਾਬ ਦੇ ਮੁਹਿੰਮ ਵਿੱਚ ਆਪਣੀ ਸ਼ਮੂਲੀਅਤ ਕਰਕੇ ਪੰਜਾਬ ਦਾ ਆਪਣਾ ਪੰਜਾਬ ਕ੍ਰੇਂਦਿਤ ਖੇਤੀਬਾੜੀ ਮਾਡਲ ਉਸਾਰਨ ਲਈ ਸੰਵਾਦ ਆਰੰਭੀਏ ਇਸ ਮੁਹਿੰਮ ਦਾ ਹਿੱਸਾ ਬਣਨ ਲਈ ਰਜਿਸਟਰ ਕਰੋ।
WWW.WARISPUNJABDE.ORG

# ਪੰਜਾਬੀ ਗੀਤਾਂ ਵਿਚ ਕਿਸਾਨੀ ਲਹਿਰ ਦੀ ਗੂੰਜ

## ✪ ਗਾਇਕ ਬੀਬੀਆਂ ਵੀ ਪੂਰੇ ਉਤਸ਼ਾਹ ਨਾਲ ਸਰਗਰਮ ✪ ਬੀਰ ਰਸੀ ਗਾਇਕੀ ਵਿਚ ਢਾਡੀ ਵੀ ਵਾਰਾਂ ਰਾਹੀਂ ਗੱਜੇ ✪ ਸਿੰਘੂ ਬਾਰਡਰ ਤੋਂ

**- ਪ੍ਰਗਟ ਸਿੰਘ ਜੰਡਿਆਲਾ ਗੁਰੂ**

ਨਵੇਂ ਖੇਤੀਬਾੜੀ ਕਾਨੂੰਨਾਂ ਖਿਲਾਫ ਜੂਝ ਰਹੇ ਕਿਸਾਨਾਂ ਨੂੰ ਪੰਜਾਬ ਦੇ ਗਾਇਕਾਂ ਦਾ ਵੀ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਨਵੰਬਰ ਦੇ ਅਖੀਰ ਤੋਂ ਜਨਵਰੀ ਦੇ ਪਹਿਲੇ ਹਫ਼ਤੇ ਤੱਕ, ਵੱਖ-ਵੱਖ ਗਾਇਕਾਂ ਦੇ ਦੋ ਸੌ ਹੋਰ ਗਾਣੇ ਕਿਸਾਨੀ ਅੰਦੋਲਨ ’ਤੇ ਆਧਾਰਿਤ ਹਨ । ਕੰਵਲ ਗਰੇਵਾਲ ਅਤੇ ਹਰਫ ਚੀਮਾ ਦੀ ਨਵੀਂ ਐਲਬਮ ਕਿਸਾਨੀ ਅੰਦੋਲਨ’ ਤੇ ਆਧਾਰਿਤ ਹੈ। ਜਦੋਂ ਤੋਂ ਗਾਇਕਾਂ ਬਾਰੇ ਆਮਦਨ ਟੈਕਸ ਦੀ ਜਾਂਚ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ , ਉਦੋਂ ਤੋਂ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੁਸਾਂਝ ਸੁਰਖ਼ੀਆਂ ਵਿੱਚ ਹਨ। ਦੁਸਾਂਝ ਦਾ ਕਸੂਰ ਇਹ ਹੈ ਕਿ ਉਸ ਨੇ ਨਾ ਸਿਰਫ਼ ਕਿਸਾਨੀ ਲਹਿਰ ਦੀ ਹਮਾਇਤ ਕੀਤੀ ਤੇ ਉਹ ਦਿੱਲੀ ਦੀ ਸਿੰਘੂ ਸਰਹੱਦ ’ਤੇ ਵੀ ਪਹੁੰਚਿਆ ਤੇ ਅਖਾੜਾ ਲਗਾ ਕੇ ਕਿਸਾਨਾਂ ਵਿਚ ਰੌਣਕਾਂ ਲਗਾ ਕੇ ਜਜ਼ਬਾ ਭਰਿਆ। ਇਸ ਦੌਰਾਨ ਕੰਗਨਾ ਰਣੌਤ ਵੀ ਉਸ ਨਾਲ ਸੋਸ਼ਲ ਮੀਡੀਆ ਉੱਪਰ ਉਲਝ ਪਈ। ਇਸ ਤਰਾਂ ਜਾਪਦਾ ਹੈ ਕਿ ਜਿਵੇਂ ਜਾਣ ਬੁਝ ਕੇ ਉਸ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਸਬੰਧੀ ਮੀਡੀਆ ਵਿਚ ਦਲਜੀਤ ਨੂੰ ਕਾਫ਼ੀ ਕਵਰੇਜ ਮਿਲੀ। ਪੰਜਾਬ ਦੇ ਕਈ ਗਾਇਕ ਇਸ ਅੰਦੋਲਨ ਦਾ ਚਿਹਰਾ ਬਣ ਗਏ ਹਨ । ਕੰਵਰ ਗਰੇਵਾਲ ਅਤੇ ਹਰਫ ਚੀਮਾ ਵਰਗੇ ਗਾਇਕ ਵਿਸ਼ੇਸ਼ ਵਰਨਣਯੋਗ ਹਨ। ਇਹ ਕਲਾਕਾਰ ਇਸ ਸਮੇਂ ਦੌਰਾਨ ਸਿੰਘੂ ਸਰਹੱਦ ’ਤੇ ਸਰਗਰਮ ਦਿਖਾਈ ਦੇ ਰਹੇ ਹਨ। ਕੰਵਰ ਗਰੇਵਾਲ ਕਈ ਰੈਲੀਆਂ ਵਿਚ ਕਿਸਾਨ ਨੇਤਾਵਾਂ ਨਾਲ ਸਟੇਜ’ ਤੇ ਵੀ ਦਿਖਾਈ ਦਿੱਤੇ ਸਨ। ਕੰਵਰ ਗਰੇਵਾਲ ਬਿਨਾਂ ਸ਼ੱਕ ਇਸ ਸਮੇਂ ਪੰਜਾਬੀ ਲੋਕ ਗਾਇਕੀ ਵਿਚ ਸਭ ਤੋਂ ਹਰਮਨ ਪਿਆਰੇ ਹਨ। ਕਿਸਾਨ ਅੰਦੋਲਨ ਵਿੱਚ ਕੰਵਰ ਗਰੇਵਾਲ ਦੀ ਇਹ ਮੌਜੂਦਗੀ ਨਾ ਸਿਰਫ਼ ਮਹੱਤਵਪੂਰਨ ਹੈ, ਬਲਕਿ ਇਸ ਸਮੇਂ ਹਰਫ ਚੀਮਾ ਵੀ ਗਰੇਵਾਲ ਨਾਲ ਹੈ। ਉਹਨਾਂ ਦੀਆਂ ਚਾਰ ਐਲਬਮਾਂ ਵੀ ਆ ਚੁੱਕੀਆਂ ਹਨ - ਪਾਤਸ਼ਾਹ, ਐਲਾਨ, ਪੇਚਾ ਅਤੇ ਇਤਿਹਾਸ ਜੋ ਕਿ ਚਾਰੇ ਕਿਸਾਨ ਲਹਿਰ ’ਤੇ ਹਨ। ਪਾਤਸ਼ਾਹ ਐਲਬਮ ਵਿਚ ਦੱਸਿਆ ਹੈ ਕਿ ਅਸੀਂ ਸੜਕਾਂ ਨੂੰ ਆਪਣਾ ਕਿਲਾ ਬਣਾ ਲਿਆ ਏ। ਐਲਾਨ ਗੀਤ ਦੇ ਬੋਲ ਹਨ - ਤੈਨੂੰ ਦਿੱਲੀਏ ਇਕੱਠ ਪ੍ਰੇਸ਼ਾਨ ਕਰੇਗਾ। ਜਦੋਂ ਕਿ ਪੇਚਾ ਵਿਚ ਕਿਹਾ ਹੈ- ਵੇਲਾ ਆ ਗਿਆ ਜਾਗ ਕਿਸਾਨਾਂ, ਪੇਚਾ ਪੈ ਗਿਆ ਸੈਂਟਰ ਨਾਲ।

**ਜੈਜ਼ੀ ਬੀ ਨੇ ਮਾਰਿਆ ਕਿਸਾਨਾਂ ਦੇ ਹੱਕ ’ਚ ‘ਚੜ੍ਹਦੀ ਕਲਾ ਦਾ ਨਾਅਰਾ’**

ਪੰਜਾਬੀ ਗਾਇਕ ਜੈਜ਼ੀ ਬੀ ਨੇ ਹਾਲ ਹੀ ਵਿਚ ਕੁਝ ਤਸਵੀਰਾਂ ਸੋਸ਼ਲ ਮੀਡੀਆ ’ਤੇ ਸਾਂਝੀਆਂ ਕੀਤੀਆਂ ਹਨ। ਇਨਾਂ ਤਸਵੀਰਾਂ ਨਾਲ ਜੈਜ਼ੀ ਬੀ ਨੇ ਇਕ ਕੈਪਸ਼ਨ ਲਿਖੀ ਹੈ, ਜਿਸ ਨੂੰ ਲੋਕਾਂ ਵੱਲੋਂ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ। ਜੈਜ਼ੀ ਬੀ ਨੇ ਪੋਸਟ ’ਚ ਲਿਖਿਆ ਹੈ ਕਿ ਕਾਲੇ ਕਾਨੂੰਨ ਸਾਰੇ ਰੱਦ ਹੋਣੇ ਚਾਹੀਦੇ, ਗੱਲ ਕੋਈ ਹੱਕ ਵਿਚ ਲਿਖ ਹੋਣੀ ਚਾਹੀਦੀ। ਚੜ੍ਹਦੀ ਕਲਾ ਵਿਚ ਰਹਿਣਾ ਸਾਡੇ ਗੁਰੂਆਂ ਸਿਖਾਇਆ, ਸੱਚੇ ਪਾਤਸ਼ਾਹ ਸਭ ਨੂੰ ਚੜ੍ਹਦੀ ਕਲਾ ਵਿਚ ਰੱਖਣ ਤੇ ਹੱਕ ਸੱਚ ਲਈ ਸੰਘਰਸ਼ ਕਰ ਰਹੇ ਸਮੂਹ ਯੋਧਿਆਂ ਦੀ ਜਿੱਤ ਹੋਵੇ।’

**ਯੁੱਧਵੀਰ ਮਾਣਕ ਨੇ ਵੀ ਕਿਸਾਨਾਂ ਦੇ ਹੱਕਾਂ ਲਈ ਬੁਲੰਦ ਕੀਤੀ ਆਵਾਜ਼**

ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਦਿੱਗਜ ਗਾਇਕ ਕੁਲਦੀਪ ਮਾਣਕ ਦੇ ਪੁੱਤਰ ਯੁੱਧਵੀਰ ਮਾਣਕ ਵੀ ਆਪਣਾ ਸਮਰਥਨ ਕਿਸਾਨਾਂ ਨੂੰ ਦਿੰਦੇ ਹੋਏ ਨਜ਼ਰ ਆਏ। ਯੁੱਧਵੀਰ ਮਾਣਕ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ ’ਤੇ ਇਕ ਵੀਡੀਓ ਸਾਂਝੀ ਕੀਤੀ ਹੈ, ਜਿਸ ਵਿਚ ਉਨਾਂ ਨੇ ਕਿਹਾ ਕਿ ਮੈਂ ਜਦੋਂ ਤੱਕ ਜਿਊਂਦਾ ਹਾਂ, ਮੈਂ ਸਾਰੇ ਕਿਸਾਨ ਵੀਰਾਂ ਦਾ ਸਮਰਥਨ ਕਰਦਾ ਹਾਂ। ਮੈਂ ਸੱਚੇ ਪਾਤਸ਼ਾਹ ਅੱਗੇ ਅਰਦਾਸ ਕਰਦਾ ਹਾਂ ਕਿ ਕਿਸਾਨਾਂ ਦੀ ਜਿੱਤ ਜ਼ਰੂਰ ਹੋਵੇ।




**ਕਿਸਾਨਾਂ ਦੇ ਹੱਕ ਵਿਚ ਜੱਸ ਬਾਜਵਾ**

ਜੱਸ ਬਾਜਵਾ ‘ਦੇਖ ਦਿੱਲੀਏ’ ਟਾਈਟਲ ਹੇਠ ਜੋਸ਼ੀਲਾ ਗੀਤ ਲੈ ਕੇ ਆਏ ਹਨ, ਜਿਸ ਵਿਚ ਉਨਾਂ ਨੇ ਲੱਖਾਂ ਮੁਸੀਬਤਾਂ ਝੱਲ ਰਹੇ ਦਿੱਲੀ ਦੀ ਸਰਹੱਦਾਂ ’ਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੇ ਬੁਲੰਦ ਹੌਸਲੇ ਨੂੰ ਬਿਆਨ ਕੀਤਾ ਹੈ। ਇਸ ਗੀਤ ਦੇ ਬੋਲ ਸਾਹਿਬ ਨੇ ਲਿਖੇ ਹਨ । ਗੀਤ ਦਾ ਵੀਡੀਓ ਕਿਸਾਨ ਪ੍ਰਦਰਸ਼ਨ ਵਿਚ ਹੀ ਸ਼ੂਟ ਕੀਤਾ ਗਿਆ ਹੈ। ਦਰਸ਼ਕਾਂ ਵੱਲੋਂ ਗੀਤ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ, ਜਿਸ ਕਰਕੇ ਗੀਤ ਟਰੈਂਡਿੰਗ ਵਿਚ ਚੱਲ ਰਿਹਾ ਹੈ।

**ਹੁਸੈਨਪੁਰੀ, ਨਿਰਮਲ ਤੇ ਅੰਗਰੇਜ਼ ਸਰਗਰਮ**

ਹਾਲ ਹੀ ’ਚ ਕਿਸਾਨੀ ਮੁੱਦੇ ’ਤੇ ਬਣਿਆ ਇਕ ਗੀਤ ‘ਦਿਲ ਧੜਕੇ ਮੋਦੀ ਦਾ ਰਿਲੀਜ਼ ਹੋਇਆ ਹੈ।

ਗੀਤ ਨੂੰ ਆਵਾਜ਼ ਲਹਿੰਬਰ ਹੁਸੈਨਪੁਰੀ, ਨਿਰਮਲ ਸਿੱਧੂ ਤੇ ਅੰਗਰੇਜ਼ ਅਲੀ ਨੇ ਦਿੱਤੀ ਹੈ। ਗੀਤ ਰਾਹੀਂ ਤਿੰਨੇ ਗਾਇਕ ਕੇਂਦਰ ਸਰਕਾਰ ਨੂੰ ਝਾੜ ਪਾ ਰਹੇ ਹਨ ਤੇ ਕਿਸਾਨਾਂ ਦਾ ਸਮਰਥਨ ਕਰ ਰਹੇ ਹਨ।

ਯੂਟਿਊਬ ’ਤੇ ਇਹ ਗੀਤ ਹਿੱਟ ਮੇਕਰ ਰਿਕਾਰਡਸ ਦੇ ਬੈਨਰ ਹੇਠ ਰਿਲੀਜ਼ ਹੋਇਆ ਹੈ। ਗੀਤ ਦੇ ਬੋਲ ਦਲਜੀਤ ਨਿੱਜਰਾਂ ਨੇ ਲਿਖੇ ਹਨ, ਜਦਕਿ ਮਿਊਜ਼ਿਕ ਨਰਿਮਲ ਸਿੱਧੂ ਵੱਲੋਂ ਤਿਆਰ ਕੀਤਾ ਗਿਆ ਹੈ। ਗੀਤ ਦੀ ਵੀਡੀਓ ਗੁਰਮੀਤ ਦੁੱਗਲ ਵੱਲੋਂ ਬਣਾਈ ਗਈ ਹੈ।

ਇਹਨਾਂ ਤਿੰਨਾਂ ਗਾਇਕਾਂ ਵੱਲੋਂ ਕਿਸਾਨ ਅੰਦੋਲਨ ਵਿਚ ਵੀ ਸ਼ਮੂਲੀਅਤ ਕੀਤੀ ਜਾ ਰਹੀ ਹੈ।

ਜੇ ਪੰਜਾਬੀ ਕਲਾਕਾਰਾਂ ਦੇ ਕਿਸਾਨੀ ਅੰਦੋਲਨ ਬਾਰੇ ਸਮਰਥਨ ਦਾ ਅੰਦਾਜ਼ਾ ਲਗਾਉਣਾ ਹੈ, ਤਾਂ ਸਾਨੂੰ ਸੋਸ਼ਲ ਮੀਡੀਆ ਐਪ ਟੈਲੀਗਰਾਮ ਉੱਪਰ ਸ਼ੁਰੂ ਹੋਏ ਚੈਨਲ ਕਿਸਾਨ ਅੰਦੋਲਨ-ਮਿਊਜ਼ਿਕ ਨੂੰ ਦੇਖਣਾ ਹੋਵੇਗਾ। 4 ਜਨਵਰੀ ਤੱਕ , ਇਸ ਵਿਚ 223 ਐਲਬਮਾਂ ਸ਼ਾਮਲ ਸਨ ਜੋ ਕਿ ਪੂਰੀ ਤਰਾਂ ਕਿਸਾਨ ਅੰਦੋਲਨ ਉੱਤੇ ਹਨ । ਪੰਜਾਹ ਦਿਨਾਂ ਦੀ ਇਸ ਲਹਿਰ ਦੇ ਅਨੁਸਾਰ, ਸ਼ਾਇਦ ਇਹ ਇਕ ਮਹੱਤਵਪੂਰਨ ਰਿਕਾਰਡ ਹੋਵੇਗਾ। ਇਸ ਨੂੰ ਵੇਖਦਿਆਂ ਇਹ ਲਗਦਾ ਹੈ ਕਿ ਅੱਜ ਕੱਲ ਪੰਜਾਬੀ ਸੰਗੀਤ ਇੰਡਸਟਰੀ ਵਿੱਚ ਕਿਸਾਨੀ ਤੋਂ ਇਲਾਵਾ ਹੋਰ ਕੋਈ ਵਿਸ਼ਾ ਨਹੀਂ ਹੈ। ਇਹ ਸਾਰੇ ਪੇਸ਼ੇਵਰ ਗਾਇਕਾਂ ਦੀਆਂ ਪੂਰੀ ਤਰਾਂ ਪੇਸ਼ੇਵਰ ਐਲਬਮਾਂ ਹਨ। ਕਈਆਂ ਵਿਚ ਪੌਪ ਸੰਗੀਤ ਹੈ, ਕਈਆਂ ਵਿਚ ਰੈਪ ਹੈ , ਪਰ ਪੰਜਾਬ ਦੇ ਰਵਾਇਤੀ ਲੋਕ ਗਾਣੇ ਹਨ, ਹਾਲਾਂਕਿ, ਉਨਾਂ ਸਾਰਿਆਂ ਵਿਚ ਸੰਗੀਤ ਦੀ ਸ਼ੈਲੀ ਲਗਭਗ ਨਵੀਂ ਹੈ। ਇੱਥੋਂ ਤਕ ਕਿ ਪੰਜਾਬ ਦੇ ਕੁਝ ਢਾਡੀ ਜਥੇ ਕਿਸਾਨੀ ਲਹਿਰ ਵਿਚ ਸਰਗਰਮ ਹੋ ਚੁੱਕੇ ਹਨ। ਪੰਜਾਬ ਦਾ ਢਾਡੀ ਸੰਗੀਤ ਮੂਲ ਰੂਪ ਵਿੱਚ ਇਤਿਹਾਸਕ ਕਥਾਵਾਂ ਦੀ ਗਾਇਕੀ ਦੇ ਵਰਣਨ ਲਈ ਵਰਤਿਆ ਜਾਂਦਾ ਹੈ। ਢਾਡੀ ਜਥੇ ਆਪਣੀ ਗਾਇਕੀ ਤੇ ਇਤਿਹਾਸਕ ਗਾਥਾਵਾਂ ਨਾਲ ਲੋਕਾਂ ਦੀ ਖਿੱਚ ਦਾ ਕੇਂਦਰ ਬਣਦੇ ਹਨ। ਧਾਰਮਿਕ ਮੇਲਿਆਂ ਤੇ ਗੁਰਪੁਰਬਾਂ ਵਿਚ ਇਹਨਾਂ ਨੂੰ ਵੱਡੀ ਗਿਣਤੀ ਵਿਚ ਲੋਕ ਸੁਣਦੇ ਹਨ। ਬੀਰ ਰਸੀ ਗਾਇਕੀ ਕਰਕੇ ਇਹਨਾਂ ਦੀ ਕਿਸਾਨੀ ਮੋਰਚੇ ਵਿਚ ਭਾਰੀ ਮੰਗ ਹੈ। ਹੁਣ ਉਹ ਕਿਸਾਨੀ ਮੋਰਚੇ ਵਿਚ ਅਵਾਮ ਨੂੰ ਜਾਗਰੂਕ ਕਰ ਰਹੇ ਹਨ। ਇਨਾਂ ਦੀ ਹਰ ਦੂਸਰੀ ਐਲਬਮ ਦਿੱਲੀ ਦਰਬਾਰ ਨੂੰ ਚੇਤਾਵਨੀ ਦਿੰਦੀ ਹੈ ।

ਇੱਥੇ ਲਗਭਗ ਅੱਧੀ ਦਰਜਨ ਐਲਬਮਜ਼ ਹਨ ਜਿਸ ਦਾ ਸਿਰਲੇਖ ਹੈ ਸੁਣ ਦਿੱਲੀਏ। ਕੁਝ ਅਜਿਹੀਆਂ ਹਨ ਜੋ ਦਿੱਲੀ ਦਾ ਹੰਕਾਰ ਤੋੜਨਾ ਚਾਹੁੰਦੀਆਂ ਹਨ। ਕੁਝ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੰਕਾਰ ਬਾਰੇ ਵੀ ਗੱਲ ਕਰਦੀਆਂ ਹਨ । ਕੁਝ ਵਿਚ ਪ੍ਰਧਾਨ ਮੰਤਰੀ ਮੋਦੀ ਤੇ ਕੰਗਨਾ ਰਣੌਤ ਦਾ ਮਜ਼ਾਕ ਵੀ ਉਡਾਇਆ ਗਿਆ ਹੈ। ਇਹਨਾਂ ਐਲਬਮਾਂ ਵਿਚ ਜਿੱਥੇ ਕਿਸਾਨਾਂ ਦੇ ਅਧਿਕਾਰਾਂ ਦੀ ਗੱਲ ਕੀਤੀ ਜਾ ਰਹੀ ਹੈ , ਉੱਥੇ ਹੀ ਪੰਜਾਬੀ ਦੇ ‘ਬੰਬੀਹਾ ਬੋਲੇ’ ਸ਼ੈਲੀ ਦਾ ਇੱਕ ਗੀਤ ‘ਬੰਬੀਹਾ ਮੋਦੀ ਦਾ’ ਵੀ ਜਾਰੀ ਕੀਤਾ ਗਿਆ ਹੈ। ਗੁਰਮੀਤ ਸਿੰਘ ਲਾਂਡਰਾ ਦਾ ਢਾਡੀ ਜਥਾ ਕਹਿੰਦਾ ਹੈ- ਦਿੱਲੀਏ ਹੁਣ ਤੈਨੂੰ ਪਤਾ ਲੱਗ ਗਿਆ ਹੋਵੇਗਾ ਕਿ ਕਿਸ ਨੂੰ ਕਿਸਾਨ ਕਿਹਾ ਜਾਂਦਾ ਹੈ । ਪੰਮਾ ਡੁਮੇਵਾਲ ਦਿੱਲੀ ਦੀਆਂ ਠੰਡੀਆਂ ਸਰਦ ਰਾਤਾਂ ਬਤੀਤ ਕਰ ਰਹੇ ਬਜ਼ੁਰਗ ਕਿਸਾਨਾਂ ਨੂੰ ਯਾਦ ਕਰਦੇ ਹਨ । ਇਸ ਕਿਸਾਨੀ ਲਹਿਰ ਵਿਚ ਗਾਇਕ ਬੀਬੀਆਂ ਵੀ ਪੂਰੇ ਉਤਸ਼ਾਹ ਨਾਲ ਸਰਗਰਮ ਹਨ। ਰੁਪਿੰਦਰ ਹਾਂਡਾ ਗਾ ਰਹੀ ਹੈ- ਪੇਚਾ ਦਿੱਲੀ ਨਾਲ ਚੜ੍ਹਿਆ ਪਿਆ ਏ ਪਾਰਾ ਜੱਟ ਦਾ ਵੀ ਚੜ੍ਹਿਆ ਪਿਆ ਏ। ਗੁਲਰੇਜ ਅਖਤਰ ਆਪਣੀ ਗਾਇਕੀ ਵਿਚ ਆਪਣੇ ਪਤੀ ਨੂੰ ਸੰਬੋਧਨ ਹੁੰਦੀ ਗਾਣੇ ਵਿਚ ਕਹਿੰਦੀ ਹੈ ਜੋ ਦਿੱਲੀ ਦੀ ਸਰਹੱਦ ’ਤੇ ਧਰਨਾ ਦੇ ਰਿਹਾ ਹੈ- ਤੁਸੀਂ ਆਪਣੇ ਖੇਤਾਂ ਦੀ ਚਿੰਤਾ ਛੱਡ ਦਿਓ , ਜੇ ਤੁਸੀਂ ਖੇਤਾਂ ਦਾ ਰਾਜਾ ਹੋ ਮੈਂ ਖੇਤਾਂ ਦੀ ਰਾਣੀ ਵੀ ਹਾਂ, ਮੈਂ ਖੇਤਾਂ ਨੂੰ ਪਾਣੀ ਵੀ ਦੇਵਾਂਗੀ , ਬਾਕੀ ਕੰਮ ਵੀ ਕਰਾਂਗੀ, ਬਾਕੀ ਜਦੋਂ ਤੁਸੀਂ ਇਸ ਜੰਗ ਨੂੰ ਜਿੱਤਕੇ ਆਵੋਗੇ, ਤਾਂ ਮੈਂ ਇਸ ਨੂੰ ਦਿੱਲੀ ਤੋਂ ਆਪਣੇ ਪਿੰਡ ਤਕ ਚੱਪੇ ਚੱਪੇ ਉੱਪਰ ਦੀਵੇ ਬਾਲਾਂਗੀ। ਇੱਥੇ ਸਾਡਾ ਹੱਕ ਨਾਮ ਦੀ ਐਲਬਮ ਬਾਰੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਇਹ ਐਲਬਮ ਤਾਮਿਲਨਾਡੂ ਦੇ ਸੰਗੀਤਕਾਰਾਂ ਅਤੇ ਗੀਤਕਾਰਾਂ ਦੇ ਸਹਿਯੋਗ ਨਾਲ ਬਣਾਈ ਗਈ ਹੈ। ਐਲਬਮ ਦੇ ਕਵਰ ਉੱਤੇ ਸਿਰਫ਼ ਦੋ ਭਾਸ਼ਾਵਾਂ ਹਨ- ਗੁਰਮੁਖੀ ਅਤੇ ਤਾਮਿਲ। ਜੋ ਅਸੀਂ ਦਿੱਲੀ ਦੀਆਂ ਸਰਹੱਦਾਂ ਤੇ ਵੇਖ ਰਹੇ ਹਾਂ ਉਹ ਹੈ ਕਿਸਾਨਾਂ ਦਾ ਸਬਰ ਅਤੇ ਉਨਾਂ ਵਿਚੋਂ ਪੈਦਾ ਹੋ ਰਿਹਾ ਰਾਜਨੀਤਕ ਦਬਾਅ, ਜਦੋਂ ਕਿ ਇਹ ਗਾਣੇ ਸੰਕੇਤ ਦਿੰਦੇ ਹਨ ਕਿ ਕਿਸਾਨਾਂ ਦਾ ਗ਼ੁੱਸਾ ਸਮਾਜਕ ਅਤੇ ਸਭਿਆਚਾਰਕ ਡੂੰਘਾਈ ਵੀ ਪ੍ਰਾਪਤ ਕਰ ਚੁਕਾ ਹੈ । ਜੇਕਰ ਪੰਜਾਬੀ ਮਿਊਜ਼ਿਕ ਇੰਡਸਟਰੀ ’ਤੇ ਵੀ ਝਾਤ ਮਾਰੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਭਾਰਤ ਦਾ ਸਭ ਤੋਂ ਵੱਡਾ ਗੈਰ-ਫ਼ਿਲਮੀ ਸੰਗੀਤ ਉਦਯੋਗ ਪੰਜਾਬੀ ਸੰਗੀਤ ਉਦਯੋਗ ਹੈ । ਜੇਕਰ ਅਸੀਂ ਇਸ ਨੂੰ ਪੰਜਾਬੀ ਦੇ ਧਾਰਮਿਕ ਸੰਗੀਤ ਤੋਂ ਵੱਖ ਕਰੀਏ ਤਾਂ ਕੁਝ ਅਨੁਮਾਨਾਂ ਅਨੁਸਾਰ ਇਸਦਾ ਸਾਲਾਨਾ ਕਾਰੋਬਾਰ ਇਕ ਹਜ਼ਾਰ ਕਰੋੜ ਰੁਪਏ ਦੇ ਕਰੀਬ ਹੈ। ਇਸ ਉਦਯੋਗ ਦਾ ਮੁੱਖ ਕੇਂਦਰ ਚੰਡੀਗੜ ਨੇੜੇ ਮੁਹਾਲੀ ਹੈ, ਜਿੱਥੇ ਹਰ ਰੋਜ਼ ਦੋ ਦਰਜਨ ਤੋਂ ਵੱਧ ਗਾਣੇ ਰਿਕਾਰਡ ਹੁੰਦੇ ਹਨ। ਪੰਜਾਬ ਦਾ ਸੰਗੀਤ ਉਦਯੋਗ ਸਿਰਫ਼ ਪਿਆਰ, ਕੁੜੀਆਂ ਦੀ ਖ਼ੂਬਸੂਰਤੀ, ਸ਼ਰਾਬ ਅਤੇ ਅਸ਼ਲੀਲ ਮਜ਼ਾਕ ਲਈ ਜਾਣਿਆ ਜਾਂਦਾ ਹੈ। ਪਰ ਨਵੇਂ ਰੁਝਾਨਾਂ ਦੇ ਮੱਦੇਨਜ਼ਰ, ਅਜਿਹਾ ਲਗਦਾ ਹੈ ਕਿ ਮੁਹਾਲੀ ਵਿਚ ਅੱਜ ਕੱਲ ਕਿਸਾਨ ਅੰਦੋਲਨ ਤੋਂ ਇਲਾਵਾ ਕਿਸੇ ਹੋਰ ਵਿਸ਼ੇ ’ਤੇ ਸ਼ਾਇਦ ਹੀ ਕੋਈ ਰਿਕਾਰਡਿੰਗ ਹੋ ਰਹੀ ਹੈ।

# ਪਰਿਵਰਤਨ ਬਨਾਮ ਵਿਕਾਸ

**- ਹਰਕੀਰਤ ਕੌਰ**

**9779118066**

ਸਮੇਂ ਦੇ ਨਾਲ ਨਾਲ ਹਰ ਚੀਜ਼ ਵਿੱਚ ਪਰਿਵਰਤਨ ਆਉਣਾ ਕੁਦਰਤ ਦਾ ਇੱਕ ਨਿਯਮ ਹੈ। ਸਾਡੇ ਦੇਖਦਿਆਂ ਦੇਖਦਿਆਂ ਕਿੰਨਾ ਕੁਝ ਬਦਲ ਗਿਆ ਹੈ। ਸਾਡੇ ਜੀਵਨ ਦੇ ਹਰ ਹਿੱਸੇ ਵਿੱਚ ਪਰਿਵਰਤਨ ਆਇਆ ਹੈ। ਸਾਡੇ ਰਹਿਣ ਸਹਿਣ, ਖਾਣ ਪੀਣ, ਸਾਡੀਆਂ ਕਦਰਾਂ ਕੀਮਤਾਂ ਹਰ ਇੱਕ ਸ਼ੈਅ ਵਿੱਚ ਤਬਦੀਲੀ ਆਈ ਹੈ । ਇਸ ਤਬਦੀਲੀ ਦਾ ਆਉਣਾ ਜਾਇਜ਼ ਵੀ ਸੀ। ਕਿਉਂਕਿ ਅਸੀਂ ਸਮਝਦੇ ਹਾਂ ਕਿ ਇਹ ਸਾਰੇ ਪਰਿਵਰਤਨ ਦੀ ਖੇਡ ਸਾਡੇ ਵਿਕਾਸ ਨਾਲ ਜੁੜੀ ਹੋਈ ਹੈ। ਇਸਦਾ ਅਰਥ ਇਹ ਹੋਇਆ ਕਿ ਸਾਡਾ ਸਮਾਜ ਤਰੱਕੀ ਦੇ ਰਾਹ ਉੱਤੇ ਚੱਲ ਰਿਹਾ ਹੈ। ਪਰ ਕੀ ਕੇਵਲ ਸਾਡੇ ਰਹਿਣ ਸਹਿਣ ਅਤੇ ਭੌਤਿਕ ਚੀਜ਼ਾਂ ਵਿੱਚ ਆਇਆ ਬਦਲਾਵ ਕਾਫੀ ਹੈ ? ਸੋਚਿਆ ਜਾਵੇ ਤਾਂ ਜੇਕਰ ਰਹਿਣ ਸਹਿਣ ਦੇ ਤੌਰ ਤਰੀਕਿਆਂ ਦੇ ਨਾਲ ਨਾਲ ਜੇਕਰ ਸਾਡੀ ਸੋਚ ਵਿੱਚ ਸਾਡੇ ਵਿਚਾਰਾਂ ਵਿੱਚ ਤਬਦੀਲੀ ਆਵੇ ਤਾਂ , ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਵੇਗੀ। ਪਰ ਅਸਲ ਵਿੱਚ ਅਜਿਹਾ ਨਹੀਂ ਹੈ, ਇਹ ਮੈਂ ਆਪਣੇ ਤਜਰਬੇ ਤੋਂ ਅਤੇ ਸਮਾਜ ਵਿੱਚ ਵਿਚਰਦਿਆਂ ਮਹਿਸੂਸ ਕੀਤਾ ਹੈ ਕਿ ਚਾਹੇ ਸਾਡੇ ਜੀਵਨ ਵਿੱਚ ਬਾਹਰਮੁਖੀ ਬਹੁਤ ਸਾਰੀਆਂ ਤਬਦੀਲੀਆਂ ਆਈਆਂ ਹਨ, ਪਰ ਸਾਡੇ ਸੁਭਾਅ, ਸੋਚ ਅਤੇ ਵਿਚਾਰਾਂ ਵਿੱਚ ਕੁਝ ਖ਼ਾਸ ਪਰਿਵਰਤਨ ਨਹੀਂ ਆਇਆ। ਅੱਜ ਵੀ ਬਹੁਤਾਤ ਲੋਕਾਂ ਦੀ ਸੋਚ ਸੌੜੀ ਅਤੇ ਕੀਨੀ ਹੈ। ਜਿੰਨਾ ਵਿੱਚ ਸ਼ਾਮਿਲ ਨੇ ਉਹ ਲੋਕ ਜੋ ਬੇਟੀਆਂ ਨੂੰ ਪਰਾਈ ਅਮਾਨਤ ਸਮਝਦੇ ਹੋਏ ਉਸਦੇ ਬਣਦੇ ਬੁਨਿਆਦੀ ਹੱਕਾਂ ਤੋਂ ਉਸ ਨੂੰ ਦੂਰ ਰੱਖਦੇ ਹਨ। ਇਸ ਤਬਕੇ ਵਿੱਚ ਉਹ ਲੋਕ ਵੀ ਸ਼ਾਮਿਲ ਹਨ ਜਿੰਨਾ ਨੂੰ ਲੱਗਦਾ ਹੈ ਕਿ ਔਰਤ ਪੈਰ ਦੀ ਜੁੱਤੀ ਹੈ, ਇੱਕ ਘਰ ਨੂੰ ਜੋੜੀ ਰੱਖਣ ਲਈ ਔਰਤ ਨੂੰ ਜੋ ਵੀ ਕੁਰਬਾਨੀ ਕਰਨੀ ਪਵੇ ਕਰੇ ! ਘਰ ਵਿੱਚ ਮਰਦ ਭਾਵੇਂ ਹਰ ਤਰੈਹਾਂ ਦੀ ਮਾੜੀ ਆਦਤ ਦਾ ਆਦੀ ਹੋਵੇ, ਉਸਦਾ ਹੱਕ ਬਣਦਾ ਹੈ ਕਿ ਉਹ ਔਰਤ ਦੇ ਬੇਕਸੂਰ ਹੁੰਦਿਆਂ ਹੋਇਆਂ ਵੀ ਉਸ ਉੱਪਰ ਹੱਥ ਚੁੱਕ ਸਕਦਾ ਹੈ, ਉਸ ਉੱਪਰ ਤਸ਼ੱਦਦ ਕਰ ਸਕਦਾ ਹੈ। ਕੀ ਅਜਿਹੀ ਸੋਚ ਰੱਖਣ ਵਾਲੇ ਸਮਾਜ ਨੂੰ ਅਸੀਂ ਇੱਕ ਸੱਭਿਅਕ ਤੇ ਵਧੀਆ ਸਮਾਜ ਕਹਿ ਸਕਦੇ ਹਾਂ! ਮੇਰੇ ਅਨੁਸਾਰ ਤਾਂ ਬਿਲਕੁਲ ਨਹੀਂ। ਕੇਵਲ ਸੁਖ ਸਹੂਲਤਾਂ ਦੀਆਂ ਵਸਤੂਆਂ ਵਿੱਚ ਆਇਆ ਪਰਿਵਰਤਨ ਵਿਕਾਸ ਨਹੀਂ, ਵਿਕਾਸ ਤਾਂ ਉਦੋਂ ਹੋਵੇਗਾ ਜਦ ਸਾਡੇ ਵਿਚਾਰਾਂ ਵਿੱਚ ਸਾਡੀ ਸੋਚ ਵਿੱਚ ਪਰਿਵਰਤਨ ਆਵੇਗਾ। ਕਹਿਣ ਨੂੰ ਤਾਂ ਮੋਦੀ ਸਰਕਾਰ ਨੇ ਬਹੁਤ ਸਾਰੇ ਕਾਨੂੰਨਾਂ ਵਿੱਚ ਪਰਿਵਰਤਨ ਕੀਤੇ ਹਨ, ਪਰ ਇੱਕ ਕਾਨੂੰਨ ਨੂੰ ਅਸੀਂ ਵਿਕਾਸ ਦਾ ਨਾਮ ਤਾਂ ਨਹੀਂ ਦੇ ਸਕਦੇ। ਸੋ ਅਸਲ ਵਿੱਚ ਪਰਿਵਰਤਨ ਦੀ ਪਰਿਭਾਸ਼ਾ ਕੇਵਲ ਵਸਤੂਆਂ ਵਿੱਚ ਆਉਣ ਵਾਲੇ ਬਦਲਾਵ ਤੱਕ ਸੀਮਤ ਨਹੀਂ ਹੈ ਬਲਕਿ ਪਰਿਵਰਤਨ ਉਦੋਂ ਹੀ ਕਾਰਗਰ ਹੈ ਜਦੋਂ ਲੋਕਾਂ ਦੀ ਸੋਚ, ਲੋਕਾਂ ਦੇ ਵਿਚਾਰਾਂ ਵਿੱਚ ਤਬਦੀਲੀ ਹੋਵੇ। ਜਿਸ ਨਾਲ ਇੱਕ ਚੰਗੇ ਸਮਾਜ ਦਾ ਅਗਾਜ਼ ਹੋਵੇਗਾ। ਜਿਸ ਵਿੱਚ ਰਹਿ ਕੇ ਹਰ ਵਿਅਕਤੀ ਇੱਕ ਖ਼ੁਸ਼ਹਾਲ ਜੀਵਨ ਬਤੀਤ ਕਰ ਸਕੇਗਾ।



# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਕੜੀ - 24

- ਕਰਮ ਸਿੰਘ ਜ਼ਖ਼ਮੀ

ਕਰਤਾਰ ਸਿੰਘ ਤੇ ਤਾਰਾ ਸਾਰੇ ਪੰਜਾਬ ਦਾ ਇਕ ਚੱਕਰ ਕਟਕੇ ਇਸ ਗੱਲ ਦੀ ਤਸੱਲੀ ਕਰ ਆਏ ਸਨ ਕਿ ਖਾਲਸਾ ਪੰਥ ਤਿਆਰ ਬਰ ਤਿਆਰ ਹੈ ਇਸ ਲਈ ਬਾਬਾ ਜੀ ਨੇ ਇਕ ਸ਼ਾਮਾਂ ਨੂੰ ਰਹਿਰਾਸ ਦੇ ਪਾਠ ਪਿੱਛੋਂ ਅਚਾਨਕ ਹੀ ਐਲਾਨ ਕਰ ਦਿੱਤਾ ਕਿ ਖਾਲਸਾ ਪੰਥ ਦੀਆਂ ਫ਼ੌਜਾਂ ਸਵੇਰੇ ਲਾਹੌਰ ਤੇ ਧਾਵਾ ਬੋਲਣ ਲਈ ਕੂਚ ਕਰ ਰਹੀਆਂ ਹਨ।

ਅਤੇ ਦਿਨ ਚੜਦੇ ਹੀ ਸ਼ੇਰ ਆਪਣੇ ਘੁਰਣਿਆਂ ਵਿਚੋਂ ਨਿਕਲੇ ਤੇ ਜੰਮੂ ਤੋਂ ਪਠਾਨਕੋਟ ਵਲ ਵਧਣਾ ਸ਼ੁਰੂ ਕਰ ਦਿੱਤਾ।

ਏਧਰੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਜੰਮੂ ਤੋਂ ਲਾਹੌਰ ਵੱਲ ਕੂਚ ਕੀਤਾ, ਓਧਰੇ ਦਿੱਲੀ ਦੇ ਤਖ਼ਤੇ ਤੋਂ ਬਾਦਸ਼ਾਹ ਜਹਾਨਦਾਰ ਸ਼ਾਹ ਉਲਟਾ ਦਿੱਤਾ ਗਿਆ। ਉਸ ਨੂੰ ਲਾਹ ਕੇ ਫ਼ਰੁਖ਼ਸੀਅਰ ਨੇ ਰਾਜੇ ਭਾਗ ਸੰਭਾਲ ਲਿਆ। ਉਹ ਇਕ ਸਖ਼ਤ ਕਿਸਮ ਦਾ ਹਾਕਮ ਸੀ। ਉਹ ਪਹਿਲੇ ਦਰਜੇ ਦਾ ਜ਼ਾਲਮ ਤੇ ਜਾਬਰ ਸੀ, ਉਹ ਬਾਦਸ਼ਾਹ ਬਹਾਦਰ ਸ਼ਾਹ ਦੀ ਮੌਤ ਦੇ ਪਿੱਛੋਂ ਹਾਲਾਤ ਗਹੁ ਨਾਲ ਮੁਤਾਲਿਆ ਕਰਦਾ ਹੋਇਆ ਇਹ ਸਮਝ ਰਿਹਾ ਸੀ ਕਿ ਸਿੱਖਾਂ ਨੂੰ ਸਖ਼ਤੀ ਨਾਲ ਨਾ ਦਬਾਇਆ ਗਿਆ ਤਾਂ ਉਹ ਲਾਹੌਰ 'ਤੇ ਤਾਂ ਕਬਜ਼ਾ ਕਰਨਾ ਇਕ ਪਾਸੇ ਰਿਹਾ, ਦਿੱਲੀ 'ਤੇ ਵੀ ਕਬਜ਼ਾ ਕਰਕੇ ਮੁਗ਼ਲ ਰਾਜ ਦਾ ਭੀ ਫ਼ਾਤਿਆ ਪੜ ਦੇਣਗੇ। ਜਦੋਂ ਉਸਨੂੰ ਤਖ਼ਤੇ 'ਤੇ ਬੈਠਣ ਸਾਰੇ ਹੀ ਇਹ ਖ਼ਬਰ ਮਿਲੀ ਕਿ ਬੰਦਾ ਸਿੰਘ ਬਹਾਦਰ ਨੇ ਮੁੜ ਸਿਰ ਕੱਢ ਲਿਆ ਤੇ ਲਾਹੌਰ ਨੂੰ ਜਿੱਤਣ ਲਈ ਪਹਾੜਾਂ ਵਿਚੋਂ ਨਿਕਲ ਕੇ ਮੈਦਾਨਾਂ ਵਿਚ ਪੁੱਜ ਗਿਆ ਹੈ ਤਾਂ ਉਹ ਲੋਹਾ ਲਾਖਾ ਹੋ ਗਿਆ। ਉਸਨੇ ਆਪਣੇ ਅਤਿ ਇਤਬਾਰੀ ਫ਼ੌਜੀ ਸਰਦਾਰ ਅਬਦੁਸ ਸਮੱਦ ਖਾਨ ਤੇ ਉਸਦੇ ਪੁੱਤਰ ਜ਼ਕਰੀਆ ਖਾਨੇ ਨੂੰ ਸੱਦਿਆ। ਜ਼ਕਰੀਆ ਖਾਨ ਇਸ ਸਮੇਂ ਭੀ ਮੁਗ਼ਲ ਫ਼ੌਜ ਵਿਚ ਇਕ ਤਕੜੇ ਅਹੁਦੇ 'ਤੇ ਸੀ। ਦੋਵੇਂ ਪਿਉ ਪੁੱਤਰਾਂ ਬਾਦਸ਼ਾਹ ਫ਼ਰੁਖ਼ਸੀਅਰ ਨੂੰ ਝੁਕ ਕੇ ਸਲਾਮ ਕੀਤਾ।

'ਅਬਦੁਸ ਸਮੱਦ ਖਾਨੇ ਤੁਹਾਨੂੰ ਸ਼ਰਮ ਕਿਉਂ ਨਹੀਂ ਆਉਂਦੀ ਕਿ ਜੋ ਤੁਸੀਂ ਸਿੱਖਾਂ ਨੂੰ ਨਹੀਂ ਦਬਾ ਸਕੇ, ਉਸ ਜਾਦੂਗਰ ਕਾਫ਼ਰ ਬੰਦੇ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੇ। ਇਸ ਤਰਾਂ ਇਹ ਰਾਜ ਕਿਸ ਤਰਾਂ ਰਹੇਗਾ?' ਉਹਨਾਂ ਨੂੰ ਇਸ਼ਾਰੇ ਨਾਲ ਆਪਣੇ ਸਾਹਮਣੇ ਬਿਠਾ ਕੇ ਫ਼ਰੁਖ਼ਸ਼ੀਅਰ ਨੇ ਉਹਨਾਂ ਤੇ ਵਰਨਾ ਸ਼ੁਰੂ ਕਰ ਦਿੱਤਾ।

'ਸ਼ਹਿਨਸ਼ਾਹ ਸਲਾਮਤ ਅਸਾਨੂੰ ਮੌਕਾ ਹੀ ਨਹੀਂ ਦਿੱਤਾ ਗਿਆ। ਬਹਾਦਰ ਸ਼ਾਹ ਤੋਂ ਜਹਾਨਦਾਰ ਸ਼ਾਹ ਨੇ ਅਸਾਡੇ ਸਾਰੇ ਖ਼ਾਨਦਾਨ ਨੂੰ ਨੁੱਕਰੇ ਲਾਈ ਰੱਖਿਆ ਹੈ, ਅਸੀਂ ਕੀ ਕਰਦੇ ਉਤਰ ਅਬਦੁਸ ਸਮੱਦ ਖਾਨ ਦੀ ਥਾਂ ਉਸਦੇ ਪੁੱਤਰ ਜ਼ਕਰੀਆ ਖਾਨ ਨੇ ਦਿੱਤਾ।' ਫ਼ਰੁਖ਼ਸ਼ੀਅਰ ਸੋਚਾਂ ਵਿਚ ਪੈ ਗਿਆ।

'ਮੈਂ ਇਹ ਕਾਫ਼ਰ ਜਾਦੂਗਰ ਨੂੰ ਪਿੰਜਰੇ ਵਿਚ ਬੰਦ ਆਪਣੇ ਸਾਹਮਣੇ ਵੇਖਣਾ ਚਾਹੁੰਦਾ ਹਾਂ?' ਫ਼ਰੁਖ਼ਸ਼ੀਅਰ ਦਾ ਗ਼ੁੱਸਾ ਹੋਰ ਚਮਕਦਾ ਚੱਲਿਆ ਆ ਰਿਹਾ ਸੀ।

'ਸ਼ਹਿਨਸ਼ਾਹ ਆਲਮ ਜਹਾਨਦਾਰ ਸ਼ਾਹ ਦੀ ਕਮਜ਼ੋਰੀ ਤੋਂ ਲਾਭ ਉਠਾ ਕੇ ਉਸਨੇ ਫੇਰ ਤਾਕਤ ਫੜ ਲਈ ਹੈ ਸਰਹੰਦ, ਸਢੌਰੇ ਤੇ ਲੋਹਗੜ 'ਤੇ ਮੁੜ ਕਬਜ਼ਾ ਕਰ ਲਿਆ ਹੈ, ਪਹਿਲਾਂ ਇਹ ਥਾਵਾਂ ਉਸ ਤੋਂ ਵਾਪਸ ਲੈਣੀਆਂ ਹੋਣਗੀਆਂ।'

'ਨਹੀਂ ਇਹਨਾਂ ਦੀ ਵਾਪਸੀ ਦੀ ਕਾਹਲੀ ਨਹੀਂ, ਇਸ ਮੁਹਿੰਮ ਤੇ ਮੈਂ ਜੈਨ ਖਾਂ ਨੂੰ ਭੇਜ ਦਿੱਤਾ ਹੈ। ਇਹ ਥਾਵਾਂ ਅਸਾਡੇ ਘੇਰੇ ਵਿਚ ਹਨ ਇਨਾਂ ਦੀ ਨਾਕਾਬੰਦੀ ਕਰ ਲਈ ਜਾਵੇਗੀ ਤੇ ਜਦ ਚਾਹਵਾਂਗੇ ਕਬਜ਼ਾ ਕਰ ਲਵਾਂਗੇ, ਫ਼ਰੁਖ਼ਸ਼ੀਅਰ ਨੇ ਆਖਿਆ, ਉਹਦੇ ਚਹਿਰੇ ਦਾ ਗ਼ੁੱਸਾ ਹਾਲਾਂ ਹੋਰ ਭਖਦਾ ਚੱਲਿਆ ਜਾ ਰਿਹਾ ਸੀ।

'ਸ਼ਹਿਨਸ਼ਾਹ ਆਲਮ, ਤੁਸੀਂ ਜਿਹੜੀ ਭੀ ਸੇਵਾ ਅਸਾਥੋਂ ਲੈਣੀ ਹੈ ਲਓ। ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਜ਼ਿੰਮੇਵਾਰੀ ਤਦ ਹੀ ਨਿਭਾਈ ਜਾ ਸਕਦੀ ਹੈ ਤੇ ਜਦ ਪੂਰੇ ਅਧਿਕਾਰ ਵੀ ਹੋਣ।' ਅਬਦੁਸ ਸਮੱਦ ਖਾਨ ਨੇ ਕਿਹਾ

'ਗੱਲ ਲਮਕਾਉਣੀ ਨਹੀਂ ਚਾਹੀਦੀ ਤੁਰੰਤ ਮੁਕਾਉਣੀ ਚਾਹੀਦੀ ਹੈ। ਮੈਂ ਤੁਹਾਥੋਂ ਦੋ ਕੰਮ ਲੈਣੇ ਹਨ ਇਕ ਲਾਹੌਰ ਨੂੰ ਉਸ ਜਾਦੂਗਰ ਕਾਫ਼ਰ ਦੀ ਮਾਰ ਤੋਂ ਬਚਾਉਣਾ ਤੇ ਉਸ ਨੂੰ ਗ੍ਰਿਫ਼ਤਾਰ ਕਰਨਾ ਹੈ ਤੇ ਦੂਜਾ ਜੰਮੂ ਵਿਚੋਂ ਸਿੱਖਾਂ ਦਾ ਖੁਰਾ ਖੋਜ ਮਿਟਾਉਣਾ ਹੈ। ਦੱਸੋ ਇਸ ਲਈ ਕੀ ਮੰਗਦੇ ਹੋ।' ਫ਼ਰੁਖ਼ਸ਼ੀਅਰ ਇਸ ਸਮੇਂ ਸੌਦੇਬਾਜ਼ੀ ਦੇ ਨੁਕਤੇ ਨਾਲ ਬੋਲ ਰਿਹਾ ਸੀ।

'ਸ਼ਹਿਨਸ਼ਾਹ ਸਲਾਮਤ ਇਹਨਾਂ ਦੋਹਾਂ ਕੰਮਾਂ ਨੂੰ ਸਿਰੇ ਚਾੜਨ ਲਈ ਲਾਹੌਰ ਦੀ ਸੂਬੇਦਾਰੀ ਤੇ ਜੰਮੂ ਦੀ ਫ਼ੌਜਦਾਰੀ ਚਾਹੀਦੀ ਹੈ।' ਅਬਦੁਲ ਸਮਦ ਖਾਨ ਨੇ ਕਿਹਾ, 'ਮਨਜ਼ੂਰ ਹੈ, ਤੁਹਾਨੂੰ ਲਾਹੌਰ ਦਾ ਸੂਬੇਦਾਰ ਮੁਕੱਰਰ ਕੀਤਾ ਹੈ ਤੇ ਜ਼ਕਰੀਆ ਖਾਨ ਨੂੰ ਜੰਮੂ ਦਾ ਫ਼ੌਜਦਾਰ ਤੁਹਾਡਾ ਰੋਹਬ ਤੇ ਵਕਾਰ ਵਧਾਉਣ ਲਈ ਤੁਹਾਨੂੰ ਦਲੇਰੇ ਜੰਗ ਦਾ ਖ਼ਿਤਾਬ ਭੀ ਦਿੱਤਾ ਜਾਂਦਾ ਹੈ, ਰੁਪਿਆ ਜਿਤਨਾ ਚਾਹੋ, ਖ਼ਜ਼ਾਨੇ ਵਿਚੋਂ ਲੈ ਜਾਓ।'

ਫ਼ਰੁਖ਼ਸ਼ੀਅਰ ਨੇ ਦੋ ਟੂਕ ਫ਼ੈਸਲਾ ਕਰ ਦਿੱਤਾ ਅਤੇ ਇਹਨਾਂ ਨਿਯੁਕਤੀਆਂ ਦੇ ਕਾਗਜ਼ ਤਿਆਰ ਕਰਵਾ ਕੇ ਵੀ ਉਨਾਂ ਦੇ ਹਵਾਲੇ ਕਰ ਦਿੱਤੇ ਗਏ।

ਬਾਬਾ ਬੰਦਾ ਸਿੰਘ ਬਹਾਦਰ, ਕਰਤਾਰ ਸਿੰਘ ਤੇ ਤਾਰਾ ਨੂੰ ਨਾਲ ਲੈ ਕੇ ਨਹੀਂ ਸਨ ਗਏ, ਸਗੋਂ ਉਹਨਾਂ ਨੂੰ ਜੰਮੂ ਦੇ ਡੇਰੇ ਵਿਚ ਇਹ ਤਾਕੀਦੀ ਹੁਕਮ ਦੇ ਕੇ ਛੱਡ ਆਏ ਸਨ ਕਿ ਉਹ ਉੱਥੇ ਘਟਨ ਵਾਲੀਆਂ ਘਟਨਾਵਾਂ ਤੇ ਨਿਗਾਹ ਰੱਖਣ ਤੇ ਉਹਨਾਂ ਬਾਰੇ ਪੂਰੀ ਜਾਣਕਾਰੀ ਉਹਨਾਂ ਨੂੰ ਪੁਚਾਉਣ। ਹਾਲਾਂ ਬਾਬਾ ਜੀ ਦਾ ਡੇਰਾ ਪਠਾਨਕੋਟ ਵਿਚ ਸੀ ਕਿ ਉਹ ਦੋਵੇਂ ਉੱਥੇ ਜਾ ਮਿਲੇ। ਉਹਨਾਂ ਨੇ ਦੱਸਿਆ ਕਿ ਤੁਹਾਡੇ ਜੰਮੂ ਤੋਂ ਨਿਕਲਣ ਪਿੱਛੋਂ ਮੁਗ਼ਲ ਸ਼ਾਹੀ ਵਿਚ ਇਕ ਤੂਫ਼ਾਨ ਉਠ ਖੜਾ ਹੋਇਆ ਹੈ। ਜਹਾਨਦਾਰ ਸ਼ਾਹ ਗੱਦੀਓਂ ਲਹਿ ਗਿਆ ਹੈ ਤੇ ਫ਼ਰੁਖ਼ਸ਼ੀਅਰ ਨੇ ਰਾਜ ਭਾਗ ਸੰਭਾਲ ਕੇ ਹੁਕਮ ਦਿੱਤਾ ਹੈ ਕਿ ਹਰ ਕੀਮਤ ਤੇ ਹਰ ਹਾਲਤ ਵਿਚ ਸਿੱਖਾਂ ਦਾ ਖੁਰਾ ਖੋਜ ਮਿਟਾ ਕੇ ਬਾਬਾ ਜੀ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਇਸ ਲਈ ਲਾਹੌਰ ਪਾਸ ਇਕੱਠੇ ਹੋਣ ਲਈ ਕਹਿ ਦਿੱਤਾ ਗਿਆ ਹੈ। ਜੰਮੂ ਤੋਂ ਹਰਦੇਵ ਭੀ ਆਪਣੀ ਫ਼ੌਜ ਲੈ ਕੇ ਆ ਰਿਹਾ ਹੈ।

ਇਹ ਗੱਲਾਂ ਬਾਬਾ ਬਿਨੋਦ ਸਿੰਘ ਨੇ ਭੀ ਸੁਣੀਆਂ ਉਸਨੇ ਕਿਹਾ, 'ਮਹਾਰਾਜ ਅਸਾਨੂੰ ਇਸ ਸਮੇਂ ਲਾਹੌਰ ਦਾ ਖ਼ਿਆਲ ਛੱਡ ਦੇਣਾ ਚਾਹੀਦਾ ਹੈ, ਪਹਾੜੀ ਰਿਆਸਤਾਂ ਨੂੰ ਸਿਧਾ ਕਬਜ਼ੇ ਵਿਚ ਲੈ ਲੈਣਾ ਚਾਹੀਦਾ ਹੈ ਤੇ ਮਾਲਵੇ ਵਿਚ ਆਪਣਾ ਰਾਜ ਪੱਕਾ ਕਰਕੇ ਅਸਾਨੂੰ ਦੁਆਬੇ ਵਿਚ ਦੀ ਹੁੰਦੇ ਹੋਏ ਲਾਹੌਰ ਵਲ ਵਧਣਾ ਚਾਹੀਦਾ ਹੈ।'

'ਬਾਬਾ ਜੀ ਖਾਲਸਾ ਪੰਥ ਨੇ ਜੋ ਕਦਮ ਚੁੱਕ ਲਿਆ ਹੈ ਉਹ ਪਿੱਛੇ ਨਹੀਂ ਹਟ ਸਕਦਾ। ਅਸੀਂ ਲਾਹੌਰ ਪੁੱਜਣ ਲਈ ਇਰਾਦਾ ਕਰਕੇ ਚਲੇ ਹਾਂ?' ਬਾਬਾ ਬੰਦਾ ਸਿੰਘ ਬਹਾਦਰ ਨੇ ਕਿਹਾ।

'ਵਿਚਾਰ ਲਓ ਮੈਂ ਆਪਣੀ ਰਾਏ ਤੁਹਾਡੇ ਸਾਹਮਣੇ ਰੱਖ ਦਿੱਤੀ ਹੈ ਇਸ ਸਮੇਂ ਤੇ ਤਾਕਤ ਭੰਗ ਦੇ ਭਾੜੇ ਗਵਾਉਣ ਵਾਲੀ ਗੱਲ ਹੈ, ਹੋ ਸਕਦਾ ਹੈ ਕਿ ਸ਼ਹੀਦੀਆਂ ਤੋਂ ਬਿਨਾਂ ਹੋਰ ਕੁਝ ਹੱਥ ਨਾ ਆਵੇ।' ਬਾਬਾ ਬਿਨੋਦ ਸਿੰਘ ਨੇ ਕਿਹਾ।

'ਸ਼ਹੀਦੀਆਂ ਭੀ ਤਾਂ ਭਾਗਾਂ ਵਾਲਿਆਂ ਨੂੰ ਮਿਲਦੀਆਂ ਹਨ। ਅਸੀਂ ਜਾਣਦੇ ਹਾਂ ਆਜ਼ਾਦੀ ਹਾਲਾਂ ਹੋਰ ਸ਼ਹੀਦੀਆਂ ਮੰਗਦੀ ਹੈ ਅਸੀਂ ਖਿੜੇ ਮੱਥੇ ਸਿਰਾਂ ਦੇ ਰੂਪ ਵਿਚ ਭੁਗਤਾਨ ਕਰਾਂਗੇ।' ਬਾਬਾ ਬੰਦਾ ਸਿੰਘ ਬਹਾਦਰ ਨੇ ਕਿਹਾ ਤੇ ਬਾਬਾ ਬਿਨੋਦ ਸਿੰਘ ਚੁੱਪ ਹੋ ਗਿਆ।

'ਤੁਸੀਂ ਲਾਹੌਰ ਜਾਓ, ਹਾਜ਼ੀ ਜੀ ਤੋਂ ਇਲਾਵਾ ਮੌਲਾਨਾ ਬਰਕਤਉਲਾ ਨੂੰ ਮਿਲੋ। ਸੁੰਨੀ ਮੁਸਲਮਾਨਾਂ ਦੀ ਕਲਾਨੌਰ ਤੇ ਬਟਾਲੇ ਵਿਚ ਭਾਰੀ ਗਿਣਤੀ ਹੈ। ਇਸ ਸਮੇਂ ਅਸਾਨੂੰ ਉਹਨਾਂ ਦੀ ਮਦਦ ਦੀ ਸਖ਼ਤ ਲੋੜ ਹੈ। ਇਹ ਭੀ ਪਤਾ ਕਰਨਾ ਹੈ ਕਿ ਅਸਾਡੇ ਮੁਕਾਬਲੇ ਲਈ ਕਿਹੜੇ ਫ਼ੌਜਦਾਰ ਇਕੱਠੇ ਹੋ ਰਹੇ ਹਨ ਤੇ ਉਹਨਾਂ ਪਾਸ ਕੁਲ ਕਿਤਨੀ ਫ਼ੌਜ ਹੈ।' ਬਾਬਾ ਬੰਦਾ ਸਿੰਘ ਨੇ ਕਰਤਾਰ ਸਿੰਘ ਤੇ ਤਾਰਾ ਨੂੰ ਕਿਹਾ ਅਤੇ ਘੋੜਿਆਂ 'ਤੇ ਸਵਾਰ ਹੋ ਕੇ ਉਹ ਉਸੇ ਵੇਲੇ ਲਾਹੌਰ ਨੂੰ ਤੁਰ ਗਏ।

ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਸਾਰੇ ਮੁਖੀ ਸਰਦਾਰਾ ਦਾ ਇਕ ਇਕੱਠ ਸੱਦਿਆ, ਸਾਰੇ ਹਾਲਾਤ 'ਤੇ ਵਿਚਾਰ ਕੀਤੀ ਗਈ ਅਤੇ ਸਰਬ ਸੰਮਤੀ ਨਾਲ ਫ਼ੈਸਲਾ ਹੋਇਆ ਕਿ ਰਸਤੇ ਵਿਚ ਕਿਧਰੇ ਕੋਈ ਲੜਾਈ ਭੜਾਈ ਨਾ ਕੀਤੀ ਜਾਵੇ। ਸਿਧਾ ਕਲਾਨੌਰ ਪੁੱਜ ਕੇ ਉਸਤੇ ਕਬਜ਼ਾ ਕੀਤਾ ਜਾਵੇ, ਇਸਦੇ ਪਿਛੋਂ ਬਟਾਲਾ ਫਤਹਿ ਕੀਤਾ ਜਾਵੇ ਅਤੇ ਇਸ ਸਾਰੇ ਇਲਾਕੇ ਵਿਚ ਪੈਰ ਪੱਕੇ ਕਰਕੇ ਲਾਹੌਰ ਦੇ ਕਿਲੇ ਉੱਤੇ ਖਾਲਸਾ ਰਾਜ ਦੇ ਝੰਡੇ ਝੁਲਾ ਦਿੱਤੇ ਜਾਣ। ਇਸ ਫ਼ੈਸਲੇ ਦੇ ਪਿੱਛੋਂ ਸਿੱਖ ਫ਼ੌਜਾਂ ਮੀਂਹ ਹਨੇਰੀ ਵਾਂਗ ਅੱਗੇ ਵਧੀਆਂ ਤੇ ਜਾਂਦਿਆਂ ਹੀ ਬਾਜ ਵਾਂਗੀ ਝਪਟ ਕੇ ਕਲਾਨੌਰ ਤੇ ਕਬਜ਼ਾ ਕਰ ਲਿਆ। ਸੁੰਨੀ ਮੁਸਲਮਾਨਾਂ ਨੇ ਨਾ ਕੇਵਲ ਸਿੱਖਾਂ ਦੀ ਮਦਦ ਹੀ ਕੀਤੀ, ਸਗੋਂ ਉਹਨਾਂ ਵਿਚੋਂ ਚੋਖੀ ਗਿਣਤੀ ਫ਼ੌਜ ਵਿਚ ਭਰਤੀ ਭੀ ਹੋ ਗਏ। ਉਹਨਾਂ ਦੇ ਆਗੂ ਮੌਲਾਨਾ ਬਸ਼ੀਰ ਅਹਿਮਦ ਨੇ ਬੇਨਤੀ ਕੀਤੀ 'ਬਾਬਾ ਜੀ ਅਸਾਡਾ ਨਿਮਾਜ਼ ਤੇ ਬਾਂਗ ਤੇ ਪਾਬੰਦੀ ਨਹੀਂ ਲਗਾਣੀ ਚਾਹੀਦੀ।'

'ਸਵਾਲ ਹੀ ਪੈਦਾ ਨਹੀਂ ਹੁੰਦਾ। ਖਾਲਸਾ ਰਾਜ ਵਿਚ ਹਰ ਧਰਮ ਦੇ ਲੋਕਾਂ ਨੂੰ ਪੂਰਨ ਆਜ਼ਾਦੀ ਹੋਵੇਗੀ। ਇਹ ਰਾਜ ਸਾਰੇ ਪੰਜਾਬੀਆਂ ਦਾ ਸਾਂਝਾ ਹੋਵੇਗਾ। ਸਰਕਾਰ ਸਾਰੇ ਧਰਮਾਂ ਦੇ ਧਰਮ ਅਸਥਾਨਾਂ ਦੀ ਮੁਰੰਮਤ ਤੇ ਉਸਾਰੀ ਲਈ ਸਹਾਇਤਾ ਕਰੇਗੀ। ਬਾਬਾ ਬੰਦਾ ਸਿੰਘ ਬਹਾਦਰ ਨੇ ਇਹ ਕਹਿੰਦੇ ਹੋਏ ਆਪਣੇ ਖ਼ਜ਼ਾਨਚੀ ਭਾਈ ਗੁਰਮੁਖ ਸਿੰਘ ਨੂੰ ਸੱਦਿਆ ਤੇ ਹੁਕਮ ਦਿੱਤਾ ਕਿ ਮੌਲਾਨਾ ਸਾਹਿਬ ਨੂੰ ਆਪਣੇ ਲੋਕਾਂ ਦੀ ਸਹਾਇਤਾ ਤੇ ਮਸੀਤ ਦੀ ਮੁਰੰਮਤ ਲਈ ਪੰਜਾਹ ਹਜ਼ਾਰ ਰੁਪਿਆ ਦੇ ਦਿਓ। ਰੁਪਿਆ ਉਸੇ ਵੇਲੇ ਦੇ ਦਿੱਤਾ ਗਿਆ।

'ਬਾਬਾ ਜੀ ਜਿਹੜੇ ਮੁਸਲਮਾਨ ਫ਼ੌਜ ਵਿਚ ਭਰਤੀ ਹੋਏ ਹਨ, ਉਹਨਾਂ ਦੀਆਂ ਤਨਖਾਹਾਂ ਬੰਨ ਦਿਓ?' ਮੌਲਾਨਾ ਨੇ ਹੋਰ ਬੇਨਤੀ ਕੀਤੀ।



'ਇਹ ਕੰਮ ਭੀ ਤੁਸੀਂ ਹੀ ਸੰਭਾਲ, ਕਲਾਨੌਰ ਦਾ ਥਾਣੇਦਾਰ ਭੀ ਤੁਹਾਨੂੰ ਹੀ ਨਿਯੁਕਤ ਕਰਦੇ ਹਾਂ। ਰੁਪਿਆ ਜਿਤਨਾ ਲੋੜ ਹੋਵੇ, ਲੱਦੇ ਜਾਓ। ਬਾਬਾ ਜੀ ਨੇ ਆਖਿਆ। ਕਲਾਨੌਰ ਵਿਚ ਠਾਣਾਂ ਬਿਠਾ ਦਿੱਤਾ ਗਿਆ ਤੇ ਉੱਥੋਂ ਤੇਜ਼ੀ ਨਾਲ ਅੱਗੇ ਵਧਕੇ ਚਾਰ ਦਿਨਾਂ ਪਿੱਛੋਂ ਇਕ ਸਾਧਾਰਨ ਜਿਹੀ ਲੜਾਈ ਪਿੱਛੋਂ ਬਟਾਲੇ ਤੇ ਭੀ ਕਬਜ਼ਾ ਕਰ ਲਿਆ ਗਿਆ। ਫ਼ੌਜੀ ਤੌਰ ਤੇ ਪੰਜਾਬ ਵਿਚ ਉਸ ਸਮੇਂ ਲਾਹੌਰ ਦੇ ਪਿੱਛੋਂ ਬਟਾਲੇ ਦੀ ਮਹਾਨਤਾ ਸਭ ਤੋਂ ਵਧੇਰੇ ਸੀ ਇਸਦੀ ਜਿੱਤ ਪਿੱਛੋਂ ਲਾਹੌਰ ਨੂੰ ਕੂਚ ਕਰਨ ਲਈ ਤਿਆਰੀਆਂ ਕੀਤੀਆਂ ਜਾਣ ਲੱਗੀਆਂ।

ਲਾਹੌਰ ਤੋਂ ਹਾਜ਼ੀ ਮੌਲਾ ਬਖ਼ਸ਼ ਦਾ ਕਹਿੰਦਾ ਲਾਲ ਖਾਨ ਬਟਾਲੇ ਪੁੱਜਿਆ। ਪਹਿਲਾਂ ਉਹ ਸਰਦਾਰ ਬਾਜ਼ ਸਿੰਘ ਨੂੰ ਮਿਲਿਆ ਤੇ ਇਕ ਚਿੱਠੀ ਹਾਜ਼ੀ ਦੀ ਦਿੱਤੀ। ਚਿੱਠੀ ਪੜਕੇ ਬਾਜ਼ ਸਿੰਘ ਨੇ ਪੁੱਛਿਆ 'ਕਰਤਾਰ ਸਿੰਘ ਤੇ ਤਾਰਾ ਕਿਉਂ ਨਹੀਂ ਆਏ।'

'ਉਹਨਾਂ ਦੀ ਹਾਲਾਂ ਉੱਥੇ ਲੋੜ ਹੈ। ਤਾਰਾ ਤਾਂ ਸ਼ਬਾਨਾ ਨਾਲ ਸਾਰਾ ਸਾਰਾ ਦਿਨ ਕਿਲੇ ਵਿਚ ਗੁਜ਼ਾਰਦੀ ਹੈ ਤੇ ਕਰਤਾਰ ਸਿੰਘ ਮੌਲਾਨਾ ਬਰਕਤ ਉਲਾ ਦੀ ਸਹਾਇਤਾ ਨਾਲ ਤੁਹਾਡੇ ਲਈ ਫ਼ੰਡ ਜਮਾਂ ਕਰ ਰਿਹਾ ਹੈ।' ਲਾਲ ਖਾਨ ਨੇ ਦੱਸਿਆ 'ਉਹ ਦੋਵੇਂ ਸ਼ੌਕਤ ਹਿਯਾਤ ਤੇ ਸ਼ਬਨਮ ਬਣੇ ਹੋਏ ਹਨ।'

ਬਾਜ ਸਿੰਘ ਹੱਸ ਪਿਆ ਉਸਨੇ ਕਿਹਾ 'ਇਹ ਕੁੜੀ ਤੇ ਮੁੰਡਾ ਸੱਚਮੁਚ ਹੀ ਬੜੇ ਬਹਾਦਰ ਹਨ।'

'ਮੈਂ ਤਾਂ ਬਾਬਾ ਬੰਦਾ ਜੀ ਦੇ ਦਰਸ਼ਨ ਕਰਨ ਦੀ ਸੱਧਰ ਲੈ ਕੇ ਆਇਆ ਹਾਂ।' ਲਾਲ ਖਾਨ ਨੇ ਕਿਹਾ।

'ਜ਼ਰੂਰ ਨਾਲੇ ਇਹ ਚਿੱਠੀ ਵੀ ਤਾਂ ਉਹਨਾਂ ਲਈ ਹੀ ਹੈ। ਉਹ ਬਾਦਸ਼ਾਹ ਹਨ, ਆਖ਼ਰੀ ਫ਼ੈਸਲਾ ਉਹਨਾਂ ਹੀ ਕਰਨਾ ਹੈ। ਬਾਜ ਸਿੰਘ ਨੇ ਕਿਹਾ ਤੇ ਲਾਲ ਖਾਨ ਨੂੰ ਨਾਲ ਲੈ ਕੇ ਬਾਬਾ ਜੀ ਦੇ ਤੰਬੂ ਵਿਚ ਚੱਲਿਆ ਗਿਆ।

ਬਾਬਾ ਬੰਦਾ ਸਿੰਘ ਹਾਲਾਂ ਜਪੁਜੀ ਸਾਹਿਬ ਦਾ ਪਾਠ ਕਰਕੇ ਹਟੇ ਸਨ, ਉਹਨਾਂ ਦੇ ਚਿਹਰੇ ਤੇ ਇਸ ਸਮੇਂ ਰੂਹਾਨੀਅਤ ਦਾ ਨੂਰ ਬਰਸ ਰਿਹਾ ਸੀ ਤੇ ਉਹ ਬਹੁਤ ਖ਼ੁਸ਼ ਨਜ਼ਰ ਆ ਰਹੇ ਸਨ। ਫਤਹਿ ਬੁਲਾਕੇ ਸਰਦਾਰ ਬਾਜ਼ ਸਿੰਘ ਉਹਨਾਂ ਦੇ ਪਾਸ ਬੈਠ ਗਿਆ। ਲਾਲ ਖਾਨ ਉਹਨਾਂ ਦੇ ਗੋਡਿਆਂ ਨੂੰ ਹੱਥ ਲਾ ਕੇ ਦੂਜੇ ਪਾਸੇ ਬੈਠ ਗਿਆ। ਸ: ਬਾਜ਼ ਸਿੰਘ ਨੇ ਉਹਨਾਂ ਨੂੰ ਲਾਲ ਖਾਨ ਬਾਰੇ ਦੱਸਿਆ। ਬਾਬਾ ਜੀ ਨੇ ਉਹਦੇ ਪਿੱਠ ਤੇ ਥਾਪੀ ਦਿੰਦੇ ਹੋਏ ਬਾਜ ਸਿੰਘ ਨੂੰ ਆਖਿਆ ਇਹਨਾਂ ਨੂੰ ਖ਼ਜ਼ਾਨਚੀ ਪਾਸੋਂ ਇਕ ਹਜ਼ਾਰ ਰੁਪੈ ਇਨਾਮ ਦਿਵਾ ਦਿਓ। ਇਹਨਾਂ ਬੜੀ ਖੇਚਲ ਕੀਤੀ ਹੈ।

'ਚਿੱਠੀ ਪੜ ਲਓ, 'ਸਰਦਾਰ ਬਾਜ ਸਿੰਘ ਨੇ ਬਾਬਾ ਜੀ ਨੂੰ ਚਿੱਠੀ ਦਿੰਦੇ ਹੋਏ ਕਿਹਾ ਤੇ ਲਾਲ ਖਾਨ ਨੂੰ ਲੈ ਕੇ ਬਾਹਰ ਨਿਕਲ ਗਿਆ।'

ਬਾਬਾ ਜੀ ਨੇ ਚਿੱਠੀ ਪੜਨੀ ਸ਼ੁਰੂ ਕੀਤੀ। ਜਿਉਂ ਜਿਉਂ ਉਹ ਪੜਦੇ ਜਾਂਦੇ ਸਨ, ਉਹਨਾਂ ਦੇ ਚਿਹਰੇ ਦਾ ਰੰਗ ਬਦਲਦਾ ਜਾਂਦਾ ਸੀ। ਚਿੱਠੀ ਹਾਜ਼ੀ ਮੌਲਾ ਬਖ਼ਸ਼ ਤੇ ਕਰਤਾਰ ਸਿੰਘ ਦੋਹਾਂ ਵੱਲੋਂ ਸੀ। ਬਾਬਾ ਜੀ ਨੂੰ ਇਤਲਾਹ ਦਿੱਤੀ ਗਈ ਸੀ ਕਿ ਅਬਦੁਸ ਸਮਦ ਖਾਨ ਸੂਬੇਦਾਰ ਬਣ ਕੇ ਅਤੇ ਦਿੱਲੀ ਤੋਂ ਭਾਰੀ ਫ਼ੌਜ ਲੈ ਕੇ ਤੁਹਾਡੇ ਟਾਕਰੇ ਲਈ ਲਾਹੌਰ ਪੁੱਜ ਗਿਆ ਹੈ ਤੇ ਉਸਦੇ ਨਾਲ ਦਿੱਲੀ ਦਾ ਇਕ ਹੋਰ ਫ਼ੌਜੀ ਸਰਦਾਰ ਕਮਰੂਦੀਨ ਖਾਨ ਭੀ ਹੈ। ਹੋਰ ਫੌਂਦਾਰ ਬਖ਼ਸ਼ੀ ਅਫਸਿਆਬ ਖਾਨ, ਮੁਜ਼ੱਫਰ ਖਾਨ, ਰਾਜਾ ਉਦਿਤ ਸਿੰਘ, ਬੁਦੇਲਾ, ਗੁਪਾਲ ਚੰਦ ਭਟਵਾੜ ਆ ਤੇ ਗੁਜਰਾਤ ਦਾ ਫ਼ੌਜਦਾਰ ਮਿਰਜ਼ਾ ਅਹਿਮਦ ਪੁੱਜ ਚੁੱਕੇ ਹਨ ਤੇ ਹੋਰ ਧੜਾ ਧੜ ਪੁੱਜ ਰਹੇ ਹਨ।

ਇਹਨਾਂ ਸਭਨਾਂ ਨੂੰ ਕਿਲੇ ਵਿਚ ਸੱਦ ਕੇ ਅਬਦੁਸ ਸਮਦ ਖਾਨ ਨੇ ਕਿਹਾ ਹੈ ਕਿ ਮੁਕਾਬਲਾ ਲਾਹੌਰ ਦੇ ਨੇੜੇ ਹੀ ਕਰਨਾ ਹੈ ਤੇ ਸਿੱਖਾਂ ਦਾ ਨਾਮ ਨਿਸ਼ਾਨ ਮਿਟਾ ਦੇਣਾ ਹੈ। ਚਿੱਠੀ ਪੜਕੇ ਬਾਬਾ ਬੰਦਾ ਬਹਾਦਰ ਸੋਚਾਂ ਵਿਚ ਪੈ ਗਏ, ਮਾਮਲਾ ਗੰਭੀਰ ਰੂਪ ਧਾਰਦਾ ਜਾ ਰਿਹਾ ਸੀ। ਸਰਦਾਰ ਬਾਜ਼ ਸਿੰਘ ਲਾਲ ਖਾਨ ਨੂੰ ਲੈ ਕੇ ਤੰਬੂ ਵਿਚ ਮੁੜ ਆਇਆ, ਉਸਨੂੰ ਰੁਪੈ ਮਿਲ ਗਏ ਸਨ ਤੇ ਉਹ ਲਾਹੌਰ ਲਈ ਬਾਬਾ ਜੀ ਦਾ ਸੁਨੇਹਾ ਲੈਣਾ ਚਾਹੁੰਦਾ ਸੀ। ਉਸ ਦੀ ਪੁੱਛ 'ਤੇ ਬਾਬਾ ਜੀ ਨੇ ਕਿਹਾ, ਹਾਜ਼ੀ ਜੀ ਜੋ ਸੇਵਾ ਕਰ ਰਹੇ ਹਨ, ਉਸ ਲਈ ਅਸਾਡੇ ਵੱਲੋਂ ਉਨਾਂ ਦਾ ਧੰਨਵਾਦ। ਵਾਹਿਗੁਰੂ ਨੂੰ ਮਨਜ਼ੂਰ ਹੋਇਆ ਤਾਂ ਹੁਣ ਲਾਹੌਰ ਵਿਚ ਹੀ ਮੁਲਾਕਾਤ ਹੋਵੇਗੀ। ਕਰਤਾਰ ਸਿੰਘ ਤੇ ਤਾਰਾ ਹਾਲਾ ਉੱਥੇ ਹੀ ਰਹਿਣ, ਉੱਥੇ ਦਾ ਕੰਮ ਮੁਕਾ ਕੇ ਉਹ ਜੰਮੂ ਚਲੇ ਜਾਣ, ਏਧਰ ਨਾ ਆਉਣ।

ਲਾਲ ਖਾਨ ਨੂੰ ਤੋਰਨ ਪਿੱਛੋਂ ਬਾਬਾ ਜੀ ਨੇ ਆਪਣੇ ਤੰਬੂ ਵਿਚ ਹੀ ਸਾਰੇ ਸਰਦਾਰਾਂ ਨੂੰ ਸੱਦਿਆ। ਚਿੱਠੀ ਪੜ ਕੇ ਸੁਣਾਈ ਗਈ ਤੇ ਉਸ ਦੇ ਆਧਾਰ ਤੇ ਗੁਰਮਤਾ ਇਹ ਕੀਤਾ ਗਿਆ ਕਿ ਹਾਲਾਂ ਇਹਨਾਂ ਫਤਹ ਕੀਤੇ ਇਲਾਕਿਆਂ ਵਿਚ ਹੀ ਪੈਰ ਪੱਕੇ ਕੀਤੇ ਜਾਣ, ਜੰਗ ਭੀ ਹੋਵੇ ਤਾਂ ਇਹ ਥਾਂ ਠੀਕ ਰਹੇਗੀ।

ਰਾਤ ਪੈਣ ਤੇ ਲੜਾਈ ਥੰਮ ਗਈ। ਸਿੰਘਾਂ ਨੇ ਰਾਤ ਦੇ ਹਨੇਰੇ ਵਿਚ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ। ਸੂਬੇਦਾਰ ਅਬਦੁਲ ਸਮਦ ਖਾਨ ਦੀ ਇਸ ਸਮੇਂ ਬੜੀ ਮਾੜੀ ਹਾਲਤ ਸੀ। ਉਸ ਨੇ ਜਿਸਨੂੰ ਸ਼ਿਕਾਰੇ ਸਮਝਿਆ ਸੀ। ਉਹ ਅੱਗੋਂ ਸ਼ਿਕਾਰੀ ਹੋ ਕੇ ਟੱਕਰਿਆ। ਉਸਨੂੰ ਇਸ ਗੱਲ ਦਾ ਸੁਪਨੇ ਵਿਚ ਵੀ ਖ਼ਿਆਲ ਨਹੀਂ ਸੀ ਕਿ ਸਿੱਖ ਇੰਨੀ ਸਖ਼ਤੀ ਨਾਲ ਮੁਕਾਬਲਾ ਕਰਨਗੇ। ਇਸ ਹਮਲੇ ਵਿੱਚ ਉਸ ਪਾਸੇ ਪੰਝੀ ਹਜ਼ਾਰ ਤੋਂ ਵਧੇਰੇ ਫ਼ੌਜ ਸੀ।

ਇਤਨਾ ਸਖ਼ਤ ਟਾਕਰਾ ਵੇਖ ਕੇ ਉਹਨੂੰ ਆਪਣੇ ਪੁੱਤਰ ਦੀ ਕਹੀ ਹੋਈ ਕੋਲੋ ਵਾਲੀ ਗੱਲ ਠੀਕ ਜਾਪਣ ਲੱਗ ਪਈ ਕਿ ਇਹ ਬੰਦਾ ਸੱਚ ਮੁੱਚ ਹੀ ਜਾਦੂਗਰ ਹੈ। ਉਸਨੇ ਰਾਤ ਭਰ ਲਈ ਲੜਾਈ ਬੰਦ ਹੋਣ ਪਿੱਛੋਂ ਆਪਣੇ ਸਿਰਕਰਦਾ ਫ਼ੌਜਦਾਰਾਂ ਦਾ ਇੱਕ ਇਕੱਠ ਆਪਣੇ ਤੰਬੂ ਵਿਚ ਸੱਦਿਆ ਜਿਸ ਵਿਚ ਉਸ ਤੋਂ ਇਲਾਵਾ ਉਸਦਾ ਪੁੱਤਰ ਜ਼ਕਰੀਆਂ ਖਾਨ, ਗੋਪਾਲ ਚੰਦ ਭੱਟੋੜੀਆ, ਰਾਗਾਂ ਅਤੇ ਸਿੰਘ ਬੰਦੇਲਾ, ਮਿਰਜ਼ਾ ਅਹਿਮਦ ਗੁਜਰਾਤੀ ਤੇ ਬਟਾਲੇ ਦਾ ਫ਼ੌਜਦਾਰ ਸ਼ੇਖ ਮੁਹੰਮਦ ਦਾਇਮ ਸ਼ਾਮਲ ਹੋਏ। ਇਕ ਹਫ਼ਤਾ ਪਹਿਲਾਂ ਹੀ ਬਟਾਲੇ ਦਾ ਇਹ ਫ਼ੌਜਦਾਰ ਸਿੱਖਾਂ ਤੋਂ ਹਾਰ ਖਾ ਕੇ ਲਾਹੌਰ ਵੱਲ ਦੌੜ ਗਿਆ ਸੀ। ਹਾਲਾਂ ਉਹਨਾਂ ਦੀ ਗੱਲ ਬਾਤ ਸ਼ੁਰੂ ਨਹੀਂ ਹੋਈ ਕਿ ਕਲਾਨੌਰ ਦੇ ਹਰਾਬ ਖਾਨ ਭੀ ਪੁੱਜ ਗਿਆ। ਉਸਨੇ ਦੱਸਿਆ ਕਿ ਸਿੱਖ ਪਿੱਛੇ ਹਟ ਕੇ ਗੁਰਦਾਸ ਨੰਗਲ ਦੀ ਕੱਚੀ ਗੜੀ ਵਿਚ ਜਾ ਵੜੇ ਹਨ।

'ਮੈਂ ਕਹਿੰਦਾ ਹਾਂ ਏਸੇ ਵੇਲੇ ਹਮਲਾ ਕਰਕੇ ਉਹਨਾਂ ਨੂੰ ਖ਼ਤਮ ਕਰ ਦਿੱਤਾ ਜਾਵੇ। ਉਹਨਾਂ ਦੀ ਗਿਣਤੀ ਤਿੰਨ ਕੁ ਹਜ਼ਾਰ ਹੀ ਤਾਂ ਹੈ ਤੇ ਅਸਾਡੇ ਪਾਸ ਪੰਝੀ ਹਜ਼ਾਰ ਹੈ।' ਗੁਪਾਲ ਚੰਦ ਭਟੌੜੀਏ ਨੇ ਕਿਹਾ।

'ਰਾਜਾ ਜੀ ਕੋਈ ਅਕਲ ਦੀ ਗੱਲ ਕਰੋ ਪਤਾ ਜੇ ਇਹਨਾਂ ਤਿੰਨ ਹਜ਼ਾਰੇ ਨੇ ਅੱਜ ਦੀ ਲੜਾਈ ਵਿਚ ਅਸਾਡਾ ਇਤਨਾ ਨੁਕਸਾਨ ਕੀਤਾ ਹੈ, ਅਸਾਡੇ ਦੋ ਹਜ਼ਾਰ ਆਦਮੀ ਮਰ ਚੁੱਕੇ ਹਨ। ਉਹ ਸੱਚਮੁੱਚ ਹੀ ਜਾਦੂਗਰ ਹੈ?' ਸੂਬੇਦਾਰ ਅਬਦੁਸ ਸਮਦ ਖਾਨ ਨੇ ਕਿਹਾ।

'ਮੈਨੂੰ ਤਾਂ ਡਰ ਹੈ ਕਿ ਕਿਤੇ ਉਹੋ ਹੀ ਨਾ ਅਸਾਡੇ ਤੇ ਰਾਤ ਨੂੰ ਹਮਲਾ ਕਰ ਦੇਣ।' ਸ਼ੇਖ ਮੁਹੰਮਦ ਦਾਇਮ ਨੇ ਕਿਹਾ, ਉਹ ਬਹੁਤ ਬੁਰੀ ਤਰਾਂ ਡਰਿਆ ਹੋਇਆ ਸੀ।

ਕਾਫ਼ੀ ਦੇਰ ਤਕ ਸੋਚ ਵਿਚਾਰ ਹੁੰਦਾ ਰਿਹਾ। ਆਖ਼ਰ ਫ਼ੈਸਲਾ ਇਹ ਹੋਇਆ ਕਿ ਸਿੱਖਾਂ ਤੇ ਹਮਲੇ ਵਿਚ ਹੁਣ ਪਹਿਲ ਨਾ ਕੀਤੀ ਜਾਵੇ। ਜੇਕਰ ਉਹ ਗੁਰਦਾਸ ਨੰਗਲ ਦੀ ਗੜੀ ਵਿਚ ਚਲੇ ਗਏ ਹਨ ਤਾਂ ਉਸ ਦੀ ਨਾਕਾਬੰਦੀ ਕਰ ਦਿੱਤੀ ਜਾਵੇ ਅਤੇ ਤੇਲ ਤੇ ਤੇਲ ਦੀ ਧਾਰ ਵਲ ਵੇਖਿਆ ਜਾਵੇ।

ਬਾਕੀ ਸਫ਼ਾ 33 'ਤੇ

# ਮੋਦੀ ਸਰਕਾਰ ਵੱਲੋਂ ਰਾਜਾਂ ਦੇ ਅਧਿਕਾਰਾਂ ਦਾ ਦਮਨ ਤੇ ਕਿਸਾਨੀ ਅੰਦੋਲਨ



**- ਗੁਰਮੀਤ ਸਿੰਘ ਪਲਾਹੀ**
9815802070

ਦੇਸ਼ ਦੀ ਸਿਆਸਤ ਉੱਤੇ ਅੰਬਾਨੀਆਂ, ਅਡਾਨੀਆਂ ਨੇ ਪ੍ਰਤੱਖ-ਅਪ੍ਰਤੱਖ ਰੂਪ ਵਿੱਚ ਕਬਜ਼ਾ ਜਮਾ ਲਿਆ ਹੈ। ਦੇਸ਼ ਦੀਆਂ ਬਹੁ-ਗਿਣਤੀ ਸਿਆਸੀ ਪਾਰਟੀਆਂ ਉੱਤੇ ਵੀ ਉਹਨਾਂ ਦਾ ਪ੍ਰਭਾਵ ਵੇਖਣ ਨੂੰ ਮਿਲ ਰਿਹਾ ਹੈ। ਇਸਦੀ ਵੱਡੀ ਉਦਾਹਰਣ ਦੇਸ਼ ਵਿੱਚ ਚੱਲ ਰਿਹਾ ਕਿਸਾਨ ਜਨ ਅੰਦੋਲਨ ਹੈ, ਜਿਸਦੇ ਵਿਰੋਧ ਵਿੱਚ ਹਕੂਮਤ ਜਾਂ ਭਾਜਪਾ ਤਾਂ ਖੜੀ ਦਿਸਦੀ ਹੈ, ਪਰ ਦੂਜੀਆਂ ਸਿਆਸੀ ਧਿਰਾਂ ਵਿੱਚੋਂ ਬਹੁਤੀਆਂ ਅੰਬਾਨੀਆਂ-ਅਡਾਨੀਆਂ ਦੇ ਡਰੋਂ ਸਿੱਧਾ ਕਿਸਾਨ ਅੰਦੋਲਨ ਦੀ ਭਰਵੀਂ ਹਮਾਇਤ ਕਰਨ ਤੋਂ ਡਰਦੀਆਂ ਹਨ। ਭਾਵੇਂ ਕਿ ਦੇਸ਼ ਵਿੱਚ ਅੰਦੋਲਨ ਕਰ ਰਹੀਆਂ ਕਿਸਾਨ ਜਥੇਬੰਦੀਆਂ ਕਿਸੇ ਵੀ ਸਿਆਸੀ ਧਿਰ ਨੂੰ ਆਪਣੇ ਨੇੜੇ ਨਹੀਂ ਲੱਗਣ ਦੇ ਰਹੀਆਂ ਅਤੇ ਆਪਣੇ ਬਲਬੂਤੇ ਹੀ ਅੰਦੋਲਨ ਚਲਾ ਰਹੀਆਂ ਹਨ। ਪਰ ਦੇਸ਼ ਦੇ ਜੋ ਹਾਲਾਤ ਬਣਦੇ ਜਾ ਰਹੇ ਹਨ, ਦੇਸ਼ ਦੀ ਹਕੂਮਤ ਉੱਤੇ ਜਿਸ ਢੰਗ ਨਾਲ ਕਾਰਪੋਰੇਟ ਜਗਤ ਦਾ ਗਲਬਾ ਲਗਾਤਾਰ ਵਧਦਾ ਜਾ ਰਿਹਾ ਹੈ, ਕੀ ਉਸ ਹਾਲਾਤ ਵਿੱਚ ਦੇਸ਼ ਦੀਆਂ ਵਿਰੋਧੀ ਧਿਰਾਂ ਨੂੰ ਚੱਲ ਰਹੇ ਇਸ ਅੰਦੋਲਨ ਦੀ ਸਫਲਤਾ ਲਈ ਅੱਗੇ ਨਹੀਂ ਸੀ ਆਉਣਾ ਚਾਹੀਦਾ, ਜਿਸ ਨਾਲ ਕਾਰਪੋਰੇਟ ਜਗਤ ਦੇ ਵਧ ਰਹੇ ਪ੍ਰਭਾਵ ਨੂੰ ਨੱਥ ਪਾਈ ਜਾਵੇ ਅਤੇ ਦੇਸ਼ ਵਿੱਚ 'ਇੱਕੋ ਪਾਰਟੀ ਹਕੂਮਤ' ਵਲ ਵਧਦੇ ਕਦਮ ਠੱਲੇ ਜਾ ਸਕਣ। ਦੇਸ਼ ਦੀਆਂ ਲਗਭਗ ਸਾਰੀਆਂ ਪਾਰਟੀਆਂ ਇਸ ਜਨ ਅੰਦੋਲਨੀ ਸਮੇਂ ਵਿੱਚ ਡਿਕਟੇਟਰਾਨਾ ਵਰਤਾਰਾ ਰੋਕਣ ਲਈ ਝਿਜਕ ਦਿਖਾ ਰਹੀਆਂ ਹਨ। ਆਖ਼ਰ ਕਾਰਨ ਕੀ ਹੈ ?

ਦੇਸ਼ ਵਿੱਚ ਚੋਣਾਂ ਮਹਿੰਗੀਆਂ ਹੋ ਗਈਆਂ ਹਨ। ਜਿਸ ਧਿਰ ਦੇ ਪੱਲੇ ਚਾਰ ਪੈਸੇ ਹਨ, ਉਹ ਹੀ ਸਿਆਸੀ ਧਿਰ ਚੋਣ ਧੂਮ-ਧਾਮ ਨਾਲ ਲੜਦੀ ਹੈ, ਧੂੰਆਂ-ਧਾਰ ਪ੍ਰਚਾਰ ਕਰਦੀ ਹੈ, ਚੋਣਾਂ ਵਿੱਚ ਲੱਠ-ਮਾਰਾਂ ਨੂੰ ਟਿਕਟਾਂ ਦਿੰਦੀ ਹੈ। ਹਰ ਹੀਲੇ ਧਨ-ਬਲ ਦੇ ਜ਼ੋਰ ਨਾਲ ਲੋਕ ਸਭਾ ਸੀਟਾਂ ਜਿੱਤਦੀ ਹੈ। ਫਿਰ ਹਕੂਮਤ ਉੱਤੇ ਕਬਜ਼ਾ ਕਰਕੇ ਉਹਨਾਂ ਲੋਕਾਂ ਨੂੰ, ਜਿਹਨਾਂ ਉਹਨਾਂ ਦੀ ਖ਼ਾਤਰ ਹੜ ਵਾਂਗ ਧਨ ਵਹਾਇਆ ਹੁੰਦਾ ਹੈ, ਖ਼ੁਸ਼ ਕਰਨ ਲਈ ਉਹ ਸਭ ਕੁਝ ਕਰਦੀ ਹੈ।

ਅੱਜ ਦੇਸ਼ ਦੇ ਵਪਾਰ ਉੱਤੇ ਕਾਰਪੋਰੇਟ ਜਗਤ ਨੇ ਕਬਜ਼ਾ ਕਰ ਲਿਆ ਹੈ। ਅੱਜ ਦੇਸ਼ ਦੀ ਹਰ ਨੀਤੀ, ਵਿਧਾ-ਵਿਧਾਨ ਨੂੰ ਕਾਰਪੋਰੇਟ ਨੇ ਪ੍ਰਭਾਵਿਤ ਕਰਨ ਲਈ ਤਾਕਤ ਹਥਿਆ ਲਈ ਹੋਈ ਹੈ, ਦੇਸ਼ ਦੇ ਪਬਲਿਕ ਅਦਾਰਿਆਂ ਨੂੰ ਇਹ ਕਹਿਕੇ ਸਰਕਾਰੀ ਹੱਥਾਂ ਵਿੱਚੋਂ ਖਿਸਕਾ ਲਿਆ ਹੈ ਕਿ ਇਹ ਅਦਾਰੇ ਘਾਟੇ ਵਿੱਚ ਹਨ, ਠੀਕ ਨਹੀਂ ਚੱਲ ਰਹੇ - ਉਹਨਾਂ ਦੀ ਧਨ-ਦੌਲਤ ਹਥਿਆਉਣ ਦੀ ਹਵਸ ਲਗਾਤਾਰ ਵਧ ਰਹੀ ਹੈ ਤੇ ਉਹਨਾਂ ਦਾ ਅਗਲਾ ਨਿਸ਼ਾਨਾ 'ਕਿਸਾਨ ਦੀ ਜ਼ਮੀਨ' ਹਥਿਆਉਣ ਵੱਲ ਅੱਗੇ ਵਧਿਆ ਹੈ। ਇਸ ਹਵਸ ਵਿਚਲੇ ਵਿਰੋਧ ਨੇ ਅੱਜ ਦੇਸ਼ ਨੂੰ ਇੱਕ ਵੱਖਰੀ ਕਿਸਮ ਦੀ ਜੰਗ ਦੀ ਭੱਠੀ ਵਿੱਚ ਝੋਕ ਦਿੱਤਾ ਹੈ। ਇਸ ਜੰਗ ਦੀ ਜ਼ਿੰਮੇਵਾਰੀ ਬਿਨਾਂ ਸ਼ੱਕ ਮੌਜੂਦਾ ਹਕੂਮਤ ਉੱਤੇ ਹੈ, ਜੋ ਹਠੀ ਵਤੀਰਾ ਵਰਤਕੇ ਲੋਕ ਅੰਦੋਲਨ ਵਿੱਚ ਕੁੱਦੇ ਲੋਕਾਂ ਦੀ ਗੱਲ ਨਾ ਸੁਣਕੇ 'ਕਾਰਪੋਰੇਟ' ਜਗਤ ਨੂੰ ਖ਼ੁਸ਼ ਕਰਨ ਦੇ ਰਸਤੇ 'ਤੇ ਹੈ।

ਤਾਕਤ ਦੀ ਹਵਸ ਦੀਆਂ ਸ਼ਿਕਾਰ ਭਾਵੇਂ ਦੇਸ਼ ਦੀਆਂ ਲਗਭਗ ਸਾਰੀਆਂ ਸਿਆਸੀ ਧਿਰਾਂ ਹਨ, ਪਰ ਮੌਜੂਦਾ ਹਾਕਮਾਂ ਨੇ ਤਾਂ ਸਿਰਾ ਹੀ ਲਗਾ ਦਿੱਤਾ ਹੈ। ਇੱਕ ਦੇਸ਼ - ਇੱਕ ਪਾਰਟੀ, ਇੱਕ ਦੇਸ਼ ਇੱਕੋ ਇੱਕ ਸੋਚ ਨੂੰ ਦੇਸ਼ ਵਿੱਚ ਫੈਲਾਉਣ ਲਈ ਦੇਸ਼ ਦੀਆਂ ਖ਼ੁਦਮੁਖ਼ਤਿਆਰ ਸੰਸਥਾਵਾਂ ਉੱਤੇ ਭਾਜਪਾ ਸਰਕਾਰ ਨੇ ਪਹਿਲਾਂ ਕਾਠੀ ਪਾਈ ਹੈ, ਫਿਰ ਇਸ ਨੂੰ ਵਿਰੋਧੀਆਂ ਨੂੰ ਕਾਬੂ ਕਰਨ ਲਈ ਵਰਤਿਆ ਹੈ। ਇਨਕਮ ਟੈਕਸ ਵਿਭਾਗ, ਆਈ ਡੀ, ਸੀ ਬੀ ਆਈ ਤਾਂ ਸਰਕਾਰ ਦੇ ਹਿਤਾਂ ਲਈ ਅਤੇ ਵਿਰੋਧੀਆਂ ਨੂੰ ਢਾਹ ਲਾਉਣ ਲਈ ਇਹੋ ਜਿਹੇ ਹਥਿਆਰ ਹਨ, ਜਿਹਨਾਂ ਨੂੰ ਬਿਨਾਂ ਕਿਸੇ ਰੋਕ-ਟੋਕ, ਬਿਨਾਂ ਕਿਸੇ ਲੁਕਾਅ ਵਰਤਿਆ ਜਾ ਰਿਹਾ ਹੈ। ਕਿਸਾਨ ਅੰਦੋਲਨ ਦੌਰਾਨ ਇਨਕਮ ਟੈਕਸ ਵਿਭਾਗ ਦੇ ਪੰਜਾਬ ਦੇ ਆੜ੍ਹਤੀਆਂ ਉੱਤੇ ਛਾਪੇ ਇਸਦੀ ਇੱਕ ਉਦਾਹਰਣ ਹਨ। ਅੱਜ ਜਦੋਂ ਦੇਸ਼ ਦੇ ਹਰ ਇੱਕ ਵਰਗ ਦੇ ਲੋਕ - ਸਮੇਤ ਪੰਜਾਬ ਦੇ ਆੜ੍ਹਤੀਏ, ਕਿਸਾਨ ਅੰਦੋਲਨ ਦੇ ਹੱਕ ਵਿੱਚ ਖੜੇ ਹਨ ਤਾਂ ਸਰਕਾਰ ਸਮਝ ਰਹੀ ਹੈ ਕਿ ਇਸਦੀ ਰੀੜ ਦੀ ਹੱਡੀ ਆੜ੍ਹਤੀਏ ਹਨ, ਜਿਹਨਾਂ ਉੱਤੇ ਕਿਸਾਨ ਦਾ ਦਾਰੋਮਦਾਰ ਹੈ, ਇਸ ਰੀੜ ਦੀ ਹੱਡੀ ਨੂੰ ਤੋੜਕੇ ਕਿਸਾਨੀ ਅੰਦੋਲਨ ਮੱਠਾ ਪਾਇਆ ਜਾ ਸਕਦਾ ਹੈ।

ਦੇਸ਼ ਦੀ ਹਾਕਮ ਧਿਰ ਲਗਾਤਾਰ ਸੂਬਿਆਂ ਦੇ ਅਧਿਕਾਰ ਹਥਿਆ ਕੇ ਸੂਬਿਆਂ ਨੂੰ ਇੱਕ ਮਿਊਂਸਪੈਲਟੀ ਬਣਾਉਣਾ ਚਾਹੁੰਦੀ ਹੈ ਤਾਂ ਕਿ ਲੋਕ ਹਿਤਾਂ ਨੂੰ ਦਰ ਕਿਨਾਰ ਕਰਕੇ 'ਅਡਾਨੀ-ਅੰਬਾਨੀ' ਜੁੰਡਲੀ ਦੇ ਹਿਤਾਂ ਲਈ ਉਹ ਸਾਰੇ ਕਾਨੂੰਨ ਪਾਸ ਕੀਤੇ ਜਾਣ, ਜਿਹੜੇ ਉਹਨਾਂ ਨੂੰ ਪੁੱਗਦੇ ਹਨ। ਗੱਲ ਤਾਂ ਸਿਰਫ਼ ਇੱਕੋ ਹੈ, ਜਿਹੜੀ ਹੁਣ ਲੋਕਾਂ ਦੇ ਸਮਝ ਵਿੱਚ ਆਉਣ ਲੱਗ ਪਈ ਹੈ ਕਿ ਧਨ ਦੀ ਵਰਤੋਂ ਨਾਲ ਚੋਣਾਂ ਜਿੱਤਣਾ, ਵੱਧ ਬੋਲ ਬੋਲਕੇ ਲੋਕਾਂ ਨੂੰ ਗੁਮਰਾਹ ਕਰਨਾ, ਫ਼ਿਰਕਿਆਂ ਦੇ ਆਧਾਰ 'ਤੇ ਲੋਕਾਂ ਨੂੰ ਵੰਡਣਾ ਅਤੇ ਹਰ ਉੱਠ ਰਹੀ ਵਿਰੋਧੀ ਆਵਾਜ਼ ਨੂੰ ਦੇਸ਼ ਧ੍ਰੋਹੀ ਐਲਾਨ ਦੇਣਾ ਇਸ ਹਕੂਮਤ ਦਾ ਅਜੰਡਾ ਹੈ। ਇਸ ਅਜੰਡੇ ਨੂੰ ਕਾਰਪੋਰੇਟ ਜਗਤ ਦੇ ਸਿਖਰ ਦੇ ਲੋਕ ਲਾਗੂ ਕਰਨ ਲਈ ਪੂਰਾ ਸਹਿਯੋਗ ਇਸ ਕਰਕੇ ਦੇ ਰਹੇ ਹਨ ਕਿਉਂਕਿ ਮੌਜੂਦਾ ਹਕੂਮਤ ਉਹਨਾਂ ਦੇ ਹੱਕਾਂ ਦੀ ਤਰਜਮਾਨੀ ਕਰਦੀ ਹੈ।

ਜਿੱਥੇ ਕਿਧਰੇ ਵੀ ਭਾਜਪਾ ਚੋਣਾਂ ਹਾਰਦੀ ਹੈ, ਉੱਥੇ ਥੈਲੀਆਂ ਦੇ ਮੂੰਹ ਖੁੱਲਦੇ ਹਨ ਅਤੇ ਉਹਨਾਂ ਕਮਜ਼ੋਰ ਸਿਆਸਤਦਾਨਾਂ ਨੂੰ ਆਪਣੇ ਹੱਕ ਵਿੱਚ ਕਰ ਲਿਆ ਜਾਂਦਾ ਹੈ, ਜਿਹੜੇ ਕੁਰਸੀ ਦੇ ਲੋਭ ਵਿੱਚ ਆ ਕੇ ਉਹਨਾਂ ਲਈ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ। ਹਰਿਆਣਾ ਵਿਧਾਨ ਸਭਾ ਵਿੱਚ ਖੱਟਰ ਸਰਕਾਰ ਚੋਣ ਹਾਰ ਗਈ। ਭਾਜਪਾ ਨੇ ਚੌਟਾਲਾ ਪਰਿਵਾਰ ਨਾਲ ਸਾਂਝ ਪਾਈ ਤੇ ਦੋਹਾਂ ਨੇ ਕੁਰਸੀ ਹਥਿਆਉਣ ਲਈ ਰਲ-ਮਿਲਕੇ ਵਜ਼ਾਰਤ ਬਣਾ ਲਈ। ਬਿਹਾਰ ਵਿੱਚ ਨਤੀਸ਼ ਕੁਮਾਰ ਨਾਲ ਭਾਜਪਾ ਦੀ ਸਾਂਝ ਸਾਹਮਣੇ ਹੈ। ਹਰ ਢੰਗ ਤਰੀਕਾ ਵਰਤ ਕੇ ਐਨ ਆਖ਼ਰੀ ਮੌਕੇ ਚੋਣਾਂ ਵਿੱਚ ਭਾਜਪਾ ਵੱਲੋਂ ਜਿੱਤ ਦਾ ਪਰਚੰਮ ਲਹਿਰਾ ਲਿਆ। ਹੁਣ ਪੱਛਮੀ ਬੰਗਾਲ ਜਿੱਤਣ ਲਈ ਮੌਕੇ ਦੀ ਤ੍ਰਿਮੂਲ ਕਾਂਗਰਸ ਪਾਰਟੀ ਦੀਆਂ ਕਮਜ਼ੋਰ ਕੜੀਆਂ ਤੋੜੀਆਂ ਜਾ ਰਹੀਆਂ ਹਨ। ਪੈਸਾ ਪਾਣੀ ਦੀ ਤਰਾਂ ਵਹਾਇਆ ਜਾ ਰਿਹਾ ਹੈ। ਫ਼ਿਰਕੇ, ਜਾਤਾਂ, ਧਰਮਾਂ 'ਤੇ ਅਧਾਰਿਤ ਵੰਡ ਕਰਕੇ ਦੇਸ਼ ਦੀ ਇੱਕ ਮਜ਼ਬੂਤ ਵਿਰੋਧੀ ਧਿਰ ਤੇ ਮੁੱਖ ਮੰਤਰੀ 'ਮਮਤਾ ਬੈਨਰਜੀ' ਨੂੰ ਗੱਦੀ ਤੋਂ ਲਾਹੁਣ ਲਈ ਹਰ ਢੰਗ ਤਰੀਕਾ ਅਪਣਾਇਆ ਜਾ ਰਿਹਾ ਹੈ।

ਦੇਸ਼ ਵਿੱਚ ਆਤਮ ਨਿਰਭਰਤਾ, ਆਪਸੀ ਸਹਿਯੋਗ, ਅਮਨ ਪਸੰਦਗੀ ਦਾ ਮਾਹੌਲ ਕਾਰਗਰ ਰਿਹਾ ਹੈ। ਅੰਤਰ ਨਿਰਭਰਤਾ ਦੇ ਕੁਦਰਤੀ ਸਿਧਾਂਤ ਦੇ ਕਾਰਨ ਪੂਰੀ ਕਾਇਨਾਤ, ਦੇਸ਼, ਸੂਬੇ, ਲੋਕ, ਗੱਲ ਕੀ ਸਜੀਵ ਤੇ ਨਿਰਜੀਵ ਹਰ ਪ੍ਰਜਾਤੀ ਤੇ ਹਰੇਕ ਵਸਤੂ ਹੀ ਅੰਤਰ ਨਿਰਭਰ ਹੈ, ਪਰ ਦੇਸ਼ ਦੇ ਹਾਕਮ ਆਪਣੀ ਹੁਕਮਰਾਨੀ ਮਾਨਸਿਕਤਾ ਕਾਰਨ ਅੰਧ ਰਾਸ਼ਟਰਵਾਦੀ ਭਾਵਨਾਵਾਂ ਭੜਕਾਉਂਦੇ ਰਹੇ ਹਨ ਅਤੇ ਦੇਸ਼ ਨੂੰ ਜਮਹੂਰੀਅਤ ਦੇ ਅਸੂਲ ਦੇ ਖ਼ਿਲਾਫ਼, ਮੁਲਕ ਦੀ ਜਨਤਾ ਨੂੰ ਕਬਜ਼ੇ ਵਿੱਚ ਰੱਖਣ ਲਈ ਹਰ ਹਥਿਆਰ ਵਰਤ ਰਹੇ ਹਨ। ਕੌਮੀ ਨਾਗਰਿਕਤਾ ਬਦਲਾਅ ਕਾਨੂੰਨ, ਰਾਸ਼ਟਰੀ ਜਨਸੰਖਿਆ ਰਜਿਸਟਰ ਅਤੇ ਨਾਗਰਿਕਤਾ ਦੇ ਰਾਸ਼ਟਰੀ ਰਜਿਸਟਰ ਦੇ ਪੈਣ ਵਾਲੇ ਬੁਰੇ ਪ੍ਰਭਾਵ ਦੇਸ਼ ਨੂੰ ਤਬਾਹੀ ਵੱਲ ਲੈ ਜਾਣ ਵਾਲੇ ਹਨ। ਕੀ ਭਾਜਪਾ ਦਾ 'ਇੱਕ ਦੇਸ਼ - ਇੱਕ ਟੈਕਸ', 'ਇੱਕ ਦੇਸ਼ - ਇੱਕ ਚੋਣ', 'ਇੱਕ ਦੇਸ਼ - ਇੱਕ ਭਾਸ਼ਾ', 'ਇੱਕ ਦੇਸ਼ - ਇੱਕ ਰਾਸ਼ਨ ਕਾਰਡ', 'ਇੱਕ ਦੇਸ਼ - ਇੱਕ ਧਰਮ', 'ਇੱਕ ਦੇਸ਼ - ਇੱਕ ਕਾਨੂੰਨ', 'ਇੱਕ ਦੇਸ਼ - ਇੱਕ ਸੱਭਿਆਚਾਰ' ਦਾ ਅਜੰਡਾ ਦੇਸ਼ ਦੀ ਵੰਨ-ਸੁਵੰਨਤਾ ਦੀ ਹਕੀਕਤ ਤੋਂ ਮੂੰਹ ਮੋੜਨ ਵਾਲਾ ਨਹੀਂ ਹੈ ?

ਦੁਨੀਆ ਦਾ ਤਜਰਬਾ ਦੱਸਦਾ ਹੈ ਕਿ ਦੇਸ਼ ਦੀ ਵੰਨ-ਸੁਵੰਨਤਾ ਨਾਲ ਹੀ ਦੇਸ਼ ਇੱਕ ਜੁੱਟ ਤੇ ਖ਼ੁਸ਼ਹਾਲ ਰਹਿ ਸਕਦਾ ਹੈ ਨਾ ਕਿ ਕੇਂਦਰੀਕਰਨ, ਧੌਂਸ ਅਤੇ ਧੱਕਿਆਂ-ਧੋੜਿਆਂ ਨਾਲ, ਜਿਸ ਦੀ ਕਿ ਹਾਕਮ ਧਿਰ ਵੱਲੋਂ ਪੂਰੇ ਜ਼ੋਰ-ਸ਼ੋਰ ਨਾਲ ਵਰਤੋਂ ਹੋ ਰਹੀ ਹੈ। ਕੀ ਇਸਦੇ ਸਿੱਟੇ ਦੇਸ਼ ਦੀਆਂ ਘੱਟ ਗਿਣਤੀਆਂ, ਦਲਿਤ, ਕਬਾਇਲੀ ਅਤੇ ਜਮਹੂਰੀ ਸੋਚ ਰੱਖਣ ਵਾਲੇ ਹਰ ਵਰਗ ਦੇ ਲੋਕਾਂ ਨੂੰ ਨਿਰਾਸ਼ਤਾ ਦੀ ਡੂੰਘੀ ਖੱਡ ਵਿੱਚ ਸੁੱਟਣ ਵਾਲੇ ਨਹੀਂ ਹੋਣਗੇ ?

**ਬਾਕੀ ਸਫ਼ਾ 32 'ਤੇ**

# ਕਿਸਾਨਾਂ ਦੇ ਮੁੱਦੇ ਦੀ ਪੰਜਾਬ ਦੇ ਸਿਆਸਤਦਾਨਾਂ ਲਈ ਕੋਈ ਅਹਿਮੀਅਤ ਨਹੀਂ

**- ਗੁਰਮੀਤ ਸਿੰਘ ਪਲਾਹੀ**

ਜਾਪਦਾ ਹੈ ਪੰਜਾਬ ਦੇ ਸਿਆਸਤਦਾਨ 'ਸਿਆਸਤ' ਤੋਂ ਵਿਹਲੇ ਹੋ ਗਏ ਹਨ। ਹੁਣ ਉਹਨਾਂ ਕੋਲ ਕੋਈ ਕੰਮ ਹੀ ਨਹੀਂ ਰਿਹਾ। ਕੀ ਉਹਨਾਂ ਲਈ ਪੰਜਾਬ ਦੇ ਮੁੱਦੇ, ਮਸਲੇ ਕੋਈ ਅਹਿਮੀਅਤ ਹੀ ਨਹੀਂ ਰੱਖਦੇ ? ਅੱਜ ਜਦੋਂ ਅੱਧਾ ਪੰਜਾਬ ਵਹੀਰਾਂ ਘੱਤ ਕੇ ਦਿੱਲੀ ਦੀਆਂ ਸਰਹੱਦਾਂ ਉੱਤੇ ਬੈਠਾ ਹੈ, ਇੱਕ ਚੌਥਾਈ ਸੜਕਾਂ 'ਤੇ ਤੁਰਿਆ ਫਿਰਦਾ ਹੈ, ਅਤਿ ਦੀ ਸਰਦੀ ਪਿੰਡਿਆਂ ਉੱਤੇ ਹੰਢਾ ਰਿਹਾ ਹੈ, ਮਾਨਸਿਕ ਤੌਰ 'ਤੇ ਕੇਂਦਰੀ ਹਾਕਮਾਂ ਦੀ ਬੇਰੁਖ਼ੀ ਝੱਲ ਰਿਹਾ ਹੈ, ਤਦੋਂ ਪੰਜਾਬ ਦਾ ਸਿਆਸਤਦਾਨ ਬੁੱਕਲ ਮਾਰ ਕੇ ਘਰੀਂ ਕਿਉਂ ਬੈਠਾ ਹੈ ? ਚਾਦਰ ਤਾਣ ਕੇ ਕਿਉਂ ਸੁੱਤਾ ਪਿਆ ਹੈ ? ਅੱਜ ਜਦੋਂ ਦੇਸ਼ ਦਾ ਜਨ ਮਾਨਸ ਆਪਣੇ ਹੱਕ ਦੀ ਲੜਾਈ ਲੜ ਰਿਹਾ ਹੈ, ਪੰਜਾਬ ਆਪਣੀ ਹੋਂਦ ਬਚਾਉਣ ਲਈ ਪੂਰੀ ਟਿੱਲ ਲਾਈ ਬੈਠਾ ਹੈ, ਪੰਜਾਬ ਦਾ ਸਿਆਸਤਦਾਨ ਕੀ ਵੋਟਾਂ ਦੀ ਗਿਣਤੀ ਕਰਨ ਵਿੱਚ ਮਗਨ ਹੈ ? ਲੋਕ ਇਹ ਸਵਾਲ ਲਗਾਤਾਰ ਪੁੱਛਦੇ ਹਨ।

ਤਿੰਨ ਕਾਲੇ ਕਾਨੂੰਨਾਂ ਸਬੰਧੀ ਆਰਡੀਨੈਂਸ ਜਾਰੀ ਹੋਇਆ। ਪੰਜਾਬ ਦੀ ਸਿਆਸਤ ਵਿੱਚ ਕੋਈ ਉਬਾਲ ਨਹੀਂ ਆਇਆ। ਕਿਸਾਨਾਂ ਦੇ ਨੇਤਾਵਾਂ ਨੇ ਇਸ ਆਰਡੀਨੈਂਸ ਦੀ ਅਹਿਮੀਅਤ ਸਮਝੀ, ਪਰ ਸਿਆਸਤਦਾਨਾਂ ਨੇ ਇਸ ਨੂੰ ਹਊ-ਪਰੇ ਕੀਤੀ ਰੱਖਿਆ। ਇਹੀ ਆਰਡੀਨੈਂਸ ਜਦੋਂ ਕਾਨੂੰਨ ਬਣਨ ਦੇ ਰਾਹੇ ਪਿਆ ਤਾਂ ਪੰਜਾਬ ਦੇ ਅੱਧ-ਪਚੱਧੇ ਸਿਆਸਤਦਾਨਾਂ ਨੇ ਇਸਦਾ ਵਿਰੋਧ ਕੀਤਾ। ਭਾਜਪਾ ਵਾਲਿਆਂ ਤਾਂ ਕਾਨੂੰਨਾਂ ਦੇ ਹੱਕ ਵਿੱਚ ਖੜਨਾ ਹੀ ਸੀ, ਸ਼੍ਰੋਮਣੀ ਅਕਾਲੀ ਦਲ (ਬ) ਵੀ ਗੱਠਜੋੜ ਦਾ ਧਰਮ ਪਾਲਦਿਆਂ ਉਸੇ ਪੌੜੀ ਜਾ ਚੜ੍ਹਿਆ।

ਲਾਹਾ ਲੈਣ ਦੀ ਖ਼ਾਤਰ ਜਾਂ ਸਮਝੋ ਕਿਸਾਨਾਂ ਦੇ ਹਿਤਾਂ ਲਈ, ਕਾਂਗਰਸ ਨੇ ਪੰਜਾਬ ਅਸੈਂਬਲੀ ਵਿੱਚ ਇਹ ਕਾਨੂੰਨ ਰੱਦ ਕਰਨ ਦਾ ਮਤਾ ਲਿਆਂਦਾ। ਭਾਜਪਾ ਤੋਂ ਬਿਨਾਂ ਬਾਕੀ ਸਭਨਾਂ ਪਾਰਟੀਆਂ ਨੇ ਇਸਦੀ ਹਮਾਇਤ ਕੀਤੀ। ਅੱਗੋਂ ਫਿਰ ਸਿਆਸਤ ਸ਼ੁਰੂ ਹੋ ਗਈ, ਗਵਰਨਰ ਤਕ, ਫਿਰ ਰਾਸ਼ਟਰਪਤੀ ਤਕ। ਪੰਜਾਬ ਦੇ ਮੁੱਖ ਮੰਤਰੀ ਨੇ ਇਹ ਬਿੱਲ ਪਾਸ ਕਰਨ ਲਈ ਗੁਹਾਰ ਲਗਾਈ, ਕੁਝ ਪਾਰਟੀਆਂ ਦੇ ਨੁਮਾਇੰਦੇ ਵਫ਼ਦਾਂ ਵਿੱਚ ਸ਼ਾਮਲ ਹੋਏ। ਕੁਝ ਇਸ ਕਰਕੇ ਸ਼ਾਮਲ ਨਾ ਹੋਏ ਕਿਉਂਕਿ ਉਹ ਆਪਣੀ ਵੱਖਰੀ ਸਿਆਸਤ ਕਰਨਾ ਚਾਹੁੰਦੇ ਸਨ। ਕਿਸਾਨਾਂ ਦੀਆਂ ਜਥੇਬੰਦੀਆਂ ਅਤੇ ਕਿਸਾਨਾਂ ਦੇ ਭਾਰੀ ਦਬਾਅ ਅਧੀਨ ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਨਾਲੋਂ ਭਾਈਵਾਲੀ ਤੋੜੀ, ਸਿਰਫ਼ ਇਸ ਕਰਕੇ ਕਿ ਉਸਦਾ ਅਧਾਰ ਕਿਸਾਨ ਹਨ ਅਤੇ ਉਹਨੂੰ ਆਪਣੀ ਵੋਟ ਬੈਂਕ ਖੁੱਸਣ ਦਾ ਖ਼ਤਰਾ ਲੱਗਾ।

ਕਿਸਾਨਾਂ ਨੇ ਪੰਜਾਬ ਵਿੱਚ ਕਿਸਾਨ ਲਹਿਰ ਖੜੀ ਕੀਤੀ। ਸਾਰੀਆਂ ਕਿਸਾਨ ਜਥੇਬੰਦੀਆਂ ਇਕੱਠੀਆਂ ਹੋਈਆਂ। ਸਾਂਝੇ ਪ੍ਰੋਗਰਾਮ ਬਣੇ। ਆਰ-ਪਾਰ ਦੀ ਲੜਾਈ ਲਈ ਅੱਜ ਕਿਸਾਨ ਦਿੱਲੀ ਦੇ ਰਾਹ ਰੋਕੀ ਬੈਠੇ ਹਨ। ਸ਼ਾਂਤ ਹਨ। ਪਰ ਦ੍ਰਿੜਤਾ ਨਾਲ ਹਾਕਮਾਂ ਦੇ ਹਰ ਸਰਕਾਰੀ ਪੈਂਤੜੇ ਦਾ ਜਵਾਬ ਦੇ ਰਹੇ ਹਨ। ਲੜ ਰਹੇ ਕਿਸਾਨਾਂ ਲਈ ਅੰਨ, ਦਾਣਾ, ਰਾਸ਼ਨ, ਵਸਤਾਂ, ਜ਼ਰੂਰੀ ਸਮਾਨ ਪੰਜਾਬ, ਹਰਿਆਣਾ, ਦੇਸ਼ ਦੇ ਹੋਰ ਭਾਗਾਂ ਅਤੇ ਵਿਦੇਸ਼ ਵੱਸਦੇ ਪੰਜਾਬੀਆਂ ਤੋਂ ਮਿਲ ਰਿਹਾ ਹੈ। ਜਦੋਂ ਕਿਸੇ ਲਹਿਰ ਨੂੰ ਉਹਦੇ ਲੜਨ ਲਈ ਹੌਂਸਲਾ ਮਿਲ ਰਿਹਾ ਹੋਵੇ, ਮਦਦ, ਸਹਿਯੋਗ ਮਿਲ ਰਿਹਾ ਹੋਵੇ ਤਾਂ ਉਸ ਦੇ ਲੜਨ ਲਈ ਹੌਂਸਲੇ ਬੁਲੰਦ ਤਾਂ ਹੋਣਗੇ ਹੀ। ਪਰ ਸਿਆਸਤਦਾਨ, ਜਿਹੜੇ ਲੋਕਾਂ ਦੇ ਸਿਰਾਂ ਉੱਤੇ ਲੰਮਾ ਸਮਾਂ ਚੌਧਰੀ ਕਰਦੇ ਰਹੇ ਹਨ, ਉਹਨਾਂ ਦੀਆਂ ਵੋਟਾਂ ਨਾਲ ਕੁਰਸੀਆਂ ਹਥਿਆਉਂਦੇ ਰਹੇ ਹਨ, ਉਹਨਾਂ ਦਾ ਇਸ ਜਨ ਲਹਿਰ ਵਿੱਚੋਂ ਲਗਭਗ ਗ਼ਾਇਬ ਰਹਿਣਾ ਵੱਖਰਾ ਹੈ।

ਬਿਨਾਂ ਸ਼ੱਕ ਕਿਸਾਨ ਜਥੇਬੰਦੀਆਂ ਨੇ ਆਪਣੀ ਇਸ ਲਹਿਰ ਵਿੱਚ ਸਾਰੀਆਂ ਸਿਆਸੀ ਪਾਰਟੀਆਂ, ਜਿਹੜੀਆਂ ਉਹਨਾਂ ਦੀ ਹਮਾਇਤ ਵੀ ਕਰਦੀਆਂ ਹਨ, ਉਹਨਾਂ ਨੂੰ ਆਪਣੀ ਸਟੇਜਾਂ ਉੱਤੇ ਬੋਲਣ ਤੋਂ ਮਨਾਂ ਕੀਤਾ ਹੋਇਆ ਹੈ। ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਉਹ ਪਿੱਛੇ ਰਹਿ ਕੇ ਵੀ ਕਿਸਾਨਾਂ ਦੇ ਹੱਕ ਵਿੱਚ ਕੋਈ ਵੱਡੀ ਸਰਗਰਮੀ ਕਰਦੀਆਂ ਵਿਖਾਈ ਨਹੀਂ ਦਿੰਦੀਆਂ। ਹਾਂ, ਪੰਜਾਬ ਦੇ ਮੈਂਬਰ ਪਾਰਲੀਮੈਂਟ ਦਿੱਲੀ ਵਿੱਚ ਧਰਨਾ ਲਾ ਕੇ ਬੈਠੇ ਹਨ। ਆਪਣੀ ਗੱਲ ਕਹਿ ਰਹੇ ਹਨ, ਕਾਨੂੰਨ ਰੱਦ ਕਰਨ ਦੀ ਗੁਹਾਰ ਲਗਾ ਰਹੇ ਹਨ।

ਪੰਜਾਬ ਦੀ ਕਾਂਗਰਸ, ਯੂਥ ਕਾਂਗਰਸ ਕਦੇ ਕਦਾਈਂ ਉੱਠਦੀ ਹੈ, ਕਾਫ਼ਲਾ ਲੈ ਕੇ ਤੁਰਦੀ ਹੈ, ਬਿਆਨਬਾਜ਼ੀ ਕਰਦੀ ਹੈ। ਆਮ ਆਦਮੀ ਪਾਰਟੀ ਕਿਸਾਨਾਂ ਦੇ ਹੱਕ ਵਿੱਚ ਖੜੇ ਹੋਣ ਦਾ ਦਾਅਵਾ ਕਰਦੀ ਹੈ। ਸ਼੍ਰੋਮਣੀ ਅਕਾਲੀ ਦਲ ਆਪਣੀਆਂ ਜਥੇਬੰਦਕ ਮੀਟਿੰਗਾਂ ਕਰ ਰਿਹਾ ਹੈ, ਆਪਣੇ ਕਿਸਾਨਾਂ ਵਿੱਚ ਖੁੱਸੇ ਹੋਏ ਵੱਕਾਰ ਨੂੰ ਸੁਆਰਨ ਅਤੇ ਖੋਰਾ ਲੱਗਣ ਤੋਂ ਬਚਾਉਣ ਲਈ ਬੱਸ ਮੀਟਿੰਗਾਂ ਕਰ ਰਿਹਾ ਹੈ।

ਪਰ ਸਵਾਲ ਪੈਦਾ ਹੁੰਦਾ ਹੈ ਕਿ ਇਸ ਮੋਰਚੇ ਦੇ ਦੌਰਾਨ ਪੰਜਾਬ ਦੇ ਹੋਰ ਮਸਲੇ, ਮੁੱਦੇ ਗ਼ਾਇਬ ਕਿਉਂ ਹਨ ? ਕੀ ਪੰਜਾਬ ਦੀਆਂ ਵਿਰੋਧੀ ਧਿਰਾਂ ਇਹ ਮਹਿਸੂਸ ਕਰਨ ਲੱਗ ਪਈਆਂ ਹਨ ਕਿ ਪੰਜਾਬ ਦੇ ਦਫ਼ਤਰਾਂ ਵਿੱਚ ਭ੍ਰਿਸ਼ਟਾਚਾਰ ਖ਼ਤਮ ਹੋ ਗਿਆ ਹੈ ? ਕੀ ਨਸ਼ਾ ਤਸਕਰੀ ਰੁਕ ਗਈ ਹੈ ? ਕੀ ਰੇਤ ਮਾਫ਼ੀਆ ਦੀ ਸਰਗਰਮੀ ਹੁਣ ਨਹੀਂ ਰਹੀ ? ਬੇਰੁਜ਼ਗਾਰੀ ਦਾ ਪੰਜਾਬ ਵਿੱਚ ਖ਼ਾਤਮਾ ਹੋ ਗਿਆ ਹੈ ? ਕੀ ਗੁੰਡਾਗਰਦੀ ਰੁਕ ਗਈ ਹੈ ? ਅਮਨ ਕਾਨੂੰਨ ਦੀ ਸਥਿਤੀ ਵਾਜਬ ਹੋ ਗਈ ਹੈ ? ਕੀ ਪੰਜਾਬ ਦੇ ਪਾਣੀਆਂ ਦਾ ਮਸਲਾ, ਜਿਸ ਨੂੰ ਕੇਂਦਰ ਸਰਕਾਰ ਦਬਾ ਕੇ ਬੈਠੀ ਹੈ, ਉਹ ਮੁੱਕ ਗਿਆ ਹੈ ? ਕੀ ਪੰਜਾਬ ਲਈ ਰਾਜਧਾਨੀ 'ਚੰਡੀਗੜ' ਅਤੇ ਪੰਜਾਬੀ ਬੋਲਦੇ ਇਲਾਕਿਆਂ ਦੀ ਮੰਗ ਹੁਣ ਠੰਢੇ ਬਸਤੇ ਪੈ ਗਈ ਹੈ ? ਜੇਕਰ ਨਹੀਂ ਤਾਂ ਪੰਜਾਬ ਦੀ ਵਿਰੋਧੀ ਧਿਰ ਅਵਾਜ਼ ਕਿਉਂ ਨਹੀਂ ਉਠਾਉਂਦੀ ? ਇਹਨਾਂ ਮਸਲਿਆਂ ਨੂੰ ਕਿਉਂ ਨਹੀਂ ਚੁੱਕਦੀ ਅਤੇ ਇਸ ਤੋਂ ਵੀ ਅਗਲੀ ਗੱਲ ਇਹ ਕਿ ਉਹ ਬਾਰਡਰ 'ਤੇ ਜੰਗ ਲੜ ਰਹੇ ਕਿਸਾਨਾਂ ਦੀ ਇੱਕ ਧਿਰ ਬਣਕੇ ਇਕੱਠੇ ਹੋ ਕੇ ਉਹਦੀ ਪਿੱਠ ਤੇ ਕਿਉਂ ਨਹੀਂ ਖੜਦੀ ? ਕੀ ਪੰਜਾਬ ਦੇ ਸਿਆਸਤਦਾਨ ਲੋਕ ਮੁੱਦਿਆਂ ਦੇ ਹੱਕ ਵਿੱਚ ਖੜਨਾ ਭੁੱਲ ਗਏ ਹਨ ? ਕੀ ਪੰਜਾਬ ਦੇ ਇੱਕੋ ਸੋਚ ਵਾਲੇ ਸਿਆਸਤਦਾਨ ਇਕੱਠੇ ਹੋ ਕੇ ਕੇਂਦਰ ਉੱਤੇ ਦਬਾਅ ਨਹੀਂ ਬਣਾ ਸਕਦੇ ਕਿ ਕਿਸਾਨਾਂ ਦੀਆਂ ਮੰਗਾਂ ਹੱਕੀ ਹਨ। ਕਿ ਤਿੰਨੇ ਕਾਲੇ ਕਾਨੂੰਨ ਰੱਦ ਹੋਣੇ ਚਾਹੀਦੇ ਹਨ। ਕੀ ਪੰਜਾਬ ਦੇ ਅਸੰਬਲੀ ਮੈਂਬਰ ਵਿਰੋਧ ਵਿੱਚ ਵਿਧਾਇਕੀ ਤੋਂ ਅਸਤੀਫ਼ੇ ਨਹੀਂ ਦੇ ਸਕਦੇ ਇਹ ਕਹਿਕੇ ਕਿ ਤਿੰਨੇ ਕਾਲੇ ਕਾਨੂੰਨ ਰੱਦ ਕਰੋ ?

ਕੀ ਪੰਜਾਬ ਦੀਆਂ ਸਿਆਸੀ ਪਾਰਟੀਆਂ ਇਹ ਨਹੀਂ ਜਾਣਦੀਆਂ ਕਿ ਜਿਹੜੇ ਅਧਿਕਾਰ ਸੰਵਿਧਾਨ ਅਨੁਸਾਰ ਰਾਜ ਸਰਕਾਰਾਂ ਦੇ ਹਨ, ਉਹ ਖੇਤੀ ਕਾਨੂੰਨ ਕੇਂਦਰ ਵੱਲੋਂ ਬਣਾ ਕੇ ਉਹਨਾਂ ਤੋਂ ਖੋਹੇ ਜਾ ਰਹੇ ਹਨ ? ਕੀ ਪੰਜਾਬ ਦੀਆਂ ਸਿਆਸੀ ਪਾਰਟੀਆਂ ਇਸ ਹੱਕ ਵਿੱਚ ਹਨ ਕਿ ਕੇਂਦਰ ਸੂਬਿਆਂ ਦੀਆਂ ਸਾਰੀਆਂ ਤਾਕਤਾਂ ਹਥਿਆ ਲਵੇ ਅਤੇ ਉਹ ਸਿਰਫ਼ ਕਾਰਪੋਰੇਸ਼ਨਾਂ, ਮਿਊਂਸਪਲ ਕਮੇਟੀਆਂ ਵਾਂਗ ਕੰਮ ਕਰਦੀਆਂ ਰਹਿ ਜਾਣ ? ਜੇਕਰ ਨਹੀਂ ਤਾਂ ਫਿਰ ਬਹੁਤੀਆਂ ਸਿਆਸੀ ਪਾਰਟੀਆਂ, ਜਿਹਨਾਂ ਨੇ ਪੰਜਾਬ ਵਿੱਚ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਪਹਿਲਾਂ ਵੀ ਵੱਡੀ ਭੂਮਿਕਾ ਨਿਭਾਈ ਹੈ, ਉਹ ਹੁਣ ਵਡੇਰੀ ਭੂਮਿਕਾ ਲਈ, ਵੋਟਾਂ ਦੀ ਸਿਆਸਤ ਛੱਡਕੇ, ਅੱਗੇ ਆਉਣ ਤੋਂ ਕਿਉਂ ਕੰਨੀਂ ਕਤਰਾ ਰਹੀਆਂ ਹਨ ?

ਪੰਜਾਬ ਦੀਆਂ ਸਿਆਸੀ ਪਾਰਟੀਆਂ ਕਿਸਾਨਾਂ ਦੀ ਇਸ ਵੱਡੀ ਲੜਾਈ ਵਿੱਚ ਭੂਮਿਕਾ ਨਿਭਾ ਸਕਦੀਆਂ ਹਨ। ਪਹਿਲੀ ਇਹ ਕਿ ਆਪਣੇ ਵਰਕਰਾਂ ਰਾਹੀਂ ਆਮ ਲੋਕਾਂ ਵਿੱਚ ਇਹ ਪ੍ਰਚਾਰ ਕਰਨ ਕਿ ਇਹ ਕਾਨੂੰਨ ਲੋਕ-ਹਿਤ ਵਿੱਚ ਨਹੀਂ ਹਨ। ਜਾਗਰੂਕਤਾ ਲਈ ਆਪੋ-ਆਪਣੇ ਪਾਰਟੀ ਝੰਡਿਆਂ ਦੀ ਵਰਤੋਂ ਨਾ ਕਰਕੇ ਲੋਕ ਸੱਥਾਂ ਵਿੱਚ ਇਸ ਕਾਨੂੰਨ ਦੀਆਂ ਬੁਰਾਈਆਂ ਦੱਸਣ ਜਿਵੇਂ ਕਿ ਭਾਜਪਾ ਆਪਣੇ ਵਰਕਰਾਂ ਰਾਹੀਂ ਪੈਂਫਲਟ ਵੰਡਕੇ ਕਾਨੂੰਨਾਂ ਦੇ ਹੱਕ ਵਿੱਚ ਕਰ ਰਹੀ ਹੈ, ਭਾਵੇਂ ਕਿ ਪੰਜਾਬ ਵਿੱਚ ਉਸ ਨੂੰ ਕਾਮਯਾਬੀ ਨਹੀਂ ਮਿਲ ਰਹੀ। ਦੂਜਾ ਇਹ ਦੱਸਣ ਕਿ ਲੋਕਤੰਤਰ ਵਿੱਚ ਸਭਨਾਂ ਨੂੰ ਆਪੋ-ਆਪਣੇ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ ਹੈ ਅਤੇ ਲੋਕਤੰਤਰੀ ਸਰਕਾਰ ਦੇ ਹਾਕਮਾਂ ਨੂੰ ਆਮ ਲੋਕਾਂ ਦੀ ਗੱਲ ਸੁਣਨੀ ਚਾਹੀਦੀ ਹੈ। ਜੇਕਰ ਗੱਲ ਨਹੀਂ ਸੁਣੀ ਜਾਂਦੀ ਤਾਂ ਲਾਮਬੰਦ ਹੋਣਾ ਉਹਨਾਂ ਦਾ ਅਧਿਕਾਰ ਹੈ।

ਤੀਜਾ ਇਹ ਕਿ ਜਿਵੇਂ ਕਿਸਾਨ ਜਥੇਬੰਦੀਆਂ ਲੋਕਾਂ ਨੂੰ ਲਾਮਬੰਦ ਕਰਕੇ ਦਿੱਲੀ ਬਾਰਡਰਾਂ 'ਤੇ ਲਿਜਾ ਰਹੀਆਂ ਹਨ, ਉਹਨਾਂ ਦੀ ਹਰ ਤਰਾਂ ਮਦਦ ਕੀਤੀ ਜਾਵੇ। ਇਸ ਮਦਦ ਵਿੱਚ ਸਿਆਸੀ ਕਾਰਕੁੰਨ ਵੀ ਹੋਣ, ਸਮਗਰੀ ਵੀ ਹੋਵੇ ਅਤੇ ਸਹਾਇਤਾ ਵੀ।

ਚੌਥਾ ਇਹ ਕਿ ਜਿਹੜੇ ਕਿਸਾਨ ਇਸ ਅੰਦੋਲਨ ਦੌਰਾਨ ਆਪਣੀ ਜਾਨ ਗੁਆ ਚੁੱਕੇ ਹਨ, ਉਹਨਾਂ ਦੇ ਘਰਾਂ ਤਕ ਪਹੁੰਚ ਕੀਤੀ ਜਾਵੇ। ਉਹਨਾਂ ਨੂੰ ਬਣਦੀ ਆਰਥਿਕ ਮਦਦ ਦਿੱਤੀ ਜਾਵੇ। ਕੇਂਦਰ ਦੀ ਸਰਕਾਰ ਨੇ ਤਾਂ ਉਹਨਾਂ ਦੀ ਗੱਲ ਸੁਣਨੀ ਨਹੀਂ, ਰਾਜ ਸਰਕਾਰ ਨੂੰ ਪ੍ਰੇਰਿਆ ਜਾਣਾ ਚਾਹੀਦਾ ਹੈ ਕਿ ਉਹ ਇਹਨਾਂ ਕਿਸਾਨਾਂ ਦੀ ਮਦਦ ਕਰੇ। ਅਤੇ ਇਸ ਤੋਂ ਵੀ ਅਗਲੀ ਗੱਲ ਇਹ ਕਿ ਜਿਹੜੇ ਕਿਸਾਨ ਅਤੇ ਕਿਸਾਨ ਪਰਿਵਾਰ ਮੋਰਚਿਆਂ 'ਤੇ ਡਟੇ ਹੋਏ ਹਨ, ਉਹਨਾਂ ਦੀ ਫ਼ਸਲ ਬਾੜੀ ਦੀ ਦੇਖ-ਰੇਖ ਸਿਆਸੀ ਪਾਰਟੀਆਂ ਦੇ ਕਾਰਕੁੰਨ ਕਰਨ। ਸਿਆਸੀ ਨੇਤਾਵਾਂ ਦਾ ਕੰਮ ਦੂਜਿਆਂ ਦੇ ਭਲੇ ਲਈ ਕੰਮ ਕਰਨਾ ਹੁੰਦਾ ਹੈ ਨਾ ਕਿ ਆਪਣੇ ਲਈ।

ਸਿਆਸੀ ਲੋਕ ਦੂਜਿਆਂ ਦੀਆਂ ਲੋੜਾਂ ਦਾ ਧਿਆਨ ਰੱਖਣ ਅਤੇ ਲੋਕ ਭਲੇ ਲਈ ਕੰਮ ਕਰਨ ਵਾਲੇ ਅਦਾਰਿਆਂ ਦੇ ਅੰਗ-ਸੰਗ ਖੜਦੇ ਮੰਨੇ ਜਾਂਦੇ ਹਨ। ਪਰ ਅੱਜ ਦੇ ਸਿਆਸੀ ਨੇਤਾਵਾਂ ਦਾ ਕੰਮ ਸਮਾਜ ਸੇਵਾ ਨਾਲੋਂ ਵੱਧ 'ਆਪਣਿਆਂ ਦੀ ਸੇਵਾ' ਦਾ ਰਹਿ ਗਿਆ ਹੈ। ਸਿਆਸੀ ਨੇਤਾਵਾਂ ਦੇ ਵੱਡੇ ਭਾਸ਼ਣ ਲੋਕਾਂ ਨੂੰ ਗੁਮਰਾਹ ਕਰਦੇ ਹਨ, ਗ਼ਲਤ ਨੂੰ ਸਹੀ ਅਤੇ ਸਹੀ ਨੂੰ ਗ਼ਲਤ ਸਾਬ↰ਤ ਕਰਨ ਲਈ ਉਹ ਹਰ ਹਰਬਾ ਵਰਤਣ ਦੇ ਰਾਹ ਪੈਂਦੇ ਹਨ, ਜਿਵੇਂ ਕਿ ਮੌਜੂਦਾ ਸਮੇਂ ਵਿੱਚ ਹਾਕਮਾਂ ਵੱਲੋਂ ਕੀਤਾ ਜਾ ਰਿਹਾ ਹੈ।

**ਬਾਕੀ ਸਫ਼ਾ 32 'ਤੇ**

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਚਾਬੀਆਂ ਦਾ ਮੋਰਚਾ ਸਿੱਖਾਂ ਦੇ ਇਤਫ਼ਾਕ ਦੀ ਜਿੱਤ

**- ਨਵਜੋਤ ਸਿੰਘ**

ਚਾਬੀਆਂ ਦਾ ਮੋਰਚਾ 20ਵੀਂ ਸਦੀ ਦੇ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਮਹੱਤਵ ਰੱਖਣ ਵਾਲਾ ਉਹ ਅਨੋਖਾ ਮੋਰਚਾ ਹੈ ਜੋ ਸਿੱਖਾਂ ਦੀ ਨਿਰਭਉ ਅਤੇ ਸਿਦਕੀ ਸ਼ਖ਼ਸੀਅਤ ਦੀ ਤਰਜਮਾਨੀ ਕਰਦਾ ਹੋਇਆ, ਅੱਜ ਵੀ ਤਾਨਾਸ਼ਾਹੀ ਹਕੂਮਤਾਂ ਦੇ ਤਾਨਾਸ਼ਾਹੀ ਫ਼ੁਰਮਾਨਾਂ ਨੂੰ ਬਿਨਾਂ ਕਿਸੇ ਡਰ ਜਾਂ ਸਹਿਮ ਦੇ ਕਬੂਲ ਨਾ ਕਰਨ ਦੀ ਪ੍ਰੇਰਨਾ ਦਿੰਦਾ ਹੈ। ਇਸ ਮੋਰਚੇ ਵਿੱਚ ਪ੍ਰਾਪਤ ਹੋਈ ਜਿੱਤ 20ਵੀਂ ਸਦੀ ਦੇ ਸਿੱਖ ਪੈਰਾਂ ਦੀਆਂ ਜਿੱਤਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ। ਸਿੱਖ ਸ਼ਕਤੀ ਅੱਗੇ ਅੰਗਰੇਜ਼ ਸਰਕਾਰ ਦਾ ਝੁਕਣਾ ਅਤੇ ਇਸ ਮੋਰਚੇ ਦੀ ਜਿੱਤ ਨੇ ਸਿੱਖ ਸ਼ਕਤੀ ਨੂੰ ਮਜ਼ਬੂਤੀ ਅਤੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਲਈ ਹੋਰ ਉਤਸ਼ਾਹਤ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼ਰੋਮਣੀ ਅਕਾਲੀ ਦਲ ਦੁਆਰਾ, ਸਰਕਾਰ ਦੁਆਰਾ ਧੱਕੇ ਨਾਲ ਕਬਜ਼ੇ ਵਿੱਚ ਕੀਤੀਆਂ ਸੈਰੀ ਹਰਿਮੰਦਿਰ ਸਾਹਿਬ ਜੀ ਨਾਲ ਸਬੰਧਤ ਤੋਸ਼ਖ਼ਾਨੇ ਆਦਿ ਦੀਆਂ ਚਾਬੀਆਂ ਨੂੰ ਵਾਪਸ ਲੈਣ ਲਈ ਕੀਤੇ ਸੰਘਰਸ਼ ਨੂੰ ਇਤਿਹਾਸ ਵਿੱਚ ਚਾਬੀਆਂ ਦੇ ਮੋਰਚੇ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਅੰਗਰੇਜ਼ ਸਰਕਾਰ ਦੁਆਰਾ ਸਿੱਖ ਸ਼ਕਤੀ ਨੂੰ ਨੁਕਸਾਨ ਪਹੁੰਚਾਉਣ ਲਈ ਸਿੱਖਾਂ ਦੇ ਧਾਰਮਿਕ ਕੇਂਦਰੀ ਅਸਥਾਨ ਸੈਰੀ ਹਰਿਮੰਦਿਰ ਸਾਹਿਬ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਕਰਨ ਲਈ ਯਤਨ ਅਰੰਭੇ ਹੋਏ ਸਨ। ਇਹ ਮੋਰਚਾ ਵੀ ਸਰਕਾਰ ਦੇ ਉਨਾਂ ਅਰੰਭੇ ਯਤਨਾਂ ਨੂੰ ਅਸਫਲ ਕਰਨ ਅਤੇ ਸਰਕਾਰ ਨੂੰ ਸਿੱਖ ਸ਼ਕਤੀ ਦਾ ਅਹਿਸਾਸ ਕਰਾਉਣ ਲਈ ਉਤਪੰਨ ਹੋਇਆ।

ਸ. ਸੁੰਦਰ ਸਿੰਘ ਰਾਮਗੜੀਆ ਨੂੰ ਸੈਰੀ ਹਰਿਮੰਦਿਰ ਸਾਹਿਬ ਜੀ ਦਾ ਸਰਬਰਾਹ ਨਿਯੁਕਤ ਕੀਤਾ ਗਿਆ ਸੀ, ਇਨਾਂ ਕੋਲ ਸੈਰੀ ਹਰਿਮੰਦਰ ਸਾਹਿਬ ਦੇ ਤੋਸ਼ਖਾਨੇ ਦੀਆਂ ਚਾਬੀਆਂ ਸਨ। 29 ਅਕਤੂਬਰ, 1921 ਈ. ਨੂੰ ਸ਼੍ਰੋ. ਗੁ. ਪ੍ਰ. ਕਮੇਟੀ ਨੇ ਇੱਕ ਮਤਾ ਪਾਸ ਕੀਤਾ ਜਿਸ ਵਿੱਚ ਸ੍ਰੀ ਹਰਿਮੰਦਿਰ ਸਾਹਿਬ ਜੀ ਦੇ ਤੋਸ਼ਾਖਾਨੇ ਦੀਆਂ ਚਾਬੀਆਂ ਨੂੰ ਰੱਖਣ ਦਾ ਅਧਿਕਾਰ ਸ਼੍ਰੋ. ਗੁ. ਪ੍ਰ. ਕਮੇਟੀ ਦੇ ਪ੍ਰਧਾਨ ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ। ਇਸ ਮਤੇ ਅਨੁਸਾਰ ਸ. ਸੁੰਦਰ ਸਿੰਘ ਜੋ ਸਰਬਰਾਹ ਸਨ, ਉਨਾਂ ਨੂੰ ਚਾਬੀਆਂ ਪ੍ਰਧਾਨ ਬਾਬਾ ਖੜਕ ਸਿੰਘ ਜੀ (ਸ. ਸੁੰਦਰ ਸਿੰਘ ਮਜੀਠੀਆ ਦੁਆਰਾ ਅਸਤੀਫ਼ਾ ਦੇਣ ਤੋਂ ਬਾਅਦ ਬਾਬਾ ਖੜਕ ਸਿੰਘ ਜੀ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ) ਨੂੰ ਦੇਣ ਲਈ ਕਿਹਾ ਗਿਆ। ਜਦੋਂ ਇਸ ਗੱਲ ਦਾ ਪਤਾ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਲੱਗਾ ਤਾਂ ਉਸ ਨੇ 7 ਨਵੰਬਰ 1921 ਨੂੰ ਲਾਲਾ ਅਮਰਨਾਥ (**extra-assistant commissioner**) ਨੂੰ ਭੇਜ ਕੇ ਸ. ਸੁੰਦਰ ਸਿੰਘ ਤੋਂ 53 ਚਾਬੀਆਂ ਦਾ ਗੁੱਛਾ ਆਪਣੇ ਕਬਜ਼ੇ ਵਿੱਚ ਕਰ ਲਿਆ। ਸਰਕਾਰ ਦੁਆਰਾ ਇਸ ਆਪ ਹੁਦਰੀ ਕਰਨ ਦੇ ਫਲਸਰੂਪ ਸਿੱਖਾਂ ਅੰਦਰ ਸਰਕਾਰ ਪ੍ਰਤੀ ਵਿਦਰੋਹ ਨੇ ਜਨਮ ਲਿਆ, ਕਿਉਂਕਿ ਗੱਲ ਹੁਣ ਕੌਮੀ ਕੇਂਦਰੀ ਸਥਾਨ ਦੀ ਮਾਣ-ਮਰਿਯਾਦਾ ਦੀ ਹੋ ਚੁੱਕੀ ਸੀ, ਸਿੱਖਾਂ ਨੇ ਇਸ ਦਾ ਵੱਡੇ ਪੱਧਰ ਤੇ ਵਿਰੋਧ ਕਰਨਾ ਅਰੰਭ ਕੀਤਾ। 11 ਨਵੰਬਰ ਨੂੰ ਸਰਕਾਰ ਨੇ ਕਪਤਾਨ ਬਹਾਦਰ ਸਿੰਘ ਨੂੰ ਨਵਾਂ ਸਰਬਰਾਹ ਨਿਯੁਕਤ ਕਰਕੇ 15 ਨਵੰਬਰ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਵਾਲੇ ਦਿਨ ਉਸ ਹੱਥ ਚਾਬੀਆਂ ਭੇਜੀਆਂ ਪਰ ਉਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸਿੱਖ ਸੰਗਤਾਂ ਨੇ ਸਰਬਰਾਹ ਪਰਵਾਨ ਨਹੀਂ ਕੀਤਾ। 11 ਨਵੰਬਰ, 1921 ਈ: ਨੂੰ ਅੰਮ੍ਰਿਤਸਰ ਵਿਖੇ ਸਰਕਾਰ ਦੇ ਵਿਰੋਧ ਵਿੱਚ ਰੋਸ ਸਭਾ ਬੁਲਾਈ ਗਈ ਜਿਸ ਵਿੱਚ ਬਾਬਾ ਖੜਕ ਸਿੰਘ ਅਤੇ ਹੋਰ ਅਕਾਲੀ ਆਗੂਆਂ ਨੇ ਸੰਬੋਧਨ ਕੀਤਾ। ਇਸ ਸਭਾ ਵਿੱਚ ਸਰਕਾਰ ਨਾਲ ਨਾ ਮਿਲਵਰਤਨ ਦੀ ਲਹਿਰ ਅਰੰਭ ਕਰਨ ਦਾ ਮਤਾ ਪਕਾਇਆ ਗਿਆ। 12 ਨਵੰਬਰ, 1921 ਈ: ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਫ਼ੈਸਲਾ ਲਿਆ ਕਿ ਸਰਕਾਰ ਦੁਆਰਾ ਨਵੇਂ ਨਿਯੁਕਤ ਕੀਤੇ ਸਰਬਰਾਹ ਨੂੰ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਿੱਚ ਦਖ਼ਲ ਨਾ ਦੇਣ ਦਿੱਤਾ ਜਾਵੇ ਅਤੇ ਚਾਬੀਆਂ ਨਾ ਮਿਲਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇ। ਪੰਥਕ ਅਤੇ ਅਕਾਲੀ ਅਖ਼ਬਾਰਾਂ ਆਦਿ ਵਿੱਚ ਸਰਕਾਰ ਦੀ ਆਪ ਹੁਦਰੀ ਇਸ ਤਾਨਾਸ਼ਾਹੀ ਦੀ ਸਿੱਖ ਲੇਖਕਾਂ ਦੁਆਰਾ ਵੱਡੇ ਪੱਧਰ 'ਤੇ ਆਲੋਚਨਾ ਕੀਤੀ ਗਈ।



**ਵਿਸ਼ੇਸ਼ ਲੇਖ 20 ਜਨਵਰੀ**

26 ਨਵੰਬਰ, 1921 ਨੂੰ ਸਰਕਾਰ ਅਤੇ ਅਕਾਲੀਆਂ ਦੁਆਰਾ ਆਪਣਾ-ਆਪਣਾ ਪੱਖ ਪੇਸ਼ ਕਰਨ ਲਈ ਅਜਨਾਲੇ ਸਭਾ ਬੁਲਾਈ ਗਈ। 26 ਨਵੰਬਰ ਨੂੰ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਜਨਾਲੇ ਹੀ ਆਪਣੀ ਕਾਨਫਰੰਸ ਕਰਨ ਦਾ ਫੈਸਲਾ ਕੀਤਾ। ਜਦੋਂ ਇਸਦਾ ਪਤਾ ਸਰਕਾਰ ਨੂੰ ਲੱਗਾ ਤਾਂ ਸਰਕਾਰ ਨੇ ਜਲਸੇ-ਜਲੂਸ ਕਰਨ 'ਤੇ ਪਾਬੰਦੀ ਲਗਾ ਦਿੱਤੀ। 26 ਨਵੰਬਰ ਨੂੰ ਸਰਕਾਰ ਦੁਆਰਾ ਜਲਸਾ ਕੀਤਾ ਗਿਆ ਉੱਥੇ ਅਕਾਲੀਆਂ ਦੁਆਰਾ ਦੀਵਾਨ ਲਾਇਆ ਗਿਆ। ਸਰਕਾਰ ਦੇ ਹੁਕਮ ਦੇ ਵਿਰੋਧ ਵਿੱਚ ਦੀਵਾਨ ਲਾਉਣ ਦੇ ਇਲਜ਼ਾਮ ਲਗਾ ਕੇ ਸਰਕਾਰ ਨੇ ਮੁਖੀ ਸਿੱਖਾਂ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਸ. ਤੇਜਾ ਸਿੰਘ, ਸ. ਜਸਵੰਤ ਸਿੰਘ, ਸ. ਤੇਜਾ ਸਿੰਘ ਸਮੁੰਦਰੀ ਆਦਿ ਨੂੰ ਗ੍ਰਿਫਤਾਰ ਕਰਕੇ ਜੇਲ ਭੇਜ ਦਿੱਤਾ। ਇਹ ਗੈਰਿਫਤਾਰੀਆਂ ਦੀ ਘਟਨਾ ਨੇ ਇਸ ਲਹਿਰ ਨੂੰ ਹੋਰ ਤੇਜ਼ ਕਰ ਦਿੱਤਾ। ਇਸ ਘਟਨਾ ਦੇ ਰੋਸ ਵਿੱਚ 27 ਨਵੰਬਰ ਨੂੰ ਜਗਾ-ਜਗਾ ਰੋਸ ਦਿਵਸ ਵਜੋਂ ਮਨਾਇਆ ਗਿਆ। ਸਿੱਖਾਂ ਨੇ ਰੋਸ ਦੀਵਾਨ ਲਗਾਉਣੇ ਅਰੰਭ ਕਰ ਦਿੱਤੇ। ਇਹ ਲਹਿਰ ਦਿਨੋਂ-ਦਿਨ ਹੋਰ ਸਰਗਰਮ ਹੁੰਦੀ ਗਈ। ਸਿੱਖਾਂ ਨੂੰ ਗ੍ਰਿਫਤਾਰ ਕਰਕੇ ਜੇਲਾਂ ਵਿੱਚ ਭੇਜਿਆ ਜਾਣ ਲੱਗਾ। 1 ਜਨਵਰੀ 1922 ਈ: ਨੂੰ ਸਿੱਖ ਸੰਸਥਾਵਾਂ ਦੁਆਰਾ ਕਾਨਫਰੰਸ ਕੀਤੀ ਗਈ, ਜਿਸ ਵਿੱਚ ਸੰਸਥਾਵਾਂ ਦੁਆਰਾ ਸਰਕਾਰ ਦੇ ਵਿਰੋਧ ਵਿੱਚ ਮਤਾ ਪਕਾਇਆ ਗਿਆ। 6 ਜਨਵਰੀ ਨੂੰ ਖਾਲਸਾ ਕਾਲਜ ਦੇ ਪੈਰੋਫੈਸਰਾਂ ਦੁਆਰਾ ਵੀ ਦੋ ਮਤੇ ਪਾਸ ਕੀਤੇ ਗਏ। 1. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਜਥੇਬੰਦੀ ਹੈ, ਜਿਸ ਕਰਕੇ ਉਸ ਨੂੰ ਚਾਬੀਆਂ ਦਿੱਤੀਆਂ ਜਾਣ। 2. ਚਾਬੀਆਂ ਸਬੰਧੀ ਲਗਾਏ ਦੀਵਾਨ ਧਾਰਮਿਕ ਦੀਵਾਨ ਹਨ। ਅਖ਼ਬਾਰਾਂ ਵਿੱਚ ਛਪਣ ਕਰਕੇ ਇਨਾਂ ਮਤਿਆਂ ਦਾ ਸਰਕਾਰ ਉੱਪਰ ਬਹੁਤ ਅਸਰ ਹੋਇਆ। ਅਖੀਰ ਸਰਕਾਰ ਨੇ ਸਿੱਖ ਸ਼ਕਤੀ ਅੱਗੇ ਝੁਕਦਿਆਂ 5 ਜਨਵਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ 'ਤੇ ਚਾਬੀਆਂ ਵਾਪਸ ਦੇਣੀਆਂ ਚਾਹੀਆਂ ਪਰ ਸਿੱਖਾਂ ਨੇ ਚਾਬੀਆਂ ਲੈਣ ਤੋਂ ਇਨਕਾਰ ਕਰ ਦਿੱਤਾ। ਸਿੱਖਾਂ ਨੇ ਸਰਕਾਰ ਦੁਆਰਾ ਗ੍ਰਿਫਤਾਰ ਕੀਤੇ ਸਿੱਖਾਂ ਨੂੰ ਰਿਹਾਅ ਕਰਨ ਦੀ ਸ਼ਰਤ ਰੱਖੀ। 11 ਜਨਵਰੀ, 1922 ਈ: ਨੂੰ ਸਰਕਾਰ ਨੇ ਸਰ ਜਾਹਨ ਐਨਾਰਡ ਰਾਹੀਂ ਪੰਜਾਬ ਕੌਂਸਲ ਵਿੱਚ ਗ੍ਰਿਫਤਾਰ ਕੀਤੇ ਸਭ ਸਿੱਖਾਂ ਨੂੰ ਰਿਹਾਅ ਕਰਨ ਦਾ ਐਲਾਨ ਕਰ ਦਿੱਤਾ। 17 ਜਨਵਰੀ,1922 ਈ: ਨੂੰ 150 ਸਿੱਖਾਂ ਨੂੰ ਰਿਹਾਅ ਕਰ ਦਿੱਤਾ ਗਿਆ। 19 ਜਨਵਰੀ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਦੀਵਾਨ ਸਜਾਇਆ ਗਿਆ ਅਤੇ ਇਸੇ ਦੀਵਾਨ ਵਿੱਚ ਸਰਕਾਰ ਨੇ ਆਪਣਾ ਪ੍ਰਤੀਨਿਧ ਭੇਜ ਕੇ ਤੋਸ਼ਾਖਾਨੇ ਦੀਆਂ ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਜੀ ਨੂੰ ਸੌਂਪ ਦਿੱਤੀਆਂ। ਇਸ ਤਰਾਂ ਚਾਬੀਆਂ ਦੇ ਮੋਰਚੇ ਵਿੱਚ ਸਿੱਖਾਂ ਦੀ ਸੁਹਿਰਦਤਾ ਅਤੇ ਸਿਦਕੀ ਸ਼ਖ਼ਸੀਅਤ ਦੇ ਸਾਵੇਂ ਸਰਕਾਰ ਨੂੰ ਝੁਕਣਾ ਹੀ ਪਿਆ ਅਤੇ ਅਖੀਰ ਸਿੱਖਾਂ ਨੂੰ ਫਤਹਿ ਪ੍ਰਾਪਤ ਹੋਈ। ਸੰਘਰਸ਼ ਵਿੱਚ ਜਿੱਤ ਹਮੇਸ਼ਾਂ ਇਤਫ਼ਾਕ ਦੀ ਮੁਥਾਜ ਹੁੰਦੀ ਹੈ।

***ਵਿਦਿਆਰਥੀ, ਸੈਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼**
**ਨਿਸ਼ਾਨ-ਏ-ਸਿੱਖੀ (ਖਡੂਰ ਸਾਹਿਬ)**
**ਸੰਪਰਕ-8437923269**

# ਕਿਸਾਨ ਅੰਦੋਲਨ : ਚੜਦੀ ਕਲਾ ਦਾ ਸਿਖਰ



**- ਇਕਵਾਕ ਸਿੰਘ ਪੱਟੀ**
**ਅੰਮ੍ਰਿਤਸਰ ਸਾਹਿਬ**

ਅਕਾਲ ਏਡ ਵੱਲੋਂ 30 ਨਵੰਬਰ ਤੋਂ ਕੁੰਡਲੀ ਬਾਰਡਰ ਵਾਲੀ ਸਾਈਡ ਸਟੇਜ ਦੇ ਬਿਲਕੁਲ ਸੱਜੇ ਪਾਸੇ ਲੱਗੇ ਇਕਹਿਰੇ ਦਰੱਖਤ ਦੇ ਨੇੜੇ ਕਿਸਾਨੀ ਸੰਘਰਸ਼ ਵਿੱਚ ਸ਼ਾਮਲ ਹੋਣ ਵਾਲੇ ਕਿਸਾਨਾਂ/ਗ਼ੈਰ ਕਿਸਾਨਾਂ ਦੀ ਤਬੀਅਤ ਢਿੱਲੀ ਮੱਠੀ ਹੋਣ ਤੇ ਮੁੱਢਲੀ ਡਾਕਟਰੀ ਸਹਾਇਤਾ ਦੇਣ ਲਈ ਮੈਡੀਕਲ ਅਰੰਭ ਕੀਤਾ ਹੋਇਆ ਸੀ। ਇਸ ਵੱਡੇ ਕਿਸਾਨੀ ਅੰਦੋਲਨ ਦੇ ਲਈ ਜਿੱਥੇ ਲੱਖਾਂ ਦੀ ਗਿਣਤੀ ਵਿੱਚ ਕਿਸਾਨ ਅਤੇ ਉਹਨਾਂ ਦੇ ਸਮਰਥਕ ਘਰ ਘਾਟ ਛੱਡ ਕੇ, 26-27 ਨਵੰਬਰ ਤੋਂ ਸਮੇਂ ਦੀ ਹਾਕਮ ਸਰਕਾਰ ਵਿਰੁੱਧ ਮੱਥਾ ਲਾਈ ਬੈਠੇ ਸਨ ਤਾਂ ਬਹੁਤ ਸਾਰੀਆਂ ਸਮਾਜਿਕ/ਧਾਰਮਿਕ ਸੰਸਥਾਵਾਂ ਨੇ ਆਪਣਾ ਇਖ਼ਲਾਕੀ ਫ਼ਰਜ਼ ਸਮਝਦਿਆਂ ਹੋਇਆਂ ਉੱਥੇ ਪੁੱਜਣਾ ਸ਼ੁਰੂ ਕੀਤਾ। ਸ਼ਾਇਦ ਹੁਣ ਤੱਕ ਕੋਈ ਐਸਾ ਫ਼ਿਰਕਾ, ਤਬਕਾ ਜਾਂ ਖ਼ਿੱਤਾ ਹੋਵੇਗਾ ਜਿਸ ਦੇ ਨਾਲ ਸਬੰਧਿਤ ਲੋਕ ਉੱਥੇ ਨਾ ਪੁੱਜੇ ਹੋਣ। ਮੈਂ 27 ਦੀ ਸਵੇਰੇ ਅੰਮ੍ਰਿਤਸਰ ਸਾਹਿਬ ਤੋਂ ਨਿਕਲਣਾ ਸੀ, ਪਰ ਤਬੀਅਤ ਵਿੱਚ ਅਚਾਨਕ ਵਿਗਾੜ ਆ ਗਿਆ ਅਤੇ ਮੈਨੂੰ ਰੁਕਣਾ ਪਿਆ। ਮੇਰੇ ਸਾਥੀ ਜ਼ਰੂਰ ਉੱਥੇ ਪੁੱਜ ਗਏ। ਮੇਰਾ ਬਹੁਤ ਮਨ ਸੀ ਕਿ ਜਲਦੀ ਜਾਵਾਂ, ਪਲ-ਪਲ ਉੱਥੋਂ ਦਾ ਹਾਲ ਜਾਣਨਾ ਚਾਹੁੰਦਾ ਸੀ, ਸੋਸ਼ਲ ਮੀਡੀਆ ਤੋਂ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕਰਦਾ ਅਤੇ ਅਕਾਲ ਏਡ ਵਾਲੇ ਵੀਰ ਸ੍ਰ. ਤਜਿੰਦਰ ਸਿੰਘ ਜੀ, ਅਮਰਜੀਤ ਸਿੰਘ ਜੀ, ਚਰਨਜੀਤ ਸਿੰਘ ਹੁਰਾਂ ਨਾਲ ਰਾਬਤਾ ਕਾਇਮ ਕਰਦਾ, ਆਖ਼ਿਰ ਉਨਾਂ ਕਿਹਾ, 'ਪੱਟੀ ਸਾਹਿਬ, ਆਪ ਹੀ ਇੱਥੇ ਆ ਜਾਓ ਨਾਲੇ ਸਾਨੂੰ ਵੀ ਸੇਵਾਦਾਰਾਂ (ਵਲੰਟੀਅਰਾਂ) ਦੀ ਲੋੜ ਹੈ, ਕੱਲ ਅੰਮ੍ਰਿਤਸਰ ਸਾਹਿਬ ਤੋਂ ਦਵਾਈਆਂ ਦੀ ਗੱਡੀ ਆਉਣੀ ਹੈ।' ਮੈਂ ਤੁਰੰਤ ਹਾਂ ਕਰ ਦਿੱਤੀ 13 ਦਸੰਬਰ ਨੂੰ ਦਿੱਲੀ ਵੱਲ ਨੂੰ ਚਾਲੇ ਪਾ ਦਿੱਤੇ।

ਲਗਭਗ ਛੇ ਕੁ ਘੰਟੇ ਦਾ ਸਫ਼ਰ ਕਰਕੇ ਅਸੀਂ ਦਿੱਲੀ ਦੀਆਂ ਬਰੂਹਾਂ ਤੇ ਜਾ ਪੁੱਜੇ, ਦਿਲ ਦੀ ਖਿੱਚ ਸੀ, ਕਿ ਜਲਦੀ ਤੋਂ ਜਲਦੀ ਮੁੱਖ ਸਥਾਨ ਤੇ ਪੁੱਜ ਜਾਵਾਂ। ਮੁੱਖ ਸਟੇਜ ਤੋਂ ਲਗਭਗ 15 ਕਿਲੋਮੀਟਰ ਦਾ ਸਫ਼ਰ ਡੇਢ ਘੰਟੇ ਵਿੱਚ ਤੈਅ ਕਰ ਸਕਿਆ। ਕਿਉਂਕਿ ਟਰੈਕਟਰ-ਟਰਾਲੀਆਂ, ਟਰੱਕ, ਬੱਸਾਂ-ਗੱਡੀਆਂ ਨੇ ਹਾਈਵੇਅ 'ਤੇ ਪੂਰਾ ਗਾਹ ਪਾਇਆ ਪਿਆ ਸੀ, ਹਰ ਪਾਸੇ ਕਿਸਾਨੀ ਝੰਡੇ ਝੂਲਦੇ ਹੋਏ, ਅੰਦੋਲਨ ਵਿੱਚ ਸ਼ਾਮਿਲ ਹੋਣ ਆ ਰਹੇ ਲੋਕਾਂ ਦਾ ਚਾਅ ਨਾਲ ਸਵਾਗਤ ਪਏ ਕਰ ਰਹੇ ਸਨ। ਵੰਨ-ਸੁਵੰਨੇ ਲੰਗਰ, ਕਿਸਾਨ ਭਰਾਵਾਂ ਵਿੱਚ ਸੇਵਾ ਕਰਨ ਦਾ ਚਾਅ, ਹਰਿਆਣੇ ਵਾਲਿਆਂ ਵੱਲੋਂ ਕੀਤੀ ਜਾ ਰਹੀ ਸੇਵਾ, ਮੁਸਲਿਮ ਸਮਾਜ ਵੱਲੋਂ ਚਲਾਏ ਜਾ ਰਹੇ ਲੰਗਰ, ਇਉਂ ਪ੍ਰਤੀਤ ਹੁੰਦਾ ਸੀ, ਜਿਵੇਂ ਇਨਸਾਨੀਅਤ ਆਪਣਾ ਮੂੰਹ ਮੱਥਾ ਸੰਵਾਰ ਰਹੀ ਹੋਵੇ। ਖ਼ੈਰ! ਅਗਲੀ ਸਵੇਰ ਮੈਂ ਮੁੱਖ ਸਟੇਜ ਤੋਂ ਪੈਦਲ ਤੁਰਦਾ ਤੁਰਦਾ ਕੋਈ 8 ਕਿਲੋਮੀਟਰ ਪਿਛਾਂਹ ਨੂੰ ਚੱਲਿਆ ਗਿਆ, ਰਸਤੇ ਵਿਚਲਾ ਨਜ਼ਾਰਾ ਸੱਚਮੁੱਚ ਕਿਸਾਨ ਅੰਦੋਲਨ ਦੀ ਚੜਦੀ ਕਲਾ ਦਾ ਸਿਖਰ ਬਿਆਨ ਪਿਆ ਕਰਦਾ ਸੀ। ਮੁਸਲਿਮ, ਹਿੰਦੂ, ਸਿੱਖ, ਪੰਜਾਬੀ-ਹਰਿਆਣਵੀ ਗੱਲ ਕੀ ਹਰ ਤਬਕੇ ਵੱਲੋਂ ਭਾਈਚਾਰਕ (ਅਸਲ ਲੋਕਤੰਤਰ ਅਤੇ ਧਰਮ ਨਿਰਪੱਖਤਾ ਦੀ ਤਸਵੀਰ ਦੇ ਰੂਪ ਵਿੱਚ) ਸਾਂਝ ਦੀ ਐਸੀ ਮਿਸਾਲ ਕਾਇਮ ਕੀਤੀ ਜਾ ਰਹੀ ਹੈ ਕਿ ਮਨੁੱਖਤਾ ਨੇ ਦੁਬਾਰਾ ਜਨਮ ਲੈ ਲਿਆ ਹੋਵੇ। ਪਦਾਰਥਵਾਦ ਵਿੱਚ ਫਸਿਆ ਮਨੁੱਖ ਜਿਸ ਕੋਲ ਆਪਣੇ ਪਰਵਾਰਕ ਜੀਆਂ ਲਈ ਸਮਾਂ ਨਹੀਂ, ਜਿਸ ਕੋਲ ਗੁਆਂਢ ਵਿੱਚ ਕੀ ਹੋ ਰਿਹਾ ਹੈ ਜਾਣਨ ਦੀ ਇੱਛਾ ਨਹੀਂ, ਜਿਸ ਨੂੰ ਦੇਸ਼ ਵਿੱਚ ਚੱਲ ਰਹੇ ਘਪਲਿਆਂ ਤੇ ਅਫ਼ਸੋਸ ਜ਼ਰੂਰ ਹੈ, ਪਰ ਅਫ਼ਸੋਸ ਜ਼ਾਹਰ ਕਰਨ ਲਈ ਵੀ ਦੋ ਲਫ਼ਜ਼ ਨਹੀਂ, ਉਸੇ ਸਮਾਜ ਦੇ ਵਿਅਕਤੀ, ਇਸ ਲੱਖਾਂ ਦੇ ਇਕੱਠ ਵਿੱਚ ਹਰ ਰੋਜ਼ ਕੋਈ ਐਸਾ ਚਮਤਕਾਰ ਕਰਦੇ ਹਨ ਕਿ ਆਪਣੇ ਆਪ ਇਸ ਅੰਦੋਲਨ ਦਾ ਹਿੱਸਾ ਬਣਨ ਨੂੰ ਦਿਲ ਕਰਦਾ ਹੈ, ਅਤੇ ਹਿੱਸਾ ਬਣ ਜਾਣ ਤੋਂ ਬਾਅਦ ਮਾਣ ਮਹਿਸੂਸ ਹੁੰਦਾ ਹੈ। ਛੱਤੀ ਪ੍ਰਕਾਰ ਦੇ ਭੋਜਨਾਂ ਬਾਰੇ ਸੁਣਦੇ ਜ਼ਰੂਰ ਸੀ, ਦੇਖੇ ਕਦੇ ਨਹੀਂ ਸੀ, ਪਰ ਇਸ ਅੰਦੋਲਨ ਵਿੱਚ ਛੱਤੀ ਕਿਸਮਾਂ ਵੀ ਫਿੱਕੀਆਂ ਲੱਗਦੀਆਂ ਨੇ। ਖਾਣ-ਪੀਣ ਦੀਆਂ ਕਿਸਮਾਂ ਦਾ ਜ਼ਿਕਰ ਕਰਨਾ ਬਹੁਤ ਔਖਾ ਹੈ, ਸੋ ਹੋਰ ਮੁੱਖ ਲੋੜ ਵਾਲੀਆਂ ਚੀਜ਼ਾਂ ਦਾ ਜ਼ਿਕਰ ਕਰਦਾ ਹਾਂ। ਕੱਪੜੇ ਧੋਣ ਲਈ ਵੱਖ-ਵੱਖ ਇਲਾਕਿਆਂ ਦੇ ਪੰਜਾਬੀ ਅਤੇ ਹਰਿਆਣਵੀ ਨੌਜਵਾਨਾਂ ਨੇ ਵਾਸ਼ਿੰਗ ਮਸ਼ੀਨਾਂ ਲਗਾ ਦਿੱਤੀਆਂ ਨੇ, ਨਾਲ ਕੱਪੜਿਆਂ ਨੂੰ ਪ੍ਰੈੱਸ ਕਰਨ ਦਾ ਵੀ ਇੰਤਜ਼ਾਮ ਹੈ। ਦਵਾਈਆਂ, ਔਡੋਮਾਸ, ਸਾਬਣ, ਤੇਲ, ਟੂਥ-ਪੇਸਟ, ਪੇਪਰ-ਸੋਪ, ਨੇਲਕਟਰ, ਸੈਨਟਰੀ ਪੈਡ, ਨੈਪਕਨਿ, ਗਰਮ ਜੁਰਾਬਾਂ ਦੇ ਜੋੜੇ, ਗਰਮ ਦਸਤਾਨੇ, ਮਫ਼ਲਰ, ਤੌਲੀਏ, ਕਛਹਿਰੇ, ਸ਼ੀਸ਼ੇ, ਸਿਲਾਈਆਂ, ਦਸਤਾਰਾਂ, ਕੰਘੇ, ਕੜੇ, ਲੋਈਆਂ, ਕੰਬਲ, ਰਜਾਈਆਂ-ਤਲਾਈਆਂ, ਤਰਪਾਲਾਂ, ਚੱਪਲਾਂ, ਗਰਮ ਕੱਪੜੇ, ਗਰਮ ਪਾਣੀ ਵਾਲੇ (ਹਾਟ ਵਾਟਰ ਬੈਗ) ਹੋਰ ਪਤਾ ਨਹੀਂ ਕੀ-ਕੀ, ਸਭ ਕੁਝ ਮੁਫ਼ਤ ਵਿੱਚ ਵੰਡਿਆ ਜਾ ਰਿਹਾ ਤਾਂ ਕਿ ਇਹ ਜੰਗ ਜਿੱਤੀ ਜਾ ਸਕੇ।

ਮੋਬਾਈਲ ਚਾਰਜ ਕਰਨ ਲਈ ਖ਼ਾਸ ਥਾਵਾਂ, ਆਰਮ ਕਰਨ ਲਈ ਬੀਬੀਆਂ/ਬਾਬਿਆਂ ਲਈ ਵੱਖਰੀਆਂ ਵੱਖਰੀਆਂ ਅਰਾਮਗਾਹਾਂ, ਪੜਨ ਲਈ ਇੱਕ ਜੰਗੀ ਲਾਇਬ੍ਰੇਰੀ, ਇੱਕ ਕਿਤਾਬ ਘਰ ਅਤੇ ਇੱਕ ਪੰਜਾਬੀ ਸੱਥ ਕਾਇਮ ਕੀਤੀ ਗਈ ਹੈ, ਉਸਦੇ ਨਾਲ ਦਿੱਲੀ ਦੇ ਨੇੜੇ ਤੇੜੇ ਦੇ ਗ਼ਰੀਬ ਅਤੇ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਬੱਚੇ ਅਤੇ ਵੱਡੇ, ਜਿੱਥੇ ਉਹਨਾਂ ਨੂੰ ਪ੍ਰਸ਼ਾਦਾ ਪਾਣੀ ਮਿਲ ਰਿਹਾ, ਉੱਥੇ ਇਹਨਾਂ ਬੱਚਿਆਂ ਲਈ ਨੌਜਵਾਨਾਂ ਵੱਲੋਂ ਪੰਜਾਬੀ ਸੱਥ ਵਿੱਚ ਜਮਾਤਾਂ ਲਗਾਈਆਂ ਜਾ ਰਹੀਆਂ ਹਨ। ਬਿਨਾਂ ਸ਼ੱਕ ਉੱਪਰ ਵਰਣਿਤ ਲੋਕ ਵੀ ਇਸ ਕਿਸਾਨ ਅੰਦੋਲਨ ਵਿੱਚ ਚੱਲ ਰਹੀਆਂ ਸਭ ਵੱਡੀਆਂ ਛੋਟੀਆਂ ਸੇਵਾਵਾਂ ਦਾ ਰਜਵਾਂ ਲਾਭ ਲੈ ਰਹੇ ਹਨ। ਬੜੇ ਐਸੇ ਵਿਅਕਤੀ ਮਿਲੇ ਜੋ ਪੂਰੇ ਪਰਿਵਾਰ ਦੇ ਜੀਆਂ ਸਮੇਤ ਇਸ ਅੰਦੋਲਨ ਦਾ ਹਿੱਸਾ ਬਣੇ ਹੋਏ ਹਨ। ਕੇਂਦਰ ਸਰਕਾਰ ਵੱਲੋਂ ਸਭ ਕੁੱਝ ਭੁੱਲ ਭੁਲਾ ਕੇ ਲੋਕਤੰਤਰ ਦੀ ਇੱਜ਼ਤ ਦੀ ਖ਼ਾਤਰ ਹੀ, ਪਾਸ ਕੀਤੇ ਗਏ ਕਾਨੂੰਨ/ਬਿੱਲ ਬਿਨਾਂ ਸ਼ਰਤ ਵਾਪਿਸ ਲੈ ਲੈਣੇ ਚਾਹੀਦੇ ਹਨ। ਅਤਿ ਦੀ ਠੰਡ, ਠੰਡੀਆਂ ਸ਼ੀਤ ਲਹਿਰਾਂ, ਘਰ-ਘਾਟ ਛੱਡ ਕੇ, ਤੰਬੂਆਂ ਤਰਪਾਲਾਂ ਹੇਠ ਕੌਮੀ ਮਾਰਗ ਉੱਤੇ ਰੁਲ ਰਹੇ, ਪਰ ਚੜਦੀ ਕਲਾ ਵਿੱਚ ਰਹਿੰਦੇ ਹੋਏ, ਬਿਨਾਂ ਕਿਸੇ ਰੁੱਖ ਦੇ ਇੱਕ ਪੱਤੇ ਦਾ ਨੁਕਸਾਨ ਕੀਤੇ, ਸ਼ਾਂਤਮਈ ਢੰਗ ਨਾਲ, ਸਬਰ-ਸਿਦਕ ਨਾਲ ਮੈਦਾਨੇ ਜੰਗ ਵਿੱਚ ਜੂਝ ਰਹੇ 5 ਸਾਲ ਦੇ ਬੱਚਿਆਂ ਤੋਂ ਲੈ ਕੇ 95 ਸਾਲਾਂ ਤੱਕ ਦੇ ਬਾਬਿਆਂ ਦੇ ਸਬਰ ਅੱਗੇ ਝੁਕ ਜਾਣਾ ਵੀ ਦੋਨਾਂ ਧਿਰਾਂ ਲਈ ਵੱਡੀ ਜਿੱਤ ਹੋਵੇਗੀ।

ਨਹੀਂ ਤਾਂ ਜਦ ਇਤਿਹਾਸ ਲਿਖਿਆ ਜਾਵੇਗਾ ਤਾਂ ਕਿਸਦੇ ਹਿੱਸੇ ਕੀ ਆਵੇਗਾ, ਇਹ ਸਭ ਨੂੰ ਪਤਾ ਹੈ। ਦੇਸ਼ ਦਾ ਹਿਤ ਦੇਸ਼ ਦੇ ਅੰਨਦਾਤੇ ਦੇ ਹਿਤ ਤੋਂ ਉੱਤੇ ਨਹੀਂ ਹੋ ਸਕਦਾ। ਕੌਮੀ ਮਾਰਗ ਕੁੰਡਲੀ/ਸਿੰਘੂ ਬਾਰਡਰ ਤੇ ਬੈਠੇ ਲੱਖਾਂ ਕਿਸਾਨ ਪਰਿਵਾਰਾਂ ਅਤੇ ਇਸ ਅੰਦੋਲਨ ਵਿੱਚ ਸ਼ਾਮਲ ਹੋਣ ਵਾਲੇ ਹਰ ਮਜ਼ਹਬ, ਧਰਮ, ਖ਼ਿੱਤੇ ਦੇ ਲੱਖਾਂ ਲੋਕਾਂ ਵਾਂਗ ਇਸ ਉਮੀਦ ਵਿੱਚ ਕਿ ਹਾਕਮ ਆਪਣਾ ਫ਼ੈਸਲਾ ਵਾਪਸ ਲੈਣਗੇ ਅਤੇ ਅਸੀਂ ਜਿੱਤਾਂਗੇ ਦੀ ਆਸ ਵਿੱਚ ਕਲਮ ਰੋਕਦਾ ਹੈ ਤੇ ਅਰਦਾਸ ਕਰਦਾ ਹਾਂ ਸਾਡੀ ਸਾਰਿਆਂ ਦੀ ਜਿੱਤ ਯਕੀਨੀ ਹੋਵੇ ਤਾਂ ਕਿ ਇਸ ਸੰਘਰਸ਼ ਦੌਰਾਨ ਅਕਾਲ ਚਲਾਣਾ ਕਰ ਗਏ ਵਿਅਕਤੀਆਂ ਨੂੰ ਵੀ ਅਸੀਂ ਸੱਚੀ-ਸੁੱਚੀ ਸ਼ਰਧਾਂਜਲੀ ਅਦਾ ਕਰ ਸਕੀਏ। ਆਖੀਰ ਇਸ ਸੰਘਰਸ਼ ਵਿੱਚ ਯੋਗਦਾਨ ਪਾ ਰਹੇ ਹਰ ਵਿਅਕਤੀ ਵਿਸ਼ੇਸ਼ ਦਾ ਧੰਨਵਾਦ।

**ਗੁਰੂ ਰਾਖਾ।**

# ਕਿਰਤੀਆਂ ਦਾ ਕਾਰਪੋਰੇਟ ਘਰਾਣਿਆਂ ਉੱਤੇ ਜਿੱਤ ਦਾ ਇਤਿਹਾਸ



- ਡਾ. ਹਰਸ਼ਿੰਦਰ ਕੌਰ, ਐਮ. ਡੀ.

ਗੱਲ ਬੋਲੀਵੀਆ ਮੁਲਕ ਦੀ ਹੈ। ਸੰਨ 1997 ਵਿਚ ਜਦੋਂ ਹੂਗੋ ਉੱਥੇ ਪ੍ਰੈਜ਼ੀਡੈਂਟ ਚੁਣਿਆ ਗਿਆ ਤਾਂ ਉਸ ਨੂੰ ਮੁਲਕ ਅੰਦਰਲੀ ਤਰੱਕੀ ਵਾਸਤੇ ਵਰਲਡ ਬੈਂਕ ਤੋਂ ਕਰਜ਼ਾ ਲੈਣ ਦੀ ਲੋੜ ਪਈ। ਕਰਜ਼ਾ ਦੇਣ ਸਮੇਂ ਇਹ ਸ਼ਰਤ ਰੱਖ ਦਿੱਤੀ ਗਈ ਕਿ ਅਮਰੀਕਾ ਦੀ ਇੱਕ ਕਾਰਪੋਰੇਸ਼ਨ ਨੂੰ ਪਾਣੀ ਵੇਚ ਦਿੱਤਾ ਜਾਵੇ ਤਾਂ ਜੋ ਉਸ ਰਾਹੀਂ ਇੱਕ ਪ੍ਰਾਈਵੇਟ ਕੰਪਨੀ ਉੱਥੇ ਪਾਣੀ ਮੁਹੱਈਆ ਕਰਵਾਏ।

ਕਰਜ਼ਾ ਲੈਣ ਦੀ ਹੋੜ ਵਿਚ ਅੰਨੇ ਹੋਏ ਹਾਕਮਾਂ ਨੇ ਬਿਨਾਂ ਸੋਚੇ ਸਮਝੇ ਇਨਾਂ ਦਸਤਾਵੇਜ਼ਾਂ ਉੱਤੇ ਹਸਤਾਖਰ ਕਰ ਦਿੱਤੇ। ਉਸ ਸਮੇਂ ਮੁਲਕ ਵਿਚ ਪਾਣੀ ਦੀ ਬੜੀ ਕਿੱਲਤ ਚੱਲ ਰਹੀ ਸੀ ਅਤੇ ਲੋਕ ਖ਼ਰਾਬ ਪਾਣੀ ਵੀ ਟਰੱਕਾਂ ਤੇ ਰੇੜੀਆਂ ਤੋਂ ਮਹਿੰਗੇ ਭਾਅ ਖ਼ਰੀਦ ਰਹੇ ਸਨ।

ਅਮਰੀਕਾ ਦੀ ਕੰਪਨੀ ਨੇ ਲੋਕਾਂ ਦੇ ਬਣੇ ਬਣਾਏ ਖੂਹਾਂ ਉੱਤੇ ਝੱਟ ਕਬਜ਼ਾ ਕਰ ਕੇ ਸਾਰਾ ਪਾਣੀ ਆਪਣੇ ਅਧੀਨ ਕਰ ਲਿਆ ਤੇ ਪਾਣੀ ਦੇ ਰੇਟ ਤਿੰਨ ਗੁਣਾ ਕਰ ਦਿੱਤੇ। ਇਸ ਗੱਲ ਉੱਤੇ ਚੁਫੇਰੇ ਹਾਹਾਕਾਰ ਮੱਚ ਗਈ। ਗ਼ਰੀਬ ਤਿਹਾਏ ਮਰਨ ਲੱਗ ਪਏ। ਸੰਨ 2000 ਦੇ ਸ਼ੁਰੂ ਵਿਚ ਲੋਕਾਂ ਨੇ ਵਿਰੋਧ ਕਰਨਾ ਸ਼ੁਰੂ ਕੀਤਾ ਤਾਂ ਮਾਰਸ਼ਲ ਲਾਅ ਲਗਾ ਦਿੱਤਾ ਗਿਆ। ਇਸੇ ਵਿਰੋਧ ਪ੍ਰਦਰਸ਼ਨ ਦੌਰਾਨ ਇੱਕ ਸਤਾਰਾਂ ਸਾਲਾ ਨੌਜਵਾਨ ਵਿਕਟਰ ਹੂਗੋ ਨੂੰ ਬੋਲਵੀਅਨ ਫੌਜੀ ਕੈਪਟਨ ਰੌਬਿਨਸਨ ਨੇ ਗੋਲੀ ਮਾਰ ਕੇ ਜਾਨੋਂ ਮਾਰ ਦਿੱਤਾ।

ਇਸ ਦੇ ਇਨਾਮ ਵਜੋਂ ਕੈਪਟਨ ਰੌਬਿਨਸਨ ਨੂੰ ਮੇਜਰ ਬਣਾ ਦਿੱਤਾ ਗਿਆ। ਕੋਕਾਬਾਂਬਾ ਸ਼ਹਿਰ ਦੇ ਐਨ ਵਿਚਕਾਰ ਫੁਹਾਰੇ ਕੋਲ ਵਿਕਟਰ ਦਾ ਮ੍ਰਿਤਕ ਸਰੀਰ ਰੱਖ ਕੇ ਹਜ਼ਾਰਾਂ ਲੋਕਾਂ ਨੇ ਉੱਥੇ ਮੁਜ਼ਾਹਰਾ ਕੀਤਾ। ਮੁਜ਼ਾਹਰਾ ਕਰਨ ਵਾਲਿਆਂ ਵਿਚ ਖੇਤ ਮਜ਼ਦੂਰ, ਰਿਟਾਇਰ ਹੋਏ ਫ਼ੈਕਟਰੀਆਂ ਦੇ ਕਾਮੇ, ਯੂਨੀਅਨ ਮੈਂਬਰ, ਦਿਹਾੜੀਦਾਰ, ਦੁਕਾਨਾਂ ਉੱਤੇ ਕੰਮ ਕਰਨ ਵਾਲੇ, ਰੇੜੀਆਂ ਵਾਲੇ, ਯੂਨੀਵਰਸਿਟੀਆਂ ਦੇ ਵਿਦਿਆਰਥੀ, ਕਿਸਾਨ, ਸਕੂਲੀ ਬੱਚੇ ਤੇ ਹਰ ਵਰਗ ਦੇ ਗ਼ਰੀਬ ਸ਼ਾਮਲ ਹੋ ਗਏ।

ਕੋਕਾਬਾਂਬਾ ਦਾ ਪਾਣੀ ਮਲਟੀਨੈਸ਼ਨਲ ਕੰਪਨੀ ਬਾਈਵਾਟਰ ਅਤੇ ਬੈਸ਼ਲ ਨੂੰ ਦੇ ਦਿੱਤਾ ਗਿਆ ਸੀ। ਇਹ ਪਾਣੀ ਮਿਊਂਸੀਪੈਲਿਟੀ 'ਸੀਮਾਪਾ' ਕੋਲੋਂ ਲੈ ਕੇ ਪ੍ਰਾਈਵੇਟ ਕੰਪਨੀ ਦੇ ਹਵਾਲੇ ਕੀਤਾ ਗਿਆ ਸੀ। ਚੁਫੇਰੇ ਇਹ ਫੈਲਾ ਦਿੱਤਾ ਗਿਆ ਕਿ ਲੋਕਾਂ ਦੀ ਭਲਾਈ ਲਈ ਕੀਤਾ ਗਿਆ ਹੈ ਜਦਕਿ ਅਸਲ ਗੱਲ ਪ੍ਰਾਈਵੇਟ ਕੰਪਨੀ ਨੂੰ ਫ਼ਾਇਦਾ ਦੇਣ ਦੀ ਸੀ।

ਲੋਕ-ਵਿਦਰੋਹ ਨੂੰ ਖ਼ਤਮ ਕਰਨ ਲਈ ਪੁਲਿਸ ਤੇ ਮਿਲਟਰੀ ਨੇ ਤਸ਼ੱਦਦ ਢਾਉਣਾ ਸ਼ੁਰੂ ਕਰ ਦਿੱਤਾ। ਇਸ ਤਸ਼ੱਦਦ ਨੇ ਅੱਗ ਹੋਰ ਭੜਕਾ ਦਿੱਤੀ। ਲੋਕ ਪ੍ਰਾਈਵੇਟ ਕੰਪਨੀ ਵਿਰੁੱਧ ਹੋਰ ਤਗੜੇ ਢੰਗ ਨਾਲ ਲਾਮਬੰਦ ਹੋ ਗਏ।

ਪ੍ਰਾਈਵੇਟ ਕੰਪਨੀ ਬੈਸ਼ਲ ਨੇ ਉੱਥੇ ਡੈਮ ਬਣਾ ਕੇ ਪਾਣੀ ਸਾਂਭਣ ਦੀ ਗੱਲ ਛੇੜੀ ਤੇ ਇਸੇ ਬਹਾਨੇ ਪਾਣੀ ਦੇ ਰੇਟ ਕਈ ਗੁਣਾ ਹੋਰ ਵਧਾ ਦਿੱਤੇ। ਪ੍ਰਦਰਸ਼ਨ ਦੌਰਾਨ 6 ਲੋਕ ਮਾਰੇ ਗਏ, 175 ਜ਼ਖ਼ਮੀ ਹੋਏ ਅਤੇ 25 ਦੇ ਕਰੀਬ ਜੇਲ ਅੰਦਰ ਤਾੜੇ ਗਏ।

ਲੱਖਾਂ ਲੋਕ ਸੜਕਾਂ ਉੱਤੇ ਮੁਜ਼ਾਹਰਾ ਕਰਨ ਲਈ ਇਕੱਠੇ ਹੋਏ ਤੇ ਪੁਲਿਸ ਨਾਲ ਮੁਕਾਬਲਾ ਕਰਨ ਲੱਗੇ। ਇਸ ਤੋਂ ਪਹਿਲਾਂ ਰੇਲਵੇ, ਟੈਲੀਫੂਨ, ਨੈਸ਼ਨਲ ਏਅਰਲਾਈਨਜ਼, ਹਵਾਈ ਜਹਾਜ਼, ਹਾਈਡਰੋਕਾਰਬਨ ਫ਼ੈਕਟਰੀਆਂ ਆਦਿ, ਸਭ ਕਾਰਪੋਰੇਟ ਘਰਾਣਿਆਂ ਹੱਥ ਵੇਚੇ ਜਾ ਚੁੱਕੇ ਸਨ ਤੇ ਲੋਕਾਂ ਦੀ ਖੱਲ ਲਾਹ ਰਹੇ ਸਨ।

ਹੌਲੀ-ਹੌਲੀ ਲੋਕਾਂ ਨੂੰ ਸਪਸ਼ਟ ਹੋ ਗਿਆ ਸੀ ਕਿ ਡੈਮ ਬਣਾਉਣ ਲਈ ਕੰਪਨੀਆਂ ਤਿਆਰ ਨਹੀਂ ਸਨ। ਇਹ ਖ਼ਬਰ ਸਿਰਫ਼ ਭਰਮ ਫੈਲਾਉਣ ਲਈ ਸੀ ਤਾਂ ਜੋ ਮਨਮਰਜ਼ੀ ਨਾਲ ਪਾਣੀ ਮਹਿੰਗੇ ਭਾਅ ਵੇਚਿਆ ਜਾ ਸਕੇ। ਇਸ ਪ੍ਰਾਜੈਕਟ ਦੇ ਰੌਲ਼ੇ ਹੇਠ ਕੁੱਝ ਕੁ ਸਿਆਸੀ ਤੇ ਸਰਕਾਰੀ ਲੋਕਾਂ ਦਾ ਨਿੱਜੀ ਫ਼ਾਇਦਾ ਵੀ ਸੀ।

ਉਸ ਸਮੇਂ ਪਾਣੀ ਦਾ ਖ਼ਰਚਾ 20 ਡਾਲਰ ਪ੍ਰਤੀ ਮਹੀਨਾ ਪਹੁੰਚ ਗਿਆ ਸੀ ਜਦ ਕਿ ਗ਼ਰੀਬ ਲੋਕ ਮਸਾਂ 100 ਡਾਲਰ ਪ੍ਰਤੀ ਮਹੀਨਾ ਕਮਾ ਰਹੇ ਸਨ। ਯਾਨੀ ਰੋਟੀ ਖਾਣੀ ਵੀ ਔਖੀ ਹੋ ਗਈ ਸੀ। ਮਜਬੂਰੀ ਵੱਸ ਲੋਕ ਨਦੀਆਂ, ਨਾਲਿਆਂ, ਤਲਾਬਾਂ 'ਚੋਂ ਪਾਣੀ ਲੈਣ ਲਈ ਤੁਰੇ ਤਾਂ ਉੱਥੇ ਵੀ ਫ਼ੌਜ ਤੈਨਾਤ ਕਰ ਦਿੱਤੀ ਗਈ ਤਾਂ ਜੋ ਕਾਰਪੋਰੇਟ ਘਰਾਣਿਆਂ ਨੂੰ ਪਾਣੀ ਵੇਚਣ ਵਾਸਤੇ ਨੁਕਸਾਨ ਨਾ ਪੁੱਜੇ।

ਉਸ ਸਮੇਂ ਅਤਿ ਹੋਈ ਜਦੋਂ ਜੈਫਰੀ ਥੌਰਪ ਨੇ ਐਲਾਨ ਕਰ ਦਿੱਤਾ ਕਿ ਜੇ ਪਾਣੀ ਦਾ ਬਿਲ ਭਰਨ ਵਿਚ ਇਕ ਦਿਨ ਦੀ ਦੇਰੀ ਵੀ ਹੋਈ ਤਾਂ ਉਸ ਘਰ ਦਾ ਪਾਣੀ ਦਾ ਕੁਨੈਕਸ਼ਨ ਹੀ ਕੱਟ ਦਿੱਤਾ ਜਾਵੇਗਾ ਤਾਂ ਜੋ ਲੋਕ ਤਹਿਾਏ ਮਰ ਜਾਣ! ਇਸ ਐਲਾਨ ਨੇ ਹਰ ਆਮ ਖ਼ਾਸ ਨੂੰ ਆਵਾਜ਼ ਚੁੱਕਣ ਉੱਤੇ ਮਜਬੂਰ ਕਰ ਦਿੱਤਾ।

ਪਿੰਡਾਂ ਵਿੱਚੋਂ ਲੋਕ ਝੰਡੇ ਚੁੱਕ ਕੇ ਸੜਕਾਂ ਉੱਤੇ ਨਿਕਲ ਪਏ। ਫ਼ੈਕਟਰੀਆਂ ਵਿੱਚੋਂ ਵੀ ਕਾਮੇ ਨਾਲ ਹੀ ਜੁੜ ਗਏ। ਉਸ ਸਮੇਂ ਸੜਕਾਂ ਉੱਤੇ ਬੈਰੀਕੇਡ ਲਾ ਕੇ ਸਰਕਾਰ ਨੇ ਲੋਕਾਂ ਨੂੰ ਰੋਕਣਾ ਚਾਹਿਆ ਤਾਂ ਲੋਕ ਹੋਰ ਭੜਕ ਗਏ। ਕੋਕਾਬਾਂਬਾ ਦੀ ਯੂਨੀਵਰਸਿਟੀ ਵਿਚਲੇ ਮੱਧ ਵਰਗੀ ਟੱਬਰਾਂ ਦੇ ਵਿਦਿਆਰਥੀ, ਦੁਕਾਨਦਾਰ, ਦਿਹਾੜੀਦਾਰ, ਗੱਲ ਕੀ ਹਰ ਵਰਗ ਹੀ ਬੈਰੀਕੇਡ ਢਾਹੁਣ ਨੂੰ ਕਾਹਲਾ ਪੈ ਗਿਆ। ਇਸ ਹਜੂਮ ਵਿਚ ਗਲੀਆਂ ਵਿਚ ਰੁਲ ਰਹੇ ਭਿਖਾਰੀ ਬੱਚੇ ਵੀ ਵੱਡੀ ਗਿਣਤੀ ਵਿਚ ਸ਼ਾਮਲ ਹੋ ਗਏ।

ਖਦਾਨਾਂ ਵਿਚ ਕੰਮ ਕਰਦੇ ਲੋਕ ਵੀ ਕੰਮ ਠੱਪ ਕਰ ਕੇ ਮੁਜ਼ਾਹਰੇ ਵਿਚ ਸ਼ਾਮਲ ਹੋ ਗਏ। ਪੂਰਾ ਕੋਕਾਬਾਂਬਾ ਚਾਰ ਦਿਨਾਂ ਲਈ ਬੰਦ ਹੋ ਕੇ ਰਹਿ ਗਿਆ। ਘਾਟਾ ਪੈਂਦਾ ਵੇਖ ਕੁੱਝ ਮੰਤਰੀ ਕੋਕਾਬਾਂਬਾ ਪਹੁੰਚ ਕੇ ਯਕੀਨ ਦਵਾਉਣ ਲੱਗੇ ਕਿ ਪਾਣੀ ਦੇ ਰੇਟ ਘਟਾ ਦਿੱਤੇ ਜਾਣਗੇ ਪਰ ਲੋਕ ਇੱਕੋ ਗੱਲ ਉੱਤੇ ਅੜੇ ਸਨ ਕਿ ਪਾਣੀ ਵਿਕਾਊ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਕਾਰਪੋਰੇਟ ਘਰਾਣਿਆਂ ਨੂੰ ਪਾਣੀ ਉੱਤੇ ਕਾਬਜ਼ ਨਹੀਂ ਹੋਣ ਦਿਆਂਗੇ। ਉਦੋਂ 4 ਫਰਵਰੀ, ਸੰਨ 2000 ਵਿਚ ਮੁਜ਼ਾਹਰਾ ਕਰਨ ਵਾਲਿਆਂ ਨਾਲ ਪੁਲਿਸ ਅਤੇ ਫ਼ੌਜੀ ਦਸਤਿਆਂ ਨੇ ਚੰਗੀ ਝੜਪ ਕੀਤੀ। ਅਥਰੂ ਗੈਸ ਦੋ ਗੋਲੇ ਦਾਗੇ ਗਏ। ਡੰਡਿਆਂ ਨਾਲ ਮਾਰਿਆ ਗਿਆ। ਦੋ ਦਿਨ ਝੜਪ ਚੱਲੀ ਜਿਸ ਵਿਚ 200 ਅੰਦੋਲਨਕਾਰੀ ਫੜ ਲਏ ਗਏ ਤੇ 70 ਜ਼ਖ਼ਮੀ ਹੋ ਗਏ। ਇਕਵੰਜਾ ਪੁਲਿਸ ਕਰਮੀਆਂ ਨੂੰ ਵੀ ਸੱਟਾਂ ਫੇਟਾਂ ਲੱਗੀਆਂ ਪਰ ਮੁਜ਼ਾਹਰਾ ਇੱਕੋ ਗੱਲ ਉੱਤੇ ਟਿਕਿਆ ਰਿਹਾ ਕਿ ਪਾਣੀ ਵਿਕਣ ਨਹੀਂ ਦਿੱਤਾ ਜਾਵੇਗਾ।

ਹਕੂਮਤ ਵੀ ਜ਼ਿੱਦ ਉੱਤੇ ਅੜੀ ਰਹੀ ਕਿ ਆਖ਼ਰ ਕਿੰਨੀ ਦੇਰ ਇਹ ਗ਼ਰੀਬ ਜਨਤਾ ਟਿਕੀ ਰਹਿ ਸਕਦੀ ਹੈ। ਪੂਰਾ ਮਾਰਚ ਦਾ ਮਹੀਨਾ ਕੈਥੋਲਿਕ ਚਰਚ ਦੇ ਨੁਮਾਇੰਦਿਆਂ ਨੇ ਸਰਕਾਰ ਅਤੇ ਅੰਦੋਲਨਕਾਰੀਆਂ ਵਿਚਕਾਰ ਗੱਲਬਾਤ ਜਾਰੀ ਰੱਖੀ ਤਾਂ ਜੋ ਲੋਕਾਂ ਨੂੰ ਭਰਮਾਇਆ ਜਾ ਸਕੇ ਪਰ ਲੋਕ ਨਾ ਮੰਨੇ। ਉਹ ਕਾਰਪੋਰੇਟ ਘਰਾਣੇ ਨੂੰ ਪਾਣੀ ਉੱਤੇ ਕਾਬਜ਼ ਨਹੀਂ ਹੋਣ ਦੇਣਾ ਚਾਹੁੰਦੇ ਸਨ। ਇਸੇ ਲਈ ਕਬਜ਼ਾ ਰੱਦ ਕਰਵਾਉਣ ਉੱਤੇ ਅੜੇ ਰਹੇ। ਅਖੀਰ 96 ਫੀਸਦੀ ਲੋਕਾਂ ਨੇ ਵੋਟਾਂ ਰਾਹੀਂ ਕੰਟਰੈਕਟ ਖ਼ਤਮ ਕਰਨ ਦੀ ਗੱਲ ਕੀਤੀ ਤਾਂ ਵੀ ਸਰਕਾਰ ਕਹਿੰਦੀ ਰਹੀ ਕਿ ਪਾਣੀ ਤਾਂ ਹਰ ਹਾਲ ਕਾਰਪੋਰੇਟ ਘਰਾਣਾ ਹੀ ਵੇਚੇਗਾ!

ਅਪ੍ਰੈਲ 2000 ਵਿਚ ਮੁਜ਼ਾਹਰਾ ਕਰਨ ਵਾਲਿਆਂ ਨੇ ਕੋਕਾਬਾਂਬਾ ਦੇ ਸੈਂਟਰਲ ਪਲਾਜ਼ਾ ਉੱਤੇ ਧਰਨਾ ਦੇ ਦਿੱਤਾ ਤਾਂ ਗਵਰਨਰ ਨੇ ਮਿਲਣ ਲਈ ਸੱਦਾ ਭੇਜਿਆ। ਉੱਥੋਂ ਲੀਡਰਾਂ ਨੂੰ ਸਿੱਧੇ ਕੈਦ ਕਰ ਲਿਆ ਗਿਆ। ਫੇਰ ਬਾਕੀ ਲੀਡਰਾਂ ਨੂੰ ਵੀ ਅਮੇਜ਼ਨ ਦੇ ਜੰਗਲਾਂ ਦੇ ਬਿਲਕੁਲ ਅਖੀਰਲੇ ਸ਼ਹਿਰ ਸੈਨ ਹੌਕਿਨ ਵਿਖੇ ਬਰਾਜ਼ੀਲ ਨੇੜੇ ਜੇਲਾਂ ਵਿਚ ਡੱਕ ਦਿੱਤਾ ਗਿਆ।

ਇੰਜ ਹੋਰ ਪਿੰਡਾਂ ਦੇ ਲੋਕ ਵੀ ਭੜਕ ਉੱਠੇ ਤੇ ਉਹ ਵੀ ਅੰਦੋਲਨ ਵਿਚ ਸ਼ਾਮਲ ਹੋਣ ਲਈ ਪਹੁੰਚ ਗਏ। ਉਦੋਂ ਪਾਣੀ ਦੇ ਨਾਲ ਬੇਰੁਜ਼ਗਾਰੀ ਦਾ ਮੁੱਦਾ ਵੀ ਜ਼ੋਰ ਸ਼ੋਰ ਨਾਲ ਚੁੱਕਿਆ ਗਿਆ। ਹੌਲੀ-ਹੌਲੀ ਪੂਰੇ ਬੋਲੀਵੀਆ ਦੀਆਂ ਸੜਕਾਂ ਬੈਰੀਕੇਡਾਂ ਨਾਲ ਭਰ ਗਈਆਂ। ਕੁੱਝ ਪੁਲਿਸ ਦੇ ਅਫ਼ਸਰ ਵੀ ਹੌਲੀ-ਹੌਲੀ ਤਨਖ਼ਾਹਾਂ ਦੇ ਵਾਧੇ ਦੀ ਮੰਗ ਲੈ ਕੇ ਧਰਨਿਆਂ ਵਿਚ ਸ਼ਾਮਲ ਹੋ ਗਏ। ਇਸ ਤਰਾਂ ਦੀ ਬਗ਼ਾਵਤ ਵੇਖ ਕੇ ਪ੍ਰੈਜ਼ੀਡੈਂਟ ਨੇ 90 ਦਿਨਾਂ ਦੀ ਐਮਰਜੈਂਸੀ ਲਗਾ ਦਿੱਤੀ। ਸੜਕਾਂ 'ਤੇ ਆਵਾਜਾਈ ਠੱਪ ਹੋ ਚੁੱਕੀ ਸੀ। ਲੋਕਾਂ ਲਈ ਖਾਣ ਨੂੰ ਕੁੱਝ ਨਹੀਂ ਸੀ ਬਚਿਆ। ਕਰਫ਼ਿਊ ਲਾ ਦਿੱਤਾ ਗਿਆ ਤੇ ਬਗ਼ਾਵਤ ਨੂੰ ਦੱਬਣ ਲਈ ਝੂਠੀਆਂ ਅਫ਼ਵਾਹਾਂ ਫੈਲਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਬਿਨਾਂ ਵਾਰੰਟ ਦੇ ਸੱਜਿਓਂ ਖੱਬਿਓਂ, ਹਰ ਆਵਾਜ਼ ਕੱਢਣ ਵਾਲੇ ਨੂੰ ਜੇਲਾਂ ਵਿਚ ਤੁੰਨਣਾ ਸ਼ੁਰੂ ਕਰ ਦਿੱਤਾ ਗਿਆ। ਖ਼ਬਰਾਂ ਉੱਤੇ ਰੋਕ ਲਾ ਦਿੱਤੀ ਗਈ। ਰੇਡੀਓ, ਟੀ.ਵੀ. ਉੱਤੇ ਮਿਲਟਰੀ ਕਾਬਜ਼ ਹੋ ਗਈ। ਅਖ਼ਬਾਰਾਂ ਜਿਹੜੀਆਂ ਸੱਚ ਲਿਖਦੀਆਂ ਸਨ, ਉਹ ਵੀ ਜ਼ਬਤ ਕਰ ਲਈਆਂ ਗਈਆਂ ਤੇ ਸਿਰਫ਼ ਉਹੀ ਅਖ਼ਬਾਰਾਂ ਨਿਕਲਣ ਦਿੱਤੀਆਂ ਗਈਆਂ ਜੋ ਹੁਕਮਰਾਨਾਂ ਦੀ ਨੀਤੀ ਨੂੰ ਸਹੀ ਕਰਾਰ ਦੇ ਰਹੀਆਂ ਸਨ। ਹਰ ਰੋਜ਼ ਰਾਤ ਨੂੰ ਰੇਡ ਮਾਰ ਕੇ ਪੁਲਿਸ ਵੱਡੀ ਗਿਣਤੀ ਮੁਜ਼ਾਹਰਾ ਕਰਨ ਵਾਲਿਆਂ ਨੂੰ ਫੜ ਕੇ ਲਿਜਾਉਣ ਲੱਗੀ। ਇੱਕੋ ਰਾਤ ੨੦ ਲੇਬਰ ਯੂਨੀਅਨ ਦੇ ਲੀਡਰ ਫੜ ਲਏ ਗਏ ਤੇ ਰੋਕਣ ਵਾਲਿਆਂ ਨੂੰ ਰਬੜ ਦੀਆਂ ਗੋਲੀਆਂ ਤੇ ਅਥਰੂ ਗੈਸ ਦੇ ਗੋਲਿਆਂ ਨਾਲ ਜ਼ਖ਼ਮੀ ਕਰ ਦਿੱਤਾ ਗਿਆ।

ਅਖੀਰ 9 ਅਪ੍ਰੈਲ, 2000 ਨੂੰ ਅਚਾਕਾਕੀ ਸ਼ਹਿਰ ਨੇੜੇ ਝੜਪ ਵਿਚ ਬੈਰੀਕੇਡ ਹਟਾਉਂਦੇ ਲੋਕਾਂ ਉੱਤੇ ਫ਼ੌਜੀਆਂ ਨੇ ਗੋਲੀਆਂ ਚਲਾ ਦਿੱਤੀਆਂ। ਦੋ ਮਰ ਗਏ ਤੇ ਅਨੇਕ ਜ਼ਖ਼ਮੀ ਹੋ ਗਏ। ਲੋਕਾਂ ਦੇ ਸਬਰ ਦਾ ਬੰਨ ਟੁੱਟ ਗਿਆ। ਹਜੂਮ ਨੇ ਅਗਾਂਹ ਹੋ ਕੇ ਫ਼ੌਜੀਆਂ ਦੇ ਹਥਿਆਰ ਖੋਹ ਲਏ ਤੇ ਵਾਪਸ ਫ਼ੌਜੀਆਂ ਉੱਤੇ ਗੋਲੀਆਂ ਦਾ ਮੀਂਹ ਵਰਾ ਦਿੱਤਾ।

ਕੁੱਝ ਮੋਰਚਿਆਂ ਵਿਚ ਸ਼ਾਮਲ ਲੋਕਾਂ ਨੇ ਫ਼ੌਜੀ ਕਪਤਾਨ ਓਮਰ ਜੀਸਸ, ਜੋ ਹੱਲੇ ਤੋਂ ਡਰ ਕੇ ਜ਼ਖ਼ਮੀ ਹਾਲਤ ਵਿਚ ਹਸਪਤਾਲ ਲੁੱਕ ਗਿਆ ਸੀ ਅਤੇ ਲੋਕਾਂ ਉੱਤੇ ਗੋਲੀਆਂ ਦਾ ਮੀਂਹ ਵਰਾਉਣ ਦਾ ਹੁਕਮ ਦੇ ਰਿਹਾ ਸੀ, ਨੂੰ ਫੜ ਲਿਆ ਤੇ ਮੰਜੇ ਤੋਂ ਘੜੀਸ ਕੇ ਹੇਠਾਂ ਲਾਹ ਕੇ ਕੁੱਟ-ਕੁੱਟ ਕੇ ਸਰੀਰ ਦੇ ਟੋਟੇ ਕਰ ਕੇ ਮਾਰ ਮੁਕਾਇਆ।

ਨਾਜ਼ੁਕ ਹਾਲਾਤ ਵੇਖਦਿਆਂ ਸਰਕਾਰ ਨੇ ਝਟਪਟ ਪੁਲਿਸ ਤੇ ਫ਼ੌਜੀਆਂ ਦੀ ਤਨਖ਼ਾਹ ਵਿਚ 50 ਫੀਸਦੀ ਵਾਧਾ ਕਰ ਦਿੱਤਾ ਤਾਂ ਜੋ ਕਿਤੇ ਇਹ ਵੀ ਮੋਰਚੇ ਵਿਚ ਸ਼ਾਮਲ ਨਾ ਹੋ ਜਾਣ। ਇੰਜ ਪੁਲਿਸ ਕਰਮੀਆਂ ਦੀ ਤਨਖ਼ਾਹ ਲਗਭਗ 120 ਡਾਲਰ ਪ੍ਰਤੀ ਮਹੀਨਾ ਹੋ ਗਈ ਤੇ ਉਹ ਆਪਣੀ ਡਿਊਟੀ ਨਿਭਾਉਣ ਲਈ ਡਟੇ ਰਹੇ।

ਲੋਕਾਂ ਵਿਚ ਫੁੱਟ ਪਾਉਣ ਲਈ ਸਰਕਾਰ ਨੇ ਇਹ ਭਰਮ ਫੈਲਾ ਦਿੱਤਾ ਕਿ ਮੋਰਚੇ ਵਿਚ ਸ਼ਾਮਲ ਲੋਕ ਅੱਤਵਾਦੀ ਹਨ ਜਾਂ ਨਸ਼ਾ ਵੇਚਣ ਵਾਲੇ ਜਰਾਇਮ ਪੇਸ਼ਾ ਲੋਕ ਹਨ। ਇਸ ਗੱਲ ਨਾਲ ਕਿਸਾਨਾਂ ਵਿਚ ਹੋਰ ਰੋਹ ਪੈਦਾ ਹੋ ਗਿਆ। ਕੁੱਝ ਸਿਆਸੀ ਲੋਕਾਂ ਨੇ ਵੀ ਇਸ ਮੁਹਿੰਮ ਵਿੱਚੋਂ ਲਾਹਾ ਲੈਣਾ ਸ਼ੁਰੂ ਕਰ ਦਿੱਤਾ ਤੇ ਸਰਕਾਰ ਵਿਰੁੱਧ ਲੋਕਾਂ ਨੂੰ ਭੜਕਾ ਕੇ ਤਖ਼ਤਾ ਪਲਟਨ ਦੀ ਗੱਲ ਕੀਤੀ।

ਇਸ ਸਮੇਂ ਪਿੰਡਾਂ ਦੇ ਸਕੂਲਾਂ ਦੇ ਅਧਿਆਪਕਾਂ ਨੇ ਕਮਾਨ ਸਾਂਭੀ ਤੇ ਲੋਕਾਂ ਦੀ ਅਗਵਾਈ ਕੀਤੀ। ਉਹ ਆਪ ਵੀ ਤਨਖ਼ਾਹ ਵਧਾਉਣ ਦੀ ਮੰਗ ਕਰਨ ਲੱਗੇ। ਲਗਭਗ ਪੂਰੇ ਮੁਲਕ ਵਿਚ ਹੀ ਤਰਥੱਲੀ ਮੱਚ ਚੁੱਕੀ ਸੀ।

ਆਖ਼ਰੀ ਮੋੜਾ ਵਿਕਟਰ ਹੂਗੋ ਦੀ ਮੌਤ ਨਾਲ ਪਿਆ। ਹਜ਼ਾਰਾਂ ਲੋਕਾਂ ਦਾ ਨੌਜਵਾਨ ਵਿਕਟਰ ਦੀ ਲਾਸ਼ ਨਾਲ ਕੀਤਾ ਮੁਜ਼ਾਹਰਾ ਸਰਕਾਰੀ ਤੰਤਰ ਨੂੰ ਡਾਵਾਂਡੋਲ ਕਰ ਗਿਆ।

ਅਖੀਰ ਸਰਕਾਰ ਨੂੰ ਲੋਹ-ਰੋਹ ਅੱਗੇ ਝੁਕਣਾ ਪਿਆ ਤੇ ੨੦੦ ਮਿਲੀਅਨ ਡਾਲਰ ਦਾ ਕੰਟਰੈਕਟ ਤੋੜਨਾ ਪਿਆ। ਇਸ ਫ਼ੈਸਲੇ ਤੋਂ ਬਾਅਦ ਹੀ ਵਿਕਟਰ ਹੂਗੋ ਦੇ ਸਰੀਰ ਨੂੰ ਕਬਰ ਨਸੀਬ ਹੋਈ।

ਵਰਲਡ ਬੈਂਕ ਨੇ ਉਸ ਸਮੇਂ ਬੋਲੀਵੀਆ ਦੀ ਸਰਕਾਰ ਨੂੰ ਹਦਾਇਤ ਕੀਤੀ ਕਿ ਕਰਜ਼ ਲੈਣ ਦੀ ਥਾਂ ਸਬਸਿਡੀਆਂ ਬੰਦ ਕਰ ਕੇ, ਪਾਣੀ ਨੂੰ ਜ਼ਾਇਆ ਹੋਣ ਤੋਂ ਬਚਾਉਣ ਲਈ ਹਰ ਕਿਸਾਨ ਤੋਂ ਵਾਜਬ ਪਾਣੀ ਦਾ ਮੁੱਲ ਲਿਆ ਜਾਵੇ ਪਰ ਮੁਫ਼ਤ ਪਾਣੀ ਕਿਸੇ ਨੂੰ ਵੀ ਨਾ ਦਿੱਤਾ ਜਾਵੇ ਤਾਂ ਜੋ ਕੁਦਰਤੀ ਖ਼ਜ਼ਾਨਾ ਬਚਾਇਆ ਜਾ ਸਕੇ।

ਸੰਨ 2000 ਦੇ ਅਪ੍ਰੈਲ ਨੂੰ ਇਤਿਹਾਸਕ ਪਾਣੀਆਂ ਦੇ ਸੰਘਰਸ਼ ਦਾ ਨਾਂ ਦੇ ਦਿੱਤਾ ਗਿਆ ਕਿਉਂਕਿ ਇਸ ਦਿਨ ਬੋਲੀਵੀਅਨ ਕਿਰਤੀਆਂ ਨੇ ਕਾਰਪੋਰੇਟ ਘਰਾਣਿਆਂ ਨੂੰ ਹਾਵੀ ਹੋਣ ਤੋਂ ਰੋਕ ਲਿਆ ਤੇ ਬੋਲੀਵੀਆ ਸਰਕਾਰ ਨੂੰ ਕਿਸਾਨਾਂ ਅੱਗੇ ਹਾਰ ਮੰਨ ਕੇ ਆਪਣਾ ਗ਼ਲਤ ਫ਼ੈਸਲਾ ਵਾਪਸ ਲੈਣਾ ਪਿਆ।

ਇਸ ਤੋਂ ਬਾਅਦ ਸਰਕਾਰ ਦੀ ਅੜੀ ਸਦਕਾ ਸੰਨ 2005 ਤੱਕ ਕੋਕਾਬਾਂਬਾ ਦੇ 30,000 ਲੋਕਾਂ ਨੂੰ ਹਰ ਰੋਜ਼ ਸਿਰਫ਼ ਦਿਨ ਵਿਚ ਤਿੰਨ ਘੰਟੇ ਪਾਣੀ ਮਿਲਦਾ ਰਿਹਾ ਤੇ ਗ਼ਰੀਬਾਂ ਤੋਂ ਕੀਮਤ 10 ਗੁਣਾ ਵੱਧ ਵਸੂਲ ਕੀਤੀ ਜਾਂਦੀ ਰਹੀ ਪਰ ਪਾਣੀ ਮਿਊਂਸੀਪੈਲਿਟੀ ਰਾਹੀਂ ਹੀ ਆਉਂਦਾ ਰਿਹਾ।

ਇਸ ਇਤਿਹਾਸਕ ਪਾਣੀਆਂ ਦੀ ਜੰਗ ਅਤੇ ਕਿਰਤੀਆਂ ਦੀ ਕਾਰਪੋਰੇਟ ਘਰਾਣਿਆਂ ਉੱਪਰ ਜਿੱਤ ਉੱਤੇ ਅਨੇਕ ਫ਼ਿਲਮਾਂ ਬਣ ਚੁੱਕੀਆਂ ਹਨ। ਉਦੋਂ ਇਹ ਨਾਅਰਾ ਬੁਲੰਦ ਹੋਇਆ- 'ਤੁਸੀਂ ਕਾਨੂੰਨ ਲਿਖੋ, ਅਸੀਂ ਇਤਿਹਾਸ ਲਿਖਾਂਗੇ!'

ਇਹ ਨਾਅਰਾ ਅੱਜ ਤਾਈਂ ਦੁਨੀਆ ਦੇ ਜਿਸ ਹਿੱਸੇ ਵਿਚ ਕਿਰਤੀਆਂ ਦਾ ਸੰਘਰਸ਼ ਦਿਸਿਆ ਹੈ, ਬੁਲੰਦ ਹੋਇਆ ਹੈ। ਇਤਿਹਾਸ ਗਵਾਹ ਹੈ ਕਿ ਦੁਨੀਆ ਦੇ ਹਰ ਕੋਨੇ ਵਿਚ ਕਿਰਤੀਆਂ ਤੇ ਗ਼ਰੀਬਾਂ ਨੇ ਹੀ ਕ੍ਰਾਂਤੀ ਲਿਆਉਣ ਵਿਚ ਪਹਿਲ ਕੀਤੀ ਹੈ।

ਜੇ ਮੌਜੂਦਾ ਕਿਸਾਨੀ ਸੰਘਰਸ਼ ਵੱਲ ਝਾਤ ਮਾਰੀਏ ਤਾਂ ਇੰਨ ਬਿੰਨ ਇਹੋ ਕੁੱਝ ਵਾਪਰ ਰਿਹਾ ਹੈ। ਨਵੇਂ ਵਰੇ ਉੱਤੇ ਇੱਕ ਨਵੀਂ ਸੋਚ ਤੇ ਯੁਗ ਪਲਟਾਊ ਸੰਘਰਸ਼ ਵੇਖਣ ਨੂੰ ਮਿਲ ਰਿਹਾ ਹੈ।

ਦਿੱਲੀ ਉੱਤੇ ਜੋ ਵੀ ਕਾਬਜ਼ ਹੁੰਦਾ ਰਿਹਾ ਹੈ, ਉਹ ਕਿਰਤੀਆਂ ਤੇ ਅਣਖੀਲੇ ਜੋਧਿਆਂ ਨੂੰ ਦਬਾਉਣ ਅਤੇ ਆਪਣੀ ਚੜਤ ਬਣਾਈ ਰੱਖਣ ਲਈ ਬਜ਼ਿਦ ਰਿਹਾ ਹੈ। ਸਿਰਫ਼ ਸਾਡੇ ਮੁਲਕ ਵਿਚ ਹੀ ਨਹੀਂ, ਹਰ ਮੁਲਕ ਦਾ ਤਖ਼ਤ ਹੀ ਆਪਣੇ ਤਖ਼ਤ-ਨਸ਼ੀਂ ਨੂੰ ਡਾਢਾ ਬਣਾ ਦਿੰਦਾ ਰਿਹਾ ਹੈ। ਪਰ ਇਹ ਗੱਲ ਫਿਰ ਵੀ ਅਗਲਾ ਹੁਕਮਰਾਨ ਯਾਦ ਨਹੀਂ ਰੱਖਦਾ ਕਿ ਤਖ਼ਤ ਸਦੀਵੀ ਨਹੀਂ ਹੁੰਦੇ। ਇਨਾਂ ਕੁਰਸੀਆਂ ਉੱਤੇ ਬੈਠਣ ਵਾਲੇ ਦੀ ਸੋਚ ਹੀ ਉਸ ਨੂੰ ਤਖ਼ਤ ਤੋਂ ਉੱਤਰਨ ਬਾਅਦ ਉਸ ਬਾਰੇ ਇਤਿਹਾਸ ਵਿਚ ਚੰਗਾ ਜਾਂ ਮਾੜਾ ਕਹਿ ਕੇ ਯਾਦ ਕਰਵਾਉਂਦੀ ਹੈ।

ਇੱਕ ਅਹਿਮ ਮੁੱਦਾ ਜ਼ਰੂਰ ਸਾਂਝਾ ਕਰਨਾ ਚਾਹੁੰਦੀ ਹਾਂ। ਪਿਛਲੇ ੨੫ ਸਾਲਾਂ ਵਿਚ ਐਨ.ਸੀ.ਆਰ.ਬੀ. ਵੱਲੋਂ ਜਾਰੀ ਕੀਤੇ ਅੰਕੜਿਆਂ ਮੁਤਾਬਕ, ਲਗਭਗ 4 ਲੱਖ ਕਰਜ਼ੇ ਹੇਠ ਦੱਬੇ ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਹੈ। ਇਨਾਂ ਤੋਂ ਇਲਾਵਾ ਵੀ ਹਜ਼ਾਰਾਂ ਹੋਰ ਹਨ ਜੋ ਗੁਮਨਾਮੀ ਦੀ ਮੌਤ ਮਰ ਗਏ। ਸਿਰਫ਼ ਸਾਲ 2019 ਵਿਚ ਹੀ 10,281 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਸੀ। ਕੀ ਇਹ ਖ਼ੁਦਕੁਸ਼ੀਆਂ ਸਿਰਫ਼ ਕਾਨੂੰਨ ਰੱਦ ਕਰਵਾ ਕੇ ਪਹਿਲਾਂ ਵਾਲੇ ਹਾਲ ਵਿਚ ਪਹੁੰਚ ਕੇ ਰੁਕ ਜਾਣਗੀਆਂ? ਇਸ ਪੱਖ ਬਾਰੇ ਧਿਆਨ ਕਰਨ ਦੀ ਲੋੜ ਹੈ ਤਾਂ ਜੋ ਕਰਜ਼ਾਈ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਰੋਕੀਆਂ ਜਾ ਸਕਣ।

50 ਤੋਂ ਵੱਧ ਕਿਸਾਨ ਤਾਂ ਹੁਣ ਦੇ ਸੰਘਰਸ਼ ਵਿਚ ਜਾਨਾਂ ਗੁਆ ਚੁੱਕੇ ਹਨ। ਸਿੰਘੂ ਬਾਰਡਰ ਹੁਣ ਟਰਾਲੀਪੁਰਾ ਜਾਂ ਟਰਾਲਿਸਤਾਨ ਕਹਾਇਆ ਜਾਣ ਲੱਗ ਪਿਆ ਹੈ। ਉੱਥੇ ਦੀ ਟਰੈਕਟਰ ਰੈਜਮੈਂਟ ਵੱਲੋਂ ਕੀਤੇ ਸ਼ਾਂਤਮਈ ਸੰਘਰਸ਼ ਨੇ ਪੂਰੀ ਦੁਨੀਆ ਦਾ ਧਿਆਨ ਖਿੱਚਿਆ ਹੈ।

ਮੌਜੂਦਾ ਸੰਘਰਸ਼ ਵਿਚਲੀਆਂ ਦੋ ਘਟਨਾਵਾਂ ਸਾਂਝੀਆਂ ਕਰਨਾ ਚਾਹੁੰਦੀ ਹਾਂ।

ਪਹਿਲੀ, ਗੁਰਦਾਸਪੁਰ ਦੇ ਪਿੰਡ ਚਿੱਟੀ ਦੇ ਹਰਪ੍ਰੀਤ ਸਿੰਘ ਦੀ। ਉਸ ਦੀ ਪਤਨੀ ਦੀ ਮੌਤ ਹੋ ਗਈ ਤਾਂ ਸੰਘਰਸ਼ 'ਚੋਂ ਵਾਪਸ ਪਰਤ ਕੇ ਅੰਤਿਮ ਰਸਮਾਂ ਪੂਰੀਆਂ ਕਰਨ ਬਾਅਦ ਬਜ਼ੁਰਗ ਮਾਂ ਤੇ ਬੱਚਿਆਂ ਨੂੰ ਛੱਡ ਵਾਪਸ ਸਿੰਘੂ ਬਾਰਡਰ ਉੱਤੇ ਡਟ ਗਿਆ ਤੇ ਕਹਿਣ ਲੱਗਿਆ, 'ਘਰ ਵਾਲੀ ਨੂੰ ਨਹੀਂ ਬਚਾ ਸਕਿਆ ਪਰ ਪੰਜਾਬ ਦੀ ਹੋਂਦ ਜ਼ਰੂਰ ਆਖ਼ਰੀ ਸਾਹ ਤੱਕ ਬਚਾਉਣ ਦਾ ਜਤਨ ਕਰਾਂਗਾ।'

ਦੂਜੀ, ਛਾਜਲੀ ਦੀ ਬਿਰਧ ਮਾਤਾ ਦੀ ਹੈ, ਜਿਸ ਦੇ ਪੈਰ ਦਾ ਗਿੱਟਾ ਟੁੱਟਿਆ ਹੋਇਆ ਸੀ। ਸ਼ੰਭੂ ਬੈਰੀਅਰ ਤੋਂ ਲੰਘਣ ਸਮੇਂ ਪੁਲਿਸ ਦੀਆ ਡਾਂਗਾਂ ਸਦਕਾ ਇਹ ਟੁੱਟਿਆ ਸੀ। ਪਲਸਤਰ ਵਾਲੀ ਲੱਤ ਨਾਲ ਕੁੰਡਲੀ ਵਿਖੇ ਬੈਠੀ ਇਸ ਮਾਤਾ ਦਾ ਕਹਿਣਾ ਹੈ, 'ਮੈਨੂੰ ਡਾਕਟਰ ਕਹਿੰਦੇ-ਆਰਾਮ ਜ਼ਰੂਰੀ ਹੈ ਨਹੀਂ ਤਾਂ ਲੱਤ ਹਮੇਸ਼ਾ ਲਈ ਨਕਾਰਾ ਹੋ ਜਾਣੀ ਹੈ। ਮੇਰਾ ਕੋਈ ਧੀ-ਪੁੱਤ ਨਹੀਂ। ਪਤੀ ਦੀ ਮੌਤ ਹੁਣੇ ਹੋਈ ਹੈ। ਲੱਤ ਲਹਿ ਵੀ ਗਈ ਤਾਂ ਕੋਈ ਪ੍ਰਵਾਹ ਨਹੀਂ। ਪਰ ਮੇਰੇ ਹਜ਼ਾਰਾਂ ਪੁੱਤਰ ਧੀਆਂ ਜੋ ਏਥੇ ਠੰਡ ਵਿਚ ਬੈਠੇ ਹਨ, ਉਨਾਂ ਲਈ ਰੋਟੀਆਂ ਬਣਾਉਣ ਦੀ ਸੇਵਾ ਜ਼ਰੂਰ ਕਰਨੀ ਹੈ।'

ਇਹੋ ਜਿਹੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋਏ ਸੰਘਰਸ਼ੀ, ਜੋ ਪੂਰੇ ਭਾਰਤ ਵਿੱਚੋਂ ਪਹੁੰਚ ਰਹੇ ਹਨ ਤੇ ਹਰ ਵਰਗ ਨਾਲ ਸੰਬੰਧਤਿ ਹਨ, ਨਾਲ ਆਵਾਜ਼ ਬੁਲੰਦ ਕਰਦਿਆਂ ਅੰਤ ਵਿਚ ਇਹੀ ਕਹਿਣਾ ਚਾਹੁੰਦੀ ਹਾਂ-

**ਰਤ ਪੀਣੀ, ਡਾਢੀ ਦਿੱਲੀਏ,**
**ਇਤਿਹਾਸ ਸਿਰਜਣ ਵਾਲਿਆਂ ਉੱਤੇ,**
**ਨਾ ਵਗਾ ਹਵਾਵਾਂ ਤੱਤੀਆਂ!**
**ਕਿਰਤੀਆਂ ਦਾ ਪਰਚਮ,**
**ਜੋ ਚੁੱਕ ਕੇ ਖੜੇ ਨੇ,**
**ਗੁਰੂ ਦੀਆਂ ਫ਼ੌਜਾਂ ਨੇ, ਮਾਣਮੱਤੀਆਂ!**

***ਬੱਚਿਆਂ ਦੀ ਮਾਹਰ,**
28, ਪ੍ਰੀਤ ਨਗਰ, ਲੋਅਰ ਮਾਲ ਪਟਿਆਲਾ। ਫੋਨ ਨੰ: 0 175-2216783

# ਭਾਰਤ ਵਿਚ ਕਾਰਪੋਰੇਟ ਖੇਤੀ ਸੰਭਵ ਨਹੀਂ

## ✪ ਜ਼ਿਮੀਂਦਾਰੀ ਪ੍ਰਣਾਲੀ ਇਸ ਦੇ ਸਾਧਨਾਂ ਦੀ ਵਰਤੋਂ ਨੂੰ ਯੋਗ ਢੰਗ ਨਾਲ ਕਰਨ ਵਿਚ ਸਭ ਤੋਂ ਵੱਡੀ ਰੁਕਾਵਟ

## ✪ ਵਰਤਮਾਨ ਖੇਤੀ ਸਥਿਤੀ ਤੇ ਸੁਧਾਰਾਂ ਸਬੰਧੀ ਯੋਜਨਾ ਬੰਦੀ ਦੀ ਲੋੜ



- ਐਸਐਸ ਛੀਨਾ

ਭਾਵੇਂ ਭਾਰਤ ਵਸੋਂ ਦੇ ਹਿਸਾਬ ਨਾਲ ਚੀਨ ਤੋਂ ਬਾਅਦ ਦੂਜਾ ਵੱਡਾ ਦੇਸ਼ ਹੈ ਜਿੱਥੇ 130 ਕਰੋੜ ਦੇ ਕਰੀਬ ਵਸੋਂ ਹੈ ਪਰ ਭਾਰਤ ਦੁਨੀਆ ਦਾ ਪਹਿਲਾ ਵੱਡਾ ਦੇਸ਼ ਹੈ ਜਿੱਥੇ ਸਭ ਤੋਂ ਜ਼ਿਆਦਾ ਵਸੋਂ ਖੇਤੀ ਵਿਚ ਲੱਗੀ ਹੋਈ ਹੈ ਪਰ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿਚ ਸਭ ਤੋਂ ਘੱਟ ਹਿੱਸਾ ਖੇਤੀ ਖੇਤਰ ਦਾ ਹੈ ਜਿਹੜਾ ਸਿਰਫ਼ 14 ਫ਼ੀਸਦੀ ਹੈ ਜੋ ਕਿ ਖੇਤੀ ਅਤੇ ਗ਼ੈਰ-ਖੇਤੀ ਆਮਦਨ ਦੀ ਵੱਡੀ ਨਾਬਰਾਬਰੀ ਨੂੰ ਵਿਖਾਉਂਦਾ ਹੈ। ਭਾਰਤ ਦੇ ਵਿਕਾਸ ਲਈ ਵਿਕਸਿਤ ਦੇਸ਼ਾਂ ਵਾਲੀਆਂ ਯੋਜਨਾਵਾਂ ਨਹੀਂ ਸਗੋਂ ਭਾਰਤ ਦੀ ਸਥਿਤੀ ਜਿਸ ਵਿਚ ਭੂਗੋਲਿਕ ਅਤੇ ਸਮਾਜਿਕ ਦੋਵੇਂ ਆਉਂਦੀਆਂ ਹਨ, ਉਸ ਦੇ ਅਨੁਸਾਰ ਬਣਨ ਵਾਲੀਆਂ ਯੋਜਨਾਵਾਂ ਦੇ ਹੀ ਸਾਰਥਕ ਸਿੱਟੇ ਮਿਲ ਸਕਦੇ ਹਨ।

ਇਨਾਂ ਹਾਲਤਾਂ ਵਿਚ ਭਾਰਤ 'ਚ ਕਿਸੇ ਵੀ ਹਾਲਤ ਵਿਚ 'ਕਾਰਪੋਰੇਟ ਖੇਤੀ' ਕਾਮਯਾਬ ਨਹੀਂ ਹੋ ਸਕਦੀ, ਸਗੋਂ ਉਹ ਨੁਕਸਾਨਦੇਹ ਹੀ ਸਿੱਧ ਹੋਵੇਗੀ। 1950 ਵਿਚ ਭਾਰਤ ਦੀ ਸੁਤੰਤਰਤਾ ਤੋਂ ਬਾਅਦ ਜਦੋਂ ਕਿ ਭਾਰਤ ਦੀ 75 ਫ਼ੀਸਦੀ ਆਬਾਦੀ ਖੇਤੀ ਵਿਚ ਲੱਗੀ ਹੋਈ ਸੀ ਪਰ ਫਿਰ ਵੀ ਭਾਰਤ ਆਪਣੀਆਂ ਖ਼ੁਰਾਕ ਸਬੰਧੀ ਲੋੜਾਂ ਲਈ ਵੀ ਆਤਮ-ਨਿਰਭਰ ਨਹੀਂ ਸੀ ਤਾਂ ਛਾਣਬੀਣ ਕਰਨ 'ਤੇ ਜਿਹੜੀ ਗੱਲ ਸਾਹਮਣੇ ਆਈ, ਉਸ ਵਿਚ ਇਕ ਵੱਡੀ ਊਣਤਾਈ ਇਹ ਵੇਖੀ ਗਈ ਕਿ ਭਾਰਤ ਦੀ ਜ਼ਿਮੀਂਦਾਰੀ ਪ੍ਰਣਾਲੀ ਇਸ ਦੇ ਸਾਧਨਾਂ ਦੀ ਵਰਤੋਂ ਨੂੰ ਯੋਗ ਢੰਗ ਨਾਲ ਕਰਨ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਇਕ ਪਾਸੇ ਬਹੁਤ ਵੱਡੇ-ਵੱਡੇ ਜ਼ਿਮੀਂਦਾਰ ਸਨ, ਜਿਨਾਂ ਕੋਲ ਹਜ਼ਾਰਾਂ ਏਕੜ ਜ਼ਮੀਨ ਸੀ ਅਤੇ ਦੂਜੇ ਪਾਸੇ ਜ਼ਮੀਨ ਰਹਿਤ ਖੇਤੀ ਮੁਜ਼ਾਰੇ ਸਨ। ਖੇਤੀ ਮੁਜ਼ਾਰੇ ਬੰਜਰ ਨੂੰ ਉਪਜਾਊ ਜ਼ਮੀਨ ਵਿਚ ਬਦਲ ਸਕਦੇ ਸਨ ਪਰ ਜੇ ਉਨਾਂ ਕੋਲ ਜ਼ਮੀਨ ਦੀ ਮਾਲਕੀ ਦੇ ਹੱਕ ਹੁੰਦੇ। ਪਰ ਉਨਾਂ ਨੂੰ ਹਮੇਸ਼ਾ ਅਨਿਸਚਿਤਤਾ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨਾਂ ਨੂੰ ਕਿਸੇ ਵੇਲੇ ਵੀ ਜ਼ਮੀਨ ਤੋਂ ਵੱਖ ਕੀਤਾ ਜਾ ਸਕਦਾ ਸੀ। ਇਸ ਲਈ ਭਾਵੇਂ ਉਹ ਜ਼ਮੀਨ ਵਿਚ ਸੁਧਾਰ ਕਰਨਾ ਚਾਹੁੰਦੇ ਸਨ ਪਰ ਨਹੀਂ ਸਨ ਕਰਦੇ ਕਿਉਂ ਜੋ ਉਨਾਂ ਦੇ ਸਾਹਮਣੇ ਭੂਮੀ ਦੀ ਅਨਿਸਚਿਤਤਾ ਸੀ। ਦੂਜੇ ਪਾਸੇ ਉਹ ਜ਼ਿਮੀਂਦਾਰ ਸਨ ਜਿਹੜੇ ਸੁਧਾਰ ਤਾਂ ਕਰ ਸਕਦੇ ਸਨ, ਉਨਾਂ ਕੋਲ ਜ਼ਮੀਨ ਦੀ ਮਾਲਕੀ ਦੇ ਪੱਕੇ ਹੱਕ ਸਨ ਜਿਹੜੇ ਸੈਂਕੜੇ ਹਜ਼ਾਰਾਂ ਏਕੜਾਂ 'ਤੇ ਸਨ ਪਰ ਉਹ ਸੁਧਾਰ ਕਰਨਾ ਹੀ ਨਹੀਂ ਸਨ ਚਾਹੁੰਦੇ ਕਿਉਂ ਜੋ ਉਨਾਂ ਦਾ ਚੰਗਾ ਜੀਵਨ ਪੱਧਰ ਉਨਾਂ ਸੁਧਾਰਾਂ ਤੋਂ ਬਗੈਰ ਹੀ ਚੱਲ ਸਕਦਾ ਸੀ।

ਖੇਤੀ ਸੁਧਾਰਾਂ ਵਿਚ ਸਭ ਤੋਂ ਪਹਿਲਾ ਕੰਮ ਇਹ ਕੀਤਾ ਗਿਆ ਕਿ 38 ਫ਼ੀਸਦੀ ਭੂਮੀ 'ਤੇ ਜ਼ਿਮੀਂਦਾਰੀ ਪ੍ਰਣਾਲੀ ਨੂੰ ਖ਼ਤਮ ਕੀਤਾ ਗਿਆ। ਵਾਧੂ ਜ਼ਮੀਨ ਨੂੰ ਜ਼ਮੀਨ ਰਹਿਤ ਮੁਜ਼ਾਰਿਆਂ ਵਿਚ ਵੰਡਿਆ ਗਿਆ। ਇਸ ਦੇ ਚੰਗੇ ਸਿੱਟੇ ਪ੍ਰਾਪਤ ਹੋਏ। ਇਕ ਨਹੀਂ ਅਨੇਕਾਂ ਅਧਿਐਨਾਂ ਵਿਚ ਇਹ ਗੱਲ ਸਾਹਮਣੇ ਆਈ ਕਿ ਛੋਟੇ ਪੈਮਾਨੇ ਦੀ ਖੇਤੀ ਜਿਸ ਨੂੰ ਘਣੀ ਖੇਤੀ ਵੀ ਕਿਹਾ ਜਾਂਦਾ ਹੈ, ਉਸ ਵਿਚ ਪ੍ਰਤੀ ਇਕਾਈ ਉਪਜ ਵੱਡੇ ਪੈਮਾਨੇ ਦੇ ਫਾਰਮਾਂ ਤੋਂ ਕਿਤੇ ਜ਼ਿਆਦਾ ਹੋਈ। ਭਾਵੇਂ ਹੋਰ ਕਾਰਨ ਵੀ ਸਨ ਪਰ ਜਦੋਂ ਜ਼ਮੀਨ 'ਤੇ ਘਣੀ ਖੇਤੀ ਹੋਈ ਇਸ ਨਾਲ ਉਪਜ ਵਿਚ ਵੱਡਾ ਵਾਧਾ ਹੋਇਆ ਅਤੇ ਅਨਾਜ ਦਰਾਮਦ ਕਰਨ ਵਾਲਾ ਦੇਸ਼, ਅਨਾਜ ਬਰਾਮਦ ਕਰਨ ਵਾਲਾ ਦੇਸ਼ ਬਣ ਗਿਆ।

ਕਾਰਪੋਰੇਟ ਖੇਤੀ ਵਿਚ ਫਿਰ ਜ਼ਿਮੀਂਦਾਰੀ ਖੇਤੀ ਵਾਲੀ ਸਾਧਨਾਂ ਦੀ ਅਯੋਗ ਵਰਤੋਂ ਦੀ ਸੰਭਾਵਨਾ ਬਣੇਗੀ, ਜਿਹੜੀ ਭਾਰਤ ਵਰਗਾ ਵੱਡੀ ਵਸੋਂ ਵਾਲਾ ਉਹ ਦੇਸ਼ ਜਿਸ ਕੋਲ ਦੁਨੀਆ ਦੇ ਆਕਾਰ ਦਾ ਸਿਰਫ਼ 2.4 ਫ਼ੀਸਦੀ ਹਿੱਸਾ ਹੈ ਪਰ 17.6 ਫ਼ੀਸਦੀ ਵਸੋਂ ਹੈ, ਉਹ ਕਦੀ ਵੀ ਬਰਦਾਸ਼ਤ ਨਹੀਂ ਕਰ ਸਕਦਾ।

ਵਿਕਾਸ ਦੇ ਇਤਿਹਾਸ ਨਾਲ ਜੁੜੀ ਇਕ ਹੋਰ ਉਦਾਹਰਨ ਇਸ ਨੂੰ ਹੋਰ ਸਪੱਸ਼ਟ ਕਰੇਗੀ। 19ਵੀਂ ਸਦੀ ਦੇ ਅੱਧ ਤੱਕ ਦੁਨੀਆ ਭਰ ਦੇ ਦੇਸ਼ ਖੇਤੀ ਪ੍ਰਧਾਨ ਦੇਸ਼ ਸਨ ਜਿਨਾਂ ਵਿਚ 70 ਤੋਂ 80 ਫ਼ੀਸਦੀ ਵਸੋਂ ਖੇਤੀ ਕਰਦੀ ਸੀ। 19ਵੀਂ ਸਦੀ ਦੇ ਅੱਧ ਤੋਂ ਬਾਅਦ ਸਭ ਤੋਂ ਪਹਿਲਾਂ ਇੰਗਲੈਂਡ ਦਾ ਉਦਯੋਗਿਕ ਇਨਕਲਾਬ ਹੋਇਆ ਪਰ ਇਸ ਉਦਯੋਗਿਕ ਇਨਕਲਾਬ ਦਾ ਆਧਾਰ ਉਸ ਦੇਸ਼ ਵਿਚ ਹੋਇਆ ਜਿੱਥੇ ਖੇਤੀ ਇਨਕਲਾਬ ਸੀ। ਖੇਤੀ ਦੀ ਉਪਜ ਬਹੁਤ ਵਧੀ ਜਿਸ ਕਰਕੇ ਪਹਿਲਾਂ ਖੇਤੀ ਆਧਾਰਤ ਅਤੇ ਬਾਅਦ ਵਿਚ ਮੈਨੂਫੈਕਚਰਿੰਗ ਉਦਯੋਗ ਲੱਗੇ। ਵਸੋਂ ਦੇ ਬਦਲਣ ਦਾ ਰੁਝਾਨ ਸ਼ੁਰੂ ਹੋ ਗਿਆ। ਉਦਯੋਗਿਕ ਦੇਸ਼ਾਂ ਵਿਚ ਵਸੋਂ ਖੇਤੀ ਵਿਚ ਘਟਦੀ ਗਈ ਅਤੇ ਉਦਯੋਗਾਂ ਵਿਚ ਵਧਦੀ ਗਈ। ਭਾਰਤ ਵਿਚ ਵੀ 1950 ਵਿਚ ਜਦੋਂ ਯੋਜਨਾਵਾਂ ਅਪਣਾਈਆਂ ਗਈਆਂ ਤਾਂ ਖੇਤੀ ਨੂੰ ਪਹਿਲੀ ਤਰਜੀਹ ਦਿੱਤੀ ਗਈ ਤਾਂ ਕਿ ਖੇਤੀ ਉਦਯੋਗਾਂ ਦਾ ਆਧਾਰ ਬਣੇ। ਖੇਤੀ ਵਿਚ ਬਹੁਤ ਵੱਡਾ ਵਿਕਾਸ ਹੋਇਆ। ਉਤਪਾਦਨ ਵਿਚ ਚਾਰ ਗੁਣਾ ਵਾਧਾ ਹੋਇਆ। ਪਰ ਕੁੱਲ ਵਸੋਂ ਖੇਤੀ ਵਿਚ ਘਟਣ ਦੀ ਬਜਾਏ ਵਧਦੀ ਗਈ ਕਿਉਂ ਜੋ ਉਦਯੋਗ ਇਸ ਕਾਬਲ ਨਾ ਹੋਏ ਕਿ ਵਧਦੀ ਹੋਈ ਵਸੋਂ ਨੂੰ ਰੁਜ਼ਗਾਰ ਦੇ ਸਕਣ। ਖੇਤੀ ਜੋਤਾਂ 'ਤੇ ਵਸੋਂ ਦੀ ਨਿਰਭਰਤਾ ਵਧਣ ਕਰਕੇ ਜੋਤਾਂ ਦੀ ਵੰਡ ਦਰ ਵੰਡ ਸ਼ੁਰੂ ਹੋ ਗਈ। 1971 ਵਿਚ ਭਾਰਤ ਵਿਚ 37 ਫ਼ੀਸਦੀ ਉਹ ਜੋਤਾਂ ਸਨ ਜਿਨਾਂ ਦਾ ਆਕਾਰ ਇਕ ਹੈਕਟਰ ਜਾਂ ਢਾਈ ਹੈਕਟਰ ਤੋਂ ਘੱਟ ਸੀ ਪਰ ਅੱਜ ਕੱਲ ਇਹੋ ਜਿਹੀਆਂ ਜੋਤਾਂ ਦਾ ਆਕਾਰ ਵਧ ਕੇ 74 ਫ਼ੀਸਦੀ ਜਾਂ ਦੁੱਗਣਾ ਹੋ ਗਿਆ ਹੈ। 10 ਏਕੜ ਤੋਂ ਘੱਟ ਜੋਤਾਂ ਦਾ ਆਕਾਰ ਜਿਹੜਾ 1971 ਵਿਚ ਸਿਰਫ਼ 65 ਫ਼ੀਸਦੀ ਸੀ, ਹੁਣ ਵਧ ਕੇ 96 ਫ਼ੀਸਦੀ ਤੱਕ ਹੋ ਚੁੱਕਾ ਹੈ, ਭਾਵੇਂ ਕਿ 10 ਏਕੜ ਤੋਂ ਘੱਟ ਆਕਾਰ ਵਾਲੀ ਜੋਤ ਕਿਫ਼ਾਇਤੀ ਜੋਤ ਨਹੀਂ ਪਰ ਫਿਰ ਵੀ ਵਧਦੀ ਵਸੋਂ ਨੂੰ ਖੇਤੀ 'ਤੇ ਹੀ ਨਿਰਭਰ ਕਰਨਾ ਪੈਂਦਾ ਹੈ। ਇਸ ਲਈ ਸੀਮਾਂਤ ਅਤੇ ਛੋਟੀਆਂ ਜੋਤਾਂ ਦੀ ਗਿਣਤੀ ਹੋਰ ਵਧਦੀ ਜਾ ਰਹੀ ਹੈ।

ਆਉਣ ਵਾਲੇ ਸਮੇਂ ਵਿਚ ਖੇਤੀ ਸਬੰਧੀ ਯੋਜਨਾਵਾਂ ਨੂੰ ਉਨਾਂ ਘਟਦੇ ਆਕਾਰ ਦੀਆਂ ਜੋਤਾਂ ਦੀਆਂ ਮੁਸ਼ਕਿਲਾਂ ਨੂੰ ਸਾਹਮਣੇ ਰੱਖ ਕੇ ਬਣਨਾ ਚਾਹੀਦਾ ਹੈ, ਕਿਉਂ ਜੋ ਇਸ ਤਰਾਂ ਦਾ ਕੋਈ ਜਾਦੂ ਨਹੀਂ ਕਿ ਇਨਾਂ 80 ਕਰੋੜ ਕਿਸਾਨੀ ਆਧਾਰਿਤ ਲੋਕਾਂ ਨੂੰ ਇਕਦਮ ਉਦਯੋਗਿਕ ਰੁਜ਼ਗਾਰ ਵਿਚ ਬਦਲ ਦਿੱਤਾ ਜਾਵੇ। ਕਾਰਪੋਰੇਟ ਖੇਤੀ ਵੱਡੇ ਪੈਮਾਨੇ ਦੀ ਖੇਤੀ ਹੋਵੇਗੀ ਜਿਸ ਵਿਚ ਵੱਡੀਆਂ ਮਸ਼ੀਨਾਂ, ਔਜ਼ਾਰਾਂ ਅਤੇ ਫਾਰਮਾਂ ਦੇ ਨਾਲ ਖੇਤੀ ਵਸਤੂਆਂ 'ਤੇ ਆਧਾਰਿਤ ਉਦਯੋਗਾਂ ਦੀ ਵਿਵਸਥਾ ਹੋਵੇਗੀ ਪਰ ਉਨਾਂ 80 ਕਰੋੜ ਲੋਕਾਂ ਲਈ ਲਾਭਦਾਇਕ ਰੁਜ਼ਗਾਰ ਅਪਣਾਉਣ ਦਾ ਕਿਹੜਾ ਰਸਤਾ ਹੋਵੇਗਾ, ਉਸ ਦੀ ਖੋਜ ਅਤੇ ਉਨਾਂ ਨੂੰ ਅਪਣਾਉਣਾ ਯੋਜਨਾਵਾਂ ਦੀ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ। ਜਿਨਾਂ ਦੇਸ਼ਾਂ ਵਿਚ ਕਾਰਪੋਰੇਟ ਖੇਤੀ ਹੈ, ਉਨਾਂ ਸਾਰਿਆਂ ਹੀ ਦੇਸ਼ਾਂ ਵਿਚ 5 ਫ਼ੀਸਦੀ ਤੋਂ ਵੀ ਘੱਟ ਵਸੋਂ ਖੇਤੀ 'ਤੇ ਨਿਰਭਰ ਕਰਦੀ ਹੈ ਭਾਵੇਂ ਕਿ ਇਸ 5 ਫ਼ੀਸਦੀ ਵਸੋਂ ਦਾ ਉਨਾਂ ਦੇਸ਼ਾਂ ਦੇ ਘਰੇਲੂ ਉਤਪਾਦਨ ਵਿਚ ਹਿੱਸਾ ਵੀ 5 ਫ਼ੀਸਦੀ ਤੋਂ ਘੱਟ ਹੈ ਪਰ ਖੇਤੀ ਅਤੇ ਗ਼ੈਰ-ਖੇਤੀ ਆਮਦਨ ਵਿਚ ਫ਼ਰਕ ਨਹੀਂ ਸਗੋਂ ਬਰਾਬਰਤਾ ਹੈ।

ਇੱਥੇ ਇਕ ਹੋਰ ਦਿਲਚਸਪ ਤੱਥ ਇਸ ਗੱਲ ਨੂੰ ਹੋਰ ਸਪੱਸ਼ਟ ਕਰਦਾ ਹੈ। 1960 ਤੋਂ 1970 ਦੇ ਵਿਚ ਭਾਵੇਂ ਕਿ ਭਾਰਤ ਦੀ ਕੁੱਲ ਵਸੋਂ ਦੁਨੀਆ ਦੇ ਤਿੰਨ ਉਦਯੋਗਿਕ ਦੇਸ਼ਾਂ ਜਾਪਾਨ, ਜਰਮਨੀ ਅਤੇ ਇੰਗਲੈਂਡ ਤੋਂ ਕਿਤੇ ਜ਼ਿਆਦਾ ਸੀ ਪਰ ਵਸੋਂ ਘਣਤਾ (ਪ੍ਰਤੀ ਕਿਲੋਮੀਟਰ ਵਸੋਂ) ਇਨਾਂ ਤਿੰਨਾਂ ਹੀ ਦੇਸ਼ਾਂ ਵਿਚ ਭਾਰਤ ਤੋਂ ਕਿਤੇ ਜ਼ਿਆਦਾ ਸੀ ਪਰ ਫਿਰ ਵੀ ਉਹ ਦੇਸ਼ ਦੁਨੀਆ ਦੇ ਸਭ ਤੋਂ ਪਹਿਲੇ 8 ਅਮੀਰ ਦੇਸ਼ਾਂ ਦੀ ਸੂਚੀ ਵਿਚ ਸਨ ਜਿਸ ਦਾ ਆਧਾਰ ਉੱਥੋਂ ਦਾ ਮਜ਼ਬੂਤ ਉਦਯੋਗਿਕ ਆਧਾਰ ਸੀ, ਭਾਵੇਂ ਕਿ ਉਸ ਸਮੇਂ ਵੀ ਉਨਾਂ ਦੇਸ਼ਾਂ ਵਿਚ ਕਾਰਪੋਰੇਟ ਖੇਤੀ ਸੀ। ਇਹ ਗੱਲਾਂ ਸਾਬਤ ਕਰਦੀਆਂ ਹਨ ਕਿ ਕਾਰਪੋਰੇਟ ਖੇਤੀ ਉਨਾਂ ਦੇਸ਼ਾਂ ਵਿਚ ਹੀ ਕਾਮਯਾਬ ਹੋ ਸਕਦੀ ਹੈ ਜਿਨਾਂ ਦੇਸ਼ਾਂ ਵਿਚ ਉਦਯੋਗ ਇਸ ਕਾਬਲ ਹਨ ਕਿ ਉਹ ਹਰ ਇਕ ਲਈ ਵਾਧੂ ਕਮਾਈ ਵਾਲਾ ਰੁਜ਼ਗਾਰ ਪ੍ਰਦਾਨ ਕਰ ਸਕਣ।

ਭਾਰਤ ਦੁਨੀਆ ਦਾ ਇਕੱਲਾ ਉਹ ਦੇਸ਼ ਹੈ ਜਿੱਥੇ ਦੇਸ਼ ਦੀ 67 ਫ਼ੀਸਦੀ ਵਸੋਂ ਨੂੰ ਖ਼ੁਰਾਕ ਸੁਰੱਖਿਆ ਦੇ ਘੇਰੇ ਵਿਚ ਲਿਆਂਦਾ ਹੋਇਆ ਹੈ, ਜਿਸ ਵਿਚ ਹਰ ਇਕ ਲਈ ਸਸਤੇ ਅਨਾਜ ਦੀ ਵਿਵਸਥਾ ਹੋ ਸਕਦੀ ਹੈ, ਜਦੋਂਕਿ ਕਾਰਪੋਰੇਟ ਖੇਤਰ ਵਿਚੋਂ ਅਨਾਜ ਭੰਡਾਰ ਬਣਾਉਣ ਦੇ ਉਹ ਮੌਕੇ ਮਿਲਣਗੇ, ਜਿੱਥੇ ਕਾਰਪੋਰੇਟਰਾਂ ਦੀ ਵੱਡੀ ਦਿਲਚਸਪੀ ਬਰਾਮਦ ਨਾਲ ਵਾਧੂ ਪੈਸੇ ਕਮਾਉਣ ਵਿਚ ਹੋਵੇਗੀ।

ਵੱਡੀ ਵਸੋਂ ਵਾਲੇ ਅਤੇ ਸਾਧਨਾਂ ਦੀ ਕਮੀ ਵਾਲੇ ਦੇਸ਼ ਵਿਚ ਜ਼ਮੀਨ, ਪਾਣੀ ਅਤੇ ਹੋਰ ਸਾਧਨਾਂ ਦਾ ਫ਼ਜ਼ੂਲ ਜਾਣਾ ਕਿਸੇ ਤਰਾਂ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸਮਾਜਿਕ ਹਾਲਤਾਂ ਵਿਚ ਜਿੱਥੇ ਖੇਤੀ ਨੂੰ ਇਕ ਵਪਾਰ ਨਹੀਂ ਸਗੋਂ ਰਹਿਣ ਦਾ ਇਕ ਢੰਗ ਸਮਝਿਆ ਜਾਂਦਾ ਹੋਵੇ, ਜਿੱਥੋਂ ਦੀਆਂ ਰਸਮਾਂ-ਰਿਵਾਜਾਂ, ਰਵਾਇਤਾਂ, ਮੇਲੇ, ਤਿਉਹਾਰ ਆਦਿ ਫ਼ਸਲਾਂ ਦੇ ਬੀਜਣ ਅਤੇ ਕਟਾਈ ਨਾਲ ਸਬੰਧਤ ਹੋਣ, ਜਿੱਥੇ ਭੂਮੀ ਨਾਲ ਮੋਹ ਇਕ ਸੱਭਿਆਚਾਰਕ ਵਿਲੱਖਣਤਾ ਹੋਵੇ, ਉੱਥੇ ਕਾਰਪੋਰੇਟ ਖੇਤੀ ਦੇ ਲਾਗੂ ਹੋਣ ਦੀ ਕਲਪਨਾ ਕਰਨੀ ਕਿਸੇ ਵੀ ਤਰਾਂ ਯੋਗ ਨਹੀਂ। ਅੱਜ ਦੀ ਖੇਤੀ ਦੀ ਆਰਥਿਕਤਾ ਜਿਸ ਵਿਚ ਪ੍ਰਤੀ ਇਕਾਈ ਵੱਧ ਉਤਪਾਦਨ, ਪ੍ਰਤੀ ਇਕਾਈ ਵੱਧ ਰੁਜ਼ਗਾਰ, ਜਿਸ ਨੂੰ ਪਿਛਲੇ 70 ਸਾਲ ਦੇ ਸਮੇਂ ਵਿਚ ਪਰਖਿਆ ਅਤੇ ਅਜ਼ਮਾਇਆ ਗਿਆ ਹੈ, ਉਸ ਦੀ ਜਗਾ 'ਤੇ ਕਾਰਪੋਰੇਟ ਖੇਤੀ ਜਿਸ ਵਿਚ ਸਾਧਨਾਂ ਦੀ ਫ਼ਜ਼ੂਲ ਵਰਤੋਂ ਹੋਣੀ, ਪ੍ਰਤੀ ਇਕਾਈ ਘੱਟ ਉਪਜ ਹੋਣੀ ਅਤੇ ਪ੍ਰਤੀ ਇਕਾਈ ਘੱਟ ਰੁਜ਼ਗਾਰ ਹੋਣਾ ਇਕ ਸਾਧਾਰਨ ਅਤੇ ਸੁਭਾਵਿਕ ਕਿਰਿਆ ਹੋ ਸਕਦੀ ਹੈ, ਇਨਾਂ ਹਾਲਤਾਂ ਨੂੰ ਸਾਹਮਣੇ ਰੱਖਦੇ ਹੋਏ ਵਰਤਮਾਨ ਸਮੇਂ ਵਿਚ ਵੱਧ ਤੋਂ ਵੱਧ ਰੁਜ਼ਗਾਰ ਪੈਦਾ ਕਰਨ ਦੇ ਮੌਕੇ ਪੈਦਾ ਕਰਦੇ ਹੋਏ ਵਰਤਮਾਨ ਖੇਤੀ ਸਥਿਤੀ ਤੇ ਸੁਧਾਰਾਂ ਸਬੰਧੀ ਸੋਚਣਾ ਜ਼ਿਆਦਾ ਯੋਗ ਹੈ ਬਜਾਏ ਕਿ ਕਾਰਪੋਰੇਟ ਖੇਤੀ ਵਿਚੋਂ ਹੱਲ ਲੱਭਣ ਦੇ।

# ਕਿਸਾਨਾਂ ਨੇ ਸ਼ਾਂਤਮਈ ਅੰਦੋਲਨ ਚਲਾ ਕੇ ਪੰਜਾਬ ਤੇ ਪੰਥ ਦੀ ਸ਼ੋਭਾ ਵਧਾਈ

## ✪ ਹਰੀ ਕ੍ਰਾਂਤੀ ਕਾਰਨ ਪੰਜਾਬ ਉਜੜਿਆ ✪ ਪੰਜਾਬ ਦੇ ਬਹੁਤੇ ਬਲਾਕ ਪਾਣੀ ਦੀ ਥੁੜ ਦਾ ਸ਼ਿਕਾਰ

- ਪਿਆਰਾ ਸਿੰਘ

ਗੱਲ ਵੀਹਵੀਂ ਸਦੀ ਦੀ ਹੈ। ਦੂਜਾ ਵਿਸ਼ਵ ਯੁੱਧ (1939-1945) ਲੱਗਾ ਹੋਇਆ ਸੀ। ਦੋ ਵੱਡੀਆਂ ਧਿਰਾਂ ਲੜ ਰਹੀਆਂ ਸਨ। ਇਕ ਪਾਸੇ ਬ੍ਰਿਟਿਸ਼ ਸਾਮਰਾਜ ਦੀ ਸਰਕਾਰ ਸੀ, ਜਿਸ ਬਾਰੇ ਕਿਹਾ ਜਾਂਦਾ ਸੀ ਕਿ ਇਸ ਵਿਚ ਸੂਰਜ ਨਹੀਂ ਛਿਪਦਾ। ਇਸ ਨਾਲ ਸੋਵੀਅਤ ਯੂਨੀਅਨ ਤੇ ਅਮਰੀਕਾ ਵੀ ਸ਼ਾਮਿਲ ਸਨ। ਦੂਜੇ ਪਾਸੇ ਜਰਮਨੀ, ਜਿਸ ਦਾ ਮੁਖੀ ਹਿਟਲਰ ਸੀ, ਇਟਲੀ ਜਿਸ ਦਾ ਮੁਖੀ ਮੁਸੋਲੀਨੀ ਸੀ ਤੇ ਜਾਪਾਨ, ਜਿਸ ਦਾ ਬਾਦਸ਼ਾਹ ਟੋਜੋ ਸੀ, ਲੜ ਰਹੇ ਸਨ। ਬ੍ਰਿਟਿਸ਼ ਸਾਮਰਾਜ ਨੇ ਆਪਣੀਆਂ ਬਸਤੀਆਂ ਤੋਂ ਫ਼ੌਜਾਂ ਯੁੱਧ ਵਿਚ ਝੋਕੀਆਂ ਹੋਈਆਂ ਸਨ, ਉਨਾਂ ਦੀ ਸਭ ਤੋਂ ਵੱਡੀ ਬਸਤੀ ਭਾਰਤ ਸੀ, ਜਿਸ ਦੇ ਕਈ ਲੱਖ ਸਿਪਾਹੀ ਮੋਰਚਿਆਂ ਉੱਤੇ ਲਹੂ ਡੋਲ ਰਹੇ ਸਨ। ਇਨਾਂ ਵਿਚ ਪੰਜਾਬੀ ਸਿੱਖ ਤੇ ਪੰਜਾਬੀ ਮੁਸਲਮਾਨ ਸਿਪਾਹੀ ਸਭ ਤੋਂ ਅੱਗੇ ਸਨ। ਇਨਾਂ ਨੂੰ ਖੁਆਉਣ ਲਈ ਪੰਜਾਬ ਦੀਆਂ ਬਾਰਾਂ (ਜ਼ਿਲਾ ਲਾਇਲਪੁਰ, ਜ਼ਿਲਾ ਮਿੰਟਗੁਮਰੀ, ਜ਼ਿਲਾ ਸਰਗੋਧਾ) ਦੀ ਪੈਦਾਵਾਰ ਕਣਕ ਸਮੁੰਦਰੀ ਜਹਾਜ਼ਾਂ ਵਿਚ ਭਰ ਕੇ ਭੇਜੀ ਜਾ ਰਹੀ ਸੀ।

1847 ਵਿਚ ਪੰਜਾਬ ਦੀ ਵੰਡ ਹੋ ਗਈ। ਪੰਜਾਬ ਦੇ 29 ਜ਼ਿਲਿਆਂ ਵਿਚੋਂ 16 ਜ਼ਿਲੇ ਪਾਕਿਸਤਾਨ ਨੂੰ ਮਿਲ ਗਏ। 13 ਜ਼ਿਲੇ ਪੂਰਬੀ ਪੰਜਾਬ ਵਿਚ ਆਏ। ਨਤੀਜਾ ਇਹ ਸੀ, ਪੂਰਬੀ ਪੰਜਾਬ ਵਿਚ ਹੀ ਨਹੀਂ, ਪੂਰੇ ਸੁਤੰਤਰ ਭਾਰਤ ਵਿਚ ਅੰਨ ਦੀ ਥੋੜ ਪੈਦਾ ਹੋ ਗਈ। ਪੰਡਿਤ ਜਵਾਹਰ ਲਾਲ ਨਹਿਰੂ ਦੀ ਵਜ਼ਾਰਤ ਦਾ ਖ਼ੁਰਾਕ ਮੰਤਰੀ ਕੇ.ਐਲ. ਮੁਨਸ਼ੀ ਹੱਥ ਵਿਚ ਠੂਠਾ ਫੜ ਕੇ ਸਭ ਦੇਸ਼ਾਂ ਤੋਂ ਖ਼ੁਰਾਕ ਮੰਗ ਰਿਹਾ ਸੀ। ਉਨਾਂ ਦਿਨਾਂ ਵਿਚ ਅਮਰੀਕਾ ਨੇ 480-ਐਲ. ਐਕਟ ਪਾਸ ਕੀਤਾ, ਜਿਸ ਅਧੀਨ ਲੋੜਵੰਦ ਦੇਸ਼ਾਂ ਨੂੰ ਅੰਨ ਮਿਲਦਾ ਸੀ। ਭਾਰਤ ਨੇ ਇਸ ਐਕਟ ਅਧੀਨ ਅਮਰੀਕਾ ਤੋਂ ਬਹੁਤ ਸਾਰੀ ਕਣਕ ਮੰਗਵਾਈ। ਇਹ ਕਣਕ ਪੰਜਾਬ ਸਮੇਤ ਸਾਰੇ ਦੇਸ਼ ਨੂੰ ਰਾਸ਼ਨ-ਡੀਪੂਆਂ ਤੋਂ ਰਾਸ਼ਨ ਕਾਰਡ ਉੱਤੇ ਮਿਲਦੀ ਸੀ। ਮਿੱਟੀ ਦਾ ਤੇਲ, ਖੰਡ ਅਤੇ ਦਾਲਾਂ ਵੀ ਰਾਸ਼ਨ ਕਾਰਡਾਂ ਉੱਤੇ ਮਿਲਦੀਆਂ ਸਨ। ਡੀਪੂ ਹੋਲਡਰ ਇਹ ਵਸਤਾਂ ਚੋਰ-ਬਾਜ਼ਾਰ ਵਿਚ ਵੀ ਵੇਚਦੇ ਸਨ। ਡੀਪੂ, ਰਾਸ਼ਨ ਕਾਰਡ ਤੇ ਚੋਰ ਬਾਜ਼ਾਰੀ ਸ਼ਬਦ ਉਨਾਂ ਦਿਨਾਂ ਵਿਚ ਹੀ ਭਾਰਤੀ ਭਾਸ਼ਾਵਾਂ ਵਿਚ ਸ਼ਾਮਿਲ ਹੋਏ ਸਨ।

ਇਹ ਹਾਲਤ 1925 ਈ: ਤੱਕ ਰਹੀ। ਉਦੋਂ ਡਾ. ਬਾਰਲੌਗ ਦੇ ਵਿਕਸਿਤ ਕੀਤੇ ਮੈਕਸੀਕਨ ਕਣਕ ਦੇ ਬੀਜ ਭਾਰਤ ਪਹੁੰਚੇ। ਲੁਧਿਆਣੇ ਦੀ ਖੇਤੀਬਾੜੀ ਯੂਨੀਵਰਸਿਟੀ ਨੇ ਇਨਾਂ ਬੀਜਾਂ ਨੂੰ ਪੰਜਾਬ ਦੇ ਪੌਣ-ਪਾਣੀ ਮੁਤਾਬਿਕ ਸੋਧਿਆ ਤੇ ਕਿਸਾਨਾਂ ਨੂੰ ਕਿਹਾ ਇਹ ਬੀਜ ਬੀਜੋ। ਸਾਨੂੰ ਕੱਲ ਵਾਂਗ ਯਾਦ ਹੈ, ਪੰਜਾਬੀ ਕਿਸਾਨ ਬੋਰੀਆਂ ਸਿਰਾਂ ਉੱਤੇ ਚੁੱਕ ਕੇ ਪਿੰਡਾਂ ਨੂੰ ਗਏ। ਇਹ ਘੋਨੀ ਕਣਕ ਬੀਜੀ ਗਈ। ਇਸ ਕਣਕ ਦਾ ਨਾੜ ਪੱਧਰਾ ਤੇ ਸਿੱਟਾ ਭਾਰਾ ਹੁੰਦਾ ਹੈ। ਕੁਝ ਸਾਲਾਂ ਵਿਚ ਹੀ ਕਣਕ ਦੀ ਲਹਿਰ-ਬਹਿਰ ਹੋ ਗਈ। ਇਸ ਲਹਿਰ-ਬਹਿਰ ਨੂੰ ਹਰੀ ਕ੍ਰਾਂਤੀ ਕਿਹਾ ਗਿਆ। ਕਿਉਂਕਿ ਭਾਰਤੀ ਲੋਕਾਂ ਦੀ ਬਹੁਗਿਣਤੀ ਕਣਕ ਨਾਲੋਂ ਚਾਵਲ ਖਾਣਾ ਪਸੰਦ ਕਰਦੀ ਹੈ, ਇਸ ਲਈ ਪੰਜਾਬੀ ਕਿਸਾਨਾਂ ਨੂੰ ਕਿਹਾ ਗਿਆ, ਕਣਕ ਦੇ ਨਾਲ-ਨਾਲ ਧਾਨ ਵੀ ਬੀਜੋ। ਧਾਨ ਪੰਜਾਬ ਦੀ ਫ਼ਸਲ ਨਹੀਂ ਸੀ। ਇਹ ਬਹੁਤ ਪਾਣੀ ਮੰਗਦੀ ਫ਼ਸਲ ਹੈ। ਪੰਜਾਬੀਆਂ ਨੇ ਲੱਖਾਂ ਰੁਪਏ ਬੈਂਕਾਂ ਤੋਂ ਕਰਜ਼ ਲਿਆ। ਟਿਊਬਵੈੱਲ ਲਾਏ। ਸਾਉਣੀ ਵਿਚ ਮੱਕੀ ਬੀਜਣੀ ਵੀ ਬੰਦ ਕੀਤੀ। ਧਾਨ ਬੀਜਿਆ। ਪੰਜਾਬ ਦਾ ਜ਼ਮੀਨ-ਦੋਜ਼ ਪਾਣੀ ਅੰਨੇਵਾਹ ਧਾਨ ਪਾਲਣ ਲਈ ਵਰਤਿਆ। ਨਤੀਜਾ ਇਹ ਹੋਇਆ ਕਿ ਪੰਜਾਬ ਦੀ ਧਰਤੀ ਹੇਠਲਾ ਪਾਣੀ ਖ਼ਤਮ ਹੁੰਦਾ ਗਿਆ। ਹੁਣ ਪੰਜਾਬ ਦੇ ਬਹੁਤੇ ਬਲਾਕ ਪਾਣੀ ਦੀ ਥੁੜ ਦਾ ਸ਼ਿਕਾਰ ਹਨ। ਇਨਾਂ ਨੂੰ ਕਾਲੇ ਬਲਾਕ ਕਿਹਾ ਜਾਂਦਾ ਹੈ।

ਇਸ ਵੇਲੇ ਪੰਜਾਬ ਹਾੜੀ-ਸਾਉਣੀ ਵਿਚ ਏਨੀ ਕਣਕ ਤੇ ਚਾਵਲ ਪੈਦਾ ਕਰ ਰਿਹਾ ਹੈ ਕਿ ਪੰਜਾਬ ਸਰਕਾਰ ਦੇ ਗੋਦਾਮ ਅੰਨ ਨਾਲ ਤੂੜੇ ਪਏ ਹਨ। ਰੇਲ ਗੱਡੀਆਂ ਇਹ ਅਨਾਜ ਘਾਟੇ ਵਾਲੇ ਪ੍ਰਦੇਸ਼ਾਂ ਨੂੰ ਢੋਹਣ ਵਿਚ ਅਸਮਰਥ ਹਨ। ਇਸ ਬਹੁਮੁੱਲੀ ਦੇਣ ਲਈ ਪੰਜਾਬ ਨੂੰ ਇਨਾਮ ਨਹੀਂ ਮਿਲਿਆ। ਸਜ਼ਾ ਮਿਲ ਰਹੀ ਹੈ। ਭਾਰਤ ਦੇ ਸਭ ਤੋਂ ਅਮੀਰ ਵਿਅਕਤੀ ਅੰਬਾਨੀ ਤੇ ਅਦਾਨੀ ਪੰਜਾਬ ਦੀ ਉਪਜਾਊ ਜ਼ਮੀਨ ਨੂੰ ਲਲਚਾਈਆਂ ਨਜ਼ਰਾਂ ਨਾਲ ਦੇਖ ਰਹੇ ਹਨ। ਉਹ ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਇਨਾਂ ਉੱਤੇ ਵੱਡੇ-ਵੱਡੇ ਮਾਲ ਅਤੇ ਫ਼ੈਕਟਰੀਆਂ ਲਾਉਣਾ ਚਾਹੁੰਦੇ ਹਨ। ਉਨਾਂ ਦੀ ਦਲੀਲ ਹੈ ਪੰਜਾਬੀ ਕਿਸਾਨ ਅਕੁਸ਼ਲ ਵਿਅਕਤੀ ਹਨ। ਇਨਾਂ ਨੂੰ ਜ਼ਮੀਨਾਂ ਤੋਂ ਉਠਾ ਕੇ ਸ਼ਹਿਰ ਭੇਜਿਆ ਜਾਏ। ਇਹ ਸ਼ਹਿਰ ਪਹੁੰਚ ਕੇ ਕੋਈ ਕਾਰੀਗਰੀ (ਸਕਿੱਲ) ਸਿੱਖਣ। ਭਾਰਤੀ ਜਨਤਾ ਪਾਰਟੀ ਅੰਬਾਨੀ ਤੇ ਅਡਾਨੀ ਜਿਹੇ ਧਨ-ਕੁਬੇਰਾਂ ਤੋਂ ਅਰਬਾਂ ਰੁਪਏ ਚੋਣ-ਫ਼ੰਡ ਲੈਂਦੀ ਹੈ। ਭਾਜਪਾ ਨੇ ਇਨਾਂ ਧਨ-ਕੁਬੇਰਾਂ ਨੂੰ ਪ੍ਰਸੰਨ ਕਰਨ ਲਈ ਤਿੰਨ ਖੇਤੀ ਕਾਨੂੰਨ ਬਣਾਏ ਹਨ। ਪੰਜਾਬ ਦੇ ਕਿਸਾਨ ਪਾਸ ਜ਼ਮੀਨ ਥੋੜੀ ਹੈ। ਬਹੁਤੇ ਕਿਸਾਨ ਪੰਜ ਏਕੜ ਤੋਂ ਘੱਟ ਰਕਬੇ ਦੇ ਮਾਲਕ ਹਨ ਤਾਂ ਵੀ ਕਿਸਾਨਾਂ ਨੂੰ ਜ਼ਮੀਨ ਪਿਆਰੀ ਹੈ। ਉਹ ਜ਼ਮੀਨ ਨਹੀਂ ਛੱਡਣਾ ਚਾਹੁੰਦੇ। ਕਿਸਾਨਾਂ ਨੂੰ ਜ਼ਮੀਨ ਤੋਂ ਉਖਾੜਨ ਲਈ ਤਜਵੀਜ਼ ਵਾਜਪਾਈ ਨੂੰ ਵੀ ਮਿਲੀ ਸੀ, ਡਾ: ਮਨਮੋਹਨ ਸਿੰਘ ਨੂੰ ਵੀ। ਉਨਾਂ ਨੇ ਕਾਨੂੰਨ ਪਾਸ ਨਹੀਂ ਕੀਤੇ। ਸ੍ਰੀ ਨਰਿੰਦਰ ਮੋਦੀ ਨੇ ਪਾਸ ਕਰ ਦਿੱਤੇ।

ਪੰਜਾਬ ਦੇ ਕਿਸਾਨਾਂ ਨੇ ਕਾਨੂੰਨ ਪਾਸ ਹੁੰਦੇ ਸਾਰ ਪਹਿਲਾਂ ਦੋ ਮਹੀਨੇ ਰੇਲਾਂ ਰੋਕੀਆਂ। ਹੁਣ ਉਹ ਰਾਜਧਾਨੀ ਦਿੱਲੀ ਨੂੰ ਜਾਂਦੇ ਰਸਤੇ ਰੋਕ ਕੇ ਸਖ਼ਤ ਸਰਦੀ ਤੇ ਮੀਂਹ ਵਿਚ ਤਕਲੀਫ਼ਾਂ ਝੱਲ ਕੇ ਮੋਰਚੇ ਮੱਲੀ ਬੈਠੇ ਹਨ। ਮੋਦੀ ਸਾਹਿਬ ਆਪ ਤਾਂ ਅੱਗੇ ਆਉਂਦੇ ਨਹੀਂ। ਖੇਤੀ ਮੰਤਰੀ ਤੋਮਰ ਨੂੰ ਅੱਗੇ ਕੀਤਾ ਹੋਇਆ ਹੈ। ਕਈ ਗੇੜਾਂ ਦੀ ਗੱਲਬਾਤ ਹੋ ਚੁੱਕੀ ਹੈ। ਅਸੀਂ ਕਿਸਾਨ ਅੰਦੋਲਨ ਦੀ ਸਫਲਤਾ ਚਾਹੁੰਦੇ ਹਾਂ। ਸੁਪਰੀਮ ਕੋਰਟ ਵਿਚ ਵੀ ਮਾਮਲਾ ਪਹੁੰਚਿਆ ਹੋਇਆ ਹੈ।

ਕਈ ਸਿਆਣੇ ਵਿਅਕਤੀਆਂ ਦੀ ਤਜਵੀਜ਼ ਹੈ, ਮੋਦੀ ਸਰਕਾਰ ਇਨਾਂ ਤਿੰਨਾਂ ਕਾਨੂੰਨਾਂ ਨੂੰ ਸਾਰੇ ਭਾਰਤ 'ਤੇ ਠੋਸੇ ਨਾ। ਰਾਜਾਂ ਨੂੰ ਛੋਟ ਦੇ ਦੇਵੇ। ਉਹ ਲਾਗੂ ਕਰਨ ਜਾਂ ਨਾ ਕਰਨ। ਚਾਹੁਣ ਤਾਂ ਆਪਣੇ ਸੋਧੇ ਹੋਏ ਕਾਨੂੰਨ ਬਣਾ ਲੈਣ। ਅਸੀਂ ਇਕ ਵਾਰ ਫਿਰ ਕਹਿਣਾ ਚਾਹੁੰਦੇ ਹਾਂ, ਕਿਸਾਨ ਅੰਦੋਲਨ ਸਫਲ ਹੋਣਾ ਚਾਹੀਦਾ ਹੈ। ਉਨਾਂ ਨੇ ਸ਼ਾਂਤਮਈ ਤੇ ਮਰਿਆਦਾਪੂਰਨ ਅੰਦੋਲਨ ਚਲਾ ਕੇ ਪੰਜਾਬ ਦੀ ਤੇ ਸਿੱਖ ਭਾਈਚਾਰੇ ਦੀ ਸੋਭਾ ਵਧਾਈ ਹੈ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
MORE: BAYS. EXPERTISE. SOLUTIONS.

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਕੋਰੋਨਾ ਵੈਕਸੀਨ ਦੀ ਸਫਲਤਾ ਅੱਗੇ ਲੱਗੇ ਪ੍ਰਸ਼ਨ ਚਿੰਨ

## ✪ ਅਮਰਾਵਤੀ ਵਿਚ ਕੁਝ ਲੋਕਾਂ ਨੇ ਵੈਕਸੀਨ ਲੱਗਣ ਤੋਂ ਬਾਅਦ ਬੁਖ਼ਾਰ ਤੇ ਪੀੜ ਦੀ ਸ਼ਿਕਾਇਤ ✪ ਕੋਰੋਨਾ ਵੈਕਸੀਨ ਦੀ ਪਹਿਲੀ ਡੋਜ਼ ਮਗਰੋਂ ਨਾਰਵੇ 'ਚ 23 ਵਿਅਕਤੀਆਂ ਦੀ ਮੌਤ, ਸਾਈਡ ਇਫ਼ੈਕਟ ਨਾਲ ਗਈਆਂ 13 ਜਾਨਾਂ

**- ਪ੍ਰਗਟ ਸਿੰਘ ਜੰਡਿਆਲਾ ਗੁਰੂ**

ਕੋਵਿਡ-19 ਦੀ ਮਹਾਂਮਾਰੀ ਤੋਂ ਬਚਣ ਲਈ ਵੈਕਸੀਨ ਲਾਉਣ ਦੀ ਮੁਹਿੰਮ ਸ਼ੁਰੂ ਹੋ ਗਈ ਹੈ। ਵੱਖ ਵੱਖ ਦੇਸ਼ਾਂ ਵਿਚ ਕਈ ਤਰਾਂ ਦੀ ਵੈਕਸੀਨ ਵਰਤੀ ਜਾ ਰਹੀ ਹੈ। ਭਾਰਤ ਵਿਚ ਵੈਕਸੀਨਾਂ ਬਾਰੇ ਕੁਝ ਖ਼ਦਸ਼ੇ ਵੀ ਜ਼ਾਹਿਰ ਕੀਤੇ ਜਾ ਰਹੇ ਹਨ। ਰਾਮ ਮਨੋਹਰ ਲੋਹੀਆ ਹਸਪਤਾਲ ਦਿੱਲੀ ਦੀ ਡਾਕਟਰਾਂ ਦੀ ਜਥੇਬੰਦੀ ਰੈਜੀਡੈਂਟਸ ਡਾਕਟਰਜ ਐਸੋਸੀਏਸ਼ਨ ਨੇ ਬਾਇਓਟੈਕ ਕੰਪਨੀ ਦੁਆਰਾ ਬਣਾਈ ਕੋਵੈਕਸੀਨ ਦੇ ਟੀਕੇ ਲਗਵਾਉਣ ਦੀ ਮੁਹਿੰਮ ਵਿਚ ਸ਼ਾਮਿਲ ਹੋਣ ਤੋਂ ਨਾਂਹ ਕਰ ਦਿੱਤੀ ਹੈ, ਉਨਾਂ ਅਨੁਸਾਰ ਡਾਕਟਰ ਇਸ ਵੈਕਸੀਨ ਦੇ ਟੈਸਟਾਂ ਦੇ ਤੀਜੇ ਗੇੜ ਦੇ ਨਤੀਜੇ ਨਾ ਮਿਲਣ ਕਾਰਨ ਫ਼ਿਕਰਮੰਦ ਹਨ। ਸਿਹਤ ਵਿਗਿਆਨ ਦੇ ਮਾਹਿਰਾਂ ਅਨੁਸਾਰ ਹਰ ਵੈਕਸੀਨ ਦੇ ਕੁਝ ਮਾੜੇ ਅਸਰ ਹੋ ਸਕਦੇ ਹਨ ਪਰ ਵੈਕਸੀਨ ਤੋਂ ਮਿਲਣ ਵਾਲਾ ਲਾਭ ਕਿਤੇ ਜ਼ਿਆਦਾ ਹੁੰਦਾ ਹੈ। ਖ਼ਬਰਾਂ ਅਨੁਸਾਰ ਮਹਾਰਾਸ਼ਟਰ ਦੇ ਅਮਰਾਵਤੀ ਜ਼ਿਲੇ ਵਿਚ ਕੁਝ ਲੋਕਾਂ ਨੇ ਵੈਕਸੀਨ ਲੱਗਣ ਤੋਂ ਬਾਅਦ ਬੁਖ਼ਾਰ ਤੇ ਪੀੜ ਦੀ ਸ਼ਿਕਾਇਤ ਕੀਤੀ ਅਤੇ ਉਨਾਂ ਨੂੰ ਹਸਪਤਾਲ ਵਿਚ ਦਾਖਲ ਕੀਤਾ ਗਿਆ ਹੈ। ਸਰਕਾਰੀ ਅਧਿਕਾਰੀਆਂ ਅਨੁਸਾਰ ਉਹ ਠੀਕ ਠਾਕ ਹਨ ਅਤੇ ਜਲਦੀ ਹੀ ਹਸਪਤਾਲ 'ਚੋਂ ਡਿਸਚਾਰਜ ਕਰ ਦਿੱਤੇ ਜਾਣਗੇ। ਬਹੁਤ ਸਾਰੇ ਉੱਚ ਅਧਿਕਾਰੀਆਂ ਅਤੇ ਡਾਕਟਰਾਂ ਨੇ ਵੈਕਸੀਨ ਲਗਵਾਈ ਹੈ। ਕਰਨਾਟਕ ਵਿਚ ਕੁਝ ਡਾਕਟਰਾਂ ਨੇ ਸਰਕਾਰੀ ਅਧਿਕਾਰੀਆਂ ਨੂੰ ਕਿਹਾ ਹੈ ਕਿ ਉਨਾਂ ਨੂੰ ਆਕਸਫੋਰਡ ਯੂਨੀਵਰਸਿਟੀ ਦੁਆਰਾ ਬਣਾਈ ਗਈ ਕੋਵਸ਼ੀਲਡ ਵੈਕਸੀਨ ਲਗਾਈ ਜਾਵੇ। ਰਾਮ ਮਨੋਹਰ ਹਸਪਤਾਲ ਦਿੱਲੀ ਦੇ ਡਾਕਟਰਾਂ ਦੀ ਵੀ ਇਹੀ ਰਾਏ ਹੈ। ਇਸ ਤਰਾਂ ਦੇ ਵਾਦ-ਵਿਵਾਦ ਕਾਰਨ ਲੋਕਾਂ ਵਿਚ ਬੇਭਰੋਸਗੀ ਦਾ ਮਾਹੌਲ ਪੈਦਾ ਹੁੰਦਾ ਹੈ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਦੋਹਾਂ ਵੈਕਸੀਨਾਂ ਬਾਰੇ ਤੱਥ ਲੋਕਾਂ ਦੇ ਸਾਹਮਣੇ ਰੱਖੇ। ਡਾਕਟਰਾਂ ਨੂੰ ਇਸ ਮਾਮਲੇ ਵਿਚ ਆਪਣੀ ਰਾਏ ਬਹੁਤ ਸੋਚ ਸਮਝ ਕੇ ਪ੍ਰਗਟ ਕਰਨੀ ਚਾਹੀਦੀ ਹੈ ਕਿਉਂਕਿ ਲੋਕ ਉਨਾਂ ਦੀ ਰਾਏ 'ਤੇ ਵਿਸ਼ਵਾਸ ਕਰਦੇ ਹਨ। 49 ਡਾਕਟਰਾਂ ਅਤੇ ਸਿਹਤ ਖੇਤਰ ਦੇ ਮਾਹਿਰਾਂ ਨੇ ਡਾਕਟਰਾਂ ਅਤੇ ਹੋਰ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਗੈਰ-ਜ਼ਿੰਮੇਵਾਰਾਨਾ ਟਿੱਪਣੀਆਂ ਨਾ ਕਰਨ। ਭਾਰਤ ਬਾਇਓਟੈਕ ਕੰਪਨੀ ਨੇ ਕਿਹਾ ਹੈ ਕਿ ਜਿਨਾਂ ਲੋਕਾਂ ਨੂੰ ਕਿਸੇ ਕਿਸਮ ਦੀ ਅਲਰਜੀ ਦੀ ਸ਼ਿਕਾਇਤ ਹੈ ਜਾਂ ਜੋ ਲਹੂ ਨੂੰ ਪਤਲੇ ਰੱਖਣ ਵਾਲੀਆਂ ਦਵਾਈਆਂ ਲੈਂਦੇ ਰਹੇ ਹਨ, ਇਹ ਵੈਕਸੀਨ ਨਾ ਲਗਵਾਉਣ। ਕੰਪਨੀ ਨੇ ਇਹ ਵੀ ਕਿਹਾ ਕਿ ਗਰਭਵਤੀ ਅਤੇ ਬੱਚਿਆਂ ਨੂੰ ਦੁੱਧ ਪਿਲਾਉਣ ਵਾਲੀਆਂ ਔਰਤਾਂ ਵੀ ਵੈਕਸੀਨ ਨਾ ਲਗਵਾਉਣ। ਕੰਪਨੀ ਅਨੁਸਾਰ ਵੈਕਸੀਨ ਲਗਵਾਉਣ 'ਤੇ ਸਰੀਰ ਵਿਚ ਕਮਜ਼ੋਰੀ ਮਹਿਸੂਸ ਹੋਣ, ਸਿਰ ਨੂੰ ਚੱਕਰ ਆਉਣ, ਦਿਲ ਦੀ ਧੜਕਣ ਤੇਜ਼ ਹੋਣ ਆਦਿ ਅਸਰ ਹੋ ਸਕਦੇ ਹਨ। ਇਸ ਲਈ ਡਾਕਟਰਾਂ ਅਤੇ ਵੈਕਸੀਨ ਲਗਾਉਣ ਵਾਲਿਆਂ ਨੂੰ ਸਾਵਧਾਨੀ ਵਰਤਣ ਦੀ ਜ਼ਰੂਰਤ ਹੈ। ਜਿਹੜੇ ਲੋਕਾਂ ਨੂੰ ਵੈਕਸੀਨ ਲਗਾਈ ਜਾਂਦੀ ਹੈ, ਉਨਾਂ ਨੂੰ ਇਸ ਸਬੰਧੀ ਜਾਣਕਾਰੀ ਅਤੇ ਜ਼ਰੂਰਤ ਪੈਣ 'ਤੇ ਲੋੜੀਂਦੀ ਡਾਕਟਰੀ ਸਹਾਇਤਾ ਦਿੱਤੇ ਜਾਣਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

**ਨਾਰਵੇ ਵਿਚ ਵੈਕਸੀਨ ਬਾਰੇ ਸੁਆਲ ਉਠੇ**

ਨਾਰਵੇ ਵਿਚ ਹੁਣ ਤੱਕ ਵੈਕਸੀਨ ਦੀ ਪਹਿਲੀ ਡੋਜ਼ ਲਵਾਉਣ ਤੋਂ ਬਾਅਦ 23 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਇਨਾਂ ਵਿਚ ਜ਼ਿਆਦਾਤਰ ਬਜ਼ੁਰਗ ਸਨ। 'ਨਿਊਯਾਰਕ ਪੋਸਟ' ਨੇ ਸਿਹਤ ਵਿਭਾਗ ਦੇ ਹਵਾਲੇ ਨਾਲ ਜਾਣਕਾਰੀ ਦਿੱਤੀ ਹੈ ਕਿ ਇਨਾਂ ਵਿੱਚੋਂ 13 ਵਿਅਕਤੀ ਅਜਿਹੇ ਹਨ, ਜਿਨਾਂ ਦੀ ਮੌਤ ਵੈਕਸੀਨ ਦੇ ਸਾਈਡ ਇਫ਼ੈਕਟਸ ਕਾਰਣ ਹੋਈ ਹੈ। ਮਰਨ ਵਾਲੇ ਸਾਰੇ ਵਿਅਕਤੀ ਨਰਸਿੰਗ ਹੋਮਜ਼ ਵਿਚ ਭਰਤੀ ਸਨ ਤੇ ਉਨਾਂ ਦੀ ਘੱਟੋ-ਘੱਟ ਉਮਰ 80 ਸਾਲ ਸੀ। ਦੱਸ ਦੇਈਏ ਕਿ ਨਾਰਵੇ 'ਚ ਨਵਾਂ ਸਾਲ ਸ਼ੁਰੂ ਹੋਣ ਤੋਂ ਚਾਰ ਦਿਨ ਪਹਿਲਾਂ ਹੀ ਕੋਰੋਨਾ ਟੀਕਾਕਰਣ ਦੀ ਮੁਹਿੰਮ ਸ਼ੁਰੂ ਹੋਈ ਸੀ। ਹੁਣ ਤੱਕ ਉਸ ਦੇਸ਼ ਵਿੱਚ 33 ਹਜ਼ਾਰ ਤੋਂ ਵੱਧ ਲੋਕਾਂ ਨੂੰ ਵੈਕਸੀਨ ਦਿੱਤੀ ਜਾ ਚੁੱਕੀ ਹੈ। ਨਾਰਵੇ ਦੇ ਸਿਹਤ ਮਾਹਿਰਾਂ ਅਨੁਸਾਰ ਵੈਕਸੀਨ ਤੋਂ ਬਾਅਦ ਬੁਖ਼ਾਰ ਤੇ ਉਲਟੀਆਂ ਆਦਿ ਆਮ ਪ੍ਰਤੀਕਿਰਿਆਵਾਂ ਹਨ ਪਰ ਕੁਝ ਗੰਭੀਰ ਮਰੀਜ਼ਾਂ ਵਿਚ ਕਾਫ਼ੀ ਘਾਤਕ ਮਾੜੇ ਪ੍ਰਭਾਵ ਵੇਖਣ ਨੂੰ ਮਿਲ ਸਕਦੇ ਹਨ। ਨਾਰਵੇ ਦੀ ਮੈਡੀਸਨ ਏਜੰਸੀ ਦੇ ਮੈਡੀਕਲ ਡਾਇਰੈਕਟਰ ਨੇ ਦੱਸਿਆ ਕਿ ਡਾਕਟਰਾਂ ਨੂੰ ਚੌਕਸ ਕਰ ਦਿੱਤਾ ਗਿਆ ਹੈ। ਵੈਕਸੀਨ ਉਨਾਂ ਰੋਗੀਆਂ ਨੂੰ ਬਹੁਤ ਸੋਚ-ਸਮਝ ਕੇ ਲਾਉਣ ਦੀ ਹਦਾਇਤ ਕੀਤੀ ਗਈ ਹੈ, ਜਿਨਾਂ ਦੀ ਹਾਲਤ ਪਹਿਲਾਂ ਤੋਂ ਬਹੁਤ ਨਾਜ਼ੁਕ ਹੈ। ਨਾਰਵੇ 'ਚ ਕੋਰੋਨਾ ਵਾਇਰਸ ਦੇ ਕੁੱਲ 57,000 ਤੋਂ ਵੱਧ ਮਾਮਲੇ ਸਾਹਮਣੇ ਆਏ ਸਨ ਤੇ ਇਸੇ ਵਾਇਰਸ ਕਾਰਨ 500 ਮੌਤਾਂ ਹੋ ਚੁੱਕੀਆਂ ਹਨ।

**ਕਾਰਪੋਰੇਟ ਦਾ ਧਿਆਨ ਮੁਨਾਫ਼ੇ ਵਲ**

ਸਰਮਾਏਦਾਰਾਂ ਪ੍ਰਬੰਧ ਦੀ ਸਾਰੀ ਕਾਰਜ ਵਿਧੀ ਦੇ ਕੇਂਦਰ ਵਿੱਚ ਮਨੁੱਖੀ ਜੀਵਨ ਨਹੀਂ ਮੁਨਾਫ਼ਾ ਹੈ ।

ਖ਼ਾਸ ਕਰਕੇ ਸਾਮਰਾਜੀ ਸਰਮਾਏਦਾਰੀ ਪ੍ਰਬੰਧ ਦੇ ਪਿਛਲੇ ਚਾਰ ਦਹਾਕਿਆਂ ਦੇ ਨਵ-ਉਦਾਰਵਾਦੀ ਦੌਰ ਵਿੱਚ ਮੈਡੀਕਲ ਖੇਤਰ ਖ਼ਾਸ ਕਰਕੇ ਦਵਾਈਆਂ ਬਣਾਉਣ ਦਾ ਧੰਦਾ, ਹਥਿਆਰਾਂ ਦੇ ਵਪਾਰ ਤੋਂ ਬਾਅਦ ਸਭ ਤੋਂ ਵੱਧ ਕਮਾਈ ਵਾਲ਼ਾ ਧੰਦਾ ਬਣ ਗਿਆ ਹੈ। ਸੁਣਨ ਵਿਚ ਤਾਂ ਇਹ ਵੀ ਆ ਰਿਹਾ ਹੈ ਕਿ ਕਮਾਈ ਦੇ ਮਾਮਲੇ ਵਿੱਚ ਇਸ ਨੇ ਹਥਿਆਰਾਂ ਦੀ ਸੌਦਾਗਰੀ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਭਾਰਤ ਸਮੇਤ ਕੌਮਾਂਤਰੀ ਪੱਧਰ 'ਤੇ ਵੱਡੀਆਂ ਦਵਾਈ ਕੰਪਨੀਆਂ ਲਈ ਕਰੋਨਾ ਵਾਇਰਸ ਦੀ ਦਹਿਸ਼ਤ ਵੱਡੇ ਮੁਨਾਫ਼ਿਆਂ ਦਾ ਮੌਕਾ ਬਣ ਗਿਆ ਹੈ। 'ਦਵਾਈਆਂ : ਅਮਰੀਕਾ ਦਾ ਲੋਭ, ਝੂਠ ਅਤੇ ਜ਼ਹਿਰ ਫੈਲਾਉਣਾ' ਨਾਂ ਦੀ ਕਿਤਾਬ ਦਾ ਲੇਖਕ ਜੇਰਾਲਡ ਪੋਸਨਰ ਕਹਿੰਦਾ ਹੈ ਕਿ ਦਵਾਈਆਂ ਦੀਆਂ ਕੰਪਨੀਆਂ ਸਮਝਦੀਆਂ ਹਨ ਕਿ ਕੋਵਿਡ-19 ਜ਼ਿੰਦਗੀ 'ਚ ਮਿਲ਼ਿਆ ਵੱਡਾ ਕਾਰੋਬਾਰੀ ਮੌਕਾ ਹੈ। ਵੱਡੀ ਕਮਾਈ ਦੇ ਇਸ ਮੌਕੇ ਦਾ ਫ਼ਾਇਦਾ ਲੈਣ ਲਈ ਵੱਡੀਆਂ ਦਵਾਈ ਕੰਪਨੀਆਂ ਮੈਦਾਨ ਵਿੱਚ ਆ ਗਈਆਂ ਹਨ।

2021 ਚੜਦਿਆਂ ਹੀ 3 ਜਨਵਰੀ ਨੂੰ ਖ਼ਬਰ ਆਈ ਕਿ ਪੂਨਾਵਾਲ਼ਾ ਨੇ ਕਿਹਾ ਹੈ ਕਿ ਸਿਰਫ਼ ਫਾਈਜ਼ਰ, ਮੌਡੇਰਨਾ ਅਤੇ ਔਕਸਫੋਰਡ ਐਸਟਰਾਜੈਨਕ ਦੀ ਵੈਕਸੀਨ ਹੀ ਕਾਰਗਰ ਸਾਬਤ ਹੋਈ ਹੈ। ਬਾਕੀ ਦੀਆਂ ਸਾਰੀਆਂ ਵੈਕਸੀਨਾਂ ਭਾਰਤ-ਬਾਇਓਟੈੱਕ ਦੀ ਵੈਕਸੀਨ ਸਮੇਤ ਸੁਰੱਖਿਅਤ ਹਨ, ਬਿਲਕੁਲ ਪਾਣੀ ਵਾਂਗ। ਇਹ ਵੈਕਸੀਨ ਬਣਾਉਣ ਵਾਲ਼ੀ ਸ਼ਰੀਕ ਕੰਪਨੀ ਭਾਰਤ-ਬਾਇਓਟੈੱਕ ਦੀ ਵੈਕਸੀਨ 'ਤੇ ਗੰਭੀਰ ਹਮਲਾ ਸੀ। ਭਾਰਤ ਵਿੱਚ ਕਰੋਨਾ ਵਾਸਤੇ ਵੈਕਸੀਨ ਬਣਾਉਣ ਵਾਲ਼ੀਆਂ ਦੋ ਵੱਡੀਆਂ ਕੰਪਨੀਆਂ ਹਨ। ਆਦਾਰ ਪੂਨਾਵਾਲ਼ਾ, ਇਸਦੇ ਬਾਪ ਵੱਲੋਂ 1966 ਵਿੱਚ ਸਥਾਪਤ ਕੀਤੀ ਗਈ 'ਸੀਰਮ ਸੰਸਥਾ' ਦਾ ਮੁਖੀ ਹੈ। 1981 ਵਿੱਚ ਜੰਮੇ ਅਤੇ ਵਿਦੇਸ਼ਾਂ ਵਿਚ ਪੜੇ ਆਦਾਰ ਪੂਨਾਵਾਲ਼ਾ ਨੂੰ ਫੋਰਬਜ਼ ਮੈਗਜ਼ੀਨ ਨੇ 2020 ਵਿਚ ਭਾਰਤ ਦੇ ਅਮੀਰਾਂ ਦੀ ਸੂਚੀ ਵਿੱਚ 6ਵੇਂ ਨੰਬਰ 'ਤੇ ਲਿਖਿਆ ਸੀ। ਉਸ ਸਮੇਂ ਇਸ ਦੀ ਦੌਲਤ 11.3 ਬਿਲੀਅਨ ਡਾਲਰ ਦੱਸੀ ਗਈ ਸੀ। ਸੀਰਮ ਸੰਸਥਾ ਜਾਂ ਸੀਰਮ ਇੰਸਟੀਚਿਊਟ ਭਾਰਤ ਵਿੱਚ ਔਕਸਫੋਰਡ ਐਸਟਰੋਜੈਨਕ ਵੈਕਸੀਨ ਬਣਾ ਰਿਹਾ ਹੈ। ਵੈਕਸੀਨ ਬਣਾਉਣ ਦੇ ਖੇਤਰ ਵਿੱਚ ਸਰਮਾਇਆ ਲਾਉਣ ਵਾਲ਼ੀ ਦੂਜੀ ਵੱਡੀ ਕੰਪਨੀ ਹੈਦਰਾਬਾਦ ਦੀ ਭਾਰਤ ਬਾਇਓਟੈੱਕ ਹੈ। ਇਹ ਇੱਥੋਂ ਦੀ ਘਰੇਲੂ ਵੈਕਸੀਨ ਬਣਾ ਰਹੀ ਹੈ। ਸਾਊਥ ਕੈਰੋਲੀਨਾ ਯੂਨੀਵਰਸਿਟੀ ਦੀ ਖੋਜ ਫੈਕਲਟੀ 'ਚ ਕੰਮ ਕਰ ਚੁੱਕਾ ਕ੍ਰਿਸ਼ਨ ਐਲਾ ਅਤੇ ਉਸਦੀ ਪਤਨੀ ਸੁਚਿੱਤਰਾ ਐਲਾ ਨੇ 1991 ਵਿੱਚ ਭਾਰਤ ਬਾਇਓਟੈੱਕ ਦੀ ਸਥਾਪਨਾ ਕੀਤੀ ਸੀ। ਵੇਖਦਿਆਂ ਹੀ ਵੇਖਦਿਆਂ ਐਲਾ ਹੈਦਰਾਬਾਦ ਦੀ 'ਜੀਨੋਮ ਵੈਲੀ' ਦਾ ਬਾਦਸ਼ਾਹ ਕਹਾਉਣ ਲੱਗ ਗਿਆ। ਨਵ ਉਦਾਰਵਾਦੀ ਦੌਰ ਵਿੱਚ ਉੱਭਰੀਆਂ ਭਾਰਤ ਦੀਆਂ ਇਨਾਂ ਦਿਓ ਕੱਦ ਕੰਪਨੀਆਂ ਵਿੱਚ ਅੰਦਰੇ ਅੰਦਰ ਉਬਾਲੇ ਖਾ ਰਿਹਾ ਆਪਸੀ ਵਿਰੋਧ 3 ਜਨਵਰੀ ਨੂੰ ਬਾਹਰ ਆ ਗਿਆ। ਪੂਨਾਵਾਲ਼ਾ ਦੇ ਬਿਆਨ ਦੀ ਚਰਚਾ ਕਰ ਚੁੱਕੇ ਹਾਂ। ਉਸ ਦੇ ਜੁਆਬ ਵਿੱਚ ਐਲਾ ਨੇ ਜਵਾਬੀ ਹਮਲਾ ਕਰਦੇ ਹੋਏ ਕਿਹਾ ਕਿ ਕੁਝ ਲੋਕ ਸਾਡੀ ਵੈਕਸੀਨ ਦੀ ਪਾਣੀ ਨਾਲ਼ ਤੁਲਨਾ ਕਰ ਰਹੇ ਹਨ। ਅਸੀਂ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਵਿਗਿਆਨੀ ਹਾਂ। ਅਸੀਂ 200 ਫ਼ੀਸਦੀ ਇਮਾਨਦਾਰ ਹਾਂ। ਕੌਮਾਂਤਰੀ ਪੱਧਰ 'ਤੇ ਵੈਕਸੀਨ ਦੇ ਕਾਰੋਬਾਰ ਦੀ ਵੱਡੀ ਕੰਪਨੀ ਭਾਰਤ ਬਾਇਓਟੈੱਕ ਦਾ ਦਾਅਵਾ ਹੈ ਕਿ ਇੱਕ ਅੰਦਾਜ਼ੇ ਮੁਤਾਬਕ ਸੰਸਾਰ ਦੇ 65 ਫ਼ੀਸਦੀ ਬੱਚੇ ਇਸ ਸੰਸਥਾ ਦੀ ਬਣੀ ਘੱਟੋ ਘੱਟ ਇੱਕ ਵੈਕਸੀਨ ਲੈ ਚੁੱਕੇ ਹਨ। ਆਦਾਰ ਪੂਨਾਵਾਲ਼ਾ ਅਤੇ ਕ੍ਰਿਸ਼ਨ ਐਲਾ ਵਿੱਚ ਸ਼ੁਰੂ ਹੋਈ ਸ਼ਾਬਦਿਕ ਜੰਗ 24 ਘੰਟਿਆਂ ਦੇ ਅੰਦਰ-ਅੰਦਰ ਬੰਦ ਹੋ ਗਈ, 5 ਜਨਵਰੀ ਮੰਗਲਵਾਰ ਵਾਲ਼ੇ ਦਿਨ ਸਮਝੌਤਾ ਹੋ ਗਿਆ। ਸਾਂਝਾ ਬਿਆਨ ਜਾਰੀ ਹੋਇਆ ਕਿ ਉਹ ਦੋਵੇਂ ਰਲ਼ਕੇ ਵੈਕਸੀਨ ਬਣਾਉਣਗੇ। ਵੱਡੀਆਂ ਕੰਪਨੀਆਂ ਵਿੱਚ ਝਗੜੇ ਅਤੇ ਸਮਝੌਤੇ ਦੀ ਕਹਾਣੀ ਦੱਸਦੀ ਹੈ ਕਿ ਸਰਮਾਏ ਦੇ ਸੰਸਾਰ ਵਿੱਚ ਸਭ ਠੀਕ ਠਾਕ ਨਹੀਂ ਹੈ। ਕਿਰਤੀ ਲੋਕਾਂ ਨੂੰ ਲੁੱਟਣ ਲਈ ਇੱਕ ਪਾਸੇ ਇਹ ਇਕੱਠੇ ਵੀ ਹੋ ਜਾਂਦੇ ਹਨ ਅਤੇ ਸਮਝੌਤੇ ਕਰ ਲੈਂਦੇ ਹਨ। ਪਰ ਦੂਜੇ ਪਾਸੇ ਮੁਨਾਫ਼ੇ ਦੀ ਬੇ-ਹਿਸਾਬ ਹਵਸ ਇਨਾਂ ਦਾ ਚੈਨ ਭੰਗ ਕਰ ਦੇਂਦੀ ਹੈ ਅਤੇ ਸਮਝੌਤੇ ਟੁੱਟ ਜਾਂਦੇ ਹਨ।

ਸਰਮਾਏਦਾਰੀ ਸੰਕਟ ਦੇ ਇਸ ਯੁੱਗ ਵਿੱਚ ਇੱਕੀਵੀਂ ਸਦੀ ਸਰਮਾਏ ਦੇ ਵੱਡੇ ਚੌਧਰੀਆਂ ਵਿੱਚ ਵਧ ਰਹੇ ਖਹਿ ਭੇੜ ਦੀ ਸਦੀ ਵੀ ਬਣ ਗਈ ਹੈ। ਪੁਰਾਣੇ ਚੌਧਰੀ ਅਮਰੀਕਾ ਨੂੰ ਨਵਾਂ ਚੌਧਰੀ ਚੀਨ ਅੱਖਾਂ ਕੱਢ ਰਿਹਾ ਹੈ। ਪਹਿਲਾਂ 5-ਜੀ ਦੇ ਖੇਤਰ ਵਿੱਚ ਚੀਨ ਦੀ ਵਾਵੇਅ ਕੰਪਨੀ ਨੂੰ ਰੋਕਣ ਲਈ ਅਮਰੀਕਾ ਦੁਨੀਆ ਭਰ ਦੇ ਦੇਸ਼ਾਂ ਖ਼ਾਸ ਕਰਕੇ ਅਫ਼ਰੀਕੀ ਦੇਸ਼ ਕੀਨੀਆ ਅਤੇ ਦੱਖਣੀ ਅਫ਼ਰੀਕਾ ਤੇ ਦਬਾਅ ਪਾ ਰਿਹਾ ਸੀ। ਹੁਣ ਕਰੋਨਾ ਵੈਕਸੀਨ ਦੇ ਨਾਂ 'ਤੇ ਸਾਮਰਾਜੀ ਖਹਿ ਭੇੜ ਹੋਰ ਤਿੱਖਾ ਹੋ ਗਿਆ ਹੈ। ਜ਼ਿੰਬਾਬਵੇ ਵਰਗੇ ਦੇਸ਼ ਵਿੱਚ ਜਿੱਥੇ ਸਰਕਾਰੀ ਸਿਹਤ ਪ੍ਰਬੰਧ ਪਹਿਲਾਂ ਹੀ ਬਰਬਾਦ ਕੀਤਾ ਜਾ ਚੁੱਕਾ ਹੈ, ਚੀਨ ਵਿਚ ਕਰੋਨਾ ਵਾਇਰਸ ਤੋਂ ਬਚਾਅ ਦੀ ਸਹਾਇਤਾ ਦੇ ਨਾਂ 'ਤੇ ਦਖ਼ਲ ਦੇ ਕੇ, ਉੱਥੋਂ ਦੇ ਧਰਤੀ ਹੇਠਲੇ ਕੁਦਰਤੀ ਖ਼ਜ਼ਾਨਿਆਂ ਨੂੰ ਲੁੱਟਣ ਦੀ ਤਿਆਰੀ ਕਰ ਰਿਹਾ ਹੈ। ਦੁਨੀਆ ਭਰ ਦੇ ਵੱਡੇ ਸਰਮਾਏਦਾਰਾਂ ਲਈ ਸਾਰੀ ਦੁਨੀਆ ਦੇ ਮਜ਼ਦੂਰਾਂ ਅਤੇ ਕਿਰਤੀਆਂ ਦੀ ਲੁੱਟ ਲਈ ਕਰੋਨਾ ਵੈਕਸੀਨ ਦਾ ਧੰਦਾ ਇੱਕ ਵੱਡੇ ਮੌਕੇ ਵਾਂਗ ਬਹੁੜਿਆ ਹੈ।

---

# ਸੁਪਰੀਮ ਕੋਰਟ ਖੇਤੀ ਕਾਨੂੰਨਾਂ ਬਾਰੇ ਕੋਈ ਹੱਲ ਕੱਢ ਸਕੇਗੀ ?

## ✪ ਸਰਬਉੱਚ ਅਦਾਲਤ ਦਾ ਕੰਮ ਨਿਆਂ ਕਰਨਾ ਨਾ ਕਿ ਵਿਚੋਲਗਿਰੀ ਕਰਨਾ ✪ ਕਿਸਾਨੀ ਕਨੂੰਨਾਂ ਦਾ ਹੱਲ ਰਾਜਸੀ ਪ੍ਰਕਿਰਿਆ ਰਾਹੀਂ ਹੀ ਨਿਕਲੇਗਾ ਨਾ ਕਿ ਅਦਾਲਤੀ ਦਖ਼ਲ ਨਾਲ

**- ਉਪੇਂਦਰ ਪ੍ਰਸਾਦ**

ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲ ਰਹੇ ਅੰਦੋਲਨ ਦਰਮਿਆਨ ਸਰਬਉੱਚ ਅਦਾਲਤ ਨੇ ਵੀ ਆਪਣੀ ਸਰਗਰਮੀ ਦਿਖਾਈ ਹੈ। ਉਸ ਨੇ ਦੋ ਫ਼ੈਸਲੇ ਕੀਤੇ ਹਨ। ਪਹਿਲੇ ਫ਼ੈਸਲੇ ਵਿਚ ਉਸ ਨੇ ਤਿੰਨ ਕਾਨੂੰਨਾਂ ਦੇ ਅਮਲ 'ਤੇ ਰੋਕ ਲਗਾ ਦਿੱਤੀ ਹੈ। ਦੂਜਾ ਫ਼ੈਸਲਾ ਕਰਦਿਆਂ ਉਸ ਨੇ ਚਾਰ ਮੈਂਬਰੀ ਇਕ ਕਮੇਟੀ ਦਾ ਗਠਨ ਕਰ ਦਿੱਤਾ ਹੈ ਜਿਸ ਨੂੰ ਕਿਸਾਨਾਂ ਨਾਲ ਗੱਲਬਾਤ ਕਰਕੇ ਦੋ ਮਹੀਨਿਆਂ ਅੰਦਰ ਰਿਪੋਰਟ ਦੇਣ ਨੂੰ ਕਿਹਾ ਗਿਆ ਹੈ। ਉਸ ਦਾ ਪਹਿਲਾ ਫ਼ੈਸਲਾ ਤਾਂ ਸਹੀ ਹੈ, ਕਿਉਂਕਿ ਇਹ ਮਾਮਲਾ ਸਰਬਉੱਚ ਅਦਾਲਤ ਵਿਚ ਵਿਚਾਰ ਅਧੀਨ ਹੈ। ਅਤੇ ਜਦੋਂ ਤੱਕ ਮਾਮਲਾ ਵਿਚਾਰ ਅਧੀਨ ਹੋਵੇ, ਉਦੋਂ ਤੱਕ ਸਰਬਉੱਚ ਅਦਾਲਤ ਕਾਨੂੰਨ 'ਤੇ ਰੋਕ ਲਗਾ ਸਕਦੀ ਹੈ। ਪਹਿਲਾਂ ਵੀ ਸਰਕਾਰੀ ਫ਼ੈਸਲਿਆਂ ਅਤੇ ਕਾਨੂੰਨਾਂ 'ਤੇ ਇਸੇ ਤਰਾਂ ਦੀ ਰੋਕ ਲਗਦੀ ਰਹੀ ਹੈ। ਪਰ ਆਪਣੇ ਦੂਜੇ ਫ਼ੈਸਲੇ ਵਿਚ ਸਰਬਉੱਚ ਅਦਾਲਤ ਨੇ ਜੋ ਕੀਤਾ, ਉਹ ਗ਼ਲਤ ਹੈ।

ਉਸ ਨੇ ਇਕ ਕਮੇਟੀ ਬਿਠਾ ਦਿੱਤੀ। ਇਸ ਤਰਾਂ ਦੀ ਕਮੇਟੀ ਬਿਠਾ ਕੇ ਕਿਸਾਨਾਂ ਨਾਲ ਗੱਲਬਾਤ ਕਰਨਾ ਕੇਂਦਰ ਸਰਕਾਰ ਦਾ ਕੰਮ ਹੈ, ਸਰਬਉੱਚ ਅਦਾਲਤ ਦਾ ਨਹੀਂ। ਸਰਬਉੱਚ ਅਦਾਲਤ ਦਾ ਕੰਮ ਨਿਆਂ ਕਰਨਾ ਹੈ। ਉਸ ਦਾ ਫ਼ਰਜ਼ ਇਹ ਵੇਖਣਾ ਹੈ ਕਿ ਕੇਂਦਰ ਸਰਕਾਰ ਨੇ ਜੋ ਕਾਨੂੰਨ ਬਣਾਏ ਹਨ ਉਹ ਸੰਵਿਧਾਨਸੰਗਤ ਹਨ ਜਾਂ ਨਹੀਂ ? ਉਸ ਦਾ ਫ਼ਰਜ਼ ਇਹ ਵੇਖਣਾ ਵੀ ਹੈ ਕਿ ਕਾਨੂੰਨ ਬਣਾਉਣ ਸਮੇਂ ਸਹੀ ਤਰੀਕਾ ਅਪਣਾਇਆ ਗਿਆ ਹੈ ਜਾਂ ਨਹੀਂ। ਉਸ ਦਾ ਫ਼ਰਜ਼ ਇਹ ਵੇਖਣਾ ਵੀ ਹੈ ਕਿ, ਕੀ ਸੰਵਿਧਾਨ ਕੇਂਦਰ ਸਰਕਾਰ ਨੂੰ ਇਸ ਤਰਾਂ ਦੇ ਕਾਨੂੰਨ ਬਣਾਉਣ ਦੀ ਇਜਾਜ਼ਤ ਦਿੰਦਾ ਹੈ ਜਾਂ ਨਹੀਂ ? ਇਹ ਵੇਖਣਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਖੇਤੀ ਰਾਜਾਂ ਦਾ ਵਿਸ਼ਾ ਹੈ ਅਤੇ ਰਾਜਾਂ ਦੇ ਵਿਸ਼ਿਆਂ 'ਤੇ ਕਾਨੂੰਨ ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਬਣਦੇ ਹਨ। ਉਂਜ ਵਪਾਰ ਦਾ ਮੁੱਦਾ ਕੇਂਦਰ ਦੀ ਸੂਚੀ ਵਿਚ ਵੀ ਸ਼ਾਮਿਲ ਹੈ। ਜੋ ਵੀ ਹੋਵੇ, ਸਰਬਉੱਚ ਅਦਾਲਤ ਦਾ ਫ਼ਰਜ਼ ਖੇਤੀ ਕਾਨੂੰਨਾਂ ਦੀ ਸੰਵਿਧਾਨਿਕਤਾ ਦੀ ਸਮੀਖਿਆ ਕਰਨਾ ਹੈ। ਜੇਕਰ ਉਸ ਦੀ ਸਮੀਖਿਆ 'ਤੇ ਇਹ ਕਾਨੂੰਨ ਸਹੀ ਉੱਤਰਦੇ ਹਨ ਤਾਂ ਸਰਬਉੱਚ ਅਦਾਲਤ ਉਨਾਂ ਨੂੰ ਸਹੀ ਕਰਾਰ ਦੇ ਦੇਵੇ ਅਤੇ ਜੇਕਰ ਉਹ ਸੰਵਿਧਾਨ ਦੀ ਕਸੌਟੀ 'ਤੇ ਖਰੇ ਨਹੀਂ ਉੱਤਰਦੇ ਹਨ ਤਾਂ ਉਨਾਂ ਨੂੰ ਖ਼ਾਰਜ ਕਰ ਦੇਵੇ।

ਪਰ ਸਰਬਉੱਚ ਅਦਾਲਤ ਤਾਂ ਨਿਆਂ ਦੇ ਨਾਲ ਨਾਲ ਇੱਥੇ ਵਿਚੋਲੇ ਦੀ ਭੂਮਿਕਾ ਵਿਚ ਵੀ ਆ ਗਈ ਹੈ, ਜੋ ਕਿਸੇ ਵੀ ਤਰਾਂ ਸਹੀ ਨਹੀਂ ਹੈ। ਇਕ ਨਿਰਪੱਖ ਸੰਸਥਾ ਦੇ ਰੂਪ ਵਿਚ ਸਰਬਉੱਚ ਅਦਾਲਤ ਦੀ ਭੂਮਿਕਾ ਵੀ ਪਿਛਲੇ ਦੋ ਤਿੰਨ ਸਾਲਾਂ ਦੌਰਾਨ ਸ਼ੱਕੀ ਹੋ ਗਈ ਹੈ। ਪਹਿਲਾਂ ਉਸ ਨੇ ਸੈਂਟਰਲ ਵਿਸਟਾ ਦੇ ਨਿਰਮਾਣ 'ਤੇ ਰੋਕ ਲਗਾ ਰੱਖੀ ਸੀ ਅਤੇ ਉਸ ਤੋਂ ਬਾਅਦ ਉਸ ਨੇ ਰੋਕ ਨੂੰ ਹਟਾ ਵੀ ਲਿਆ। ਹੋਰ ਵੀ ਕਈ ਅਜਿਹੇ ਮਾਮਲੇ ਆਏ ਹਨ, ਜਿਨਾਂ ਕਾਰਨ ਹੁਣ ਸਰਬਉੱਚ ਅਦਾਲਤ ਦੇ ਫ਼ੈਸਲਿਆਂ 'ਤੇ ਸਵਾਲ ਉਠਾਏ ਜਾਂਦੇ ਰਹੇ ਹਨ। ਇਕ ਵੱਡਾ ਮਾਮਲਾ ਤਾਲਾਬੰਦੀ ਦੌਰਾਨ ਪ੍ਰਵਾਸੀ ਮਜ਼ਦੂਰਾਂ 'ਤੇ ਸਟੇਟ ਵੱਲੋਂ ਕੀਤਾ ਗਿਆ ਅੱਤਿਆਚਾਰ ਸੀ। ਉਨਾਂ ਦੇ ਪੈਦਲ ਚੱਲਣ 'ਤੇ ਵੀ ਰੋਕ ਲਗਾਈ ਜਾ ਰਹੀ ਸੀ ਅਤੇ ਰਾਜਾਂ ਦੀਆਂ ਹੱਦਾਂ 'ਤੇ ਉਨਾਂ ਨੂੰ ਭਜਾਇਆ ਜਾਂਦਾ ਰਿਹਾ ਸੀ। ਰਾਹ ਵਿਚ ਪੁਲਿਸ ਵਾਲੇ ਉਨਾਂ 'ਤੇ ਅੱਤਿਆਚਾਰ ਕਰ ਰਹੇ ਸਨ ਅਤੇ ਆਪਣੀ ਕਰਮ ਭੂਮੀ ਤੋਂ ਆਪਣੀ ਜਨਮ ਭੂਮੀ ਵੱਲ ਜਾ ਰਹੇ ਮਜ਼ਦੂਰਾਂ ਲਈ ਕੇਂਦਰ ਅਤੇ ਰਾਜ ਸਰਕਾਰਾਂ ਕਈ ਕਿਸਮ ਦੇ ਅੜਿੱਕੇ ਡਾਹ ਰਹੀਆਂ ਸਨ। ਜ਼ਾਹਰ ਹੈ, ਉਨਾਂ ਦੇ ਮੌਲਿਕ ਅਧਿਕਾਰਾਂ ਦਾ ਘਾਣ ਹੋ ਰਿਹਾ ਸੀ। ਉਨਾਂ ਦੇ ਅਧਿਕਾਰਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਸਰਬਉੱਚ ਅਦਾਲਤ ਦੀ ਵੱਡੀ ਸੰਵਿਧਾਨਕ ਜ਼ਿੰਮੇਵਾਰੀ ਸੀ। ਪਰ ਜਦੋਂ ਉਨਾਂ ਮਜ਼ਦੂਰਾਂ ਨੂੰ ਸਰਬਉੱਚ ਅਦਾਲਤ ਦੇ ਦਖ਼ਲ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਸੀ, ਉਸ ਸਮੇਂ ਸਰਬਉੱਚ ਅਦਾਲਤ ਨੇ ਉਨਾਂ ਨੂੰ ਨਿਰਾਸ਼ ਕਰ ਦਿੱਤਾ। ਸਰਬਉੱਚ ਅਦਾਲਤ ਸਟੇਟ ਦੀਆਂ ਗੱਲਾਂ ਨੂੰ ਅੱਖਾਂ ਮੀਟ ਕੇ ਮੰਨਦੀ ਰਹੀ ਜਦੋਂਕਿ ਸਟੇਟ ਹੀ ਉਨਾਂ ਨੂੰ ਦੁੱਖ ਪਹੁੰਚਾ ਰਹੀ ਸੀ। ਬਾਅਦ ਵਿਚ ਸਰਬਉੱਚ ਅਦਾਲਤ ਨੇ ਮਜ਼ਦੂਰਾਂ ਦੇ ਹੱਕ ਵਿਚ ਕੁਝ ਆਦੇਸ਼ ਵੀ ਜਾਰੀ ਕੀਤੇ ਪਰ ਉਦੋਂ ਤੱਕ ਉਨਾਂ ਦਾ ਨੁਕਸਾਨ ਹੋ ਚੁੱਕਾ ਸੀ। ਉਨਾਂ ਦੇ ਮਨੁੱਖੀ ਅਧਿਕਾਰਾਂ ਦਾ ਭਾਰੀ ਘਾਣ ਹੋ ਚੁੱਕਾ ਸੀ ਅਤੇ ਉਨਾਂ ਦੇ ਮੌਲਿਕ ਅਧਿਕਾਰਾਂ ਦੀਆਂ ਧੱਜੀਆਂ ਉਡਾਈਆਂ ਜਾ ਚੁੱਕੀਆਂ ਸਨ।

ਇਹੀ ਕਾਰਨ ਹੈ ਕਿ ਅੰਦੋਲਨਕਾਰੀ ਕਿਸਾਨਾਂ ਨੇ ਕਮੇਟੀ ਦੇ ਗਠਨ ਨੂੰ ਗੰਭੀਰਤਾ ਨਾਲ ਨਹੀਂ ਲਿਆ। ਗੰਭੀਰਤਾ ਨਾਲ ਤਾਂ ਕੀ ਲੈਣਾ ਸੀ ਸਗੋਂ ਉਲਟਾ ਉਸ 'ਤੇ ਸ਼ੱਕ ਜ਼ਾਹਰ ਕੀਤਾ ਹੈ। ਸਰਬਉੱਚ ਅਦਾਲਤ ਨੇ ਕਮੇਟੀ ਦੇ ਗਠਨ ਵਿਚ ਉਨਾਂ ਚਾਰ ਲੋਕਾਂ ਨੂੰ ਸ਼ਾਮਿਲ ਕੀਤਾ ਹੈ, ਜੋ ਤਿੰਨ ਵਿਵਾਦਗ੍ਰਸਤ ਕਾਨੂੰਨਾਂ ਦੇ ਪੱਖ ਵਿਚ ਹਨ ਅਤੇ ਕਿਸਾਨ ਅੰਦੋਲਨ ਦਾ ਵਿਰੋਧ ਕਰ ਰਹੇ ਹਨ। ਉਸ ਕਮੇਟੀ ਦੇ ਕਿਰਦਾਰ ਅਤੇ ਕਿਸਾਨਾਂ ਨਾਲ ਗੱਲ ਕਰਨ ਵਾਲੇ ਵਜ਼ੀਰਾਂ ਵਿਚ ਕੋਈ ਫ਼ਰਕ ਨਹੀਂ ਹੈ। ਫ਼ਰਕ ਹੈ ਤਾਂ ਸਿਰਫ਼ ਏਨਾ ਕਿ ਉਹ ਵਜ਼ੀਰ ਸਾਡੇ ਨੀਤੀ ਨਿਰਮਾਤਾ ਹਨ ਜਦੋਂਕਿ ਕਮੇਟੀ ਦੇ ਚਾਰੇ ਮੈਂਬਰਾਂ ਕੋਲ ਅਜਿਹਾ ਕੋਈ ਅਧਿਕਾਰ ਨਹੀਂ ਹੈ, ਸਿਵਾਏ ਸਰਬਉੱਚ ਅਦਾਲਤ ਨੂੰ ਆਪਣੀ ਰਿਪੋਰਟ ਦੇਣ ਤੋਂ। ਉਹ ਕਮੇਟੀ ਦੇ ਗਠਨ ਦੇ ਦੂਜੇ ਦਿਨ ਵੀ ਚਾਹੁਣ ਤਾਂ ਆਪਣੀ ਰਿਪੋਰਟ ਦੇ ਸਕਦੇ ਹਨ, ਕਿਉਂਕਿ ਉਹ ਸਾਰੇ ਇਨਾਂ ਕਾਨੂੰਨਾਂ ਬਾਰੇ ਪਿਛਲੇ ਸਮੇਂ ਦੌਰਾਨ ਆਪਣੀ ਸਥਿਤੀ ਸਪਸ਼ਟ ਕਰ ਚੁੱਕੇ ਹਨ। ਉਨਾਂ ਵਿਚੋਂ ਦੋ ਤਾਂ ਕਿਸਾਨ ਨੇਤਾ ਹਨ। ਇਕ ਭਾਰਤੀ ਕਿਸਾਨ ਯੂਨੀਅਨ ਤੋਂ ਟੁੱਟੇ ਹੋਏ ਇਕ ਧੜੇ ਦੇ ਨੇਤਾ ਹਨ, ਜੋ ਇਨਾਂ ਕਾਨੂੰਨਾਂ ਦਾ ਸਮਰਥਨ ਕਰ ਚੁੱਕੇ ਹਨ ਪਰ ਚਾਹੁੰਦੇ ਹਨ ਕਿ ਸਰਕਾਰ ਘੱਟੋ ਘੱਟ ਸਮਰਥਨ ਮੁੱਲ ਨੂੰ ਖ਼ਤਮ ਨਾ ਕਰੇ। ਸਰਕਾਰ ਤਾਂ ਕਹਿ ਰਹੀ ਹੈ ਉਹ ਘੱਟੋ ਘੱਟ ਸਮਰਥਨ ਮੁੱਲ ਨੂੰ ਖ਼ਤਮ ਨਹੀਂ ਕਰੇਗੀ। ਹਾਲਾਂਕਿ, ਇਨਾਂ ਵਿਚੋਂ ਇਕ ਕਿਸਾਨ ਆਗੂ ਭੁਪਿੰਦਰ ਸਿੰਘ ਮਾਨ ਹੁਣ ਅਸਤੀਫ਼ਾ ਵੀ ਦੇ ਚੁੱਕੇ ਹਨ। ਦੂਜੇ ਕਿਸਾਨ ਨੇਤਾ ਮਹਾਰਾਸ਼ਟਰ ਦੇ ਸ਼ੇਤਕਰੀ ਸੰਗਠਨ ਦੇ ਮੁਖੀ ਹਨ। ਸ਼ੇਤਕਰੀ ਸੰਗਠਨ ਦਾ ਗਠਨ ਸ਼ਰਦ ਜੋਸ਼ੀ ਨੇ ਕੀਤਾ ਸੀ। ਹੁਣ ਉਹ ਇਸ ਦੁਨੀਆ ਵਿਚ ਨਹੀਂ ਹਨ। ਪਰ ਵਰਤਮਾਨ ਮੁਖੀ ਤਾਂ ਇਸ ਕਮੇਟੀ ਦੇ ਮੈਂਬਰ ਹਨ, ਉਹ ਇਨਾਂ ਕਾਨੂੰਨਾਂ ਦਾ ਪੂਰਨ ਰੂਪ ਵਿਚ ਸਮਰਥਨ ਕਰਦੇ ਹਨ। ਦੋ ਅਰਥਸ਼ਾਸਤਰੀ ਵੀ ਇਸ ਕਮੇਟੀ ਵਿਚ ਹਨ। ਉਨਾਂ ਦੋਵਾਂ ਨੇ ਨਾ ਸਿਰਫ਼ ਇਨਾਂ ਕਾਨੂੰਨਾਂ ਦਾ ਸਮਰਥਨ ਕੀਤਾ ਹੈ ਸਗੋਂ ਕਾਨੂੰਨ ਬਣਨ ਤੋਂ ਪਹਿਲਾਂ ਤੋਂ ਹੀ ਇਸ ਦਿਸ਼ਾ ਵਿਚ ਯਤਨਸ਼ੀਲ ਸਨ।

ਅਜਿਹੀ ਕਮੇਟੀ ਬਣਾ ਕੇ ਸਰਬਉੱਚ ਅਦਾਲਤ ਨੇ ਲੋਕਾਂ ਦੇ ਮਨਾਂ ਵਿਚ ਆਪਣੇ ਲਈ ਸ਼ੱਕ ਵਧਾ ਲਿਆ ਹੈ। ਜਦੋਂ ਉਸ ਨੇ ਕਮੇਟੀ ਬਣਾਉਣ ਦੀ ਗੱਲ ਕਹੀ ਸੀ, ਉਦੋਂ ਵੀ ਕਿਸਾਨਾਂ ਨੇ ਕਿਹਾ ਸੀ ਕਿ ਸਾਡਾ ਕਮੇਟੀ ਨਾਲ ਕੋਈ ਮਤਲਬ ਨਹੀਂ ਹੋਵੇਗਾ।




## ਪਾਠਕਾਂ ਦਾ ਨਜ਼ਰੀਆ

### ਭਾਜਪਾ ਆਪਣੀਆਂ ਸਹਿਯੋਗੀ ਪਾਰਟੀਆਂ ਦੀ ਵੀ ਨਹੀਂ ਕਰ ਰਹੀ ਪ੍ਰਵਾਹ

ਹਾਲ ਹੀ ਵਿਚ ਬਰਤਾਨੀਆ ਦੇ ਮਸ਼ਹੂਰ ਰਸਾਲੇ 'ਦ ਇਕਨਾਮਿਸਟ' ਨੇ ਲਿਖਿਆ ਹੈ ਕਿ ਭਾਰਤ ਇਕ ਪਾਰਟੀ ਵਾਲਾ ਦੇਸ਼ ਬਣਨ ਵੱਲ ਵਧ ਰਿਹਾ ਹੈ। ਭਾਜਪਾ ਦੀ ਪੂਰੀ ਰਾਜਨੀਤੀ ਵੀ ਇਸੇ ਗੱਲ ਦੀ ਪੁਸ਼ਟੀ ਕਰ ਰਹੀ ਹੈ। ਅਜੇ ਤੱਕ ਕਾਂਗਰਸ ਅਤੇ ਹੋਰ ਵਿਰੋਧੀ ਧਿਰਾਂ ਦੇ ਵਿਧਾਇਕਾਂ, ਸੰਸਦ ਮੈਂਬਰਾਂ ਨੂੰ ਤੋੜ ਕੇ ਆਪਣੇ ਪਾਲੇ ਵਿਚ ਲਿਆ ਰਹੀ ਭਾਜਪਾ ਨੇ ਹੁਣ ਇਹੀ ਖੇਡ ਆਪਣੇ ਸਹਿਯੋਗੀ ਦਲਾਂ ਨਾਲ ਵੀ ਖੇਡਣੀ ਸ਼ੁਰੂ ਕਰ ਦਿੱਤੀ ਹੈ। ਇਸ ਸਿਲਸਿਲੇ ਵਿਚ ਅਰੁਣਾਚਲ ਪ੍ਰਦੇਸ਼ ਦਾ ਰਾਜਸੀ ਘਟਨਾਕ੍ਰਮ ਸਭ ਤੋਂ ਤਾਜ਼ਾ ਅਤੇ ਵੱਡੀ ਮਿਸਾਲ ਹੈ। ਉੱਥੇ ਉਸ ਨੇ ਆਪਣੇ ਹੀ ਸਭ ਤੋਂ ਵੱਡੇ ਅਤੇ ਕਰੀਬ ਦੋ ਦਹਾਕੇ ਪੁਰਾਣੇ ਸਹਿਯੋਗੀ ਜਨਤਾ ਦਲ (ਯੂ) ਦੇ ੭ ਵਿਚੋਂ ੬ ਵਿਧਾਇਕਾਂ ਨੂੰ ਤੋੜ ਕੇ ਆਪਣੇ ਨਾਲ ਰਲਾ ਲਿਆ ਹੈ।

ਅਰੁਣਾਚਲ ਪ੍ਰਦੇਸ਼ ਇਹ ਇਹ ਘਟਨਾਕ੍ਰਮ ਇਸ ਗੱਲ ਦਾ ਸਪਸ਼ਟ ਸੰਕੇਤ ਹੈ ਕਿ ਭਾਜਪਾ ਦੀ ਰਾਜਸੀ ਮੁਹਿੰਮ ਹੁਣ ਸਿਰਫ਼ 'ਵਿਰੋਧੀ ਧਿਰ ਮੁਕਤ ਭਾਰਤ' ਤੱਕ ਹੀ ਸੀਮਤ ਰਹਿਣ ਵਾਲੀ ਨਹੀਂ ਹੈ ਸਗੋਂ ਹੁਣ ਉਸ ਨੇ 'ਵਿਰੋਧੀ ਧਿਰ ਮੁਕਤ ਭਾਰਤ' ਦੇ ਨਾਲ ਨਾਲ ਆਪਣੇ ਆਪ ਨੂੰ ਗੱਠਜੋੜ ਦੀ ਰਾਜਨੀਤੀ ਤੋਂ ਵੀ ਮੁਕਤ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਇਹ ਇਸ ਗੱਲ ਦਾ ਵੀ ਸੰਕੇਤ ਹੈ ਕਿ ਜਿਸ ਰਾਜ ਵਿਚ ਉਸ ਨੇ ਮਜ਼ਬੂਤੀ ਨਾਲ ਆਪਣੇ ਪੈਰ ਜਮਾ ਲਏ ਹਨ, ਉੱਥੇ ਹੁਣ ਉਹ ਆਪਣੀਆਂ ਸਹਿਯੋਗੀ ਪਾਰਟੀਆਂ ਨੂੰ ਵੀ ਖ਼ਤਮ ਕਰਨ ਦਾ ਇਰਾਦਾ ਰੱਖਦੀ ਹੈ। ਹਾਲਾਂਕਿ ਭਾਰਤ ਵਿਚ ਗੱਠਜੋੜ ਦੀ ਰਾਜਨੀਤੀ ਸ਼ੁਰੂ ਕਰਨ ਦਾ ਸਿਹਰਾ ਤਿੰਨ ਦਹਾਕੇ ਪਹਿਲਾਂ ਵਿਸ਼ਵਨਾਥ ਪ੍ਰਤਾਪ ਸਿੰਘ ਦੀ ਅਗਵਾਈ ਵਿਚ ਬਣੇ ਜਨਤਾ ਦਲ ਨੂੰ ਜਾਂਦਾ ਹੈ। ਉਸ ਨੇ ਦੱਖਣੀ ਭਾਰਤ ਅਤੇ ਪੂਰਬ ਉੱਤਰ ਦੀਆਂ ਖੇਤਰੀ ਪਾਰਟੀਆਂ ਨਾਲ ਮਿਲ ਕੇ ਰਾਸ਼ਟਰੀ ਮੋਰਚਾ ਬਣਾਇਆ ਸੀ। ਰਾਸ਼ਟਰੀ ਮੋਰਚੇ ਦੀ ਸਰਕਾਰ ਵੀ ਬਣੀ ਪਰ ਜ਼ਿਆਦਾ ਦਿਨ ਤੱਕ ਟਿਕ ਨਹੀਂ ਸੀ ਸਕੀ। ਪਰ ਭਾਜਪਾ ਨੂੰ ਗੱਠਜੋੜ ਦੀ ਰਾਜਨੀਤੀ ਦਾ ਚੈਂਪੀਅਨ ਮੰਨਿਆ ਜਾਂਦਾ ਰਿਹਾ ਹੈ। ਖ਼ੁਦ ਭਾਜਪਾ ਨੇ ਵੀ ਕਈ ਮੌਕਿਆਂ 'ਤੇ ਆਪਣੀਆਂ ਸਹਿਯੋਗੀ ਪਾਰਟੀਆਂ ਪ੍ਰਤੀ ਉਦਾਰਤਾ ਵਰਤਿਆਂ ਇਸ ਗੱਲ ਨੂੰ ਸਾਬਤ ਵੀ ਕੀਤਾ ਹੈ। ਕਈ ਮੌਕਿਆਂ 'ਤੇ ਉਸ ਨੇ ਆਪਣੇ ਸਹਿਯੋਗੀਆਂ ਨੂੰ ਗੱਠਜੋੜ ਧਰਮ ਨਿਭਾਉਣ ਦੀ ਨਸੀਹਤ ਵੀ ਦਿੱਤੀ ਹੈ। ਗੱਠਜੋੜ ਦੀ ਰਾਜਨੀਤੀ ਦੇ ਜ਼ੋਰ 'ਤੇ ਹੀ ਕਰੀਬ ਦੋ ਦਹਾਕੇ ਪਹਿਲਾਂ ਵੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿਚ ਉਸ ਨੇ ਸਰਕਾਰ ਬਣਾਈ ਸੀ। ਉਸ ਸਮੇਂ ਭਾਜਪਾ ਦੀ ਅਗਵਾਈ ਵਿਚ ਕੌਮੀ ਜਮਹੂਰੀ ਗੱਠਜੋੜ ਦਾ ਨਿਰਮਾਣ ਹੋਇਆ ਸੀ।

1998 ਵਿਚ ਕਰੀਬ 25 ਛੋਟੀਆਂ ਵੱਡੀਆਂ ਪਾਰਟੀਆਂ ਦਾ ਬਣਿਆ ਉਹ ਗੱਠਜੋੜ ਰਾਸ਼ਟਰੀ ਸਿਆਸਤ ਵਿਚ ਹੁਣ ਤੱਕ ਦਾ ਸਭ ਤੋਂ ਵੱਡਾ ਗੱਠਜੋੜ ਸੀ। 2004 ਦੀਆਂ ਆਮ ਚੋਣਾਂ ਵਿਚ ਸੱਤਾ ਤੋਂ ਵੱਖ ਹੋ ਜਾਣ ਤੋਂ ਬਾਅਦ ਕਈ ਦਲਾਂ ਨੇ ਵੱਖ-ਵੱਖ ਥਾਵਾਂ 'ਤੇ ਇਸ ਗੱਠਜੋੜ ਨਾਲੋਂ ਨਾਤਾ ਤੋੜ ਲਿਆ ਸੀ। ਇਸ ਦੇ ਬਾਵਜੂਦ ਇਸੇ ਗੱਠਜੋੜ ਦੇ ਸਹਾਰੇ ਭਾਜਪਾ ਨੇ 20 14 ਵਿਚ ਪੂਰਨ ਬਹੁਮਤ ਹਾਸਲ ਕੀਤਾ ਅਤੇ ਨਰਿੰਦਰ ਮੋਦੀ ਦੀ ਅਗਵਾਈ ਵਿਚ ਸਰਕਾਰ ਬਣਾਈ। ਉਸ ਨੇ 2019 ਦੀਆਂ ਚੋਣਾਂ ਵੀ ਇਸੇ ਗੱਠਜੋੜ ਦੀ ਅਗਵਾਈ ਕਰਦਿਆਂ ਲੜੀਆਂ। ਇਨ੍ਹਾਂ ਚੋਣਾਂ ਵਿਚ ਉਸ ਨੇ ਇਕੱਲਿਆਂ ਹੀ ਜਿਸ ਤਰ੍ਹਾਂ ਦੀ ਵੱਡੀ ਜਿੱਤ ਹਾਸਲ ਕੀਤੀ, ਉਸ ਤੋਂ ਸਾਫ਼ ਦਿਖ ਰਿਹਾ ਹੈ ਕਿ ਉਸ ਦਾ ਆਪਣੀਆਂ ਸਹਿਯੋਗੀ ਪਾਰਟੀਆਂ ਪ੍ਰਤੀ ਨਜ਼ਰੀਆ ਬਦਲ ਗਿਆ ਹੈ। ਉਸ ਨੂੰ ਲੱਗ ਰਿਹਾ ਹੈ ਕਿ ਹੁਣ ਉਸ ਨੂੰ ਦੇਸ਼ ਵਿਚ ਕਿਤੇ ਵੀ ਕਿਸੇ ਸਹਿਯੋਗੀ ਦੀ ਜ਼ਰੂਰਤ ਨਹੀਂ ਰਹਿ ਗਈ ਹੈ। ਉਸ ਦੇ ਇਸ ਇਰਾਦੇ ਦੀ ਝਲਕ ਅਰੁਣਾਚਲ ਦੇ ਸਿਆਸੀ ਘਟਨਾਕ੍ਰਮ ਤੋਂ ਵੇਖੀ ਜਾ ਸਕਦੀ ਹੈ।

ਭਾਜਪਾ ਦਾ ਉਦੇਸ਼ ਕਿਸੇ ਵੀ ਕੀਮਤ 'ਤੇ ਹਰ ਰਾਜ ਵਿਚ ਆਪਣੀ ਸਰਕਾਰ ਬਣਾਉਣਾ ਹੈ। ਇਸ ਲਈ ਅਰੁਣਾਚਲ ਦਾ ਘਟਨਾਕ੍ਰਮ ਇਸ ਗੱਲ ਦਾ ਵੀ ਸੰਕੇਤ ਹੈ ਕਿ ਬਿਹਾਰ ਦੀ ਰਾਜਨੀਤੀ ਵਿਚ ਆਉਣ ਵਾਲੇ ਦਿਨਾਂ ਵਿਚ ਹੈਰਾਨ ਕਰਨ ਵਾਲੀਆਂ ਘਟਨਾਵਾਂ ਦੇ ਨਾਲ ਨਾਲ ਇਕ ਵੱਡਾ ਬਦਲਾਅ ਵੇਖਣ ਨੂੰ ਮਿਲ ਸਕਦਾ ਹੈ। ਅਰੁਣਾਚਲ ਵਿਚ ਭਾਜਪਾ ਦੀ ਸਰਕਾਰ ਨੂੰ ਦੋ ਤਿਹਾਈ ਬਹੁਮਤ ਪਹਿਲਾਂ ਤੋਂ ਹੀ ਹਾਸਲ ਸੀ। ਜਨਤਾ ਦਲ (ਯੂ) ਦਾ ਵੀ ਸਮਰਥਨ ਉਸ ਨੂੰ ਹਾਸਲ ਸੀ। ਅਜਿਹੇ ਵਿਚ ਉਸ ਨੂੰ ਕਿਸੇ ਹੋਰ ਪਾਰਟੀ ਦੇ ਵਿਧਾਇਕਾਂ ਨੂੰ ਤੋੜਨ ਦੀ ਜ਼ਰੂਰਤ ਨਹੀਂ ਸੀ ਪਰ ਫਿਰ ਵੀ ਉਸ ਨੇ ਆਪਣੇ ਹੀ ਸਹਿਯੋਗੀ ਦਲ ਦੇ ਵਿਧਾਇਕਾਂ ਤੋਂ ਦਲਬਦਲੀ ਕਰਵਾਈ ਹੈ ਤਾਂ ਇਸ ਦਾ ਮਤਲਬ ਦਲਦਲੀ ਹੈ ਕਿ ਉਸ ਨੂੰ ਹੁਣ ਜਨਤਾ ਦਲ (ਯੂ) ਦੀ ਨਾਰਾਜ਼ਗੀ ਦੀ ਵੀ ਕੋਈ ਪ੍ਰਵਾਹ ਨਹੀਂ ਹੈ। ਉਸ ਨੂੰ ਇਸ ਗੱਲ ਦੀ ਵੀ ਪ੍ਰਵਾਹ ਨਹੀਂ ਹੈ ਕਿ ਉਸ ਦਾ ਇਹ ਪੁਰਾਣਾ ਅਤੇ ਸਭ ਤੋਂ ਵੱਡਾ ਸਹਿਯੋਗੀ ਦਲ ਕੌਮੀ ਜਮਹੂਰੀ ਗੱਠਜੋੜ ਦਾ ਹਿੱਸਾ ਬਣਿਆ ਰਹਿੰਦਾ ਹੈ ਜਾਂ ਨਹੀਂ। ਇਸ ਲਈ ਜੇਕਰ ਆਉਣ ਵਾਲੇ ਦਿਨਾਂ ਵਿਚ ਬਿਹਾਰ ਵਿਚ ਵੀ ਨਿਤਿਸ਼ ਕੁਮਾਰ 'ਤੇ ਕੋਈ ਵੱਡਾ ਹਮਲਾ ਕਰਦਿਆਂ ਉਸ ਦੀ ਪਾਰਟੀ ਦੇ ਵਿਧਾਇਕਾਂ ਨੂੰ ਭਾਜਪਾ ਵੱਡੀ ਗਿਣਤੀ ਵਿਚ ਤੋੜਦੀ ਹੈ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ ਹੋਵੇਗੀ। ਉੱਥੇ ਕਾਂਗਰਸ ਦੇ ਵੀ ਕੁਝ ਵਿਧਾਇਕਾਂ ਦੇ ਭਾਜਪਾ ਨੇਤਾਵਾਂ ਦੇ ਸੰਪਰਕ ਵਿਚ ਹੋਣ ਦੀਆਂ ਖ਼ਬਰਾਂ ਆਈਆਂ ਹਨ। ਹੁਣ ਇਹ ਵੇਖਣਾ ਦਿਲਚਸਪ ਹੋਵੇਗਾ ਕਿ ਅਰੁਣਾਚਲ ਪ੍ਰਦੇਸ਼ ਵਿਚ ਭਾਜਪਾ ਵੱਲੋਂ ਮਿਲੇ ਇਸ ਝਟਕੇ ਦਾ ਸਾਹਮਣਾ ਬਿਹਾਰ ਵਿਚ ਨਿਤਿਸ਼ ਕਿਸ ਤਰ੍ਹਾਂ ਕਰਦੇ ਹਨ? ਉਨ੍ਹਾਂ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਹੈ ਆਪਣੀ ਪਾਰਟੀ ਦੇ ਵਿਧਾਇਕਾਂ ਨੂੰ ਇੱਕਜੁੱਟ ਰੱਖਣਾ ਅਤੇ ਆਪਣੀ ਪਾਰਟੀ ਨੂੰ ਭਾਜਪਾ ਵੱਲੋਂ ਕੀਤੇ ਜਾਣ ਵਾਲੇ ਨੁਕਸਾਨ ਤੋਂ ਬਚਾਉਣਾ ਪਰ ਇਹ ਸੌਖਾ ਕੰਮ ਨਹੀਂ ਹੈ। ਭਾਜਪਾ ਵੱਲੋਂ ਵਿਰੋਧੀ ਧਿਰਾਂ ਵਿਚ ਦਲਬਦਲੀ ਕਰਵਾਉਣ ਦੀ ਖੇਡ ਇਕ ਸਾਲ ਪਹਿਲਾਂ ਮੱਧ ਪ੍ਰਦੇਸ਼ ਵਿਚ ਖੇਡੀ ਗਈ ਸੀ। ਉੱਥੇ ਉਸ ਨੇ ਇੱਕੋ ਝਟਕੇ ਵਿਚ ਕਾਂਗਰਸ ਦੇ 22 ਵਿਧਾਇਕਾਂ ਨੂੰ ਤੋੜ ਕੇ ਕਾਂਗਰਸ ਦੀ ਸਰਕਾਰ ਡੇਗ ਦਿੱਤੀ ਸੀ। ਇਸ ਤੋਂ ਪਹਿਲਾਂ ਇਸੇ ਤਰਜ਼ 'ਤੇ ਹੀ ਉਸ ਨੇ ਕਰਨਾਟਕ ਵਿਚ ਵੀ ਜਨਤਾ ਦਲ (ਐਸ) ਅਤੇ ਕਾਂਗਰਸ ਦੀ ਸਾਂਝੀ ਸਰਕਾਰ ਡੇਗ ਕੇ ਆਪਣੀ ਸਰਕਾਰ ਬਣਾਈ ਸੀ। ਇਹੀ ਖੇਡ ਕੁਝ ਸਮਾਂ ਪਹਿਲਾਂ ਉਸ ਨੇ ਰਾਜਸਥਾਨ ਵਿਚ ਵੀ ਖੇਡਣ ਦੀ ਕੋਸ਼ਿਸ਼ ਕੀਤੀ ਸੀ। ਪਰ ਉੱਥੇ ਉਸ ਨੂੰ ਕਾਮਯਾਬੀ ਨਹੀਂ ਮਿਲੀ। ਹਾਲਾਂਕਿ, ਉਸ ਨੇ ਆਪਣੀਆਂ ਕੋਸ਼ਿਸ਼ਾਂ ਅਜੇ ਵੀ ਜਾਰੀ ਰੱਖੀਆਂ ਹੋਈਆਂ ਹਨ। ਰਾਜਸਥਾਨ ਦੇ ਭਾਜਪਾ ਨੇਤਾ ਖੁੱਲੇਆਮ ਕਹਿ ਰਹੇ ਹਨ ਕਿ ਅਗਲੇ ਦੋ ਤਿੰਨ ਮਹੀਨਿਆਂ ਵਿਚ ਕਾਂਗਰਸ ਦੀ ਸਰਕਾਰ ਡਿਗ ਜਾਵੇਗੀ। ਅਜਿਹਾ ਹੀ ਦਾਅਵਾ ਮਹਾਰਾਸ਼ਟਰ ਵਿਚ ਵੀ ਭਾਜਪਾ ਦੇ ਨੇਤਾਵਾਂ ਅਤੇ ਕੇਂਦਰੀ ਮੰਤਰੀਆਂ ਵੱਲੋਂ ਕੀਤਾ ਜਾ ਰਿਹਾ ਹੈ।

ਗੁਜਰਾਤ ਵਿਚ ਵੀ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਤੋਂ ਹੀ ਭਾਜਪਾ ਨੇ ਕਾਂਗਰਸ ਦੇ ਕਈ ਵਿਧਾਇਕਾਂ ਨੂੰ ਤੋੜ ਕੇ ਆਪਣੇ ਸਾਧਾਰਨ ਬਹੁਮਤ ਨੂੰ ਆਰਾਮਦਾਇਕ ਬਹੁਮਤ ਵਿਚ ਬਦਲਿਆ ਹੈ। ਭਾਜਪਾ ਦਾ ਇਰਾਦਾ ਹੁਣ ਪੱਛਮੀ ਬੰਗਾਲ ਵਿਚ ਸਰਕਾਰ ਬਣਾਉਣ ਦਾ ਹੈ। ਉੱਥੇ ਉਹ ਤ੍ਰਿਣਮੂਲ ਕਾਂਗਰਸ ਦੇ ਵਿਧਾਇਕਾਂ ਅਤੇ ਨੇਤਾਵਾਂ ਨੂੰ ਤੋੜਨ ਵਿਚ ਲੱਗੀ ਹੋਈ ਹੈ। ਝਾਰਖੰਡ ਅਤੇ ਹਰਿਆਣਾ ਵਿਚ ਵੀ ਕਾਂਗਰਸ ਦੇ ਕਈ ਵਿਧਾਇਕਾਂ ਨੂੰ ਭਾਜਪਾ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਜਾ ਰਿਹਾ ਹੈ।

**ਅਨਿਲ ਜੈਨ**

### ਸ਼੍ਰੋਮਣੀ ਕਮੇਟੀ ਤੇ ਮਾਰਕੀਟ ਕਮੇਟੀ ਤੇ ਸਾਡੀਆਂ ਪਿੰਡਾਂ ਵਿੱਚ ਬਣੀਆਂ ਕੋਆਪ੍ਰੇਟਿਵ ਸੋਸਾਇਟੀਆਂ

ਕੀ ਏਦਾਂ ਹੋ ਸਕਦਾ ?

ਸਾਡੇ ਕੋਲ ਬਹੁਤ ਵਧੀਆ ਵੰਡ ਪ੍ਰਣਾਲੀ ਦਾ ਪ੍ਰਬੰਧ ਮੌਜੂਦ ਹੈ... ਕੋਆਪ੍ਰੇਟਿਵ ਸੋਸਾਇਟੀਆਂ ਤੇ ਮਾਰਕੀਟ ਕਮੇਟੀਆਂ ਤਹਿ ਕਰਨਗੀਆਂ ਕਿ ਕਿਸਾਨ ਨੇ ਸਿਰਫ਼ 10 ਕਿੱਲਿਆਂ 'ਚੋਂ 6 ਕਿਲੇ ਝੋਨਾ ਲਾ ਸਕਦਾ.. ਇੱਕ ਕਿੱਲਾ ਮੱਕੀ ਲਾਉਣੀ ਹੈ.. ਇੱਕ ਕਨਾਲ਼ ਮਿਰਚਾਂ ਲਾਉਣੀਆਂ ...ਇੱਕ ਕਨਾਲ਼ ਸਬਜ਼ੀ ਦਾ ਲਾਉਣਾ..ਇੱਕ ਕਿੱਲਾ ਗੰਨਾ ਲਾਉਣਾ..ਇੱਕ ਕਿੱਲਾ ਆਲੂਆਂ ਦਾ ਲਾਉਣਾ.. ਜੇ ਇਸ ਤਰਾਂ ਕਰਨਾ ਤਾਂ ਬਹੁਤ ਚੀਜ਼ਾਂ ਪੰਜਾਬ 'ਚ ਸਮਾ ਸਕਦੀਆਂ.. ਤਿੰਨ ਕਰੋੜ ਦੀ ਅਬਾਦੀ (ਕਨੇਡਾ ਜਿੰਨੀ ਅਬਾਦੀ) ਵਿਚ ਬਹੁਤ ਸਰਕਲ ਘੁੰਮ ਸਕਦਾ।

ਸ਼੍ਰੋਮਣੀ ਕਮੇਟੀ ਜੇ ਸਹੀ ਹੱਥਾਂ ਵਿੱਚ ਆ ਜਾਵੇ ਤਾਂ ਉਸਦੇ ਰਾਹੀਂ ਅੰਬਾਨੀਆ ਦੇ ਬਰਾਬਰ ਦੀ ਪੈਰਲ ਮਾਰਕੀਟ ਚਲਾਈ ਜਾ ਸਕਦੀ ਹੈ...ਜੇ ਕਮੇਟੀ ਸਿੱਖਾਂ ਦੇ ਇਤਬਾਰ ਵਾਲੀ ਬਣ ਜਾਵੇ ਤਾਂ ਦੁਨੀਆ ਭਰ ਦੇ ਸਿੱਖ ਉੱਥੇ ਦਾਨ ਦੇਣਾ ਚਾਹੁਣਗੇ...ਉਹ ਸ਼ਹਿਰ ਕਸਬੇ ਵਿਚ ਨਾਨਕ ਹੱਟ ਖੋਲ ਸਕਦੀ...ਜਿੱਥੋ ਆਮ ਲੋਕ ਉੱਥੋ ਚੀਜ਼ਾਂ ਖ਼ਰੀਦ ਸਕਦੇ। ਜਿਵੇਂ ਕਿਸਾਨ ਟਰੈਕਟਰ ਨੂੰ ਸਜਾ ਰਹੇ ਤਾਂ ਜੋ ਦਿੱਲੀ ਤੇ ਚੜਾਈ ਕੀਤੀ ਜਾ ਰਹੀ,ਕੀ ਉਸੇ ਤਰਾਂ ਸ਼੍ਰੋਮਣੀ ਕਮੇਟੀ ਅਜ਼ਾਦ ਕਰਾਉਣ ਲਈ ਤਿਆਰੀ ਕੀਤੀ ਜਾਣੀ ਚਾਹੀਦੀ ?

**ਜਗਰੂਪ ਸਿੰਘ ਬਾਠ**

### ਲੋਕਤੰਤਰ ਦਾ ਮਹੱਤਵ ਤੇ ਭਾਰਤੀ ਲੋਕਤੰਤਰ ਨੂੰ ਖ਼ਤਰੇ

ਅੱਜ ਦੇ ਸਮੇਂ ਜਦੋਂ ਕਿਸੇ ਵੀ ਥਾਂ ਲੋਕਤੰਤਰ ਦੇਸੀ-ਬਦੇਸੀ ਬਾਜ਼ਾਰਵਾਦ ਦੇ ਖ਼ੂਨੀ ਪੰਜਿਆਂ ਵਿਚ ਲਹੂ-ਲੁਹਾਨ ਹੋ ਰਿਹਾ ਹੋਵੇ ਤਾਂ ਲੋਕਤੰਤਰ ਅੰਦਰ ਯਕੀਨ ਰੱਖਣ ਵਾਲਿਆਂ ਲਈ ਬੋਲਣਾ ਜ਼ਰੂਰੀ ਹੋ ਜਾਂਦਾ ਹੈ। ਨਾਲ ਹੀ ਇਤਿਹਾਸ ਵੱਲ ਝਾਤ ਮਾਰਨੀ ਵੀ ਅਤਿਅੰਤ ਜ਼ਰੂਰੀ ਹੈ ਕਿਉਂਕਿ ਇਤਿਹਾਸ ਇਨ੍ਹਾਂ ਖ਼ਤਰਿਆਂ ਤੋਂ ਸਾਵਧਾਨ ਕਰਦਾ ਹੈ।

ਲੋਕਤੰਤਰੀ ਪ੍ਰਬੰਧ ਅੰਦਰ ਰਹਿੰਦਿਆਂ ਇਸ ਵਿਚ ਆਉਂਦੇ ਵਿਗਾੜਾਂ ਦੇ ਖ਼ਿਲਾਫ਼ ਹੋਣਾ ਹੀ ਲੋਕਤੰਤਰੀ ਹੋਣਾ ਹੁੰਦਾ ਹੈ, ਤਾਂ ਕਿ ਲੋਕਤੰਤਰ ਦੀ ਰਾਖੀ ਕੀਤੀ ਜਾ ਸਕੇ। ਸਾਧਾਰਨ ਲਫ਼ਜ਼ਾਂ ਵਿਚ ਇਸ ਨੂੰ ਦੇਸ਼-ਭਗਤੀ ਆਖਿਆ ਜਾ ਸਕਦਾ ਹੈ। ਅਜਿਹੇ ਸਮੇਂ ਚੁੱਪ ਰਹਿਣਾ ਲੋਕਤੰਤਰੀ ਸਮਾਜ ਵਿਚੋਂ ਆਪਣੇ ਆਪ ਨੂੰ ਖਾਰਿਜ ਕਰਨ ਦੇ ਬਰਾਬਰ ਹੁੰਦਾ ਹੈ। ਸਰਬੱਤ ਦੇ ਭਲੇ ਵਾਸਤੇ ਸਮਾਜ ਅੰਦਰ ਸੱਤਾਧਾਰੀਆਂ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਕਿਸੇ ਇਕ ਵੀ ਪ੍ਰਾਣੀ ਦੇ ਮਨੁੱਖੀ ਹੱਕਾਂ ਨੂੰ ਆਂਚ ਨਾ ਆਉਣ ਦੇਣ। ਜੇ ਅਜਿਹਾ ਹੁੰਦਾ ਹੈ ਤਾਂ ਸਮਾਜ ਵਿਚ ਵੰਡੀਆਂ ਪੈਣ ਦੇ ਖ਼ਤਰੇ ਵਧ ਜਾਂਦੇ ਹਨ ਜੋ ਸਿਹਤਮੰਦ ਲੋਕਤੰਤਰ ਵਾਸਤੇ ਚੰਗਾ ਰੁਝਾਨ ਨਹੀਂ ਹੋ ਸਕਦਾ।

**ਕੇਹਰ ਸ਼ਰੀਫ ਸਾਹਿਤਕਾਰ**

### ਪ੍ਰਧਾਨ ਮੰਤਰੀ ਮੋਦੀ ਲੋਕਾਂ ਦੇ ਦਿਲ ਦੀ ਗੱਲ ਸੁਣਨ

ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨ ਅੰਦੋਲਨ ਦੇ ਬਰਾਬਰ ਹੀ ਸਰਕਾਰ ਨੇ ਮਸਨੂਈ ਅੰਦੋਲਨ ਵਿੱਢਿਆ ਹੋਇਆ ਹੈ। ਇਸ ਵਿਚ ਨਵਾਂ ਝੂਠ ਤੇ ਫ਼ਰੇਬ ਇਹ ਰਲ ਗਿਆ ਹੈ ਕਿ ਕੇਂਦਰੀ ਖੇਤੀ ਮੰਤਰੀ ਨੂੰ ਕਾਨੂੰਨਾਂ ਦੀ ਹਮਾਇਤ ਵਿਚ ਤਿੰਨ ਲੱਖ ਤੋਂ ਵੱਧ ਪੱਤਰਾਂ ਦੇ ਪੈਕ ਕੀਤੇ ਡੱਬੇ ਪਹੁੰਚੇ ਹਨ। ਪ੍ਰਿੰਟ ਮੀਡੀਆ ਵਿਚ ਛਪੀ ਫ਼ੋਟੋ ਵਿਚਲੇ ਇਹ ਡੱਬੇ ਦੇਖ ਕੇ ਕੋਈ ਵੀ ਸਮਝ ਸਕਦਾ ਹੈ ਕਿ ਇਹ ਨਿਰਾ ਡਰਾਮਾ ਹੈ। ਕੇਂਦਰੀ ਮੰਤਰੀਆਂ ਦੇ ਰੋਜ਼ ਬੋਲੇ ਜਾਣ ਵਾਲੇ ਬਿਆਨਾਂ ਤੋਂ ਅਸੀਂ ਸਾਰੇ ਵਾਕਿਫ਼ ਹਾਂ-ਕਾਨੂੰਨ ਕਿਸਾਨਾਂ ਦੀ ਭਲਾਈ ਲਈ ਹਨ, ਕਿਸਾਨ ਜਲਦੀ ਅੰਦੋਲਨ ਵਾਪਸ ਲੈ ਲੈਣਗੇ, ਕਿਸਾਨਾਂ ਨੂੰ ਭਰਮ ਹੋ ਗਿਆ ਹੈ। ਕੋਈ ਇਨ੍ਹਾਂ ਗੋਇਬਲਾਂ ਨੂੰ ਕੋਈ ਪੁੱਛੇ, ਕੀ ਇਹ ਕਾਨੂੰਨ ਇਲਾਹੀ ਫ਼ਰਮਾਨ ਹਨ ਜਿਨ੍ਹਾਂ ਨੂੰ ਨਾ ਮੰਨਣਾ ਕੁਤਾਹੀ ਹੈ? ਮੌਜੂਦਾ ਸੰਘਰਸ਼ ਵਿਚ ਗੱਲਬਾਤ ਦੇ ਹਰ ਗੇੜ ਵਿਚ ਅਸਪਸ਼ਟ ਪਰ ਅੜੀਅਲ ਜਿਹੀ ਸੁਰ ਸੁਣਾਈ ਗਈ ਹੈ- ਕਾਨੂੰਨ ਠੀਕ ਹਨ, ਤੁਸੀਂ ਅੰਦੋਲਨ ਵਾਪਸ ਲੈ ਲਓ। ਜੇ ਇਹੋ ਗੱਲਾਂ ਅਗਲੀਆਂ ਹੋਣ ਵਾਲੀਆਂ ਮੀਟਿੰਗਾਂ ਵਿਚ ਵੀ ਦੁਹਰਾਉਣੀਆਂ ਹਨ ਤਾਂ ਗੱਲ ਕਿਵੇਂ ਕਿਸੇ ਸਿਰੇ ਲੱਗੇਗੀ? ਪਿੱਛੇ ਜਿਹੇ ਪ੍ਰਧਾਨ ਮੰਤਰੀ ਨੇ ਬਿਆਨ ਦਿੱਤਾ ਹੈ ਕਿ 'ਮੁੱਠੀ ਭਰ ਲੋਗ ਵਿਰੋਧ ਕਰ ਰਹੇ ਹੈਂ।' ... ਦਿੱਲੀ ਦੇ ਪੰਜ ਮੁੱਖ ਮਾਰਗਾਂ ਉੱਤੇ ਬੈਠੇ ਲੱਖਾਂ ਲੋਕ ਇਨ੍ਹਾਂ ਨੂੰ 'ਮੁੱਠੀ ਭਰ' ਦਿਸਦੇ ਹਨ। ਇਸ ਤੋਂ ਵੱਧ ਕੁਫ਼ਰ ਹੋਰ ਕੀ ਤੋਲਿਆ ਜਾ ਸਕਦਾ ਹੈ? ਹੁਣ ਮੰਤਰੀ ਕਿਸਾਨਾਂ ਨੂੰ ਸਲਾਹ ਦਿੰਦੇ ਹਨ ਕਿ ਇਕ ਵਾਰੀ ਕਾਨੂੰਨ ਲਾਗੂ ਤਾਂ ਹੋਣ ਦਿਓ, ਜੇ ਨਾ ਠੀਕ ਲੱਗੇ ਤਾਂ ਸੋਧਾਂ ਕੀਤੀਆਂ ਜਾ ਸਕਦੀਆਂ ਹਨ। ਕਿਸਾਨਾਂ ਨੂੰ ਸਲਾਹ ਦੇਣ ਦੀ ਥਾਂ ਸਰਕਾਰ ਹੀ ਦਿਲ ਵੱਡਾ ਕਰ ਕੇ ਧਿੰਗੋਜ਼ੋਰੀ ਦਿੱਤੀ ਇਹ ਸੌਗਾਤ ਵਾਪਸ ਲੈ ਲਵੇ। ਇਕ ਵਾਰੀ ਪਾਰਲੀਮੈਂਟ ਦਾ ਸੈਸ਼ਨ ਬੁਲਾ ਕੇ ਕਾਨੂੰਨ ਵਾਪਸ ਲੈਣ ਦੀ ਕਾਰਵਾਈ ਹੋਵੇ ਅਤੇ ਫਿਰ ਸਬੰਧਤ ਧਿਰਾਂ ਦੀ ਰਜ਼ਾਮੰਦੀ/ ਪ੍ਰਵਾਨਗੀ ਹਾਸਲ ਕਰ ਕੇ ਕਾਨੂੰਨ ਬਣਾਏ ਜਾਣ, ਨਹੀਂ ਤਾਂ ਲੰਮੇ ਅਰਸੇ ਤੋਂ ਸੱਜੇ ਹੱਥ ਦੀ ਉਂਗਲ ਖੜੀ ਕਰਕੇ ਬੇਸੁਰੇ ਬੋਲਾਂ ਰਾਹੀਂ ਦਿੱਤੇ ਬਿਆਨ ਸੁਣਨ ਤੋਂ ਅੱਕੇ ਲੋਕ 'ਮਨ ਕੀ ਬਾਤ' ਸੁਣਨ ਤੋਂ ਇਨਕਾਰੀ ਹਨ। ਪ੍ਰਧਾਨ ਮੰਤਰੀ ਨੂੰ ਚਾਹੀਦਾ ਹੈ ਕਿ ਕਿਸਾਨਾਂ ਦੇ ਦਿਲ ਦੀ ਗੱਲ ਸੁਣਨ।

**ਕਮਲੇਸ਼ ਉੱਪਲ (ਡਾ.)**

### ਮੋਦੀ ਸਰਕਾਰ ਵੱਲੋਂ ਰਾਜਾਂ ਦੇ...

ਅੱਜ ਹਾਕਮਾਂ ਵੱਲੋਂ ਅੰਕੜਿਆਂ ਦੇ ਆਸਰੇ ਦੇਸ਼ ਚਲਾਉਣ ਦਾ ਯਤਨ ਹੋ ਰਿਹਾ ਹੈ। ਭੁੱਖਮਰੀ, ਬੇਰੁਜ਼ਗਾਰੀ ਵਧੀ ਹੈ। ਲੋਕ ਮਹਿੰਗਾਈ ਦੀ ਮਾਰ ਹੇਠ ਹਨ। ਹਾਕਮਾਂ ਵੱਲੋਂ ਝੂਠੇ ਵਾਇਦਿਆਂ ਨਾਲ ਲੋਕਾਂ ਨੂੰ ਭਰਮਾਇਆ ਜਾ ਰਿਹਾ ਹੈ। ਵੰਡੀਆਂ ਪਾਈਆਂ ਜਾ ਰਹੀਆਂ ਹਨ। ਕਾਨੂੰਨ, ਸ਼ਕਤੀਆਂ, ਸਿਰਫ਼ ਸਿਆਸਤਦਾਨਾਂ ਦੇ ਹਾਕਮੀ ਕੁਨਬੇ ਦੀ ਜਗੀਰ ਬਣਕੇ ਰਹਿ ਗਈਆਂ ਹਨ। ਨਿੱਜਤਾ ਦੇ ਅਧਿਕਾਰ ਨੂੰ ਵੱਡੀ ਠੇਸ ਪੁੱਜ ਰਹੀ ਹੈ। ਜਦ ਅੱਜ ਕੋਵਿਡ-19 ਦੇ ਸਮੇਂ ਵਿੱਚ ਵਿਗਿਆਨਕ ਨਜ਼ਰੀਆ ਵਿਕਸਤ ਕਰਨ ਦੀ ਲੋੜ ਸੀ, ਉਦੋਂ ਵਿਗਿਆਨ ਦੀ ਸ਼ਬਦਾਵਲੀ ਵਰਤ ਕੇ ਲੋਕਾਂ ਨੂੰ ਮੱਧਯੁੱਗੀ ਸੋਚ, ਪੁਰਾਤਨ ਘਸੇ-ਪਿੱਟੇ ਸਦੀਆਂ ਤੋਂ ਗ਼ਲਤ ਹੋਏ ਵਿਚਾਰਾਂ ਨੂੰ ਮੁੜ ਵਿਗਿਆਨ ਦਾ ਮੁਲੰਮਾ ਚਾੜ੍ਹ ਕੇ ਪੇਸ਼ ਕਰਨ ਦੀ ਸੋਚੀ ਸਮਝੀ ਚਾਲ ਸਾਹਮਣੇ ਲਿਆਂਦੀ ਗਈ। ਕੋਵਿਡ-19 ਦੌਰਾਨ ਥਾਲੀਆਂ-ਚਮਚੇ ਕਰੋਨਾ ਭਜਾਉਣ ਲਈ ਵਰਤੇ ਗਏ। ਜਾਪਦਾ ਹੈ ਹਾਕਮਾਂ ਲਈ ਕਿਸੇ ਸਮੱਸਿਆ ਪ੍ਰਤੀ ਅਫ਼ਵਾਹਾਂ ਫੈਲਾ ਕੇ ਭਰਮ ਜਾਲ ਬੁਣਨਾ ਬਹੁਤ ਸੌਖਾ ਹੋ ਗਿਆ ਹੈ।

ਮੌਜੂਦਾ ਦੌਰ ਵਿੱਚ ਪਾਰਟੀਆਂ ਉੱਤੇ ਪਰਿਵਾਰਾਂ ਜਾਂ ਕੁਝ ਗਿਣੇ ਚੁਣੇ ਧਨ ਕੁਬੇਰਾਂ ਦਾ ਕਬਜ਼ਾ ਹੋ ਗਿਆ ਹੈ। ਸਿਆਸਤ ਦਾ ਅਪਰਾਧੀਕਰਨ ਹੋ ਚੁੱਕਾ ਹੈ। ਧਨ ਅਤੇ ਬਾਹੂ ਬਲੀਆਂ ਦਾ ਦੌਰ ਪੂਰੇ ਜਲੌਅ ਵਿੱਚ ਹੈ। ਪਾਰਟੀਆਂ ਵਿੱਚ ਅੰਦਰੂਨੀ ਜਮਹੂਰੀਅਤ ਖ਼ਤਮ ਹੋ ਚੁੱਕੀ ਹੈ। ਦਲ-ਬਦਲੀ ਵਿਰੋਧੀ ਪ੍ਰਬੰਧ ਕੁਝ ਹੱਥਾਂ ਦੀ ਕਠ-ਪੁਤਲੀ ਬਣ ਕੇ ਰਹਿ ਗਿਆ ਹੈ। ਲੋਕ ਹਿਤਾਂ ਲਈ ਸਿਹਤ, ਸਿੱਖਿਆ, ਵਾਤਾਵਰਣ, ਉਜਰਤ, ਖੇਤੀ, ਸਮਾਜਿਕ ਸੁਰੱਖਿਆ, ਉਦਯੋਗ, ਵਪਾਰ ਸਬੰਧੀ ਭਲਾਈ ਕਾਰਜ ਲਗਭਗ ਸੱਭੋ ਕੁਝ ਭ੍ਰਿਸ਼ਟਾਚਾਰ ਅਤੇ ਕਾਲੇ ਕਾਨੂੰਨਾਂ ਦੀ ਭੇਟ ਚੜ੍ਹ ਚੁੱਕਾ ਹੈ। ਦੇਸ਼ ਦੀ ਜਨਤਾ ਕੰਮ, ਨੌਕਰੀ, ਪੜ੍ਹਾਈ, ਚੰਗੀ ਸਿਹਤ, ਚੰਗੇ ਵਾਤਾਵਰਣ ਲਈ ਦੁਹਾਈ ਦੇ ਰਹੀ ਹੈ, ਪਰ ਕੰਨੋ ਬੋਲੀ ਸਰਕਾਰ ਚੁੱਪ ਹੈ।

ਭਾਰਤੀ ਸਿਆਸਤ ਦੇ ਬਦਲਦੇ ਸਰੂਪ ਨੇ ਭਾਰਤੀ ਲੋਕਾਂ ਨੂੰ ਸੁੰਨ ਕਰਕੇ ਰੱਖ ਦਿੱਤਾ ਹੈ। ਧਰਮ ਨਿਰਪੱਖ ਫੈਡਰਲਿਜ਼ਮ ਉੱਤੇ ਸੱਟਾਂ ਜਮਹੂਰੀਅਤ ਲਈ ਚਣੌਤੀ ਬਣ ਗਈਆਂ ਹਨ। ਪਰ ਦੇਸ਼ ਵਿੱਚ ਉਗਮਣ ਵਾਲੀਆਂ ਲੋਕਾਂ ਦੀਆਂ ਲਹਿਰਾਂ ਨੇ ਹਰ ਇਨਸਾਨ ਨੂੰ ਬਰਾਬਰ ਸਮਝਣ ਦਾ ਨਜ਼ਰੀਆ, ਇਨਸਾਫ਼ ਦਾ ਨਜ਼ਰੀਆ ਅਤੇ ਵਿਚਾਰ ਵਿਅਕਤ ਕਰਨ ਪ੍ਰਤੀ ਪਹੁੰਚ ਬਦਲਣ ਦਾ ਰਸਤਾ ਮੋਕਲਾ ਕਰ ਦਿੱਤਾ ਹੈ। ਇਹੀ ਅਸਲ ਭਾਰਤ ਦੀ ਜਿੱਤ ਦਾ ਰਾਹ ਹੈ!

### ਕਿਸਾਨਾਂ ਦੇ ਮੁੱਦੇ ਦੀ ਪੰਜਾਬ ...

ਇਹ ਤਿੰਨੇ ਖੇਤੀ ਕਾਨੂੰਨ, ਜੋ ਕਿਸਾਨ ਹਿਤ ਵਿੱਚ ਨਹੀਂ, ਧਨ ਕੁਬੇਰਾਂ ਦੇ ਹਿਤ ਵਾਲੇ ਹਨ, ਮੋਦੀ ਸਰਕਾਰ ਵੱਲੋਂ ਜ਼ਬਰਦਸਤੀ ਲੋਕਾਂ ਸਿਰ ਮੜ੍ਹੇ ਜਾ ਰਹੇ ਹਨ ਅਤੇ ਇਹਨਾਂ ਨੂੰ ਸਹੀ ਸਾਬਤ ਕਰਨ ਲਈ ਗੋਦੀ ਮੀਡੀਆ, ਪ੍ਰਿੰਟ ਮੀਡੀਆ ਅਤੇ ਭਾਜਪਾ ਵਰਕਰਾਂ ਦਾ ਸਹਾਰਾ ਲਿਆ ਜਾ ਰਿਹਾ ਹੈ।ਇਹ ਉਹ ਸਮਾਂ ਹੈ ਜਦ ਪੰਜਾਬ ਦੀਆਂ ਸਿਆਸੀ ਪਾਰਟੀਆਂ ਵੱਡੀ ਭੂਮਿਕਾ ਨਿਭਾ ਸਕਦੀਆਂ ਹਨ। ਬਿਨ੍ਹਾਂ ਸ਼ੱਕ ਕੁਝ ਸਿਆਸੀ ਧਿਰਾਂ ਕਿਸਾਨ ਅੰਦੋਲਨ ਵਿੱਚ ਆਪਣਾ ਬਣਦਾ ਸਰਦਾ ਹਿੱਸਾ ਪਾ ਰਹੀਆਂ ਹਨ, ਪਰ ਇੰਨਾ ਹੀ ਕਾਫ਼ੀ ਨਹੀਂ ਹੈ। ਵੱਡੇ ਸੰਦਰਭ ਵਿੱਚ ਵੱਡੀ ਭੂਮਿਕਾ ਲੋੜੀਂਦੀ ਹੈ।ਇੱਕ ਸੌ ਸਾਲ ਤੋਂ ਵਧੇਰੇ ਸਾਲਾਂ ਬਾਅਦ, ਚੇਤੰਨ ਸੂਝ ਵਾਲੇ ਚਿੰਤਕਾਂ ਵੱਲੋਂ ਉਸਾਰਿਆ ਇਹ ਜਨਮਾਨਸ ਅੰਦੋਲਨ, ਵਡੇਰੀ ਸਿਆਸੀ ਭੂਮਿਕਾ ਦੀ ਮੰਗ ਕਰਦਾ ਹੈ, ਕਿਉਂਕਿ ਸਿਆਸੀ ਚੇਤਨਾ, ਚੰਗੇਰੀ ਸਿਆਸੀ ਸੋਚ ਅਤੇ ਸੂਝਵਾਨ ਅਗਵਾਈ ਬਿਨਾਂ ਜਨ-ਅੰਦੋਲਨਾਂ ਦੀ ਸਫ਼ਲਤਾ ਸੰਭਵ ਨਹੀਂ ਹੁੰਦੀ। ਇਤਿਹਾਸ ਵੀ ਉਹਨਾਂ ਲੋਕਾਂ, ਸਿਆਸਤਦਾਨਾਂ ਨੂੰ ਯਾਦ ਕਰਦਾ ਹੈ, ਜਿਹੜੇ ਲੋਕਾਂ ਦੇ ਸੰਘਰਸ਼ ਨਾਲ ਖੜਦੇ ਹਨ।ਇਹ ਸਮਾਂ ਹੈ ਜਦੋਂ ਪੰਜਾਬ ਦੇ ਸਿਆਸਤਦਾਨਾਂ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ।

## 26 ਜਨਵਰੀ ਨੂੰ ਗਣਤੰਤਰ...

ਕਿਸਾਨ ਬਹਿਸ ਕਰ ਰਹੇ ਹਨ ਕਿ ਜੇਕਰ ਉਦਯੋਗਪਤੀਆਂ ਨੂੰ ਲਾਭ ਪਹੁੰਚਾਉਣ ਲਈ ਐੱਮ.ਆਰ.ਪੀ. ਹੈ ਤਾਂ ਕਿਸਾਨਾਂ ਲਈ ਐੱਮ. ਐੱਸ.ਪੀ. ਕਿਉਂ ਨਹੀਂ? ਕਈ ਸੂਬਿਆਂ ਦੇ ਕਿਸਾਨਾਂ ਨੂੰ ਇਹ ਵੀ ਪਤਾ ਨਹੀਂ ਹੈ ਕਿ ਸਰਕਾਰ ਕਿਸਾਨਾਂ ਦੀਆਂ ਫ਼ਸਲਾਂ ਦੀ ਕੀਮਤ ਤੈਅ ਕਰਦੀ ਹੈ। ਐੱਮ.ਐੱਸ.ਪੀ. ਤੈਅ ਕਰਦੀ ਹੈ, ਜੋ ਕਿਸਾਨਾਂ ਨੂੰ ਫ਼ਸਲਾਂ 'ਤੇ ਮਿਲਦੀ ਹੈ। ਦੂਜੇ ਸੂਬਿਆਂ ਦੇ ਕਿਸਾਨ ਪੰਜਾਬ ਦੇ ਕਿਸਾਨਾਂ ਦੇ ਸ਼ੁਕਰਗੁਜ਼ਾਰ ਹੋ ਰਹੇ ਹਨ ਕਿਉਂਕਿ ਉਨਾਂ ਦੇ ਹਿੱਤਾਂ ਦੀ ਆਵਾਜ਼ ਵੀ ਪੰਜਾਬ ਦੇ ਕਿਸਾਨਾਂ ਨੇ ਚੁੱਕੀ। ਕਿਸਾਨ ਅੰਦੋਲਨ ਨੇ ਕਾਸ਼ਤਕਾਰ ਅਤੇ ਖੇਤ ਮਜ਼ਦੂਰ ਦੀ ਇੱਕਜੁੱਟਤਾ ਨੂੰ ਪ੍ਰਦਰਸ਼ਿਤ ਕੀਤਾ ਹੈ। ਦਿੱਲੀ ਸਰਹੱਦ 'ਤੇ ਖੇਤ ਮਜ਼ਦੂਰ ਵੀ ਭਾਰੀ ਗਿਣਤੀ 'ਚ ਅੰਦੋਲਨ 'ਚ ਸ਼ਾਮਲ ਹਨ। ਖੇਤ ਮਜ਼ਦੂਰਾਂ ਨੂੰ ਲੱਗ ਰਿਹਾ ਹੈ ਕਿ ਕਿਸਾਨ ਜੇਕਰ ਕਾਰਪੋਰੇਟ ਹੱਥਾਂ ਵਿਚ ਗਿਆ ਤਾਂ ਉਹ ਭੁੱਖ ਨਾਲ ਮਰ ਜਾਣਗੇ।

**ਕਿਸਾਨ ਅੰਦੋਲਨ ਨੇ ਮੋਦੀ ਦੇ ਮਜ਼ਬੂਤ ਅਕਸ ਮਾਰੀ ਸਟ**

ਕਿਸਾਨ ਅੰਦੋਲਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਜ਼ਬੂਤ ਅਕਸ ਨੂੰ ਸੱਟ ਪਹੁੰਚਾਈ ਹੈ। ਪ੍ਰਧਾਨ ਮੰਤਰੀ ਦੇ ਨਿਊ ਇੰਡੀਆ ਦੇ ਨੈਰੇਟਿਵ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਪਿਛਲੇ ਕਾਰਜਕਾਲ 'ਚ ਕਈ ਵਿਦੇਸ਼ ਯਾਤਰਾਵਾਂ ਕੀਤੀਆਂ ਸਨ। ਉਨਾਂ ਨੇ ਆਪਣੀਆਂ ਯਾਤਰਾਵਾਂ ਵਿਚ ਨਿਊ ਇੰਡੀਆ ਦਾ ਨੈਰੇਟਿਵ ਬਣਾਇਆ ਸੀ। ਵਿਦੇਸ਼ਾਂ 'ਚ ਪੀ.ਐੱਮ. ਦੇ ਕਈ ਪ੍ਰੋਗਰਾਮ ਆਯੋਜਿਤ ਹੋਏ ਸਨ। ਮੋਦੀ ਹਰ ਜਗਾ ਨਵਾਂ ਮਜ਼ਬੂਤ ਭਾਰਤ ਦੀ ਗੱਲ ਕਰਦੇ ਸਨ। ਆਪਣੇ ਪ੍ਰੋਗਰਾਮਾਂ 'ਚ ਪ੍ਰਧਾਨ ਮੰਤਰੀ ਪਿਛਲੀ ਸਰਕਾਰਾਂ ਦੇ ਕੰਮਕਾਰ ਨੂੰ ਨਕਾਰਦੇ ਸਨ ਪਰ ਕਿਸਾਨ ਅੰਦੋਲਨ ਨੇ ਮਜ਼ਬੂਤ ਭਾਰਤ ਦੇ ਮੋਦੀ ਕੈਂਪੇਨ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਹੈ। ਦੁਨੀਆ ਭਰ 'ਚ ਇਹੀ ਸੰਦੇਸ਼ ਗਿਆ ਹੈ ਕਿ ਭਾਰਤ ਦੇ ਕਿਸਾਨ ਬਹੁਤ ਹੀ ਬੁਰੀ ਹਾਲਤ 'ਚ ਹਨ। ਦੇਸ਼ ਦੀ ਸਰਕਾਰ ਸਿਰਫ਼ ਪੂੰਜੀਵਾਦੀ ਕਾਰਪੋਰੇਟ ਘਰਾਣਿਆਂ ਦੀ ਮਦਦ ਕਰ ਰਹੀ ਹੈ। ਕਿਸਾਨ ਅੰਦੋਲਨ ਨੇ ਪੂਰੀ ਦੁਨੀਆ ਦੇ ਮੀਡੀਆ ਦਾ ਧਿਆਨ ਖਿੱਚਿਆ। ਸਰਕਾਰ ਦੇ ਮਜ਼ਬੂਤ ਅਕਸ ਨੂੰ ਕਿਸਾਨਾਂ ਨੇ ਖ਼ਤਮ ਕਰ ਦਿੱਤਾ ਹੈ। ਦੁਨੀਆ ਭਰ ਵਿਚ ਸੰਦੇਸ਼ ਇਹੀ ਗਿਆ ਹੈ ਕਿ ਮੋਦੀ ਦੀਆਂ ਨੀਤੀਆਂ ਨਾਲ ਭਾਰਤ ਦਾ ਕਿਸਾਨ ਖ਼ੁਸ਼ ਨਹੀਂ ਹੈ, ਜੋ ਦੇਸ਼ ਦੀ 50 ਫੀਸਦੀ ਆਬਾਦੀ ਦਾ ਢਿੱਡ ਪਾਲ ਰਿਹਾ ਹੈ। ਇਸ ਕਿਸਾਨ ਅੰਦੋਲਨ ਦਾ ਦੂਜਾ ਪੱਖ ਇਹ ਹੈ ਕਿ ਯੂਰਪ, ਅਮਰੀਕਾ ਅਤੇ ਕੈਨੇਡਾ 'ਚ ਭਾਰਤ ਵਿਰੁੱਧ ਪ੍ਰਦਰਸ਼ਨ ਹੋ ਰਹੇ ਹਨ। ਬ੍ਰਿਟੇਨ, ਕੈਨੇਡਾ ਅਤੇ ਅਮਰੀਕਾ ਵਿਚ ਸੰਸਦ ਮੈਂਬਰ ਕਿਸਾਨਾਂ ਦੇ ਪੱਖ 'ਚ ਬੋਲ ਰਹੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਭਾਰਤ ਸਰਕਾਰ ਦੀ ਅਕਸ ਵਿਦੇਸ਼ਾਂ ਵਿਚ ਖ਼ਰਾਬ ਹੋਇਆ ਹੈ।

## ਹੁਣ ਸਿਰਫ਼ ਪੰਜਾਬ ਅਤੇ...

ਇਹ ਕਹਿਣਾ ਹੈ ਦਿੱਲੀ ਗਤਕਾ ਐਸੋਸੀਏਸ਼ਨ ਦੇ ਜਨਰਲ ਸਕੱਤਰ ਜ਼ੋਰਾਵਰ ਸਿੰਘ ਦਾ। ਰਾਸ਼ਟਰੀ ਪੱਧਰ ਤੱਕ ਵਿਸਥਾਰ ਕਰਨ ਵਾਲੀ ਇਸ ਖੇਡ ਨੂੰ 2014 'ਚ ਰਾਸ਼ਟਰੀ ਸਕੂਲੀ ਖੇਡਾਂ 'ਚ ਵੀ ਸ਼ਾਮਿਲ ਕੀਤਾ ਗਿਆ ਸੀ। ਪਰ 3 ਸਾਲ ਬਾਅਦ 2017 'ਚ ਇਸ ਨੂੰ ਉਸ ਸੂਚੀ 'ਚੋਂ ਹਟਾ ਦਿੱਤਾ ਗਿਆ। ਸਾਲ 2016 'ਚ ਗਤਕਾ ਲਈ ਰਾਸ਼ਟਰੀ ਪੱਧਰ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ, ਜਿਸ 'ਚ ੧੩ ਸੂਬਿਆਂ ਨੇ ਹਿੱਸਾ ਲਿਆ ਸੀ।

ਜ਼ੋਰਾਵਰ ਸਿੰਘ ਮੁਤਾਬਿਕ ਇਸ ਵਿਰਾਸਤੀ ਖੇਡ 'ਚ ਸ਼ੁਰੂਆਤੀ ਗੁਰ, ਭਾਵ ਡਾਂਗ ਚਲਾਉਣੀ, ਤਕਰੀਬਨ 30 ਦਿਨਾਂ 'ਚ ਆ ਜਾਂਦੀ ਹੈ। ਪਰ ਇਕ ਪੇਸ਼ੇਵਰ ਖਿਡਾਰੀ ਦੀ ਮੁਹਾਰਤ ਹਾਸਲ ਕਰਨ 'ਚ ਤਕਰੀਬਨ 2 ਸਾਲ ਲਗ ਜਾਂਦੇ ਹਨ, ਜਿਸ 'ਚ ਨਿਖਾਰ ਲਿਆਉਣ ਲਈ ਉਸ ਨੂੰ 40-50 ਮੈਚ ਖੇਡਣੇ ਪੈਂਦੇ ਹਨ।

ਗਤਕੇ ਸਬੰਧੀ ਹੋਰ ਬਾਰੀਕੀਆਂ ਬਾਰੇ ਗੱਲ ਕਰਦਿਆਂ ਗਰੇਵਾਲ ਨੇ ਕਿਹਾ ਕਿ ਗਤਕੇ 'ਚ ਅਹਿਮ ਭੂਮਿਕਾ ਗੁੱਟ ਦੀ ਹਰਕਤ ਦੀ ਹੁੰਦੀ ਹੈ। ਹਾਲ ਹੀ ਵਿਚ ਗੁਰਵਿੰਦਰ ਕੌਰ ਨੇ ਇਕ ਮਿੰਟ 'ਚ 118 ਵਾਰ ਗਤਕਾ ਚੱਕਰ ਘੁਮਾ ਕੇ ਅਤੇ ਇਕ ਮਿੰਟ 'ਚ ਗਤਕਾ ਚੱਕਰ ਘੁਮਾਉਂਦਿਆਂ 65 ਵਾਰ ਰੱਸੀ ਕੁੱਦਣ ਦਾ ਰਿਕਾਰਡ ਵੀ ਇੰਡੀਆ ਬੁਕ ਆਫ ਰਿਕਾਰਡਜ਼ ਵਿਚ ਦਰਜ ਕਰਵਾ ਕੇ ਖੇਡ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਇਆ ਹੈ।

ਗਤਕਾ ਮੁਕਾਬਲੇ ਰਾਸ਼ਟਰੀ ਪੱਧਰ ਤੋਂ ਇਲਾਵਾ ਅੰਤਰਰਾਸ਼ਟਰੀ ਪੱਧਰ 'ਤੇ ਵੀ ਕਰਵਾਏ ਜਾ ਰਹੇ ਹਨ। ਹੁਣ ਅਮਰੀਕਾ, ਕੈਨੇਡਾ, ਇੰਗਲੈਂਡ, ਨਿਊਜ਼ੀਲੈਂਡ, ਆਸਟ੍ਰੇਲੀਆ ਵਰਗੇ ਦੇਸ਼ਾਂ ਵਿਚ ਵੀ ਗਤਕਾ ਮੁਕਾਬਲਿਆਂ ਦੀ ਧੁੰਮ ਨਜ਼ਰ ਆਉਂਦੀ ਹੈ। ਪਰ ਹਾਲੇ ਵੀ ਇਸ ਨੂੰ ਪੇਸ਼ੇਵਰ ਖੇਡ ਵਜੋਂ ਸਥਾਪਤ ਹੋਣ ਲਈ ਜਿਸ ਮਾਲੀ ਸਹਿਯੋਗ ਦੀ ਦਰਕਾਰ ਹੈ, ਉਹ ਉਸ ਨੂੰ ਹਾਸਲ ਨਹੀਂ ਹੋਇਆ।

ਪੰਜਾਬੀ ਯੂਨੀਵਰਸਿਟੀ ਦਾ ਡਿਪਲੋਮਾ ਧਾਰਕ ਗਤਕੇ 'ਤੇ ਆਧਾਰਿਤ ਸਿਖਲਾਈ ਹਾਸਲ ਕਰਨ ਤੋਂ ਬਾਅਦ 10 ਹਜ਼ਾਰ ਰੁਪਏ ਮਹੀਨਾ ਤੱਕ ਦੀ ਹੀ ਗਤਕਾ ਕੋਚ ਜਾਂ ਸਪੋਰਟਸ ਟੀਚਰ ਦੀ ਨੌਕਰੀ ਹਾਸਲ ਕਰ ਸਕਦਾ ਹੈ।

ਕਿਸੇ ਸਮੇਂ ਅੰਗਰੇਜ਼ਾਂ ਵੱਲੋਂ 'ਹਿੰਸਕ ਮਾਰਸ਼ਲ ਆਰਟ' ਕਰਾਰ ਦਿੰਦਿਆਂ ਜਿਸ ਗਤਕੇ 'ਤੇ ਪਾਬੰਦੀ ਲਾ ਦਿੱਤੀ ਗਈ ਸੀ, ਉਹੀ ਗਤਕਾ ਅੱਜ ਆਪਣੇ ਬਲਬੂਤੇ ਇਕ-ਇਕ ਪੁਲਾਂਘ ਪੁੱਟਦਿਆਂ ਆਪਣੀ ਅਹਿਮ ਥਾਂ ਬਣਾ ਰਿਹਾ ਹੈ।

## ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ

ਗੁਰੂ ਜੀ ਨੇ ਯੁੱਧ ਨੀਤੀ ਅਨੁਸਾਰ ਖਿਦਰਾਣੇ ਦੀ ਢਾਬ ਤੇ ਮੋਰਚਾ ਬਣਾ ਉਸ ਨਾਲ ਟਾਕਰਾ ਕਰਨਾ ਵਧੇਰੇ ਯੋਗ ਸਮਝਿਆ। ਮਾਝੇ ਦੇ ਸਿੰਘਾਂ ਦਾ ਜਥਾ ਜਦੋਂ ਗੁਰੂ ਪਾਤਸ਼ਾਹ ਦੀ ਭਾਲ ਕਰਦਾ ਹੋਇਆ ਖਿਦਰਾਣੇ ਦੀ ਢਾਬ ਪਾਸ ਪੁੱਜਾ ਤਾਂ ਇਨਾਂ ਨੂੰ ਵੀ ਵਜ਼ੀਦ ਖ਼ਾਨ ਦੀ ਫ਼ੌਜ ਦੇ ਪੁੱਜਣ ਦੀ ਖ਼ਬਰ ਮਿਲੀ, ਜਿਸ 'ਤੇ ਸਿੰਘਾਂ ਨੇ ਆਪੋ-ਆਪਣੇ ਮੋਰਚੇ ਸੰਭਾਲ਼ ਲਏ। ਸਾਰੀ ਮੁਗ਼ਲ ਫ਼ੌਜ ਵੀ ਉਸੇ ਪਾਸੇ ਝੁਕ ਗਈ। ਉੱਧਰ ਮਾਤਾ ਭਾਗ ਕੌਰ ਅਤੇ ਭਾਈ ਮਹਾਂ ਸਿੰਘ ਦੀ ਅਗਵਾਈ ਹੇਠ ਸਿੰਘਾਂ ਨੇ ਦੁਸ਼ਮਣ ਫ਼ੌਜਾਂ 'ਤੇ ਹੱਲਾ ਬੋਲ ਦਿੱਤਾ, ਸੈਂਕੜੇ ਮੁਗ਼ਲ ਫ਼ੌਜੀ ਮਾਰੇ ਗਏ। ਦਸਮੇਸ਼ ਜੀ ਨੇ ਵੀ ਟਿੱਬੀ ਤੋਂ ਤੀਰਾਂ ਦੀ ਝੜੀ ਲਾ ਦਿੱਤੀ। ਬਹੁਤ ਸਾਰੇ ਦੁਸ਼ਮਣ ਜਰਨੈਲ ਗੁਰੂ ਜੀ ਦੇ ਤੀਰਾਂ ਦੀ ਭੇਟ ਚੜੇ। ਬਹਾਦਰ ਸਿੰਘ ਤਲਵਾਰਾਂ ਲੈ ਕੇ ਮੁਗ਼ਲਾਂ ਉੱਤੇ ਟੁੱਟ ਪਏ। ਮੁਗ਼ਲਾਂ ਦੇ ਮੈਦਾਨੋਂ ਭੱਜਣ 'ਤੇ ਗੁਰੂ ਜੀ ਨੇ ਰਣਭੂਮੀ ਵਿਚ ਆ ਕੇ ਵੇਖਿਆ ਕਿ ਢਾਬ ਦੇ ਕੰਢੇ ਜ਼ਖ਼ਮੀ ਹਾਲਤ ਵਿੱਚ ਮਾਤਾ ਭਾਗੋ ਬੈਠੀ ਹੋਈ ਸੀ।

ਸਹਿਕਦੇ ਹੋਏ ਭਾਈ ਮਹਾਂ ਸਿੰਘ ਜੀ ਨੂੰ ਕਲ਼ਗੀਧਰ ਨੇ ਗੋਦ 'ਚ ਲਿਆ ਤੇ ਅੰਤਮ ਇੱਛਾ ਬਾਰੇ ਪੁੱਛਿਆ ਤਾਂ ਭਰੀਆਂ ਅੱਖਾਂ ਨਾਲ ਮਹਾਂ ਸਿੰਘ ਨੇ ਕਿਹਾ,'ਅੰਤ ਸਮੇਂ ਆਪ ਦੇ ਦਰਸ਼ਨ ਹੋ ਗਏ, ਹੋਰ ਕੋਈ ਇੱਛਾ ਆਸ ਨਹੀਂ ਰਹੀ ਜੇ ਆਪ ਤੁੱਠੇ ਹੋ ਤਾਂ ਕਿਰਪਾ ਕਰੋ ਕਿ ਬਿਖੜੇ ਹਾਲਤਾਂ ਕਾਰਨ ਅਸੀਂ ਆਪ ਜੀ ਤੋਂ ਵਿੱਛੜ ਗਏ ਸਾਂ ਉਸ ਨੂੰ ਨਾ ਚਿਤਾਰਦੇ ਹੋਏ ਸਾਨੂੰ ਬਖ਼ਸ਼ ਲਓ।' ਸ਼ਹਿਨਸ਼ਾਹ ਗੁਰੂ ਨੇ ਭਾਈ ਮਹਾਂ ਸਿੰਘ ਦੀ ਭਾਵਨਾ ਪੂਰੀ ਕੀਤੀ ਅਤੇ ਭਾਈ ਮਹਾਂ ਸਿੰਘ ਗੁਰੂ ਗੋਦ ਵਿਖੇ ਹੀ ਅਕਾਲ ਚਲਾਣਾ ਕਰ ਗਏ। ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕਰਵਾ ਕੇ ਗੁਰੂ ਸਾਹਿਬ ਜੀ ਇੱਥੋਂ 20-21 ਜਨਵਰੀ 1706 ਈ. ਦੇ ਨੇੜੇ ਸਾਬੋ ਦੀ ਤਲਵੰਡੀ ਪਹੁੰਚ ਗਏ। ਇੱਥੇ ਦਮਦਮਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੌਂ ਮਹੀਨੇ ਨੌਂ ਦਿਨ ਠਹਿਰੇ, ਜਿਸ ਦੌਰਾਨ ਲਿਖਾਰੀ ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕਰਵਾਏ ਤੇ 'ਸ਼ਬਦ ਗੁਰੂ ਗ੍ਰੰਥ' ਦੇ ਅਰਥ ਸਿਖਾਏ। ਕੋਈ ਨਿਰਮਲਾ ਭਗਵਾਰੰਗੀ ਸਾਧੜਿਆਂ ਦੀ ਟਕਸਾਲ ਨਹੀਂ ਚਲਾਈ ਸਗੋਂ ਗੁਰਮਤਿ ਪ੍ਰਚਾਰ ਦੀ ਸੇਵਾ ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ ਨੂੰ ਸੌਂਪੀ ਜੋ ਅੱਗੇ ਸਿਖਾਉਂਦੇ ਰਹੇ। ਮਾਤਾ ਜੀਤੋ (ਸੁੰਦਰੀ) ਜੀ ਵੀ ਦਿੱਲੀ ਤੋਂ ਗੁਰੂ ਜੀ ਦੇ ਸੱਦੇ 'ਤੇ ਪਹਿਲੀ ਵਾਰ ਦਮਦਮਾ ਸਾਹਿਬ ਵਿਖੇ 1706 ਦੀ ਵੈਸਾਖੀ ਨੂੰ ਪਹੁੰਚੇ ਜਦ ਚਾਰੇ ਸਾਹਿਬਜ਼ਾਦੇ ਨਜ਼ਰ ਨਾਂ ਆਏ ਤਾਂ ਪੁੱਛਣ 'ਤੇ ਗੁਰੂ ਪਾਤਸ਼ਾਹ ਨੇ ਭਰੇ ਦੀਵਾਨ ਵਿੱਚ ਬੈਠੇ ਸਿੰਘਾਂ ਵੱਲ ਇਸ਼ਾਰਾ ਕਰਕੇ ਕਿਹਾ- 'ਇਨ ਪੁਤਰਨ ਕੇ ਸੀਸ ਪਹਿ, ਵਾਰ ਦੀਏ ਸੁਤ ਚਾਰ। ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ।' ਭਾਵ ਇਹ ਚਾਰ ਹੀ ਨਹੀਂ ਸਗੋਂ ਬਾਕੀ ਹਜ਼ਾਰਾਂ ਜੀਵਤ ਮੇਰੇ ਹੀ ਸਾਹਿਬਜ਼ਾਦੇ ਹਨ। ਗੁਰੂ ਗੋਬਿੰਦ ਸਿੰਘ ਜੀ ਇੱਥੋਂ 30 ਅਕਤੂਬਰ, 1706 ਈ. ਨੂੰ ਦੱਖਣ ਵੱਲ ਚੱਲ ਪਏ। ਔਰੰਗਜ਼ੇਬ 21 ਫਰਵਰੀ,1707 ਨੂੰ ਸਪੁਰਦੇ-ਖਾਕ ਹੋ ਗਿਆ। ਬਹਾਦਰ ਸ਼ਾਹ ਨੇ ਦਿੱਲੀ ਦੇ ਤਖ਼ਤ 'ਤੇ ਬੈਠਣ ਲਈ ਮਦਦ ਮੰਗੀ ਤਾਂ ਪਾਤਸ਼ਾਹ ਨੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਜੀ ਦੀ ਕਮਾਨ ਹੇਠ ਜਥਾ ਭੇਜਿਆ। ਬਹਾਦਰ ਸ਼ਾਹ ਦੀ ਜਿੱਤ ਹੋਈ, ਉਹ ਤਖ਼ਤ 'ਤੇ ਬੈਠ ਗਿਆ। ਆਗਰੇ ਤੋਂ ਗੁਰੂ ਸਾਹਿਬ ਅਤੇ ਬਹਾਦਰ ਸਾਹ ਦੇ ਕਾਫ਼ਲੇ 13 ਮਈ, 1708 ਦੇ ਦਿਨ ਬੁਰਹਾਨਪੁਰ ਪੁੱਜੇ। ਵਜੀਰ ਖਾਨ ਦੇ ਨੁਮਾਇੰਦਿਆਂ ਦਾ ਮੇਲ ਬਾਦਸ਼ਾਹ ਨਾਲ ਬੁਰਹਾਨਪੁਰ ਹੋਇਆ ਕਿਉਂਕਿ ਬਹਾਦਰ ਸਾਹ, ਮਈ, 1708 ਦੇ ਦੋ ਹਫ਼ਤੇ ਨਰਮਦਾ ਦਰਿਆ ਵਿੱਚ ਹੜ ਆਏ ਹੋਣ ਕਾਰਨ ਬੁਰਹਾਨਪੁਰ ਰੁਕਿਆ ਰਿਹਾ ਸੀ। ਵਜੀਰ ਖਾਨ-ਸੂਬਾ ਸਰਹੰਦ ਦੇ ਏਲਚੀਆਂ ਦੁਆਰਾ ਮਿਲੀ ਰਕਮ ਕਾਰਨ ਬਹਾਦਰ ਸ਼ਾਹ ਦੀ ਨੀਅਤ ਬਦਲ ਗਈ, ਉਸ ਨੇ ਗੁਰੂ ਸਾਹਿਬ ਤੋਂ ਦੂਰ ਰਹਿਣਾ ਸ਼ੁਰੂ ਕਰ ਦਿੱਤਾ। ਦਰਅਸਲ, ਹੁਣ ਉਹ ਵਜ਼ੀਰ ਖਾਂ ਖ਼ਿਲਾਫ਼ ਕਾਰਵਾਈ ਨਹੀਂ ਕਰਨੀ ਚਾਹੁੰਦਾ ਸੀ। ਗੁਰੂ ਸਾਹਿਬ ਅਤੇ ਬਹਾਦਰ ਸਾਹ ਵਿੱਚ ਆਖ਼ਰੀ ਮੁਲਾਕਾਤ, 25 ਜੂਨ, 1708 ਮਗਰੋਂ ਬਾਲਾਪੁਰ ਵਿਖੇ ਅਗਸਤ, 1708 'ਚ ਹੋਈ ਤਾਂ ਗੁਰੂ ਸਾਹਿਬ ਨੇ ਸਮਝ ਲਿਆ ਕਿ ਬਹਾਦਰ ਸਾਹ ਲਾਲਚ ਵੱਸ ਸੂਬਾ ਸਰਹੰਦ ਦੁਆਰਾ ਮਜ਼ਲੂਮਾਂ ਉੱਤੇ ਕੀਤੀ ਗਈ ਕਾਰਵਾਈ ਨੂੰ ਬੁਰਾ ਨਹੀਂ ਮੰਨਦਾ, ਇਸ ਬਦਨੀਤੀ ਕਰਕੇ ਉਸ ਦਾ ਸਾਥ ਛੱਡ, ਗੁਰੂ ਸਾਹਿਬ ਨੰਦੇੜ ਚਲੇ ਗਏ ਤੇ ਫ਼ੈਸਲਾ ਕੀਤਾ ਕਿ ਬਾਦਸ਼ਾਹ ਤੋਂ ਆਸ ਛੱਡ, ਆਪ ਇਨਸਾਫ਼ ਕਾਇਮ ਕੀਤਾ ਜਾਵੇ। ਜਿੱਥੇ ਉਨਾਂ ਦਾ ਮੇਲ 3 ਸਤੰਬਰ, 1708 ਦੇ ਦਿਨ ਮਾਧੋ ਦਾਸ ਬੈਰਾਗੀ ਨਾਲ ਗੋਦਾਵਰੀ 'ਤੇ ਹੋਇਆ ਜਿੱਥੇ ਉਹ ਤਖ਼ਤਪੋਸ਼ 'ਤੇ ਗੱਦੀ ਲਗਾ ਬੈਠ, ਆਏ ਗਏ ਲੋਗਾਂ ਨੂੰ ਕਰਾਮਾਤ ਦੇ ਡਰਾਵਿਆਂ ਨਾਲ ਡਰਾਉਂਦਾ ਸੀ। ਲੋਕ ਉਸ ਨੂੰ ਬਲੀਦਾਨ ਲਈ ਬੱਕਰੇ ਭੇਟ ਕਰਦੇ ਸਨ। ਗੁਰੂ ਦੇ ਇਸ਼ਾਰੇ ਤੇ ਸਿੰਘਾਂ ਨੇ ਜਦ ਉਸ ਦੇ ਕੁਝ ਬੱਕਰੇ ਝਟਕਾ ਦਿੱਤੇ ਤਾਂ ਉਹ ਅੱਗ ਬਲੂਲਾ ਹੋ ਕਹਿਣ ਲੱਗਾ ਤੁਸੀਂ ਇਹ ਵੱਡਾ ਪਾਪ ਕੀਤਾ ਹੈ ਤਾਂ ਪਾਤਸ਼ਾਹ ਨੇ ਗਰਜਵੀਂ ਅਵਾਜ਼ ਵਿਚ ਕਿਹਾ ਕਿ ਪਾਖੰਡੀ ਸਾਧਾ! ਤੈਨੂੰ ਚਾਰ ਬੱਕਰੇ ਝਟਕਾਉਣ ਦਾ ਏਨਾਂ ਦੁੱਖ ਤੇ ਪੰਜਾਬ 'ਚ ਛੱਤਰਿਆਂ ਵਰਗੇ ਜਵਾਨ ਜ਼ਾਲਮ ਨਿਤਾ ਪ੍ਰਤੀ ਝਟਕਾਈ ਜਾ ਰਹੇ ਨੇ ਤੈਨੂੰ ਉਨਾਂ ਦਾ ਕੋਈ ਦੁੱਖ ਨਹੀਂ ਤਾਂ ਮਾਧੋਂ ਦਾਸ ਬੈਰਾਗੀ ਚਰਨੀਂ ਢਹਿ ਪਿਆ। ਗੁਰੂ ਨੇ ਉਸ ਨੂੰ ਸਿੰਘ ਸਜਾ ਪਾਖੰਡੀ ਸਾਧ ਤੋਂ ਬੰਦਾ ਸਿੰਘ ਬਹਾਦਰ ਬਣਾ, ਪੰਜਾਬ ਵੱਲ ਤੋਰਿਆ ਤੇ ਉਸ ਨੇ ਜ਼ਾਲਮਾਂ ਨੂੰ ਸੋਧਦੇ ਸਾਹਿਬਜ਼ਾਦਿਆਂ ਦੇ ਕਾਤਲਾਂ ਤੇ ਦੁਸ਼ਟਾਂ ਨੂੰ ਸਖ਼ਤ ਸਜਾਵਾਂ ਦਿੱਤੀਆਂ।

5 ਅਕਤੂਬਰ, 1708 ਦੇ ਦਿਨ ਬਾਬਾ ਬੰਦਾ ਸਿੰਘ ਬਹਾਦਰ ਜਦ ਨੰਦੇੜ ਤੋਂ ਚੱਲੇ, ਉਸੇ ਦਿਨ ਸ਼ਾਮ ਨੂੰ ਗੁਰੂ ਸਾਹਿਬ ਦੇ ਆਰਾਮ ਕਰਦਿਆਂ, ਗੁਲਖ਼ਾਨ ਦੀ ਮਦਦ ਨਾਲ ਜਮਸ਼ੇਦ ਖਾਨ ਪਠਾਣ ਨੇ ਉਨਾਂ ਉੱਤੇ ਕਟਾਰ ਨਾਲ ਵਾਰ ਕਰ ਦਿੱਤਾ ਜਿਸ ਨਾਲ ਗੁਰੂ ਗੋਬਿੰਦ ਸਿੰਘ ਜੀ ਬੁਰੀ ਤਰਾਂ ਜ਼ਖ਼ਮੀ ਹੋ ਗਏ ਪਰ ਗੁਰੂ ਜੀ ਨੇ ਮੋੜਵਾਂ ਵਾਰ ਕਰਕੇ ਜਮਸ਼ੇਦ ਖਾਨ ਨੂੰ ਢੇਰੀ ਕਰ ਦਿੱਤਾ। ਗੁਰੂ ਸਾਹਿਬ ਜੀ ਆਪ ਵੀ ਗੰਭੀਰ ਜ਼ਖ਼ਮੀ ਹੋਣ ਕਾਰਨ 7 ਅਕਤੂਬਰ ਸੰਨ 1708 ਈਸਵੀ ਨੂੰ ਸਵੇਰ ਵੇਲੇ 'ਸ਼ਬਦ ਗੁਰੂ ਗ੍ਰੰਥ' ਨੂੰ ਸਦੀਵੀ ਗੁਰਗੱਦੀ ਸੌਂਪ ਇਹ ਹੁਕਮ ਕਰਦੇ ਕਿ 'ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ ਅਤੇ ਜੋ ਪ੍ਰਭ ਕਉ ਮਿਲਬੋ ਚਹੈ ਖੋਜ ਸ਼ਬਦ ਮੇਂ ਲੇ' ਕਹਿ ਜੋਤੀ ਜੋਤਿ ਸਮਾ ਗਏ। ਸਰਬੰਸਦਾਨੀ ਗੁਰੂ ਜੀ ਨੇ ਸਾਰੀ ਉਮਰ ਰੱਬੀ ਭਗਤਾਂ, ਨਾਨਕ ਜੋਤ ਪਹਿਲੇ ਗੁਰੂਆਂ ਦੀ ਬਾਣੀ ਜੀਵਨ ਦਾ ਉਪਦੇਸ਼ ਹੀ ਜਗਤ ਨੂੰ ਦਿੰਦੇ, ਸ਼ਬਦ ਗੁਰੂ ਗ੍ਰੰਥ ਦੇ ਸਿੱਖਿਆ ਸਿਧਾਂਤਾਂ ਦੀ ਪਾਲਣਾ ਕਰਨ, ਕਿਰਤ ਵਿਰਤ ਕਰਦੇ ਵੰਡ ਛਕਣ, ਨਾਮ ਜਪਣ, ਮਰਦਾਵੀਂ ਖੇਡਾਂ ਖੇਡਦੇ, ਨਿਰਭਉ ਤੇ ਨਿਰਵੈਰ ਹੋ ਸੰਤ-ਸਿਪਾਹੀ ਬਿਰਤੀ ਧਾਰਨ ਕਰ, ਵਹਿਮ-ਭਰਮ-ਬਿਪਰ ਰੀਤਾਂ ਛੱਡਣ, ਭਰਾ ਮਾਰੂ ਜੰਗ ਤੋਂ ਬਚਣ, ਹਰ ਸੁਖ-ਦੁੱਖ, ਔਕੜ-ਆਫ਼ਤ ਤੇ ਗਲ ਆ ਪਏ ਦੁਸ਼ਮਣ ਵੇਲੇ ਜ਼ੁਰਮ ਨਾਲ ਜੂਝਣ ਤੇ ਕਿਸੇ ਡਰ ਖੌਫ ਜਾਂ ਲਾਲਚ 'ਚ ਈਨ ਨਾਂ ਮੰਨਣ ਦਾ ਸਦਾ ਚੜਦੀ ਕਲਾ ਵਿਚ ਰਹਿਣ ਵਾਲਾ ਸੁਨਹਿਰੀ ਉਪਦੇਸ਼ ਦਿੱਤਾ ਜਿਸ 'ਤੇ ਅੱਜ ਵੀ ਸਾਨੂੰ ਮਾਣ ਤੇ ਅਮਲ ਕਰਨਾ ਚਾਹੀਦਾ ਹੈ।

## ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

'ਕੁਝ ਹੋਰ ਫ਼ੌਜ ਮੰਗਵਾ ਕੇ ਹਮਲਾ ਕਿਉਂ ਨਾ ਕਰ ਦਿੱਤਾ ਜਾਵੇ।' ਇਹ ਫ਼ੈਸਲਾ ਹੋ ਜਾਣ ਦੇ ਪਿੱਛੋਂ ਰਾਜਾ ਗੁਪਾਲ ਚੰਦ ਭਦੌੜੀਏ ਨੇ ਫੇਰ ਆਖ ਦਿੱਤਾ।

'ਤੁਸੀਂ ਆਪਣੀ ਫ਼ੌਜ ਲੈ ਕੇ ਹੁਣੇ ਹਮਲਾ ਕਰ ਦਿਓ, ਅਸਾਨੂੰ ਕੋਈ ਇਤਰਾਜ਼ ਨਹੀਂ।' ਜ਼ਕਰੀਆ ਖਾਨ ਨੇ ਕਿਹਾ, ਸੁਣਕੇ ਗੁਪਾਲ ਚੰਦ ਕਟਿਆ ਜਿਹਾ ਗਿਆ, ਉਹ ਮੁੜ ਕੇ ਕੁਝ ਨਹੀਂ ਬੋਲਿਆ। ਇਕੱਠ ਖ਼ਤਮ ਹੋ ਗਿਆ।

ਸਿੱਖ ਗੁਰਦਾਸ ਨੰਗਲ ਦੀ ਕੱਚੀ ਗੜੀ ਵਿਚ ਜਾ ਬੈਠੇ। ਕਲਾਨੌਰ ਦੇ ਮੌਲਾਨਾ ਬਸ਼ੀਰ ਅਹਿਮਦ ਨੇ ਉਸ ਵਿਚ ਕੋਈ ਇਕ ਮਹੀਨੇ ਦਾ ਅੰਨ ਦਾਣਾ ਪੁਚਾ ਦਿੱਤਾ ਸੀ ਤੇ ਹਾਲ ਹੋਰ ਪੁਚਾਉਂਦਾ ਚੱਲਿਆ ਜਾ ਰਿਹਾ ਸੀ ਉਹ ਇਹ ਕੰਮ ਇਤਨੀ ਲਗਨ ਨਾਲ ਕਰ ਰਿਹਾ ਸੀ ਕਿ ਬੰਦਾ ਸਿੰਘ ਬਹਾਦਰ ਨੂੰ ਆਪ ਉਠਕੇ ਉਸਨੂੰ ਸ਼ਾਬਾਸ਼ ਦੇਣੀ ਪਈ ਤੇ ਉਮਦਾ ਧੰਨਵਾਦ ਕਰਨਾ ਪਿਆ।ਅੰਨ ਦਾਣੇ ਵੱਲੋਂ ਕਾਫ਼ੀ ਬੇਫ਼ਿਕਰੀ ਹੋ ਗਈ। ਬਾਬਾ ਬੰਦਾ ਸਿੰਘ ਬਹਾਦਰ ਪਾਸ ਇਸ ਸਮੇਂ ਸਾਰੇ ਹੀ ਸਰਦਾਰ ਬੈਠੇ ਸਨ। ਸਰਦਾਰ ਬਾਜ਼ ਸਿੰਘ ਨੇ ਕਿਹਾ, 'ਵੈਰੀ ਨੂੰ ਹਮਲਾ ਕਰਨ ਦਾ ਹੌਸਲਾ ਤਾਂ ਮੇਰੀ ਜਾਚੇ ਨਹੀਂ ਪਏਗਾ। ਅੱਜ ਉਸਨੇ ਬੜੀ ਮਾਰ ਖਾਧੀ ਹੈ।'

'ਅਸਾਡੀ ਗਿਣਤੀ ਬਹੁਤ ਘੱਟ ਹੈ ਪੰਜ ਸੌ ਦੇ ਲਗਭਗ ਸਿੰਘ ਅੱਜ ਦੀ ਲੜਾਈ ਵਿਚ ਸ਼ਹੀਦ ਹੋ ਗਏ ਹਨ।' ਸਰਦਾਰ ਸ਼ਾਮ ਸਿੰਘ ਨੇ ਕਿਹਾ।

'ਸਰਦਾਰ ਜੀ ਗੁਰੂ ਮਹਾਰਾਜ ਨੇ ਇਕ ਇਕ ਸਿੰਘ ਨੂੰ ਸਵਾ ਲੱਖ ਨਾਲ ਲੜਨ ਦੇ ਸਮਰੱਥ ਬਣਾਇਆ ਹੈ। ਇਕ ਸਿੱਖ ਆਪਣੇ ਆਪ ਨੂੰ ਸਵਾ ਲੱਖ ਦੇ ਬਰਾਬਰ ਸਮਝਦਾ ਹੈ। ਇਸ ਹਿਸਾਬ ਨਾਲ ਗਿਣਤੀ ਕਰੋ ਤੇ ਫੇਰ ਵੇਖੋ ਦੁਸ਼ਮਣ ਬਹੁਤੇ ਹਨ ਕਿ ਕਲਗੀਆਂ ਵਾਲੇ ਸਤਿਗੁਰੂ ਦੀ ਇਹ ਫ਼ੌਜ।' ਬਾਬਾ ਬੰਦਾ ਸਿੰਘ ਬਹਾਦਰ ਨੇ ਕਿਹਾ ਤੇ ਸਾਰੇ ਹੀ ਹੱਸ ਪਏ।

ਭਾਵੇਂ ਮੌਲਾਨਾ ਬਸ਼ੀਰ ਅਹਿਮਦ ਨੇ ਰਾਸ਼ਨ ਇਕੱਠਾ ਕਰਨ ਵਿਕ ਅਸਾਡੀ ਬੜੀ ਮਦਦ ਕੀਤੀ ਹੈ ਪਰ ਮੈਂ ਸਮਝਦਾ ਹਾਂ ਕਿ ਰਾਸ਼ਨ ਜਿਤਨਾ ਭੀ ਹੋ ਸਕੇ, ਇਕੱਠਾ ਕਰ ਲੈਣਾ ਚਾਹੀਦਾ ਹੈ। ਘੇਰਾ ਦਿਨੋਂ ਦਿਨ ਵਧੇਰੇ ਸਖ਼ਤ ਹੁੰਦਾ ਜਾਣਾ ਹੈ। ਬਾਬਾ ਬਿਨੋਦ ਸਿੰਘ ਦਾ ਖਿਆਲ ਸੀ ਤੇ ਇਸ ਨਾਲ ਸਭ ਨੇ ਸਹਿਮਤੀ ਪ੍ਰਗਟ ਕੀਤੀ ਤੇ ਇਹ ਕੰਮ ਉਹਨਾਂ ਦੇ ਹੀ ਜ਼ਿੰਮੇ ਲਾ ਦਿੱਤਾ ਲਿਆ।

ਕੁਝ ਰਾਸ਼ਨ ਰਾਤੋਂ ਰਾਤ ਹੋਰ ਲਿਆਂਦਾ ਗਿਆ ਅਗਲੇ ਦਿਨ ਹੀ ਸ਼ਾਹੀ ਫ਼ੌਜਾਂ ਨੇ ਗੜੀ ਨੂੰ ਚੌਹਾਂ ਪਾਸਿਆਂ ਤੋਂ ਘੇਰ ਲਿਆ। ਪਰੰਤੂ ਹਾਲਾਂ ਇਹ ਘੇਰਾ ਗੜੀ ਦੀਆਂ ਕੰਧਾਂ ਤੋਂ ਦੋ ਦੋ ਕੋਹ ਦੀ ਦੂਰੀ ਤੇ ਸੀ। ਗੜੀ ਦੇ ਨੇੜੇ ਆਉਣ ਲਈ ਬਾਬਾ ਬੰਦਾ ਸਿੰਘ ਦੇ ਜਾਦੂ ਤੋਂ ਡਰਦਾ ਕੋਈ ਵੀ ਹੌਸਲਾ ਨਹੀਂ ਸੀ ਕਰ ਰਿਹਾ। ਦਿਨ ਲੰਘਦੇ ਚਲੇ ਗਏ, ਘੇਰਾ ਲੰਮੇ ਤੋਂ ਲੰਮਾ ਹੁੰਦਾ ਗਿਆ। ਦਿਨ ਦਿਨ ਕਰਕੇ ਹਫ਼ਤੇ ਤੇ ਹਫ਼ਤਾ ਹਫ਼ਤਾ ਕਰਕੇ ਮਹੀਨੇ ਲੰਘਣ ਲੱਗੇ। ਇਸ ਜੰਗ ਵਿਚ ਬਾਬਾ ਬਿਨੋਦ ਸਿੰਘ ਦਾ ਹੌਸਲਾ, ਹਿੰਮਤ ਤੇ ਬਹਾਦਰੀ ਵੇਖ ਕੇ ਦੰਗ ਰਹਿ ਗਏ। ਉਹਨਾਂ ਨੂੰ ਜਿਵੇਂ ਇਸ ਨਾਕਾਬੰਦੀ ਦਾ ਪ੍ਰਵਾਹ ਹੀ ਕੋਈ ਨਹੀਂ ਸੀ, ਉਹ ਸੌ ਦੋ ਸੌ ਸਿੰਘਾਂ ਨੂੰ ਲੈ ਕੇ ਰੋਜ਼ ਹੀ ਤਲਵਾਰ ਦੇ ਜ਼ੋਰ ਨਾਲ ਦੁਸ਼ਮਣ ਦੀਆਂ ਸਟਾਂ ਚੀਰ ਕੇ ਬਾਹਰ ਨਿਕਲ ਜਾਂਦੇ ਅਤੇ ਸਿੰਘਾਂ ਲਈ ਰਾਸ਼ਨ ਤੇ ਘੋੜਿਆਂ ਲਈ ਚਾਰਾ ਲੈ ਕੇ ਮੁੜਦੇ। ਅਬਦੁਸ ਸਮਦ ਖਾਨ ਨੂੰ ਇਸ ਗਲ ਦਾ ਪਤਾ ਲੱਗਾ ਤਾਂ ਉਹ ਹੋਰ ਘਬਰਾ ਗਿਆ। ਉਸਨੇ ਕਿਹਾ-ਇਹਨਾਂ ਕੋਲੋਂ ਬਚ ਕੇ ਰਹੋ, ਇਹ ਆਦਮੀ ਜਾਦੂਗਰ ਬੰਦਾ ਜਾਦੂ ਨਾਲ ਬਣਾ ਕੇ ਭੇਜਦਾ ਹੈ ।' ਇਹ ਗੱਲ ਸ਼ਾਹੀ ਫ਼ੌਜਾਂ ਵਿਚ ਚੱਲ ਨਿਕਲੀ ਤੇ ਉਹ ਹੋਰ ਬੇਦਿਲ ਹੋ ਗਈਆਂ।

ਘੇਰੇ ਨੂੰ ਛੇ ਮਹੀਨੇ ਹੋ ਗਏ, ਘੇਰਾ ਹੁਣ ਵਧੇਰੇ ਤੰਗ ਹੋ ਚੁੱਕਿਆ ਸੀ। ਨਾਕਾਬੰਦੀ ਇਤਨੀ ਕਰੜੀ ਹੋ ਚੁੱਕੀ ਸੀ ਕਿ ਨਾ ਕੋਈ ਗੜੀ ਦੇ ਅੰਦਰ ਆ ਸਕਦਾ ਸੀ ਨਾ ਕੋਈ ਗੜੀ ਤੋਂ ਬਾਹਰ ਜਾ ਸਕਦਾ ਸੀ। ਰਾਸ਼ਨ ਖ਼ਤਮ ਹੋਣ ਤੇ ਆ ਗਿਆ ਸੀ ਤੇ ਹੁਣ ਬਾਹਰੋਂ ਰਾਸ਼ਨ ਆਉਣਾ ਅਸੰਭਵ ਹੋ ਚੁੱਕਿਆ ਸੀ।

ਬਾਬਾ ਬਿਨੋਦ ਸਿੰਘ ਇਸ ਹਾਲਤ ਤੋਂ ਵਧੇਰੇ ਪ੍ਰੇਸ਼ਾਨ ਸਨ, ਕਿਉਂਕਿ ਉਹਨਾਂ ਲਈ ਹੁਣ ਆਪਣੀ ਜ਼ਿੰਮੇਵਾਰੀ ਨਿਭਾਉਣੀ ਸੰਭਵ ਨਹੀਂ ਸੀ ਰਹੀ। ਇਕ ਮਹੀਨਾ ਹੋਰ ਬੀਤ ਗਿਆ। ਰਾਸ਼ਨ ਖ਼ਤਮ ਹੋਏ ਨੂੰ ਅੱਜ ਤੀਜਾ ਦਿਨ ਸੀ ਤੇ ਤਿੰਨਾਂ ਦਿਨਾਂ ਤੋਂ ਹੀ ਲੰਗਰ ਮਸਤਾਨਾ ਸੀ ਭੁੱਖ ਨਾਲ ਸਿੰਘਾਂ ਨੂੰ ਗ਼ਸ਼ੀਆਂ ਆਉਣੀਆਂ ਸ਼ੁਰੂ ਹੋ ਗਈਆਂ ਸਨ। ਚੰਬੇ ਦੀ ਚੰਬੇਲੀ ਤੇ ਬਾਬਾ ਜੀ ਦਾ ਜਿਗਰ ਦਾ ਟੁਕੜਾ ਅਜੈ ਸਿੰਘ ਉਹਨਾਂ ਦੇ ਨਾਲ ਸੀ, ਦੋਵੇਂ ਹੀ ਭੁੱਖ ਨਾਲ ਤੜਪ ਰਹੇ ਸਨ।

'ਹੁਣ ਕੀ ਕਰੀਏ ਮਹਾਰਾਜ।' ਬਾਬਾ ਬਿਨੋਦ ਸਿੰਘ ਨੇ ਪੁੱਛਿਆ।

'ਬਾਬਾ ਜੀ ਇਹ ਘੋੜੇ ਹੁਣ ਕੀ ਕਰਨੇ ਹਨ, ਇਹਨਾਂ ਨੂੰ ਝਟਕਾਉ ਤੇ ਖਾਣਾ ਸ਼ੁਰੂ ਕਰੋ।' ਬਾਬਾ ਬੰਦਾ ਸਿੰਘ ਬਹਾਦਰ ਨੇ ਆਖਿਆ

ਘੋੜੇ ਝਟਕਾਏ ਜਾਣ ਲੱਗੇ ਤੇ ਉਹਨਾਂ ਦਾ ਮਾਸ ਰਿੰਨ ਰਿੰਨ ਕੇ ਖਾਧਾ ਜਾਣ ਲੱਗਾ। ਇਹ ਸਿਲਸਿਲਾ ਭੀ ਬਹੁਤੇ ਦਿਨ ਨਹੀਂ ਚੱਲ ਸਕਿਆ ਗੜੀ ਵਿਚ ਅੱਗ ਨੂੰ ਸੰਭਾਲ ਕੇ ਨਾ ਰੱਖਿਆ ਜਾ ਸਕਿਆ ਤੇ ਅੱਗ ਬਾਲਣ ਦਾ ਕੋਈ ਸਾਧਨ ਉੱਥੇ ਕੋਈ ਨਹੀਂ ਸੀ। ਨਾਲੇ ਬਾਲਣ ਭੀ ਖ਼ਤਮ ਹੋ ਚੁੱਕਿਆ ਸੀ। ਇਸ ਦਿਨ ਇਕ ਘੋੜਾ ਝਟਕਾ ਸਿੰਘਾਂ ਨੇ ਉਸਦਾ ਕੱਚਾ ਮਾਸ ਹੀ ਖਾ ਲਿਆ। ਰਾਤ ਤਕ ਉਹਨਾਂ ਵਿਚੋਂ ਬਹੁਤੇ ਬਿਮਾਰ ਹੋ ਗਏ ਤੇ ਕਈਆਂ ਦੀ ਮੌਤ ਭੀ ਹੋ ਗਈ। 'ਮਹਾਰਾਜ ਹੁਣ ਦੱਸੋ ਕੀ ਕੀਤਾ ਜਾਵੇ।' ਬਾਬਾ ਬਿਨੋਦ ਸਿੰਘ ਨੇ ਪੁੱਛਿਆ, ਉਹ ਹਮੇਸ਼ਾ ਬਾਬਾ ਬੰਦਾ ਸਿੰਘ ਬਹਾਦੁਰ ਨੂੰ ਮਹਾਰਾਜ ਕਹਿ ਕੇ ਹੀ ਬੁਲਾਉਂਦਾ ਸੀ, ਇਸ ਲਈ ਕਿ ਬਾਬਾ ਜੀ ਕਹਿ ਕੇ ਤਾਂ ਸਾਰੇ ਹੀ ਸਿੱਖ ਬੁਲਾਉਂਦੇ ਸਨ।

'ਤੁਸੀਂ ਹੀ ਦੱਸੋ।' ਬਾਬਾ ਜੀ ਨੇ ਕਿਹਾ।

'ਦੱਸਣਾ ਕੀ ਹੈ ਬਾਹਰ ਚੱਲੀਏ ਤੇ ਮਰਦੇ ਮਾਰਦੇ ਘੇਰਾ ਤੋੜ ਕੇ ਨਿਕਲ ਜਾਈਏ ਤੋਂ ਬਾਹਰ ਨਿਕਲ ਕੇ ਅਸੀਂ ਖ਼ਬਰੇ ਤਾਕਤ ਬਣਾ ਸਕੀਏ।' ਬਾਬਾ ਬਿਨੋਦ ਸਿੰਘ ਨੇ ਕਿਹਾ। ਪਰ ਬੰਦਾ ਸਿੰਘ ਬਹਾਦੁਰ ਉਹਨਾਂ ਦੀ ਇਹ ਗੱਲ ਮੰਨਣ ਲਈ ਰਾਜ਼ੀ ਨਹੀਂ ਹੋਏ।

ਉਹਨਾਂ ਕਿਹਾ, 'ਵੈਰੀ ਬਹੁਤੀ ਦੇਰ ਤਕ ਇਹ ਘੇਰਾ ਨਹੀਂ ਰੱਖ ਸਕੇਗਾ ਤੇ ਮੈਨੂੰ ਆਸ ਹੈ ਕਿ ਹੋਰ ਸਿੱਖ ਭੀ ਅਸਾਡੀ ਸਹਾਇਤਾ ਲਈ ਪੁੱਜਣ ਵਾਲੇ ਹਨ।' (ਚਲਦਾ...)

## ਸੁਪਰੀਮ ਕੋਰਟ ਖੇਤੀ ਕਾਨੂੰਨਾਂ...

ਹੁਣ ਜਦੋਂ ਕਮੇਟੀ ਉਨਾਂ ਲੋਕਾਂ ਦੀ ਹੈ, ਜੋ ਪਹਿਲਾਂ ਹੀ ਅੰਦੋਲਨ ਵਿਰੋਧੀ ਅਤੇ ਕਾਨੂੰਨਾਂ ਦੇ ਸਮਰਥਕ ਰਹੇ ਹਨ ਤਾਂ ਫਿਰ ਉਸ ਕਮੇਟੀ ਦੀ ਨਿਰਪੱਖਤਾ ਦਾ ਕੋਈ ਸਵਾਲ ਹੀ ਨਹੀਂ ਰਹਿੰਦਾ ਅਤੇ ਜੇਕਰ ਕਿਸਾਨ ਉਸ ਨਾਲ ਗੱਲ ਨਹੀਂ ਕਰਦੇ ਤਾਂ ਕੋਈ ਵਿਅਕਤੀ ਕਿਸਾਨਾਂ 'ਤੇ ਸਵਾਲ ਨਹੀਂ ਚੁੱਕ ਸਕਦਾ। ਦਰਅਸਲ, ਕਿਸਾਨ ਚਾਹੁੰਦੇ ਹਨ ਕਿ ਸਰਕਾਰ ਪਹਿਲਾਂ ਇਨਾਂ ਤਿੰਨ ਕਾਨੂੰਨਾਂ ਨੂੰ ਵਾਪਸ ਲਵੇ ਅਤੇ ਫਿਰ ਆਮ ਸਹਿਮਤੀ ਤੋਂ ਬਾਅਦ ਨਵੇਂ ਕਾਨੂੰਨ ਬਣਾਵੇ। ਜਦੋਂ ਕਿਸਾਨਾਂ ਦੀ ਮੰਗ ਹੀ ਅਜਿਹੀ ਹੈ ਤਾਂ ਫਿਰ ਵਿਚ ਵਾਲੇ ਰਾਹ ਦੀ ਕੋਈ ਸੰਭਾਵਨਾ ਨਹੀਂ ਰਹਿ ਜਾਂਦੀ। ਇਸ ਲਈ ਜੇਕਰ ਸਰਬਉੱਚ ਅਦਾਲਤ ਵਿਚਕਾਰ ਦਾ ਕੋਈ ਰਾਹ ਤਲਾਸ਼ਣ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਉਸ ਦੀ ਕੋਸ਼ਿਸ਼ ਰੰਗ ਨਹੀਂ ਲਿਆਵੇਗੀ। ਹੋ ਸਕਦਾ ਹੈ ਕਿ ਇਹ ਕਾਨੂੰਨ ਸੰਵਿਧਾਨ ਅਨੁਸਾਰ ਵੀ ਹੋਣ ਪਰ ਸੰਵਿਧਾਨ ਅਨੁਸਾਰ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਇਹ ਕਿਸਾਨਾਂ ਦੇ ਹੱਕ ਵਿਚ ਵੀ ਹੋਣ। ਇਸ ਲਈ ਇਹ ਇਕ ਰਾਜਸੀ ਸਮੱਸਿਆ ਹੈ ਅਤੇ ਇਸ ਦਾ ਹੱਲ ਰਾਜਸੀ ਪ੍ਰਕਿਰਿਆ ਰਾਹੀਂ ਹੀ ਨਿਕਲੇਗਾ ਨਾ ਕਿ ਅਦਾਲਤੀ ਦਖ਼ਲ ਨਾਲ। ਬਿਹਤਰ ਹੈ ਸਰਬਉੱਚ ਅਦਾਲਤ ਆਪਣੇ ਆਪ ਨੂੰ ਕਾਨੂੰਨਾਂ ਨਾਲ ਸਬੰਧਤ ਨਿਆਂਇਕ ਪ੍ਰਕਿਰਿਆ ਤੱਕ ਹੀ ਸੀਮਤ ਰੱਖੇ, ਇਸ ਦੇ ਹੋਰ ਪੱਖਾਂ ਬਾਰੇ ਰੌਲ਼ੇ ਵਿਚ ਨਾ ਪਵੇ।

# ਕਿਸਾਨੀ ਸੰਘਰਸ਼ : ਜਿੱਤ ਲਈ ਕਿਸਾਨ ਆਗੂਆਂ ਦੀ ਅਗਵਾਈ ਅਤੇ ਸਤਿਕਾਰ ਜਰੂਰੀ

**- ਚਾਨਣ ਦੀਪ ਸਿੰਘ ਔਲਖ,**

**ਸੰਪਰਕ : ੯੮੭੬੮੮੮੧੭੭**

ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਪੰਜਾਬ, ਹਰਿਆਣਾ, ਉਤਰ ਪ੍ਰਦੇਸ, ਰਾਜਸਥਾਨ ਤੋਂ ਇਲਾਵਾ ਬਹੁਤ ਸਾਰੇ ਰਾਜਾਂ ਦੇ ਕਿਸਾਨ ਦਿੱਲੀ ਦੀਆਂ ਵੱਖ-ਵੱਖ ਸਰਹੱਦਾਂ 'ਤੇ ਪਿਛਲੇ ਲਗਭਗ 2 ਮਹੀਨਿਆਂ ਤੋਂ ਧਰਨਾ ਲਗਾਈ ਬੈਠੇ ਹਨ। ਇਸ ਅੰਦੋਲਨ ਦੀ ਚਰਚਾ ਅੱਜ ਦੁਨੀਆ ਭਰ ਵਿੱਚ ਹੋ ਰਹੀ ਹੈ। ਹਰ ਦੇਸ, ਹਰ ਵਰਗ ਵੱਲੋਂ ਇਸ ਅੰਦੋਲਨ ਨੂੰ ਭਰਪੂਰ ਹਮਾਇਤ ਮਿਲ ਰਹੀ ਹੈ। ਓਧਰ ਕੇਂਦਰ ਸਰਕਾਰ ਵੀ ਇਸ ਅੰਦੋਲਨ ਨੂੰ ਕੁਚਲਨ ਲਈ ਹਰ ਵਾਹ ਲਗਾ ਰਹੀ ਹੈ। ਕਿਸਾਨ ਮਜ਼ਦੂਰ ਅੰਦੋਲਨ ਦੀ ਅਗਵਾਈ ਭਾਰਤ ਦੀਆਂ 32 ਕਿਸਾਨ ਜਥੇਬੰਦੀਆਂ ਕਰ ਰਹੀਆਂ ਹਨ। ਜਿਨਾਂ ਨੇ ਹੁਣ ਤੱਕ ਇਸ ਅੰਦੋਲਨ ਨੂੰ ਸ਼ਾਂਤੀਪੂਰਵਕ ਬਣਾਏ ਰੱਖਣ, ਰਾਜਨੀਤਕ ਪਾਰਟੀਆਂ ਦੀ ਘੁਸਪੈਠ ਤੋਂ ਬਚਾਉਣ, ਕੇਂਦਰ ਸਰਕਾਰ ਵੱਲੋਂ ਚੱਲੀਆਂ ਚਾਲਾਂ ਨਾਲ ਨਿਪਟਣ ਵਿੱਚ ਬੜਾ ਵਧੀਆ ਪ੍ਰਦਰਸ਼ਨ ਕੀਤਾ ਹੈ। ਕੇਂਦਰ ਸਰਕਾਰ ਨਾਲ ਹੁਣ ਤੱਕ ਇਸ ਸਬੰਧੀ 9 ਮੀਟਿੰਗਾਂ ਹੋ ਚੁੱਕੀਆਂ ਹਨ ਪਰ ਸਾਰੀਆਂ ਹੀ ਬੇਸਿੱਟਾ ਰਹੀਆਂ ਹਨ। ਕਿਸਾਨ ਤਿੰਨਾਂ ਕਾਨੂੰਨਾਂ ਨੂੰ ਰੱਦ ਕਰਵਾਉਣ ਤੇ ਅੜੇ ਹਨ ਪਰ ਸਰਕਾਰ ਵਿਚਲੇ ਰਸਤੇ ਦੀ ਤਲਾਸ਼ ਵਿੱਚ ਹੈ। ਪਿਛਲੇ ਦਿਨੀਂ ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਚਾਰ ਮੈਂਬਰੀ ਕਮੇਟੀ ਬਣਾਉਣ ਦਾ ਸੁਝਾਅ ਦਿੱਤਾ ਹੈ ਪਰ ਕਿਸਾਨਾਂ ਨੇ ਇਸ ਕਮੇਟੀ ਅੱਗੇ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਹੁਣ ਕਿਸਾਨਾਂ ਦੁਆਰਾ ਕੀਤੇ 26 ਜਨਵਰੀ ਦੇ ਟਰੈਕਟਰ ਮਾਰਚ ਦੇ ਐਲਾਨ ਤੋਂ ਬਾਅਦ ਪੂਰੀ ਹਲਚਲ ਮੱਚੀ ਹੋਈ ਹੈ। ਉਤਸ਼ਾਹ ਵਿੱਚ ਆਏ ਨੌਜਵਾਨਾਂ ਨੇ 26 ਜਨਵਰੀ ਦੀ ਟਰੈਕਟਰ ਪ੍ਰੇਡ ਦੀਆਂ ਤਿਆਰੀਆਂ ਜੰਗੀ ਪੱਧਰ ਤੇ ਆਰੰਭ ਦਿੱਤੀਆਂ ਹਨ। ਸਰਕਾਰ ਵੀ ਇਸ ਮਾਰਚ ਨੂੰ ਲੈ ਕੇ ਇੱਕ ਪਾਸੇ ਡਰੀ ਹੋਈ ਦਿਖਾਈ ਦੇ ਰਹੀ ਹੈ ਅਤੇ ਦੂਜੇ ਪਾਸੇ ਇਸ ਮਾਰਚ ਨੂੰ ਹੋਰ ਰੰਗਤ ਦੇਣ ਦੀਆਂ ਕੋਝੀਆਂ ਕੋਸ਼ਿਸ਼ਾਂ ਤੋਂ ਵੀ ਬਾਜ ਨਹੀਂ ਆ ਰਹੀ।

ਕਿਸਾਨ ਮਜ਼ਦੂਰ ਸੰਘਰਸ਼ ਇਸ ਸਮੇਂ ਭਾਵੇਂ ਸਿਖਰ 'ਤੇ ਹੈ ਪਰ ਜਿੱਤ ਪ੍ਰਾਪਤ ਕਰਨ ਲਈ ਸੰਜਮ ਨਾਲ ਫ਼ੈਸਲੇ ਲੈਣ ਦੀ ਲੋੜ ਹੈ। ਨਿੱਕੀ ਜਿਹੀ ਕੋਤਾਹੀ ਪੂਰੇ ਅੰਦੋਲਨ ਨੂੰ ਲੀਹੋਂ ਲਾਹ ਸਕਦਾ ਹੈ। 26 ਜਨਵਰੀ ਦੇ ਟਰੈਕਟਰ ਮਾਰਚ ਨੂੰ ਕਈ ਨੌਜਵਾਨ ਆਖ਼ਰੀ ਲੜਾਈ ਦੇ ਰੂਪ ਵਿੱਚ ਵੇਖ ਰਹੇ ਹਨ। ਨਾਲ ਹੀ ਕੁਝ ਵਿਰੋਧੀ ਕਦੇ ਖਾਲਿਸਤਾਨ ਦੀ ਮੰਗ ਕਦੇ ਗਣਤੰਤਰ ਦਿਵਸ ਤੇ ਲਾਲ ਕਿਲੇ ਤੇ ਝੰਡਾ ਲਹਿਰਾਉਣ ਦੀਆਂ ਗੱਲਾਂ ਕਰ ਰਹੇ ਹਨ। ਸਰਕਾਰ ਤਾਂ ਇਹੋ ਮੌਕੇ ਦੀ ਉਡੀਕ ਵਿੱਚ ਹੈ ਕਿ ਕਦੋਂ ਅੰਦੋਲਨਕਾਰੀ ਕਿਸਾਨਾਂ ਤੇ ਖਾਲਿਸਤਾਨੀਆਂ ਜਾਂ ਦੇਸ ਵਿਰੋਧੀ ਤਾਕਤਾਂ ਦਾ ਠੱਪਾ ਲੱਗਾ ਕੇ ਸੰਘਰਸ਼ ਨੂੰ ਤਾਰਪੀਡੋ ਕਰ ਸਕੇ। ਕਿਸਾਨ ਜਥੇਬੰਦੀਆਂ ਦੇ ਆਗੂ ਨੌਜਵਾਨਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਅਸੀਂ ਸ਼ਾਂਤੀਪੂਰਵਕ ਮਾਰਚ ਕਰਨਾ ਹੈ ਅਤੇ ਕਿਸੇ ਵੀ ਤਰਾਂ ਦਾ ਕੋਈ ਗ਼ਲਤ ਕਦਮ ਨਹੀਂ ਚੁੱਕਣਾ। ਪਰ ਇਸ ਗੱਲ ਤੇ ਕੁਝ ਕੁ ਲੋਕ ਬਲਵੀਰ ਸਿੰਘ ਰਾਜੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਡਾ. ਦਰਸ਼ਨ ਸਿੰਘ ਵਰਗੇ ਕਿਸਾਨ ਆਗੂਆਂ ਨੂੰ ਬੁਰਾ ਭਲਾ ਕਹਿ ਰਹੇ ਹਨ। ਸਾਨੂੰ ਇਨਾਂ ਬਜ਼ੁਰਗ ਨੇਤਾਵਾਂ ਦਾ ਸਤਿਕਾਰ ਕਰਨਾ ਨਹੀਂ ਭੁੱਲਣਾ ਚਾਹੀਦਾ। ਇਹ ਆਗੂ ਆਪਣੇ ਤਜਰਬੇ ਨਾਲ ਬਿਨਾਂ ਕਿਸੇ ਨੁਕਸਾਨ ਤੋਂ ਇਸ ਅੰਦੋਲਨ ਨੂੰ ਇੱਕ ਸਹੀ ਦਿਸ਼ਾ ਵੱਲ ਲਿਜਾਣ ਦੀ ਕੋਸ਼ਿਸ਼ ਕਰ ਰਹੇ ਹਨ। ਨੌਜਵਾਨ ਜਨੂੰਨ ਵਿਚ ਆ ਕੇ ਗ਼ਲਤ ਫ਼ੈਸਲਾ ਲੈ ਸਕਦੇ ਹਨ ਜਿਨਾਂ ਦੇ ਨਤੀਜੇ ਘਾਤਕ ਹੋ ਸਕਦੇ ਹਨ। ਇਸ ਮਹਾਂ ਸੰਘਰਸ਼ ਨੂੰ ਕਾਮਯਾਬ ਬਣਾਉਣ ਲਈ ਨੌਜਵਾਨਾਂ ਨੂੰ ਇਨਾਂ ਆਗੂਆਂ ਦੀ ਅਗਵਾਈ ਵਿੱਚ ਚੱਲਣਾ ਚਾਹੀਦਾ ਹੈ ਅਤੇ ਇਨਾਂ ਆਗੂਆਂ ਦਾ ਨਾਮ ਸਤਿਕਾਰ ਸਹਿਤ ਲੈਣਾ ਚਾਹੀਦਾ ਹੈ।

***ਪਿੰਡ ਗੁਰਨੇ ਖੁਰਦ (ਮਾਨਸਾ)**

# ਪੰਜਾਬ ਦੀ ਰਾਜਨੀਤੀ ਵਿਚੋਂ ਪੈਦਾ ਹੋਇਆ ਖ਼ਲਾਅ ਤੇ ਕਿਸਾਨੀ ਸੰਘਰਸ਼

**- ਰਣਜੀਤ ਸਿੰਘ ਕੁਕੀ**

ਇਹ ਆਮ ਤੌਰ 'ਤੇ ਵੇਖਿਆ ਜਾਂਦਾ ਹੈ ਕਿ ਰਾਜਨੀਤਿਕ ਸਿਧਾਂਤ ਇਕ ਵਿਅਕਤੀ ਦੇ ਵਿਚਾਰਾਂ ਜਾਂ ਰਾਜਨੀਤਿਕ ਸੋਚ ਵਾਲੇ ਇਕ ਸਮੂਹ ਦੇ ਵਿਚਾਰਾਂ ਦੀ ਪ੍ਰਤੀਨਿਧਤਾ ਕਰਦਾ ਹੈ, ਜਦੋਂ ਕਿ ਰਾਜਨੀਤਿਕ ਵਿਚਾਰ ਇਕ ਪੂਰੇ ਸਮਾਜ ਦੀ ਰਾਜਨੀਤਕ ਪਰਿਕਲਪਨਾ ਨੂੰ ਦਰਸਾਉਂਦਾ ਹੈ। ਰਾਜਨੀਤਿਕ ਵਿਚਾਰ ਦੀਆਂ ਵੱਖ-ਵੱਖ ਵਿਚਾਰਧਾਰਾਵਾਂ ਹਨ : ਅਰਾਜਕਤਾਵਾਦ, ਸਾਮਵਾਦ, ਰੂੜੀਵਾਦ, ਫਾਸ਼ੀਵਾਦ, ਨਾਰੀਵਾਦ, ਵਾਤਾਵਰਨ ਅਤੇ ਪਛਾਣ ਦੀ ਰਾਜਨੀਤੀ। ਅਰਸਤੂ ਗਰੀਕ ਦਰਸ਼ਨ ਸ਼ਾਸਤਰੀ ਅਤੇ ਤਰਕ-ਸ਼ਾਸਤਰੀ ਸੀ। ਆਪਣੇ ਗੁਰੂ ਪਲੈਟੋ ਦੇ ਨਾਲ ਉਸ ਨੂੰ ਕਈ ਸਾਰੇ ਰਾਜਨੀਤਿਕ ਖੇਤਰਾਂ,ਜਿਸ ਵਿਚ ਰਾਜਨੀਤਿਕ ਸਿਧਾਂਤ ਵੀ ਸ਼ਾਮਿਲ ਹੈ, ਵਿਚ ਬਹੁਤ ਪ੍ਰਭਾਵਸ਼ਾਲੀ ਵਿਚਾਰਵਾਨ ਮੰਨਿਆ ਜਾਂਦਾ ਹੈ। ਉਸਨੇ ਰਾਜਨੀਤਕ ਸਿਧਾਂਤ ਅਤੇ ਰਾਜਨੀਤਿਕ ਵਿਚਾਰ ਬਾਰੇ ਮਹੱਤਵਪੂਰਨ ਟਿੱਪਣੀਆਂ ਆਪਣੇ ਸਮੇਂ ਵਿਚ ਕੀਤੀਆਂ ਸਨ। ਜਿਸ ਵਿਚ ਖੱਬੇ ਪੱਖੀ ਅਤੇ ਸੱਜੇ ਪੱਖੀ ਦੀ ਸਰਲ ਰਾਜਨੀਤੀ ਤੋਂ ਪਰੇ ਉਦਾਰਵਾਦ, ਰੂੜੀਵਾਦ, ਸਵੈਇੱਛਾਤੰਤਰਵਾਦ ਅਤੇ ਲੋਕਵਾਦ ਪ੍ਰਮੁੱਖ ਵਿਚਾਰਧਾਰਾਵਾਂ ਹਨ। ਰਾਜਨੀਤੀ ਵਿਅਕਤੀ, ਰਾਜ ਅਤੇ ਸਮਾਜ ਦੇ ਆਲ਼ੇ ਦੁਆਲੇ ਘੁੰਮਦੀ ਹੈ। ਰਾਜਨੀਤਿਕ ਵਿਚਾਰਧਾਰਾ ਦੀਆਂ ਚਾਰ ਪ੍ਰਮੁੱਖ ਵਿਸ਼ੇਸ਼ਤਾਵਾਂ ਹੁੰਦੀਆਂ ਹਨਃ ਇਸ ਦੀ ਬੋਧ ਉੱਪਰ ਸੱਤਾ ਹੋਣੀ ਚਾਹੀਦੀ ਹੈ, ਇਹ ਕਿਸੇ ਵਿਅਕਤੀ ਦੇ ਮੁਲਾਂਕਣ ਨੂੰ ਸੇਧ ਦੇਣ ਦੇ ਸਮਰੱਥ ਹੋਵੇ, ਇਹ ਕਾਰਵਾਈ ਕਰਨ ਲਈ ਵੀ ਸੇਧਿਤ ਹੋਵੇ ਅਤੇ ਇਹ ਤਾਰਕਿਕ ਰੂਪ ਵਿਚ ਸਪੱਸ਼ਟ ਹੋਵੇ। ਵਿਚਾਰਧਾਰਾ ਵਿਅਕਤੀਆਂ ਜਾਂ ਵਿਅਕਤੀ ਸਮੂਹਾਂ ਦੀਆਂ ਧਾਰਨਾਵਾਂ ਜਾਂ ਦਰਸ਼ਨ ਨੂੰ ਦਰਸਾਉਂਦੀ ਹੈ। ਅਗਰ ਇਸ ਨੂੰ ਵਿਆਖਿਆਤਮਿਕ ਰੂਪ ਵਿਚ ਸਮਝਣਾ ਹੋਵੇ ਤਾਂ ਇਹ ਰਾਜਨੀਤਿਕ ਮਾਨਤਾਵਾਂ ਦੀ ਪ੍ਰਤੀਨਿਧਤਾ ਕਰਦੀ ਹੈ। ਭਾਰਤੀ ਸਮੂਹ ਅਤੇ ਪੰਜਾਬ ਅੰਦਰ ਵੀ ਪਾਰਲੀਮਾਨੀ ਵਿਵਸਥਾ ਅਤੇ ਰਾਜਨੀਤੀ ਨੇ ਅਸਲ ਵਿਚ ਤਾਨਾਸ਼ਾਹੀ ਵਾਲ ਰਵੱਈਆ ਅਪਣਾ ਲਿਆ ਹੈ ਜਿਸ ਦਾ ਲੋਕਾਂ ਦੇ ਮੁੱਦਿਆਂ ਅਤੇ ਉਨਾਂ ਦੇ ਸਰੋਕਾਰਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਇਹ ਰਵੱਈਆ ਰਾਜਨੀਤਿਕ ਜਮਾਤ ਵਿਚ ਡੂੰਘਾ ਘਰ ਕਰ ਗਿਆ ਹੈ। ਪੰਜਾਬ ਦੀ ਰਾਜਨੀਤੀ ਵੀ ਕੋਈ ਇਸ ਤੋਂ ਵੱਖਰੀ ਨਹੀਂ ਹੈ। ਸਮੇਂ ਦੇ ਨਾਲ-ਨਾਲ ਵਿਵਸਥਿਤ ਉਦਾਸੀਨਤਾ ਅਤੇ ਰਾਜਨੀਤਿਕ ਮਾਨਸਿਕਤਾ ਵਿਚ ਬਦਲਾਅ ਕਰਕੇ ਪੰਜਾਬ ਦੀ ਰਾਜਨੀਤਿਕ ਸੋਚ ਅਤੇ ਵਿਵਸਥਾ ਨੇ ਆਪਣੇ ਨਾਗਰਿਕਾਂ ਤੋਂ ਆਪਣੇ ਆਪ ਨੂੰ ਅਲਹਿਦਾ ਕਰ ਲਿਆ ਹੈ। ਅੱਜ ਦੀ ਰਾਜਨੀਤਿਕ ਸ਼ੈਲੀ ਦੀ ਨਰਮਾਈ ਅਤੇ ਸਪਸ਼ਟਤਾ ਰਾਜਨੀਤਿਕ ਸੋਚ ਤੋਂ ਅਲਹਿਦਾ ਹੋ ਚੁੱਕੀ ਹੈ ਜਿਸ ਕਰਕੇ ਰਾਜਨੀਤਿਕ ਧੁੰਦਲੇਪਣ ਦਾ ਪਰਛਾਵਾਂ ਹੈ ਜੋ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਣ ਤੋਂ ਅਸਮਰਥ ਹੈ। ਰਾਜਨੀਤੀ ਵਿਅਕਤੀਵਾਦ ਅਤੇ ਸਮਾਜਵਾਦ ਤੋਂ ਹਟ ਕੇ ਸੰਗਠਿਤ ਘਰਾਣਿਆਂ ਦੀ ਸੋਚ ਵੱਲ ਕੇਂਦਰਿਤ ਹੋ ਗਈ ਹੈ। ਭਾਰਤ ਅਤੇ ਪੰਜਾਬ ਵਿਚ ਰਾਜ-ਸੱਤਾ ਦਾ ਮੁੱਖ ਉਦੇਸ਼ ਰਾਜ ਅਤੇ ਰਾਜ-ਸੱਤਾ ਪ੍ਰਣਾਲੀ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ। ਰਾਜਨੀਤਿਕ ਢਾਂਚੇ ਦੁਆਰਾ ਹੀ ਲੋਕਾਂ ਨੂੰ ਇਹ ਯਕੀਨ ਦੁਆਇਆ ਜਾਂਦਾ ਹੈ ਕਿ ਵੋਟਾਂ ਅਤੇ ਰਾਜਨੀਤਿਕ ਪ੍ਰਣਾਲੀ ਰਾਹੀ ਉਹ ਸਰਕਾਰ ਦਾ ਹਿੱਸਾ ਹਨ। ਰਾਜ-ਸੱਤਾ ਹਥਿਆਉਣ ਲਈ ਰਾਜਨੀਤਿਕ ਪਾਰਟੀਆਂ ਅਤੇ ਉਨਾਂ ਦੇ ਸੰਚਾਲਕ ਲੋਕਾਂ ਨੂੰ ਭਰਮਾਉਣ ਲਈ ਰਾਜਨੀਤਿਕ ਸੋਚ ਦੇ ਉਪਕਰਨ ਘੜਦੇ ਰਹਿੰਦੇ ਹਨ। ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਵਿਚ ਨੈਤਿਕ ਫ਼ਲਸਫ਼ਾ ਬਿਲਕੁਲ ਮਨਫ਼ੀ ਹੋ ਚੁੱਕਿਆ ਹੈ ਅਤੇ ਹਰ ਰਾਜਨੀਤਿਕ ਸੰਸਥਾ ਆਪਣਾ ਹੀ ਏਕਾਧਿਕਾਰ ਜਮਾਉਣ ਵਿਚ ਲੱਗੀ ਹੋਈ ਹੈ।

ਇਸ ਵਿਧੀਵਾਦੀ ਕਾਢ ਨਾਲ ਸਮਾਜ ਵਿਚ ਵਖਰੇਵੇਂ ਪੈਦਾ ਹੋ ਰਹੇ ਹਨ। ਕੋਈ ਵੀ ਤਬਦੀਲੀ ਲੈ ਕੇ ਆਉਣ ਵਿਚ ਨਾਕਾਮਯਾਬ ਰਹੀ ਰਾਜ-ਸੱਤਾ ਸਥਾਨਕ ਅਤੇ ਨਿੱਜ ਦੇ ਨਜ਼ਰੀਏ ਤੱਕ ਹੀ ਸੀਮਿਤ ਹੋ ਚੁੱਕੀ ਹੈ ਜਿਸ ਕਰਕੇ ਉਹ ਕਿਸੇ ਵੀ ਬੌਧਿਕ ਵਿਕਾਸ ਤੋਂ ਕੋਰੀ ਰਹੀ ਹੈ। ਰਾਜਨੀਤਿਕ ਸਮੂਹ ਤੰਤਰ ਨੈਤਿਕ ਪਤਨ ਦੇ ਰਾਹ ਤੁਰ ਪਿਆ ਹੈ ਜੋ ਕਿਸੇ ਤਰਾਂ ਦੇ ਵੀ ਸੰਵਾਦ ਨੂੰ ਦਬਾ ਕੇ ਰੱਖਣਾ ਚਾਹੁੰਦਾ ਹੈ। ਅੱਜ ਦੀ ਰਾਜ-ਸੱਤਾ ਬਾਰੇ ਜੇਮਜ਼ ਮੈਡੀਸਨ, ਜੋ ਕਿ ਅਮਰੀਕਾ ਦਾ ਨਾਮਵਰ ਵਿਦਵਾਨ ਰਿਹਾ ਹੈ, ਨੇ ਸੁਚੇਤ ਕਰਦਿਆਂ ਕਿਹਾ ਸੀ, 'ਸੱਤਾ ਦੀ ਇੰਨੀ ਦੁਰਵਰਤੋਂ ਨਾ ਕਰੋ ਕਿ ਮੌਲਿਕ ਅਜ਼ਾਦੀ ਹੀ ਮਧੋਲੀ ਜਾਵੇ।'

ਭਾਰਤ ਵਿਚ ਕੇਂਦਰੀਕਰਨ ਦੀ ਨੀਤੀ ਆਪਣੀਆਂ ਕਮੀਆਂ ਦੇ ਬਾਵਜੂਦ ਮਜ਼ਬੂਤ ਹੋ ਰਹੀ ਹੈ ਜਿਸ ਨੇ ਕਿਸਾਨੀ ਅਤੇ ਆਮ ਲੋਕਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਬਿਨਾਂ ਕਿਸੇ ਸੰਸਥਾਤਮਕ ਰੋਕ ਟੋਕ ਦੇ ਸੱਤਾਤਮਕ ਢਾਂਚੇ ਦੇ ਕੇਂਦਰੀਕਰਨ, ਰਾਜਨੀਤਿਕ ਪਾਰਟੀਆਂ ਵਿਚ ਲੋਕਤੰਤਰੀ ਕਰਨ ਦੀ ਘਾਟ, ਵਿਰੋਧੀ ਧਿਰ ਦੀ ਗੈਰ-ਮੌਜੂਦਗੀ ਨੇ ਨਿਰਨਾ ਲੈਣ ਵਿਚ ਮਜ਼ਦੂਰਾਂ ਅਤੇ ਹਾਸ਼ੀਆ ਗ੍ਰਸਤ ਲੋਕਾਂ ਦੀ ਭੂਮਿਕਾ ਨੂੰ ਹੀ ਮਨਫ਼ੀ ਕਰ ਦਿੱਤਾ ਹੈ। ਜਿਸ ਨਾਲ ਹੌਲੀ-ਹੌਲੀ ਰਾਜਨੀਤਿਕ ਪਾਰਟੀਆਂ ਵੀ ਲੋਕ ਹਿਤੈਸ਼ੀ ਮੁੱਦਿਆਂ ਤੋਂ ਦੂਰ ਹੁੰਦੀਆਂ ਚਲੀਆਂ ਗਈਆਂ ਹਨ। ਪੰਜਾਬ ਦਾ ਰਾਜਨੀਤਿਕ ਢਾਂਚਾ ਵੀ ਵਿਚਾਰਧਾਰਕ ਪ੍ਰਸਾਰ ਤੋਂ ਅਛੋਹ ਹੋ ਗਿਆ ਹੈ। ਇਹ ਭਾਰਤੀ ਪਾਰਲੀਮਾਨੀ ਵਿਵਸਥਾ ਵਾਂਗ ਰਾਜ-ਸੱਤਾ ਹਥਿਆਉਣ ਤੱਕ ਹੀ ਸੀਮਿਤ ਹੈ। ਇਹ ਕਿਸੇ ਵੀ ਸੰਸਥਾਗਤ ਅਤੇ ਸਮਾਜਿਕ ਤਬਦੀਲੀ ਤੋਂ ਕੋਰਾ ਹੋ ਚੁੱਕਿਆ ਹੈ। ਪੰਜਾਬ ਦੀ ਰਾਜਨੀਤਿਕ ਜਮਾਤ ਦਾ ਰਵੱਈਆ ਮਨੀਰ ਨਿਆਜ਼ੀ ਦੇ ਇਹਨਾਂ ਸ਼ਬਦਾਂ ਰਾਹੀ ਸਮਝਿਆ ਜਾ ਸਕਦਾ ਹੈਃ

**ਹਮੇਸ਼ਾ ਦੇਰ ਕਰ ਦੇਤਾ ਹੂੰ ਮੈਂ**
**ਜਰੂਰੀ ਬਾਤ ਕਹਿਨੀ ਹੋ**
**ਕੋਈ ਵਾਅਦਾ ਨਿਭਾਨਾ ਹੋ**
**ਉਸੇ ਅਵਾਜ਼ ਦੇਨੀ ਹੋ**
**ਉਸੇ ਵਾਪਿਸ ਬੁਲਾਨਾ ਹੋ,**
**ਹਮੇਸ਼ਾ ਦੇਰ ਕਰ ਦੇਤਾ ਹੂੰ ਮੈਂ।**

1947 ਤੋਂ ਬਾਅਦ ਤੋਂ ਬਾਅਦ ਪੰਜਾਬ ਦੀ ਜਨਸੰਖਿਆ ਦੇ ਸਮੀਕਰਨ ਬਦਲੇ ਅਤੇ ਸਿੱਖ ਘੱਟਗਿਣਤੀ ਤੋਂ (ਪੰਜਾਬੀ ਸੂਬਾ ਬਣਨ ਤੋਂ ਬਾਅਦ) ਬਹੁਗਿਣਤੀ ਵਿਚ ਤਬਦੀਲ ਹੋ ਗਏ। ਪਰ ਰਾਜਨੀਤਿਕ ਜਮਾਤ ਨੇ ਜਾਤ ਅਤੇ ਜਮਾਤ ਦੇ ਪਹਿਲੂਆਂ ਨੂੰ ਹੀ ਹਮੇਸ਼ਾ ਰਾਜ-ਸੱਤਾ ਲਈ ਵਰਤਿਆ। ਪੰਜਾਬ ਦੀ ਰਾਜਨੀਤੀ ਦਰਬਾਰ ਸਾਹਿਬ ਤੇ ਫ਼ੌਜੀ ਹਮਲਾ, ਪੰਜਾਬੀ ਸੂਬੇ ਦਾ ਅੰਦੋਲਨ ਅਤੇ ਅਕਾਲੀ ਦਲ ਦੁਆਰਾ ਆਪਣਾ ਪੰਥਕ ਪਹਿਲੂ ਤਬਦੀਲ ਕਰਨ ਅਤੇ ਇਸ ਤੋਂ ਉਪਰੰਤ ਹੋਣ ਵਾਲੀਆਂ ਘਟਨਾਵਾਂ ਨੂੰ ਸਮਝਣ ਵਿਚ ਅਸਮਰਥ ਰਹੀ ਹੈ। ਰਾਜਨੀਤਿਕ ਸੰਸਥਾਵਾਂ ਨੇ ਕਦੇ ਵੀ ਇਹ ਅਨੁਭਵ ਨਹੀਂ ਕੀਤਾ ਕਿ ਕਦੋਂ ਰੁੱਤ ਬਦਲ ਗਈ ਹੈ, ਇਸ ਦੇ ਕੀ ਮਾਇਨੇ ਹਨ ਅਤੇ ਕਦੋਂ ਗੁਲਮੋਹਰ ਦਾ ਖਿੜਿਆ ਦਰੱਖਤ ਸੂਹਾ ਲਾਟ ਹੋ ਗਿਆ ਹੈ। ਇਹ ਰਾਜਤੰਤਰ ਆਪਣੀ ਹੀ ਰਵਾਇਤੀ ਧੁਨ ਵਿਚ ਚੱਲਦਾ ਰਿਹਾ ਹੈ।

ਮੌਜੂਦਾ ਕਿਸਾਨੀ ਅੰਦੋਲਨ ਨੇ ਪੰਜਾਬ ਦੀ ਰਾਜਨੀਤੀ ਵਿਚ ਇਕ ਨਵੀਂ ਰੂਪ ਰੇਖਾ ਪੁੰਗਰਾਈ ਹੈ ਜਿਸ ਨੇ ਰਾਜਨੀਤਿਕ ਪਾਰਟੀਆਂ ਨੂੰ ਆਪਣੇ ਅਵੇਸਲੇਪਣ ਵਿਚ ਘੇਰ ਲਿਆ ਹੈ। ਦਹਾਕਿਆਂ ਬਾਅਦ ਰਾਜਨੀਤਿਕ ਜਮਾਤ ਨੂੰ ਕਿਸਾਨੀ ਦੀ ਸੁੱਧ-ਬੁੱਧ ਲੈਣ ਅਤੇ ਅਹਿਮੀਅਤ ਸਾਹਮਣੇ ਆਉਣ ਲੱਗੀ ਹੈ। ਰੀੜ ਦੀ ਹੱਡੀ ਸਮਝੀ ਜਾਂਦੀ ਕਿਸਾਨੀ ਨੂੰ ਰਾਜਨੀਤੀ ਨੇ ਹੁਣ ਤੱਕ ਵੋਟਾਂ ਤੋਂ ਇਲਾਵਾ ਆਪਣੇ ਆਪ ਨੂੰ ਇਸ ਤੋਂ ਸੁਰਖ਼ਰੂ ਹੀ ਰੱਖਿਆ ਹੈ। ਭਾਵੇਂ ਪੰਜਾਬ ਦਾ ਰਾਜਨੀਤਿਕ ਢਾਂਚਾ ਹਾਲੇ ਵੀ ਪੇਂਡੂ ਹਿੱਸੇ ਦੇ ਆਲ਼ੇ ਦੁਆਲੇ ਹੀ ਘੁੰਮਦਾ ਰਿਹਾ ਹੈ ਜਦਕਿ ਸਰਕਾਰਾਂ ਸ਼ਹਿਰੀ ਖ਼ਿੱਤਿਆਂ ਨਾਲ ਸੰਬੰਧਿਤ ਮੁੱਦਿਆਂ ਉੱਪਰ ਜ਼ਿਆਦਾ ਧਿਆਨ ਦੇ ਰਹੀਆਂ ਹਨ ਅਤੇ ਉਨਾਂ ਦਾ ਝੁਕਾਅ ਸੰਗਠਿਤ ਘਰਾਣਿਆਂ ਵੱਲ ਹੋ ਗਿਆ ਹੈ। ਸਦੀਆਂ ਤੋਂ ਹੀ ਪੰਜਾਬ ਨੂੰ ਪੇਂਡੂ ਸੱਭਿਆਚਾਰ ਕਹਿ ਕੇ ਵਡਿਆਇਆ ਗਿਆ ਹੈ। ਇਸ ਕਰਕੇ ਕੁਦਰਤੀ ਰੂਪ ਵਿਚ ਰਾਜਨੀਤਿਕ ਪਾਰਟੀਆਂ ਦਾ ਆਧਾਰ ਹਮੇਸ਼ਾ ਹੀ ਪਿੰਡ ਰਹੇ ਹਨ ਜੋ ਕਿ ਅਜੇ ਵੀ ਨਾਲਾਂ ਅਤੇ ਖਾਲ਼ੇ ਪੱਕੇ ਕਰਵਾਉਣ ਲਈ ਜੱਦੋ-ਜਹਿਦ ਕਰ ਰਹੇ ਹਨ। ਮੁੱਢਲੀਆਂ ਸਹੂਲਤਾਂ ਅੱਜ ਵੀ ਪੇਂਡੂ ਖੇਤਰ ਤੋਂ ਕੋਹਾਂ ਦੂਰ ਹਨ। ਪਰ ਪੇਂਡੂ ਪੰਜਾਬ ਅਜੇ ਵੀ ਭਾਵਨਾਤਮਕ ਆਕਰਸ਼ਣ ਰੱਖਦਾ ਹੈ।

ਮੌਜੂਦਾ ਕਿਸਾਨੀ ਅੰਦੋਲਨ ਨੇ ਪੰਜਾਬ ਦੀ ਰਾਜਨੀਤੀ ਨੂੰ ਹਲੂਣਾ ਤਾਂ ਦਿੱਤਾ ਹੈ। ਮੁੱਖ ਰਾਜਨੀਤਿਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਸਮੁੱਚਾ ਅਧਾਰ ਸਿੱਖ ਕਿਰਸਾਨੀ ਅਤੇ ਪੇਂਡੂ ਸੱਭਿਆਚਾਰ ਰਿਹਾ ਹੈ। ਪਰ 1996 ਵਿਚ ਰਾਜ-ਸੱਤਾ ਵਿਚ ਆਉਣ ਤੋਂ ਬਾਅਦ ਇੰਨਾ ਨੇ ਆਪਣੇ ਆਪ ਨੂੰ ਪੇਂਡੂ ਸੱਭਿਆਚਾਰ ਅਤੇ ਕਿਸਾਨੀ ਤੋਂ ਪਰੇ ਖਿੱਚ ਲਿਆ ਅਤੇ ਸੰਗਠਿਤ ਘਰਾਣਿਆਂ ਦੀ ਸੋਚ ਤੋਂ ਜ਼ਿਆਦਾ ਪ੍ਰਭਾਵਿਤ ਰਹੇ ਹਨ। ਕਾਂਗਰਸ ਪਾਰਟੀ, ਜੋ ਇਸ ਵੇਲੇ ਪੰਜਾਬ ਦੀ ਰਾਜ-ਸੱਤਾ ਉੱਪਰ ਕਾਬਜ਼ ਹੈ, ਉੱਤੇ ਭਾਵੇਂ ਦਰਬਾਰ ਸਾਹਿਬ ਉੱਪਰ ਹਮਲੇ ਵਿਚ ਭਾਗੀਦਾਰੀ ਅਤੇ ਇਸ ਤੋਂ ਪਹਿਲਾਂ ਪੰਜਾਬ ਵਿਰੋਧੀ ਰੁਖ਼, ਜਿਵੇਂ ਪੰਜਾਬੀ ਸੂਬੇ ਦਾ ਵਿਰੋਧ ਕਰਨਾ, ਸਿੱਖਾਂ ਨੂੰ ਸਵੈ-ਰਾਜ ਅਤੇ ਖ਼ੁਦਮੁਖ਼ਤਿਆਰੀ ਦੇ ਵਾਅਦਿਆਂ ਤੋਂ ਭੱਜਣਾ ਆਦਿ ਕਸੂਰ ਹੋਣ ਦੇ ਬਾਵਜੂਦ ਸਿੱਖਾਂ ਦਾ ਝੁਕਾਅ ਆਪਣੇ ਵੱਲ ਖਿੱਚਣ ਵਿਚ ਕਾਮਯਾਬ ਰਹੀ ਹੈ। ਇਸ ਦਾ ਪ੍ਰਮੁੱਖ ਕਾਰਨ ਸ਼੍ਰੋਮਣੀ ਅਕਾਲੀ ਦਲ ਦਾ ਸਿੱਖ ਮੁੱਦਿਆਂ ਤੋਂ ਪਰੇ ਜਾਣਾ ਅਤੇ ਸੱਤਾ ਦਾ ਵਿਅਕਤੀਗਤ ਰੂਪ ਵਿਚ ਕੇਂਦਰਿਤ ਹੋਣਾ ਸੀ। ਭਾਰਤੀ ਜਨਤਾ ਪਾਰਟੀ, ਜੋ ਕਿ ਕੱਟੜ ਹਿੰਦੂਵਾਦੀ ਪਾਰਟੀ ਹੈ, ਦੇ ਪੈਰ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਹੀ ਲਗਾਏ ਅਤੇ ਉਨਾਂ ਨੂੰ ਆਪਣੀ ਰਾਜ-ਸੱਤਾ ਵਿਚ ਮੁੱਢ ਤੋਂ ਹੀ ਭਾਈਵਾਲ ਬਣਾਇਆ। ਸ਼੍ਰੋਮਣੀ ਅਕਾਲੀ ਦਲ ਨੇ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਹੀ ਭਾਰਤੀ ਜਨਤਾ ਪਾਰਟੀ ਨਾਲ ਆਪਣਾ ਦੋ ਦਹਾਕੇ ਤੋਂ ਵੀ ਪੁਰਾਣਾ ਨਾਤਾ ਤੋੜ ਦਿੱਤਾ। ਅਕਾਲੀ ਦਲ ਪ੍ਰਮੁੱਖ ਸੁਖਬੀਰ ਸਿੰਘ ਬਾਦਲ ਦਾ ਮੰਨਣਾ ਹੈ ਕਿ ਇਸ ਦੇ ਬਾਵਜੂਦ ਵੀ ਉਹ ਕਿਸਾਨੀ ਰਾਜਨੀਤੀ ਵਿਚ ਹਿੱਸੇਦਾਰ ਨਹੀਂ ਬਣ ਸਕੇ ਹਨ। ਤੀਜੀ ਮੁੱਖ ਧਿਰ ਆਮ ਆਦਮੀ ਪਾਰਟੀ ਹੈ ਜੋ ਕਿ ਪੰਜਾਬ ਵਿਚ ਰਾਜ-ਸੱਤਾ ਦੀ ਅਭਿਲਾਸ਼ੀ ਹੈ। ਪਰ ਇਹ ਹੁਣ ਤੱਕ ਦੂਰ ਅੰਦੇਸ਼ੀ ਅਤੇ ਸਪੱਸ਼ਟ ਨੀਤੀਆਂ ਦੀ ਘਾਟ ਕਰਕੇ ਪੰਜਾਬ ਦੀ ਰਾਜਨੀਤੀ ਤੋਂ ਕੋਰੇ ਰਹੇ ਹਨ। ਇਸੇ ਕਰਕੇ ਹੀ ਉਨਾਂ ਦੇ ਬਹੁਤੇ ਹਿੱਸੇ ਦਾ ਝੁਕਾਅ ਕਾਂਗਰਸ ਵੱਲ ਨੂੰ ਹੀ ਦਿਖਾਈ ਦੇ ਰਿਹਾ ਹੈ।

ਕਿਸਾਨ ਜਥੇਬੰਦੀਆਂ ਇਸ ਸੰਘਰਸ਼ ਦੇ ਦੌਰਾਨ ਆਪਣੇ ਆਪ ਨੂੰ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਤੋਂ ਦੂਰੀ ਰੱਖ ਕੇ ਹੀ ਆਪਣੀ ਰਣਨੀਤੀ ਘੜੀ ਹੈ ਮੌਜੂਦਾ ਅੰਦੋਲਨ ਰਾਜਨੀਤਿਕ ਹੈ, ਪਰ ਇਹ ਕਿਸੇ ਵੀ ਰਵਾਇਤੀ ਪਾਰਟੀ ਨਾਲ ਨਹੀਂ ਜੁੜਿਆ ਹੋਇਆ। ਇਸ ਸੰਘਰਸ਼ ਦੀ ਅਗਵਾਈ ਕਰ ਰਹੀਆਂ ਜਿਆਦਾਤਰ ਜਥੇਬੰਦੀਆਂ ਖੱਬੇ ਪੱਖੀ ਪਾਰਟੀਆਂ ਨਾਲ ਜੁੜੀਆਂ ਹੋਈਆਂ ਹਨ, ਪਰ ਉਨਾਂ ਨੇ ਅਜੇ ਤੱਕ ਆਪਣਾ ਰਾਜਨੀਤਿਕ ਉਦੇਸ਼ ਸਾਹਮਣੇ ਨਹੀਂ ਲਿਆਂਦਾ ਹੈ। ਇਸ ਅੰਦੋਲਨ ਦੇ ਬਾਵਜੂਦ ਵੀ ਪੰਜਾਬ ਦੀਆਂ ਪ੍ਰਮੁੱਖ ਰਾਜਨੀਤਿਕ ਪਾਰਟੀਆਂ ਸਮੂਹਿਕ ਰੂਪ ਵਿਚ ਵਿਚਾਰਾਂ ਦੀ ਖੜੌਤ, ਉਦਮੀ ਬੌਧਿਕ ਵਿਚਾਰਾਂ ਦੀ ਘਾਟ ਅਤੇ ਬੁੱਧੀਮਤਾ ਅਤੇ ਭਾਵਨਾਤਮਕ ਪੱਖ ਤੋਂ ਕੋਰੇਪਣ ਦੀਆਂ ਸ਼ਿਕਾਰ ਹਨ। ਇਸ ਸਭ ਦੇ ਬਾਵਜੂਦ ਵੀ ਪ੍ਰਮੁੱਖ ਪਾਰਟੀਆਂ ਦਾ ਲਾਲਸਾ 2022 ਦੀਆਂ ਹੋਣ ਵਾਲੀਆਂ ਚੋਣਾਂ ਨਾਲ ਹੀ ਜੁੜੀ ਹੋਈ ਹੈ। ਪੰਜਾਬ ਦੀ ਰਾਜਨੀਤੀ ਵਿਚ ਦੂਰ ਅੰਦੇਸ਼ੀ ਵਾਲੀਆਂ ਨੀਤੀਆਂ ਘੜਨ ਦੀ ਬਜਾਇ ਜ਼ਿਆਦਾ ਧਿਆਨ ਹਾਸ਼ੀਅਗ੍ਰਸਤ ਨੂੰ ਪ੍ਰਲੋਭਣ ਤੱਕ ਹੀ ਕੇਂਦਰਿਤ ਹੈ ਤਾਂ ਜੋ ਉਹ 2022 ਦੀਆਂ ਚੋਣਾਂ ਵਿਚ ਦਾਅਵੇਦਾਰ ਵਜੋਂ ਪ੍ਰਸਤੁਤ ਕਰ ਸਕਣ। ਇਸ ਨੇ ਲੋਕਾਂ ਅਤੇ ਸਰਕਾਰ ਵਿਚ ਅਵਿਸ਼ਵਾਸ ਦੀ ਭਾਵਨਾ ਨੂੰ ਬਲ ਦਿੱਤਾ ਹੈ ਅਤੇ ਸਮੇਂ ਦੇ ਨਾਲ ਇਹ ਪਾੜਾ ਹੋਰ ਵੱਡਾ ਹੋਇਆ ਹੈ। ਰਾਜਨੀਤਿਕ ਢਾਂਚੇ ਲੋਕਾਂ ਨੂੰ ਅਸਲ ਤਸਵੀਰ ਦੇਖਣ ਦੀ ਬਜਾਏ ਆਪਣੀ ਨਜ਼ਰ ਤੋਂ ਚੀਜ਼ਾਂ ਪ੍ਰਸਤੁਤ ਕਰਨ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ। ਪੰਜਾਬ ਦੀ ਰਾਜਨੀਤੀ ਅਕਸ ਦਾ ਬਿਆਨ ਹੀ ਕਰਦੀ ਰਹੀ ਹੈ। ਕਿਸਾਨਾਂ ਦੀ ਜੱਦੋਜਹਿਦ ਨੇ ਲੋਕਾਂ ਦੀ ਭਾਵਨਾਤਮਕ ਤੰਦ ਨੂੰ ਤਾਂ ਜੋੜ ਦਿੱਤਾ ਹੈ, ਪਰ ਇਕ ਰਾਜਨੀਤਿਕ ਫ਼ਰੰਟ ਦੇ ਪੈਦਾ ਹੋਣ ਲਈ ਮਜ਼ਬੂਤ ਰਾਜਨੀਤਿਕ ਰਣਨੀਤੀ ਦੀ ਲੋੜ ਹੈ ਜੋ ਕਿ ਇੰਨਾ ਦੇ ਸੰਘਰਸ਼ ਨੂੰ ਹੋਰ ਵੀ ਬਲ ਪ੍ਰਦਾਨ ਕਰੇਗੀ। ਜਿਸ ਦਾ ਆਧਾਰ ਪੰਜਾਬ ਦੇ ਕਿਸਾਨ ਅਤੇ ਲੋਕ ਬਣਾਏ ਜਾਣ, ਪਰ ਇਸ ਦਾ ਨਿਰਨਾ ਦਿੱਲੀ ਦੀਆਂ ਬਰੂਹਾਂ ਤੇ ਚੱਲ ਰਿਹਾ ਪੰਜਾਬ ਦੇ ਕਿਸਾਨਾਂ ਦਾ ਸੰਘਰਸ਼ ਨਿਰਣਾਤਮਿਕ ਪੱਖ ਹੀ ਤੈਅ ਕਰੇਗਾ। ਪੰਜਾਬ ਦੀ ਰਾਜਨੀਤੀ ਵਿਚ ਪੈਦਾ ਹੋਏ ਖ਼ਲਾਅ ਦਾ ਭਵਿੱਖ ਕਿਸਾਨੀ ਸੰਘਰਸ਼ ਦੀ ਰਣਨੀਤੀ ਤੈਅ ਕਰੇਗੀ। ਇਸ ਦੇ ਸੰਘਰਸ਼ ਦੇ ਚਿਰਾਗ਼ਾਂ ਵਿਚ ਕਿੰਨਾ ਤੇਲ ਹੈ, ਉਹ ਪੰਜਾਬ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਪ੍ਰਦਾਨ ਕਰੇਗਾ।

# ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

## ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ੍ਹ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ






ਅਜਮੇਰ ਸਿੰਘ


SHER®
BESAN
YEHI TO PURE HAI
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com